PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

25th April - 2nd May 2024 • Issue No. 3027 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਯੂ ਕੇ ਵਿੱਚ ਬਰਤਾਨਵੀ ਸਿੱਖ ਕਾਨੂੰਨੀ ਮਾਹਰਾਂ ਵੱਲੋਂ ਸਿੱਖ ਅਦਾਲਤ ਦੀ ਸਥਾਪਨਾ

### ਲਿੰਕਨਜ਼ ਇਨ ਦੀ ਮਾਨਯੋਗ ਸੁਸਾਇਟੀ ਵਿੱਚ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ





ਖ਼ਬਰ ਅੰਦਰ ਦੇਖੋ:

## ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਸਹਿਯੋਗ ਨਾਲ ਸਕੌਟਲੈਂਡ ਸੰਸਦ ਵਿੱਚ ਹੋਲੀਰੁਡ ਐਡਨਬਰਾ ਵਿਖੇ ਮਨਾਏ ਗਏ ਵਿਸਾਖੀ ਸਮਾਗਮਾਂ ਮੌਕੇ ਪਹਿਲੀ ਸਿੱਖ ਸਾਂਸਦ ਮੈਂਬਰ ਪੈਮ ਗੋਸਲ ਨੇ ਸ਼ਾਮਿਲ ਹੋ ਦਿੱਤੀਆਂ ਵਧਾਈਆਂ





## ਭਾਰਤ ਵਿੱਚ 2024 ਦੀਆਂ ਹੋ ਰਹੀਆਂ ਸੰਸਦੀ ਚੋਣਾਂ ਲਈ ਓਵਰਸੀਜ਼ ਕਾਂਗਰਸ ਯੂ ਕੇ ਵੱਲੋਂ ਲੰਡਨ ਵਿਖੇ ਕੀਤਾ ਆਗਾਜ਼



## ਕੈਨੇਡਾ ਵਿੱਚ ਸਰੀ ਵਿਖੇ ਸਾਲਾਨਾ ਵਿਸਾਖੀ ਸਮਾਗਮਾਂ ਦੌਰਾਨ ਲੱਖਾਂ ਸਿੱਖ ਸੰਗਤਾਂ ਦਾ ਹੋਇਆ ਇਕੱਠ







# ਲੰਡਨ ਮੈਰਾਥਨ ਵਿੱਚ 50 ਹਜ਼ਾਰ ਤੋਂ ਵੱਧ ਦੌੜਾਕਾਂ ਨੇ ਕੀਤੀ ਸ਼ਮੂਲੀਅਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ ਲੰਡਨ ਮੈਰਾਥਨ ਵਿੱਚ 50000 ਤੋਂ ਵੱਧ ਦੌੜਾਕਾਂ ਨੇ ਹਿੱਸਾ ਲਿਆ। 26.2 ਮੀਲ (42.2 ਕਿਲੋਮੀਟਰ) ਦੀ ਇਸ ਦੌੜ ਵਿੱਚ 18 ਸਾਲ ਦੇ ਨੌਜਵਾਨ ਤੋਂ ਲੈ ਕੇ 91 ਸਾਲ ਤੱਕ ਦੀ ਉਮਰ ਦੇ ਬਜ਼ੁਰਗ ਨੇ ਹਿੱਸਾ ਲਿਆ। ਕੀਨੀਆਂ ਦੀ ਪੇਰੇਸ ਜੇਪਚਿਰਚਿਰ ਨੇ 2 ਘੰਟੇ 16 ਮਿੰਟ ਅਤੇ 16 ਸੈਕਿੰਡ ਵਿੱਚ ਪੂਰੀ ਕਰਕੇ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ। ਲੰਡਨ ਮੈਰਾਥਨ ਵਿੱਚ ਬਲਜਿੰਦਰ ਸਿੰਘ ਚੀਮਾ ਨੇ 16ਵੀਂ ਮੈਰਾਥਨ ਸਿੱਖਸ ਇੰਨ ਸਿਟੀ ਲਈ ਦੌੜੀ ਅਤੇ ਕੌਂਸਲਰ ਜਗਜੀਤ ਸਿੰਘ ਨੇ ਤੁਰਲੇ ਵਾਲੀ ਪੱਗ ਬੰਨ ਕੇ ਆਪਣੀ 530ਵੀਂ (42 ਕਿਲੋਮੀਟਰ) ਮੈਰਾਥਨ ਦੌੜ ਕੇ ਨਵਾਂ ਇਤਿਹਾਸ ਰਚਿਆ ਹੈ।

ਇਸ ਦੌੜ ਵਿੱਚ ਉਹਨਾਂ ਦੇ ਬੇਟੇ ਅਤੇ ਪਤਨੀ ਨੇ ਵੀ ਹਿੱਸਾ ਲਿਆ। ਕੌਂਸਲਰ ਜਗਜੀਤ ਸਿੰਘ ਨੇ ਆਪਣੀ ਇਸ ਦੌੜ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨ ਟਰਸਟ ਨੂੰ ਸਮਰਪਿਤ ਕੀਤੀ ਹੈ।



ਬਲਜਿੰਦਰ ਸਿੰਘ ਚੀਮਾ ਅਤੇ ਕੌਂਸਲਰ ਜਗਜੀਤ ਸਿੰਘ ਮੈਰਾਥਨ ਦੌੜ 'ਚ ਹਿੱਸਾ ਲੈਂਦੇ ਹੋਏ







Trial subject to suitability and availability. Includes one pair of monthly lenses or five pairs of daily disposable lenses, from all of our ranges excluding coloured, gas permeable or hard lenses. Excludes lenses which have already been trialled during the previous 24 months. One free trial per person in a rolling 24-month period, from one store only. Current valid prescription required. Alternatively, an eye test will be required at our standard charge.

# ਲੋਕ ਸਭਾ ਚੋਣਾਂ ਦੌਰਾਨ ਬੇਅਦਬੀ ਮਾਮਲੇ ਵਿਚ ਸਾਰੀਆਂ ਸਿਆਸੀ ਧਿਰਾਂ ਖਾਮੋਸ਼

✪ 'ਆਪ' ਸਰਕਾਰ 24 ਮਹੀਨਿਆਂ ਬਾਅਦ ਵੀ ਮੁਖ ਦੋਸ਼ੀ ਵਿਰੁੱਧ ਕੇਸ ਚਲਾਉਣ ਦੀ ਨਹੀਂ ਦਿੱਤੀ ਇਜਾਜ਼ਤ ✪ ਕੇਜਰੀਵਾਲ ਨੇ 24 ਘੰਟਿਆਂ ਵਿਚ ਇਨਸਾਫ਼ ਦਿਵਾਉਣ ਦਾ ਕੀਤਾ ਸੀ ਵਾਅਦਾ ✪ ਸਰਕਾਰ ਦੀ ਕਮਜ਼ੋਰ ਪੈਰਵਾਈ ਕਾਰਨ ਹੁਣ ਸਾਰੇ ਅਦਾਲਤੀ ਕੇਸਾਂ ਲਈ ਸੁਣਵਾਈ 'ਤੇ ਹੀ ਲੱਗੀ ਰੋਕ





**ਖਾਸ ਖਬਰ**

ਪੰਜਾਬ ਵਿਚ 2015 ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੀਆਂ ਘਟਨਾਵਾਂ, ਜਿਸ ਨੇ ਲਗਾਤਾਰ ਪੰਜਾਬ ਦੀ ਸਿਆਸਤ ਤੇ ਚੋਣਾਂ ਨੂੰ ਪ੍ਰਭਾਵਿਤ ਕੀਤਾ ਹੈ, ਸੰਬੰਧੀ ਹੁਣ ਲੋਕ ਚੋਣਾਂ ਦੌਰਾਨ ਸਾਰੀਆਂ ਸਿਆਸੀ ਧਿਰਾਂ ਖਾਮੋਸ਼ ਨਜ਼ਰ ਆ ਰਹੀਆਂ ਹਨ, ਜਿਵੇਂ ਉਨ੍ਹਾਂ ਦੀ ਇਨ੍ਹਾਂ ਮਾਮਲਿਆਂ ਵਿਚ ਇਨਸਾਫ਼ ਮਿਲਣ ਦੀ ਆਸ ਖ਼ਤਮ ਹੋ ਗਈ ਹੋਵੇ ।ਯਾਦ ਰਹੇ ਕਿ ਪੰਜਾਬ ਅੰਦਰ ਸਾਲ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦਵਾਉਣਾ ਰਾਜਨੀਤਿਕ ਪਾਰਟੀਆਂ ਦਾ ਮੁੱਖ ਮੁੱਦਾ ਸੀ।ਹਾਲਾਂਕਿ ਪੰਜਾਬ ਵਿੱਚ ਕਾਂਗਰਸ (2017-22) ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਸਮੇਂ ਸਿੱਖਾਂ ਦੇ ਧਾਰਮਿਕ ਗ੍ਰੰਥ, ਗੁਰੂ ਗ੍ਰੰਥ ਸਾਹਿਬ, ਦੀ ਕਥਿਤ ਬੇਅਦਬੀ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ।ਇਹਨਾਂ ਘਟਨਾਵਾਂ ਨਾਲ ਉਸ ਸਮੇਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੂੰ ਸਿੱਖਾਂ ਦੇ ਗੁੱਸੇ ਦਾ ਸਾਹਮਣਾ ਕਰਨ ਪਿਆ ਸੀ।ਅਕਾਲੀ ਦਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰ ਗਿਆ ਸੀ।

ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਜੋ ਪੰਜਾਬ ਵਿਚ ਸਰਕਾਰ ਬਣਨ ਤੋਂ ਪਹਿਲਾਂ ਬੇਅਦਬੀ ਦੇ ਮਾਮਲਿਆਂ ਵਿਚ 24 ਘੰਟਿਆਂ ਵਿਚ ਇਨਸਾਫ਼ ਦਿਵਾਉਣ ਦੇ ਦਾਅਵੇ ਕਰਦੇ ਸਨ, ਦੀ ਸਰਕਾਰ ਮਗਰਲੇ 24 ਮਹੀਨਿਆਂ ਦੌਰਾਨ ਮੁੱਖ ਸਾਜ਼ਿਸ਼ਕਰਤਾ ਸੌਦਾ ਸਾਧ ਵਿਰੁੱਧ ਅਦਾਲਤ ਵਿਚ ਕੇਸ ਵੀ ਨਹੀਂ ਚਲਾ ਸਕੀ ਤੇ ਇਸ ਮਾਮਲੇ 'ਤੇ ਹੁਣ ਕੋਈ ਜਵਾਬ ਵੀ ਦੇਣਾ ਬੰਦ ਕਰ ਦਿੱਤਾ ਹੈ । ਬੀਤੇ ਦਿਨਾਂ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਬੇਅਦਬੀਆਂ ਦੇ ਸਾਰੇ ਕੇਸ ਦੁਬਾਰਾ ਸੀ.ਬੀ.ਆਈ. ਨੂੰ ਦੇਣ ਦੀ ਮੰਗ ਸੰਬੰਧੀ ਪਟੀਸ਼ਨ 'ਤੇ ਰਾਜ ਸਰਕਾਰ ਦੀ ਕਮਜ਼ੋਰ ਪੈਰਵਾਈ ਕਾਰਨ ਬੇਅਦਬੀਆਂ ਦੇ ਕੇਸਾਂ ਸੰਬੰਧੀ ਹੇਠਲੀਆਂ ਅਦਾਲਤਾਂ ਵਿਚ ਚੱਲ ਰਹੇ ਸਾਰੇ ਕੇਸਾਂ ਦੀ ਸੁਣਵਾਈ 'ਤੇ ਰੋਕ ਲੱਗ ਗਈ ਹੈ।

ਹਾਲਾਂਕਿ ਸੁਪਰੀਮ ਕੋਰਟ ਦੋ ਵਾਰ ਅਜਿਹੀ ਮੰਗ ਪਹਿਲਾਂ ਰੱਦ ਕਰ ਚੁੱਕੀ ਹੈ। ਬਠਿੰਡਾ ਵਿਖੇ 19 ਅਕਤੂਬਰ 2015 ਪਿੰਡ ਗੁਰੂਸਰ ਭਗਤੇ (ਥਾਣਾ ਦਿਆਲਪੁਰਾ) ਵਿਖੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੰਡਾਉਣ ਸੰਬੰਧੀ ਕੇਸ ਵਿਚ ਹੇਠਲੀ ਅਦਾਲਤ ਵਲੋਂ 3 ਕਥਿਤ ਦੋਸ਼ੀਆਂ ਨੂੰ 3-3 ਸਾਲ ਦੀ ਸਜ਼ਾ ਵੀ ਸੁਣਾਈ ਜਾ ਚੁੱਕੀ ਹੈ। ਮੌਜੂਦਾ ਕਾਨੂੰਨ ਅਨੁਸਾਰ ਬੇਅਦਬੀ ਦੇ ਕੇਸਾਂ ਵਿਚ 3 ਸਾਲ ਤੱਕ ਦੀ ਸਜ਼ਾ ਹੀ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਐਫ਼.ਆਈ.ਆਰ. 128, ਜੋ ਬਰਗਾੜੀ ਦੀਆਂ ਗਲੀਆਂ 'ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੰਡਾਉਣ ਸੰਬੰਧੀ ਹੈ, ਕੇਸ ਵੀ ਦੋਸ਼ ਆਇਦ ਕਰਨ ਲਈ ਲੱਗਾ ਹੋਇਆ ਸੀ, ਪਰ ਇਨ੍ਹਾਂ ਸਾਰੇ ਕੇਸਾਂ ਸੰਬੰਧੀ ਸਰਕਾਰ ਦੀ ਟਾਲ-ਮਟੌਲ ਤੇ ਅਸਪੱਸ਼ਟ ਨੀਤੀ ਕਾਰਨ ਇਨ੍ਹਾਂ ਕੇਸਾਂ ਵਿਚ 8 ਸਾਲ ਤੋਂ ਕੇਸ ਲਟਕ ਰਹੇ ਹਨ।

ਦਿਲਚਸਪ ਗੱਲ ਇਹ ਹੈ ਕਿ ਅਕਾਲੀ-ਭਾਜਪਾ ਸਰਕਾਰ ਵਲੋਂ ਕੇਵਲ ਦੋ ਕੇਸਾਂ 'ਚ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ ਸੀ ਤੇ ਸੀ.ਬੀ.ਆਈ. ਵਲੋਂ ਇਨ੍ਹਾਂ ਕੇਸਾਂ ਵਿਚ ਕਲੋਜ਼ਰ ਰਿਪੋਰਟ ਦੇਣ ਕਾਰਨ ਕੈਪਟਨ ਸਰਕਾਰ ਵਲੋਂ ਸੀ.ਬੀ.ਆਈ. ਤੋਂ ਇਹ ਜਾਂਚ ਵਾਪਸ ਲੈ ਲਈ ਗਈ ਸੀ ਤੇ ਰਾਜ ਸਰਕਾਰ ਦੇ ਫ਼ੈਸਲੇ ਦੀ ਸੁਪਰੀਮ ਕੋਰਟ ਵਲੋਂ ਵੀ ਪੁਸ਼ਟੀ ਕਰ ਦਿੱਤੀ ਗਈ ਸੀ।

ਮੌਜੂਦਾ ਭਗਵੰਤ ਮਾਨ ਦੀ ਸਰਕਾਰ ਵਲੋਂ ਡੇਰਾ ਸਿਰਸਾ ਦੇ ਕੇਸ ਲੜਨ ਵਾਲੇ ਵਕੀਲ ਨੂੰ ਹੀ ਰਾਜ ਦਾ ਐਡਵੋਕੇਟ ਜਨਰਲ ਲਗਾਉਣ ਕਾਰਨ ਵੀ ਸਰਕਾਰ ਦਾ ਵੱਡਾ ਵਿਰੋਧ ਹੋਇਆ ਸੀ, ਜਿਸ ਕਾਰਨ ਰਾਜ ਸਰਕਾਰ ਨੂੰ ਆਪਣਾ ਫ਼ੈਸਲਾ ਬਦਲਣਾ ਪਿਆ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਹੇਠਲੀਆਂ ਅਦਾਲਤਾਂ ਵਿਚ ਬੇਅਦਬੀ ਦੇ ਕੇਸਾਂ 'ਤੇ ਅੱਗੋਂ ਸੁਣਵਾਈ 'ਤੇ ਲੱਗੀ ਰੋਕ ਸੰਬੰਧੀ ਰਾਜ ਸਰਕਾਰ ਦੀ ਖਾਮੋਸ਼ੀ ਤੇ ਇਸ ਸੰਬੰਧੀ ਸੁਪਰੀਮ ਕੋਰਟ ਵਿਚ ਪਹੁੰਚ ਕਰਨ ਤੋਂ ਵੀ ਕੰਨ੍ਹੀ ਕਤਰਾਉਣਾ ਰਾਜ ਸਰਕਾਰ ਦੀ ਇਨ੍ਹਾਂ ਕੇਸਾਂ ਸੰਬੰਧੀ ਕੇਸ ਦੀ ਸੰਜੀਦਗੀ ਨੂੰ ਸਪੱਸ਼ਟ ਕਰਦੀ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸੂਬੇ ਵਿਚਲੀਆਂ ਦੂਜੀਆਂ ਸਿਆਸੀ ਧਿਰਾਂ ਤੇ ਪੰਥਕ ਜਥੇਬੰਦੀਆਂ ਦੀ ਵੀ ਇਸ ਮਾਮਲੇ 'ਤੇ ਚੁਪੀ ਹੈਰਾਨ ਹਨ।

ਬਾਕੀ ਹਿਸਾ ਸਫਾ 49 ਤੇ ਪੜ੍ਹੋ

## ਬੇਅਦਬੀ ਕੇਸ ਨਾਮ ਸਬੰਧਤ ਮੁੱਖ ਘਟਨਾਵਾਂ

1 ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਕੋਟਕਪੂਰਾ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਹੋਈ ਸੀ।

25 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਕੋਲ ਪੋਸਟਰ ਲਗਾ ਕੇ ਮਾੜੀ ਭਾਸ਼ਾ ਵਰਤੀ ਗਈ। ਪੋਸਟਰਾਂ ਵਿੱਚ ਚੋਰੀ ਹੋਏ ਸਰੂਪਾਂ ਵਿੱਚ ਡੇਰਾ ਸਿਰਸਾ ਦਾ ਹੱਥ ਹੋਣ ਦਾ ਦਾਅਵਾ ਕੀਤਾ ਗਿਆ ਤੇ ਸਿੱਖ ਸੰਸਥਾਵਾਂ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਗਈ।

12 ਅਕਤੂਬਰ 2015 - ਗੁਰੂ ਗ੍ਰੰਥ ਸਾਹਿਬ ਦੇ ਅੰਗ ਫਰੀਦਕੋਟ ਦੇ ਬਰਗਾੜੀ ਪਿੰਡ ਵਿੱਚੋਂ ਮਿਲੇ।

14 ਅਕਤੂਬਰ 2015 - ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਕੋਟਕਪੂਰਾ 'ਚ ਸਿੱਖ ਜਥੇਬੰਦਆਂ ਨੇ ਰੋਸ ਮੁਜ਼ਾਹਰਾ ਕੀਤਾ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਪੁਲਿਸ ਨੇ ਲੋਕਾਂ ਉੱਤੇ ਲਾਠੀਚਾਰਜ ਕੀਤਾ।

ਇਸੇ ਦਿਨ ਬਹਿਬਲ ਕਲਾਂ ਵਿੱਚ ਸਿੱਖਾਂ ਅਤੇ ਪੁਲਿਸ ਵਿਚਾਲੇ ਹੋਈ ਝੜਪ 'ਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿੱਚ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ।

ਇਸ ਮਾਮਲੇ ਨਾਲ ਜੁੜੇ ਇੱਕ ਮੁਲਜ਼ਮ ਮਹਿੰਦਰ ਬਿੱਟੂ ਦਾ ਜੂਨ 2019 ਵਿੱਚ ਜੇਲ੍ਹ ਵਿੱਚ ਕਤਲ ਕਰ ਦਿੱਤਾ ਗਿਆ ਸੀ।

18 ਅਕਤੂਬਰ 2015 - ਤਤਕਾਲੀ ਅਕਾਲੀ ਭਾਜਪਾ ਸਰਕਾਰ ਨੇ ਏਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿੱਚ ਐਸਆਈਟੀ ਕਾਇਮ ਕੀਤੀ।

26 ਅਕਤੂਬਰ 2015-ਪੰਜਾਬ ਸਰਕਾਰ ਵੱਲੋਂ ਸਾਰੇ ਮਾਮਲੇ ਦੀ ਜਾਂਚ ਸੀਬੀਆਈ ਦੇ ਹਵਾਲੇ ਕਰ ਦਿੱਤੀ ਗਈ।

30 ਜੂਨ 2016-ਪੰਜਾਬ ਸਰਕਾਰ ਵੱਲੋਂ ਕਾਇਮ ਕੀਤੇ ਗਏ ਜੋਰਾ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ।

14 ਅਪ੍ਰੈਲ 2017-ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿੱਚ ਜਾਂਚ ਕਮਿਸ਼ਨ ਬਿਠਾਇਆ।

30 ਜੂਨ 2017-ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ।

28 ਅਗਸਤ 2018-ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿੱਚ ਰੱਖੀ ਗਈ।

10 ਸਤੰਬਰ 2018-ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਪੁਲਿਸ ਕਾਰਵਾਈ ਦੀ ਜਾਂਚ ਲਈ ਏਡੀਜੀਪੀ ਪ੍ਰਮੋਦ ਕੁਮਾਰ ਦੀ ਅਗਵਾਈ ਵਿੱਚ ਐਸਆਈਟੀ ਕਾਇਮ ਕੀਤੀ ਗਈ।

7 ਜੁਲਾਈ 2020 ਨੂੰ ਐਸਆਈਟੀ ਨੇ ਡੇਰਾ ਸੱਚਾ ਸੌਦਾ ਦੇ ਮੁੱਖੀ ਗੁਰਮੀਤ ਰਾਮ ਰਹੀਮ ਨੂੰ ਪ੍ਰਮੁੱਖ ਸਾਜਿਸ਼ਘਾੜਾ ਘੋਸ਼ਿਤ ਕਰਦਿਆਂ ਨਾਮਜਦ ਕੀਤਾ। ਇਸ ਦੇ ਨਾਲ ਹੀ ਡੇਰਾ ਸੱਚਾ ਸੌਦਾ ਦੀ ਰਾਸ਼ਟਰੀ ਸਮਿਤੀ ਦੇ ਤਿੰਨ ਮੈਂਬਰ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਵੀ ਨਾਜਮਦ ਕਰ ਲਿਆ ਗਿਆ।

17 ਮਈ 2021 ਨੂੰ ਐਸਆਈਟੀ ਨੇ ਡੇਰਾ ਸੱਚਾ ਸੌਦਾ ਦੇ ਫ਼ਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਡੇਰਾ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇਨ੍ਹਾਂ ਵਿੱਚ ਸੁਖਜਿੰਦਰ ਸਿੰਘ ਸੰਨੀ ਕੰਡਾ, ਸ਼ਕਤੀ ਸਿੰਘ, ਰਣਜੀਤ ਸਿੰਘ ਬਲਜੀਤ ਸਿੰਘ, ਨਿਸ਼ਾਨ ਸਿੰਘ ਅਤੇ ਪ੍ਰਦੀਪ ਸਿੰਘ ਸ਼ਾਮਲ ਸਨ।

10 ਨਵੰਬਰ ਨੂੰ ਡੇਰਾ ਸੱਚਾ ਸੌਦਾ ਸਿਰਸਾ ਦੀ 45 ਮੈਂਬਰੀ ਕਮੇਟੀ ਮੈਂਬਰ ਪ੍ਰਦੀਪ ਸਿੰਘ ਦੀ ਕੋਟਕਪੂਰਾ ਵਿਖੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ।

23 ਸਤੰਬਰ 2021 ਨੂੰ ਫ਼ਰੀਦਕੋਟ ਦੀ ਅਦਾਲਤ ਨੇ ਹਰਸ਼ ਧੂਰੀ, ਪ੍ਰਦੀਪ ਕਲੇਰ, ਸੰਦੀਪ ਬਰੇਟਾ ਨੂੰ ਅਦਾਲਤ ਵਿੱਚ ਪੇਸ਼ ਨਾ ਹੋਣ ਤੇ ਭਗੌੜਾ ਐਲਾਨ ਦਿੱਤਾ ਸੀ।

# ਕਿਸਾਨਾਂ ਨਾਲ ਖੁੱਲ੍ਹੀ ਬਹਿਸ ਤੋਂ ਭਜੇ ਭਾਜਪਾ ਆਗੂ

## ✪ ਭਾਜਪਾ ਸਰਕਾਰ 'ਚ ਕਿਸਾਨਾਂ ਮਜ਼ਦੂਰਾਂ ਦੇ ਸਵਾਲਾਂ ਦਾ ਸਾਹਮਣਾ ਕਰਨ ਦਾ ਮਾਦਾ ਨਹੀਂ-ਕਿਸਾਨ ਆਗੂ



ਚੰਡੀਗੜ੍ਹ-ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਅੱਜ ਇਥੇ ਕਿਸਾਨ ਭਵਨ ਵਿੱਚ ਬਹਿਸ ਲਈ ਦਿੱਤੀ ਖੁੱਲ੍ਹੀ ਚੁਣੌਤੀ ਵਿੱਚ ਕੋਈ ਵੀ ਭਾਜਪਾ ਆਗੂ ਨਹੀਂ ਪਹੁੰਚਿਆ। ਕਿਸਾਨ ਆਗੂਆਂ ਨੇ ਖਾਲੀ ਕੁਰਸੀਆਂ 'ਤੇ ਨਰਿੰਦਰ ਮੋਦੀ, ਅਮਿਤ ਸ਼ਾਹ, ਜੇਪੀ ਨੱਢਾ, ਅਰਜੁਨ ਮੁੰਡਾ ਅਤੇ ਸੁਨੀਲ ਜਾਖੜ ਦੀਆਂ ਤਸਵੀਰਾਂ ਲਗਾ ਕੇ ਬਹਿਸ ਲਈ ਤੈਅ ਕੀਤੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਦੇ ਸਮੇਂ ਤੱਕ ਇੰਤਜ਼ਾਰ ਕੀਤਾ।

ਕਿਸਾਨ ਆਗੂ ਸੁਰਜੀਤ ਸਿੰਘ ਫੂਲ, ਜਗਜੀਤ ਸਿੰਘ ਡੱਲੇਵਾਲ, ਮਨਜੀਤ ਸਿੰਘ ਰਾਏ, ਗੁਰ ਅਮਨੀਤ ਸਿੰਘ ਮਾਂਗਟ, ਅਭਿਮਨਿਊ ਕੋਹਾੜ ਅਤੇ ਸੁਖਜੀਤ ਸਿੰਘ ਖਹਿਰਾ ਨੇ ਭਾਜਪਾ ਆਗੂਆਂ ਦੇ ਨਾ ਆਉਣ 'ਤੇ ਆਪਣੇ ਸੰਘਰਸ਼ ਦੀ ਅਗਲੀ ਰਣਨੀਤੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਭਾਜਪਾ ਆਗੂਆਂ ਨਾਲ ਹਰ ਸਮੇਂ ਬਹਿਸ ਲਈ ਤਿਆਰ ਹੈ, ਭਾਜਪਾ ਆਪਣੀ ਮਰਜ਼ੀ ਦੀ ਥਾਂ ਤੇ ਸਮਾਂ ਤੈਅ ਕਰ ਦੇਵੇ, ਕਿਸਾਨ ਬਹਿਸ ਵਿੱਚ ਸ਼ਾਮਲ ਹੋਣ ਲਈ ਪਹੁੰਚ ਜਾਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਵੱਲੋਂ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ 'ਤੇ ਸ਼ੰਭੂ ਤੇ ਖਨੌਰੀ ਵਿੱਚ ਚੱਲ ਰਹੇ ਅੰਦੋਲਨ ਨੂੰ ਲੈ ਕੇ ਸਵਾਲ ਚੁੱਕੇ ਜਾ ਰਹੇ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਅੰਦੋਲਨ ਦੇ 100 ਦਿਨ ਮੁਕੰਮਲ ਹੋਣ 'ਤੇ ਅੰਦੋਲਨ ਵਾਲੀ ਥਾਂ 'ਤੇ ਵੱਡੇ ਇਕੱਠ ਕੀਤੇ ਜਾਣਗੇ। ਇਸ ਦੌਰਾਨ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਕੇਂਦਰ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਨਗੇ। ਇਸ ਤੋਂ ਇਲਾਵਾ 1 ਮਈ ਨੂੰ ਦੋਵਾਂ ਮੋਰਚਿਆਂ 'ਤੇ ਮਜ਼ਦੂਰ ਦਿਹਾੜਾ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਸ਼ੰਭੂ ਰੇਲਵੇ ਸਟੇਸ਼ਨ 'ਤੇ ਕੀਤਾ ਗਿਆ ਚੱਕਾ ਜਾਮ ਵੀ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਹਰਿਆਣਾ ਸਰਕਾਰ ਵੱਲੋਂ ਤਿੰਨ ਨੌਜਵਾਨ ਕਿਸਾਨਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਹੈ, ਉਦੋਂ ਤੱਕ ਰੇਲ ਮਾਰਗ 'ਤੇ ਚੱਕਾ ਜਾਮ ਹੀ ਰਹੇਗਾ।

ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨਾਂ ਨਾਲ ਹਰ ਸਮੇਂ ਗੱਲਬਾਤ ਕਰਨ ਲਈ ਤਿਆਰ ਰਹਿਣ ਦਾ ਦਾਅਵਾ ਕੀਤਾ ਸੀ।

ਉਸੇ ਸਦਕਾ ਕਿਸਾਨਾਂ ਵੱਲੋਂ ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਖੁੱਲ੍ਹੀ ਬਹਿਸ ਰੱਖੀ ਗਈ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਆਗੂਆਂ ਦਾ ਖ਼ੁਦ ਹੀ ਕਿਸਾਨਾਂ ਨੂੰ ਬਹਿਸ ਲਈ ਵੰਗਾਰ ਕੇ ਖੁੱਲ੍ਹੀ ਚਰਚਾ ਵਿੱਚ ਨਾ ਆਉਣਾ ਇਹ ਸਾਬਿਤ ਕਰਦਾ ਹੈ ਕਿ ਭਾਜਪਾ ਸਰਕਾਰ 'ਚ ਕਿਸਾਨਾਂ ਮਜ਼ਦੂਰਾਂ ਦੇ ਸਵਾਲਾਂ ਦਾ ਸਾਹਮਣਾ ਕਰਨ ਦਾ ਮਾਦਾ ਨਹੀਂ ਹੈ। ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਮਜ਼ਦੂਰਾਂ ਖਿਲਾਫ਼ ਲਗਾਤਾਰ ਫੈਸਲੇ ਲਏ ਗਏ, ਜਿਸ ਕਰਕੇ ਅੱਜ ਚੋਣਾਂ 'ਚ ਭਾਜਪਾ ਆਗੂ ਸਵਾਲਾਂ ਤੋਂ ਲਗਾਤਾਰ ਭੱਜ ਰਹੇ ਹਨ।

## ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਰੌਬਿਨ ਸਾਂਪਲਾ ਨੇ ਭਾਜਪਾ ਛੱਡੀ, 'ਆਪ' ਵਿਚ ਸ਼ਾਮਲ



ਜਲੰਧਰ-ਲੋਕ ਸਭਾ ਚੋਣਾਂ ਦਰਮਿਆਨ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿੱਚ ਵੱਡਾ ਝਟਕਾ ਲੱਗਾ ਹੈ। ਭਾਜਪਾ ਆਗੂ ਰੌਬਿਨ ਸਾਂਪਲਾ ਆਮ ਆਦਮੀ ਪਾਰਟੀ ਵਿੱਚ ਮੁਖ ਮੰਤਰੀ ਭਗਵੰਤ ਮਾਨ ਦੀ ਹਾਜਰੀ ਵਿਚ ਸ਼ਾਮਲ ਹੋ ਗਏ ਹਨ। ਰੌਬਿਨ ਸਾਂਪਲਾ ਵਿਜੇ ਸਾਂਪਲਾ ਦਾ ਰਿਸ਼ਤੇਦਾਰ ਹੈ। ਰੌਬਿਨ ਸਾਂਪਲਾ 10 ਸਾਲਾਂ ਤੋਂ ਵੱਧ ਸਮੇਂ ਤੋਂ ਭਾਜਪਾ ਨਾਲ ਜੁੜੇ ਹੋਏ ਸਨ।

## ਹਾਲ ਦੀ ਘੜੀ ਕੇਜਰੀਵਾਲ 7 ਮਈ ਤੱਕ ਤਿਹਾੜ ਜੇਲ੍ਹ ਵੀਚ ਹੀ ਰਹਿਣਗੇ

### ✪ ਕਵਿਤਾ ਤੇ ਚੰਨਪ੍ਰੀਤ ਦੀ ਹਿਰਾਸਤ ਵਿਚ ਵੀ ਹੋਇਆ ਵਾਧਾ



ਨਵੀਂ ਦਿੱਲੀ-ਦਿੱਲੀ ਸ਼ਰਾਬ ਘੁਟਾਲ਼ਾ ਮਾਮਲੇ ਦੇ ਮੁਲਜ਼ਮਾਂ ਨੂੰ ਕਿਧਰੋਂ ਵੀ ਰਾਹਤ ਨਹੀਂ ਮਿਲ ਰਹੀ। ਦਿੱਲੀ ਦੀ ਰਾਊਜ਼ ਐਵਨਿਊ ਕੋਰਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਇਕ ਹਿਰਾਸਤ 7 ਮਈ ਯਾਨੀ 2 ਹ਼ਫਤਿਆਂ ਲਈ ਹੋਰ ਵਧਾ ਦਿੱਤੀ ਹੈ। ਕੇਜਰੀਵਾਲ ਦੇ ਨਾਲ ਹੀ ਬੀ.ਆਰ.ਐਸ. ਆਗੂ ਕੇ. ਕਵਿਤਾ ਤੇ ਇਕ ਹੋਰ ਮੁਲਜ਼ਮ ਚੰਨਪ੍ਰੀਤ ਸਿੰਘ ਦੀ ਨਿਆਇਕ ਹਿਰਾਸਤ ਵਿਚ ਵੀ 7 ਮਈ ਤੱਕ ਵਾਧਾ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਕੇਜਰੀਵਾਲ ਤੇ ਕਵਿਤਾ ਨੂੰ ਹਾਲੇ ਤਿਹਾੜ ਜੇਲ੍ਹ ਵਿਚ ਹੀ ਰਹਿਣਾ ਪਵੇਗਾ। ਇਹ ਵੀ ਦੱਸਣਯੋਗ ਹੈ ਕਿ ਕੇਜਰੀਵਾਲ ਨੇ ਆਪਣੀ ਗ੍ਰਿ਼ਫਤਾਰੀ ਤੇ ਰਿਮਾਂਡ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ, ਜਿਸ 'ਤੇ 29 ਅਪ੍ਰੈਲ ਨੂੰ ਸੁਣਵਾਈ ਹੋਣੀ ਹੈ। ਯਾਦ ਰਹੇ ਕਿ ਈ.ਡੀ. ਨੇ ਦੋਸ਼ ਲਾਇਆ ਹੈ ਕਿ ਅਰਵਿੰਦ ਕੇਜਰੀਵਾਲ ਦਿੱਲੀ ਆਬਕਾਰੀ ਘੁਟਾਲੇ ਦਾ ਸਰਗਨਾ ਹੈ ਤੇ 100 ਕਰੋੜ ਰੁਪਏ ਤੋਂ ਵੱਧ ਦੀ ਅਪਰਾਧਕ ਕਮਾਈ ਦੀ ਵਰਤੋਂ ਵਿਚ ਸਿੱਧੇ ਤੌਰ 'ਤੇ ਸ਼ਾਮਿਲ ਹੈ।

## ਬਰਤਾਨੀਆਂ ਨੇ ਤਮਾਕੂਨੋਸ਼ੀ 'ਤੇ ਪਾਬੰਦੀ ਨੂੰ ਲੈ ਕੇ ਪਹਿਲੀ ਸੰਸਦੀ ਰੁਕਾਵਟ ਪਾਰ ਕੀਤੀ

ਲੰਡਨ: ਬਰਤਾਨੀਆਂ ਸਰਕਾਰ ਦੀ ਤਮਾਕੂਨੋਸ਼ੀ ਤੇ ਪਾਬੰਦੀ ਦੀ ਯੋਜਨਾ ਬਾਰੇ ਸੰਸਦ ਚ ਪਹਿਲੀ ਰੁਕਾਵਟ ਪਾਸ ਹੋ ਗਈ। ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ 15 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਲਈ ਤਮਾਕੂਨੋਸ਼ੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਪਾਬੰਦੀ ਲਗਾਉਣ ਦੀ ਯੋਜਨਾ ਦੇ ਵਿਰੁਧ ਅਪਣੀ ਹੀ ਕੰਜ਼ਰਵੇਟਿਵ ਪਾਰਟੀ ਦੇ ਜ਼ੋਰਦਾਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਨਕ ਨੇ ਪਿਛਲੇ ਸਾਲ ਤਮਾਕੂ ਅਤੇ ਵੇਪਸ ਬਿਲ ਦਾ ਪ੍ਰਸਤਾਵ ਰੱਖਿਆ ਸੀ। ਇਹ ਬਿਲ 1 ਜਨਵਰੀ, 2009 ਤੋਂ ਬਾਅਦ ਪੈਦਾ ਹੋਏ ਕਿਸੇ ਵੀ ਵਿਅਕਤੀ ਨੂੰ ਤਮਾਕੂ ਉਤਪਾਦ ਵੇਚਣਾ ਗੈਰ-ਕਾਨੂੰਨੀ ਬਣਾਉਂਦਾ ਹੈ। ਜੇਕਰ ਸੰਸਦ ਇਸ ਕਾਨੂੰਨ ਨੂੰ ਮਨਜ਼ੂਰੀ ਦੇ ਦਿੰਦੀ ਹੈ ਤਾਂ ਇਹ ਦੁਨੀਆਂ ਦੇ ਸੱਭ ਤੋਂ ਸਖਤ ਤਮਾਕੂਨੋਸ਼ੀ ਵਿਰੋਧੀ ਕਾਨੂੰਨਾਂ ਚੋਂ ਇਕ ਹੋਵੇਗਾ। ਤਮਾਕੂ ਅਤੇ ਵੇਪਸ ਬਿਲ ਦੇ ਤਹਿਤ, 15 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਸ ਸਾਲ ਕਦੇ ਵੀ ਕਾਨੂੰਨੀ ਤੌਰ 'ਤੇ ਤੰਬਾਕੂ ਨਹੀਂ ਵੇਚਿਆ ਜਾਵੇਗਾ। ਇਸ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ, ਇੰਗਲੈਂਡ 'ਚ ਸਿਗਰਟਾਂ ਦੀ ਵਿਕਰੀ ਲਈ ਕਾਨੂੰਨੀ ਉਮਰ ਹਰ ਸਾਲ ਇਕ ਸਾਲ ਵਧਾ ਦਿਤੀ ਜਾਵੇਗੀ ਜਦੋਂ ਤਕ ਕਿ ਇਹ ਆਖਰਕਾਰ ਪੂਰੀ ਆਬਾਦੀ ਲਈ ਗੈਰਕਾਨੂੰਨੀ ਨਹੀਂ ਹੋ ਜਾਂਦੀ। ਬਿਲ ਚ ਨੌਜੁਆਨਾਂ ਵੇਪਿੰਗ ਤੇ ਨਕੇਲ ਕੱਸਣ ਦੇ ਉਪਾਅ ਵੀ ਸ਼ਾਮਲ ਹਨ, ਜਿਵੇਂ ਕਿ ਸਸਤੇ ਡਿਸਪੋਜ਼ੇਬਲ ਵੇਪਰਸ ਦੀ ਵਿਕਰੀ ਤੇ ਪਾਬੰਦੀ ਲਗਾਉਣਾ। ਇਸ ਸਮੇਂ ਯੂਕੇ ਭਰ ਚ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਸਿਗਰਟ ਜਾਂ ਤੰਬਾਕੂ ਉਤਪਾਦ ਅਤੇ ਵੇਪ ਵੇਚਣਾ ਗੈਰਕਾਨੂੰਨੀ ਹੈ।

## ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵੱਲੋਂ ਖੁੱਲ੍ਹੇ ਅਸਮਾਨ ਹੇਠ ਕਰਵਾਏ ਵਿਸਾਖੀ ਸਮਾਗਮਾਂ ਦੌਰਾਨ ਸੰਗਤਾਂ ਦਾ ਵੱਡਾ ਇਕੱਠ






ਸਮੈਦਿਕ (ਪੰਜਾਬ ਟਾਈਮਜ਼) – ਸਾਰੀ ਦੁਨੀਆ ਵਿੱਚ ਜਿੱਥੇ ਵੀ ਸਿੱਖ ਵਸੋਂ ਵੱਡੀ ਗਿਣਤੀ ਵਿੱਚ ਵਸਦੀ ਹੈ, ਉਹਨਾਂ ਸ਼ਹਿਰਾਂ ਵਿੱਚ ਬਹੁਤ ਵੱਡੇ ਪੱਧਰ ਤੇ ਖਾਲਸਾ ਪੰਥ ਦਾ ਸਾਜਨਾ ਦਿਵਸ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਬੀਤੇ ਐਤਵਾਰ 21 ਅਪ੍ਰੈਲ ਨੂੰ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਸੇਵਾਦਾਰਾਂ ਵੱਲੋਂ ਹਾਈ ਸਟ੍ਰੀਟ ਉਤੇ ਵਿਸ਼ਾਲ ਪੰਡਾਲ ਸਜਾਏ ਗਏ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਕੁਲਦੀਪ ਸਿੰਘ ਦਿਓਲ ਨੇ ਜਾਣਕਾਰੀ ਦਿੱਤੀ ਕਿ ਇਸ ਦੌਰਾਨ ਸੰਗਤਾਂ ਦਾ ਰਿਕਾਰਡ ਤੋੜ ਇਕੱਠ ਹੋਇਆ, ਜਿਸ ਦੌਰਾਨ ਰਾਗੀ ਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗਤਕੇ ਦੇ ਜੌਹਰ ਦਿਖਾਏ ਗਏ। ਇਸ ਦੌਰਾਨ ਵੱਡੀਆਂ ਸਕਰੀਨਾਂ ਲਾ ਕੇ ਸਿੱਖੀ ਦਾ ਪ੍ਰਚਾਰ ਕੀਤਾ ਗਿਆ। ਸੰਗਤਾਂ ਨੂੰ ਵੱਧ ਤੋਂ ਵੱਧ ਅੰਮ੍ਰਿਤਧਾਰੀ ਹੋਣ ਦੀ ਬੇਨਤੀ ਕੀਤੀ ਗਈ।

# ਘਨੌਰ ਵਿਖੇ ਹੋਈ ਬੇਅਦਬੀ ਦੀ ਦੂਜੀ ਵੱਡੀ ਘਟਨਾ ! ਪਿੰਡ ਵਾਸੀਆਂ ਨੇ ਫੜਿਆ ਦੋਸ਼ੀ



ਪਟਿਆਲਾ-ਹਲਕਾ ਘਨੌਰ ਦੇ ਪਿੰਡ ਸੰਜਰਪੁਰ ਵਿੱਚ ਪਿੰਡ ਦੇ ਹੀ ਇੱਕ ਵਿਅਕਤੀ ਨੇ ਗੁਟਕਾ ਸਾਹਿਬ ਦੇ ਅੰਗ ਪਾੜ ਦਿੱਤੇ ਤੇ ਫਿਰ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ, ਪਿੰਡ ਦੇ ਘਰਾਂ ਦੇ ਬਾਹਰ, ਤੇ ਨਾਲੀਆਂ ਵਿੱਚ ਸੁੱਟ ਦਿੱਤਾ। ਇਹ ਘਟਨਾ ਸੀਸੀਟੀਵੀ ਵਿੱਚ ਵੀ ਕੈਦ ਹੋਈ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਘਨੌਰ ਦੇ ਐਸਐਚਓ ਜਗਜੀਤ ਸਿੰਘ ਆਪਣੀ ਪੁਲਿਸ ਪਾਰਟੀ ਨਾਲ ਮੌਕੇ 'ਤੇ ਪਹੁੰਚੇ ਤੇ ਗੁਰੂ ਘਰ ਦੇ ਦੋਖੀ ਨੂੰ ਕਾਬੂ ਕਰ ਲਿਆ ਹੈ।

ਪਿੰਡ ਵਾਸੀਆਂ ਨੇ ਘਟਨਾ ਬਾਰੇ ਦੱਸਿਆ ਕਿ ਪਿੰਡ ਸੰਜਰਪੁਰ ਦੇ ਵਿੱਚ ਦੋ-ਢਾਈ ਵਜੇ ਦੇ ਕਰੀਬ ਪਿੰਡ ਦੇ ਹੀ ਨਰਿੰਦਰ ਸਿੰਘ (42 ਸਾਲ) ਨੇ ਗੁਟਕਾ ਸਾਹਿਬ, ਬਿਰਧ ਗੁਟਕਾ ਸਾਹਿਬ ਤੇ ਹਿੰਦੂ ਮੱਤ ਦੀਆਂ ਧਾਰਮਿਕ ਪੁਸਤਕਾਂ ਦੇ ਅੰਗਾਂ ਦੀ ਬੇਅਦਬੀ ਕਰਕੇ ਉਨ੍ਹਾਂ ਨੂੰ ਪਿੰਡ ਦੇ ਸਰਪੰਚ ਜੋਧ ਸਿੰਘ, ਤੇਜਿੰਦਰ ਸਿੰਘ ਦੇ ਡੰਗਰਾਂ ਵਾਲੇ ਘਰ, ਅਜੈਬ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਬਾਹਰ ਨਾਲੀਆਂ ਦੇ ਵਿੱਚ ਸੁੱਟ ਦਿੱਤਾ।

ਉਨ੍ਹਾਂ ਕਿਹਾ ਕਿ ਜਦੋਂ ਸਵਾ ਤਿੰਨ ਵਜੇ ਦੇ ਕਰੀਬ ਸੇਵਾਦਾਰ ਗੁਰਦੁਆਰਾ ਸਾਹਿਬ ਜਾ ਰਹੇ ਸਨ ਤਾਂ ਉਨ੍ਹਾਂ ਰਾਹ ਵਿੱਚ ਗੁਟਕਾ ਸਾਹਿਬ ਦੇ ਅੰਗ ਵੇਖੇ। ਜਿਨ੍ਹਾਂ ਨੂੰ ਇਕੱਠੇ ਕਰਕੇ ਸਤਿਕਾਰ ਨਾਲ ਗੁਰਦੁਆਰਾ ਸਾਹਿਬ ਲਿਆਂਦਾ ਗਿਆ। ਫਿਰ ਸਵੇਰੇ ਸਿੱਖ ਸੰਗਤਾਂ ਨੇ ਇਕੱਠ ਕੀਤਾ।

ਇਸੇ ਦੌਰਾਨ ਪਿੰਡ ਵਾਸੀਆਂ ਮੁਲਜ਼ਮ ਨਰਿੰਦਰ ਸਿੰਘ ਨੂੰ ਲੱਭਣਾ ਸ਼ੁਰੂ ਕੀਤਾ ਜੋ ਦੱਸਿਆ ਜਾ ਰਿਹਾ ਹੈ ਕਿ ਅੱਗ ਦੀ ਧੂਣੀ ਬਾਲ ਕੇ ਸ਼ਮਸ਼ਾਨ ਘਾਟ ਬੈਠਾ ਹੋਇਆ ਸੀ। ਪਿੰਡ ਵਾਲਿਆਂ ਪੁਲਿਸ ਬੁਲਾਈ ਤੇ ਮੁਲਜ਼ਮ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਪੁਲਿਸ ਨੇ ਆਈਪੀਐਸ ਦੀ ਧਾਰਾ 295 ਤਹਿਤ ਮਾਮਲਾ ਦਰਜ ਕਰ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਦੱਸ ਦੇਈਏ ਬੀਤੇ ਇਸ ਤੋਂ ਪਹਿਲਾਂ ਮੁਕੇਰੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਸਟੈਂਡ ਲਿਆ ਹੈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੁਲਿਸ ਤੇ ਪ੍ਰਸ਼ਾਸਨ ਨੂੰ ਮੁਲਜ਼ਮਾਂ ਨੂੰ ਫੜਨ ਲਈ 2 ਦਿਨਾਂ ਦਾ ਅਲਟੀਮੇਟਮ ਦਿੱਤਾ ਸੀ ਪਰ ਪੁਲਿਸ ਹੁਣ ਤਕ ਦੋਸ਼ੀ ਨਹੀਂ ਫੜ ਸਕੀ।

ਉੱਧਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਹੁਸ਼ਿਆਰਪੁਰ ਦੇ ਪਿੰਡ ਪੋਤਾ ਚੀਮਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਦਾ ਨੋਟਿਸ ਲੈਂਦਿਆਂ ਸਮੂਹ ਗੁਰਦੁਆਰਾ ਪ੍ਰਬੰਧਕਾਂ, ਗ੍ਰੰਥੀ ਸਿੰਘਾਂ ਤੇ ਸੇਵਾਦਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਕਾਇਮ ਰੱਖਣ ਲਈ ਹਰੇਕ ਗੁਰਦੁਆਰਾ ਸਾਹਿਬ ਵਿੱਚ 24 ਘੰਟੇ ਪਹਿਰੇਦਾਰੀ ਦੇ ਪੁਖ਼ਤਾ ਪ੍ਰਬੰਧ ਕਰਨ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਤਾੜਨਾ ਕੀਤੀ ਹੈ ਕਿ ਭਵਿੱਖ ਵਿੱਚ ਬੇਅਦਬੀ ਵਰਗੀ ਮਾੜੀ ਘਟਨਾ ਲਈ ਗੁਰਦੁਆਰਾ ਪ੍ਰਬੰਧਕ ਤੇ ਗ੍ਰੰਥੀ ਸਿੰਘ ਵੀ ਜ਼ਿੰਮੇਵਾਰ ਹੋਣਗੇ ਤੇ ਸਿੱਖ ਰਵਾਇਤਾਂ ਅਨੁਸਾਰ ਸਖ਼ਤ ਧਾਰਮਿਕ ਸਜ਼ਾ ਦੇ ਹੱਕਦਾਰ ਹੋਣਗੇ।

## ਬੇਅਦਬੀ ਕਾਂਡ ਦੇ ਮੁੱਦੇ ਉਪਰ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਮੁਖ ਮੰਤਰੀ ਨੂੰ ਘੇਰਿਆ

### ✪ ਦੋਸ਼ੀਆਂ ਨੂੰ ਬਚਾਉਣ ਲਈ ਸਬੂਤ ਖਤਮ ਕੀਤੇ ਗਏ, ਮੁੱਖ ਦੋਸ਼ੀ ਗ੍ਰਿਫਤਾਰ ਨਹੀਂ ਕੀਤੇ

ਅੰਮ੍ਰਿਤਸਰ-ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਜੰਮ ਕੇ ਵਰ੍ਹਦਿਆਂ ਆਮ ਆਦਮੀ ਪਾਰਟੀ ਸਰਕਾਰੀ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦਾ ਸਾਰਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ ਹੈ। ਇਹ ਚਿੱਠਾ ਵੀ ਉਸ ਸਮੇਂ ਦੌਰਾਨ ਖੋਲ੍ਹਿਆ ਜਦੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਦਿੱਲੀ ਵਿਖੇ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨਾਲ ਮੀਟਿੰਗ ਕਰ ਰਹੇ ਸਨ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੇਅਦਬੀ ਦੇ ਮੁੱਦੇ 'ਤੇ ਇਨਸਾਫ਼ ਦੇਣ ਦੇ ਸਵਾਲ 'ਤੇ ਕਿਹਾ ਹੈ ਕਿ 'ਵਿਧਾਇਕ (ਕੁੰਵਰ ਵਿਜੇ ਪ੍ਰਤਾਪ ਸਿੰਘ) ਦੀ ਨਿੱਜੀ ਰਾਏ ਹੋ ਸਕਦੀ ਹੈ, ਇਸ 'ਤੇ ਆਪਣੀ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਦਿੱਤੇ ਗਏ ਬਿਆਨ ਕਿ "ਵਿਧਾਇਕ (ਕੁੰਵਰ ਵਿਜੇ ਪ੍ਰਤਾਪ ਸਿੰਘ) ਦੀ ਨਿੱਜੀ ਰਾਏ ਹੋ ਸਕਦੀ ਹੈ।' ਨੂੰ ਪੜ੍ਹ ਕਿ ਮੈਂ ਹੈਰਾਨ ਨਹੀਂ ਹੋਇਆ, ਪਰ ਸ਼ਰਮਿੰਦਾ ਜ਼ਰੂਰ ਹੋਇਆ ਹਾਂ। ਆਪਣੇ ਸ਼ੋਸ਼ਲ ਮੀਡੀਆ ਪੇਜ 'ਤੇ ਟਿੱਪਣੀ ਕਰਦੇ ਹੋਏ ਵਿਧਾਇਕ ਨੇ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਤੁਸੀਂ ਜ਼ਖ਼ਮਾਂ 'ਤੇ ਲੂਣ ਛਿੜਕ ਦਿੱਤਾ ਹੈ। ਮੁੱਖ ਮੰਤਰੀ ਦੀ ਉੱਚ-ਕੁਰਸੀ 'ਤੇ ਬੈਠ ਕੇ ਅਜਿਹਾ ਬਿਆਨ ਦੇਣਾ ਚੰਗਾ ਨਹੀਂ ਲਗਦਾ। ਅੱਜ ਲੋਕ ਮੈਨੂੰ ਪੁੱਛ ਰਹੇ ਹਨ ਕਿ ਕੀ ਲੋੜ ਸੀ ਰਾਜਨੀਤੀ ਦੀ ਦਲਦਲ ਵਿਚ ਆਉਣ ਦੀ? ਉਨ੍ਹਾਂ ਕਿਹਾ ਕਿ ਮੈਨੂੰ ਨਿੱਜੀ ਤੌਰ 'ਤੇ ਕੋਈ ਲੋਭ-ਲਾਲਚ ਨਹੀਂ ਹੈ; ਨਾ ਹੀ ਕਿਸੇ ਅਹੁਦੇ ਦੀ ਇੱਛਾ। ਹਾਂ; ਕੇਜਰੀਵਾਲ ਨੇ ਬਰਗਾੜੀ ਤੇ ਬੇਅਦਬੀ ਦੇ ਮੁੱਦੇ 'ਤੇ ਇਨਸਾਫ਼ ਯਕੀਨੀ ਬਣਾਉਣ ਦੀ ਗੱਲ ਕਰਕੇ ਮੈਨੂੰ ਰਾਜਨੀਤੀ ਵਿਚ ਲਿਆਂਦਾ ਸੀ; ਪਰ ਮੈਂ ਸਿਆਸਤ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਭਗਵੰਤ ਮਾਨ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਜੇ ਅੱਜ ਤੁਸੀਂ ਬੇਅਦਬੀ ਮਾਮਲੇ 'ਚ ਮੇਰੀ 'ਨਿੱਜੀ ਰਾਏ' ਕਹਿ ਰਹੇ ਹੋ ਤਾਂ ਮੇਰੀ 'ਨਿੱਜੀ ਰਾਏ' ਦਾ ਉਸ ਕੁਰਸੀ ਨਾਲ ਬਹੁਤ ਹੀ ਨੇੜਲਾ ਸੰਬੰਧ ਹੈ, ਜਿਸ 'ਤੇ ਤੁਸੀਂ ਬਿਰਾਜਮਾਨ ਹੋ। ਤੁਹਾਨੂੰ ਯਾਦ ਹੈ 2017 ਦੀਆਂ ਚੋਣਾਂ ਵਿਚ ਤੁਸੀਂ ਖੁਦ ਵੀ ਜਲਾਲਾਬਾਦ ਤੋਂ ਹਾਰ ਗਏ ਸੀ, ਪਰ ਤੁਹਾਡੇ ਨਾਲ 2022 ਵਿਚ, ਇਹ ਮੇਰੀ 'ਨਿੱਜੀ ਰਾਏ' ਸੀ, ਇਹ ਬੇਅਦਬੀ ਦਾ ਮੁੱਦਾ ਸੀ ਤੇ ਮੈਂ ਵੀ ਸੀ ਤੁਸੀਂ ਮੇਰੀ ਫੋਟੋ ਪੰਜਾਬ ਦੇ ਹਰ ਜ਼ਿਲ੍ਹੇ ਦੇ ਹਰ ਚੌਕ-ਚੌਰਾਹੇ 'ਤੇ ਲਗਾਈ ਸੀ। ਤੁਸੀਂ ਖੁਦ ਜਿੱਤੇ ਤੇ ਪੰਜਾਬ ਦੀ ਜਨਤਾ ਨੇ ਤੁਹਾਨੂੰ 92 ਵਿਧਾਇਕ ਦਿੱਤੇ। ਜਿੱਥੋਂ ਤੱਕ ਇਨਸਾਫ਼ ਦਾ ਸਵਾਲ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਲੋਂ ਜ਼ਰੂਰ ਕੀਤਾ ਜਾਵੇਗਾ। ਇਸ ਮੁੱਦੇ 'ਤੇ ਤੁਹਾਡੀ ਪ੍ਰਾਪਤੀ ਅਜਿਹੀ ਹੈ ਕਿ ਬਰਗਾੜੀ ਬੇਅਦਬੀ ਮਾਮਲੇ ਦੀ ਸੁਣਵਾਈ ਫਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਹੋ ਗਈ; ਮੁੱਖ ਦੋਸ਼ੀ ਨਹੀਂ ਫੜੇ ਗਏ; ਮੁੱਖ ਸਾਜ਼ਿਸ਼ਕਰਤਾ ਗ੍ਰਿਫਤਾਰ ਨਹੀਂ ਹੋਏ। ਹੁਣ ਫਰੀਦਕੋਟ ਦਾ ਕੋਈ ਵੀ ਗਵਾਹ ਚੰਡੀਗੜ੍ਹ ਨਹੀਂ ਜਾ ਸਕੇਗਾ; ਕਈ ਗਵਾਹ ਮੁੱਕਰ ਵੀ ਜਾਣਗੇ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਬਹਿਬਲ ਕਲਾਂ ਕਾਂਡ ਨੂੰ ਵੀ ਤੁਹਾਡੇ (ਭਗਵੰਤ ਮਾਨ ਦੇ) ਸਰਕਾਰੀ ਤੰਤਰ ਵਲੋਂ ਖਾਰਜ ਕੀਤਾ ਜਾ ਰਿਹਾ ਸੀ, ਇਸ ਲਈ ਮੈਨੂੰ ਕਾਲਾ ਕੋਟ ਪਾ ਕੇ ਪ੍ਰਾਈਵੇਟ ਵਕੀਲਾਂ ਨਾਲ ਲੜਨਾ ਪਿਆ। ਮੇਰੇ ਦੁਆਰਾ ਕੀਤੀ ਗਈ ਜਾਂਚ ਨੂੰ ਸਹੀ ਕਰਾਰ ਦਿੱਤਾ ਗਿਆ। 04.ਅਗਸਤ.2022 ਦਾ ਹਾਈ ਕੋਰਟ ਦਾ ਹੁਕਮ ਵੇਖੋ, ਪਰ ਤੁਹਾਡੀ ਚਹੇਤੀ ਸਿੱਟ ਨੇ ਫਰੀਦਕੋਟ ਵਿਚ ਹੀ ਇਸ ਕੇਸ ਨੂੰ ਖ਼ਤਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਦੇਖ ਹੀ ਚੁੱਕੇ ਹੋ; ਜਿੱਥੋਂ ਮੈਂ ਛੱਡਿਆ ਸੀ ਤਫ਼ਤੀਸ਼ ਨੂੰ; ਇਕ ਇੰਚ ਵੀ ਅੱਗੇ ਨਹੀਂ ਗਈ। ਸਗੋਂ ਗਵਾਹਾਂ ਨੂੰ ਜ਼ਰੂਰ ਮੁਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਤੁਹਾਡੇ ਸਰਕਾਰੀ ਤੰਤਰ ਨੇ ਮੋਰਚੇ ਵਾਲਿਆਂ ਨੂੰ ਮੇਰੇ ਖਿਲਾਫ ਕਾਨੂੰਨੀ ਦਾਅ-ਪੇਚ ਵਿਚ ਉਲਝਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕੋਟਕਪੂਰਾ ਕੇਸ ਵਿਚ ਕੈਪਟਨ ਸਾਹਿਬ ਦੀ ਅਗਵਾਈ ਵਾਲੀ ਤੁਹਾਡੀ ਪਿਆਰੀ ਸਿਟ ਨੇ ਅਜਿਹੀ ਜਾਂਚ ਕੀਤੀ ਕਿ ਮੁੱਖ ਦੋਸ਼ੀਆਂ ਨੂੰ ਪਹਿਲੀ ਤਰੀਕ 'ਤੇ ਹੀ ਜ਼ਮਾਨਤ ਮਿਲ ਗਈ। ਇਹ ਸਿਟ ਕੁਝ ਨਵਾਂ ਨਹੀਂ ਕਰ ਸਕੀ; ਪਰ ਵੱਡੇ ਦੋਸ਼ੀਆਂ ਨੂੰ ਬਚਾਉਣ ਲਈ ਸਬੂਤਾਂ ਨੂੰ ਕਮਜ਼ੋਰ ਕਰ ਦਿੱਤਾ ਗਿਆ। ਤੁਸੀਂ ਪੰਜਾਬ ਨੂੰ ਇਨਸਾਫ਼ ਤੋਂ ਦੂਰ ਕਰ ਦਿੱਤਾ ਦੋਸ਼ੀਆਂ ਦੇ ਮਾਹਿਰ ਵਕੀਲ ਸਰਕਾਰੀ ਵਕੀਲ ਬਣ ਕੇ ਮੈਨੂੰ ਤੇ ਮੇਰੇ ਨਿੱਜੀ ਵਕੀਲਾਂ ਨੂੰ ਮਾਤ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਇੱਥੋਂ ਤੱਕ ਕਿ ਦੋਸ਼ੀਆਂ ਦੇ ਪਰਿਵਾਰਕ ਮੈਂਬਰ ਵੀ ਸਰਕਾਰੀ ਵਕੀਲ ਵਜੋਂ ਉਨ੍ਹਾਂ ਦੀ ਪੈਰਵਾਈ ਕਰ ਰਹੇ ਹਨ।

# ਤਰਕਸ਼ੀਲ ਆਗੂ ਨੇ ਕਿਹਾ ਕਿ ਅੰਧ ਵਿਸ਼ਵਾਸ ਰੋਕਣ ਲਈ ਕਾਨੂੰਨ ਬਣਾਓ

### ✪ ਕਿਹਾ-ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ ਅਖੌਤੀ ਬਾਬੇ

ਚੰਡੀਗੜ੍ਹ-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਮਹਾਰਾਸ਼ਟਰ, ਛੱਤੀਸਗੜ੍ਹ ਅਤੇ ਕਰਨਾਟਕ ਰਾਜ ਦੀ ਤਰਜ਼ 'ਤੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਪੁੱਛਾਂ ਦੇਣ ਵਾਲੇ ਅਖੌਤੀ ਸਿਆਣਿਆਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ 'ਤੇ ਰੋਕ ਲਾਉਣ ਲਈ ਪੰਜਾਬ ਵਿਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ।

ਤਰਕਸ਼ੀਲ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਬਲਬੀਰ ਲੌਂਗੋਵਾਲ, ਜਸਵਿੰਦਰ ਫਗਵਾੜਾ, ਸੁਮੀਤ ਅੰਮ੍ਰਿਤਸਰ ਅਤੇ ਰਾਮ ਸਵਰਨ ਲੱਖੇਵਾਲੀ ਨੇ ਕਿਹਾ ਕਿ ਲੋਕਾਂ ਵਿਚ ਅੰਧ ਵਿਸ਼ਵਾਸ ਫੈਲਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ ਵਾਲੇ ਪਾਖੰਡੀਆਂ ਖ਼ਿਲਾਫ਼ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਫੌਰੀ ਲੋੜ ਹੈ ਕਿਉਂਕਿ ਪੰਜਾਬ ਵਿਚ ਜਗ੍ਹਾ-ਜਗ੍ਹਾ ਦੁਕਾਨਾਂ ਖੋਲ੍ਹ ਕੇ ਬੈਠੇ ਪਾਖੰਡੀ ਬਾਬੇ, ਤਾਂਤਰਿਕ, ਸਾਧ, ਜੋਤਸ਼ੀ ਅਤੇ ਚੌਕੀਆਂ ਲਗਾ ਕੇ ਪੁੱਛਾਂ ਦੇਣ ਵਾਲੇ ਅਖੌਤੀ ਸਿਆਣੇ ਲੋਕਾਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ, ਦੁੱਖਾਂ, ਬਿਮਾਰੀਆਂ, ਖ਼ਾਹਿਸ਼ਾਂ ਦਾ ਆਪਣੀ ਅਖੌਤੀ ਦੈਵੀ ਸ਼ਕਤੀ ਨਾਲ ਨਿਵਾਰਨ ਕਰਨ ਦੇ ਬਹਾਨੇ ਉਨ੍ਹਾਂ ਨੂੰ ਭੂਤਾਂ-ਪ੍ਰੇਤਾਂ, ਬੁਰੀਆਂ ਆਤਮਾਵਾਂ, ਜਾਦੂ ਟੂਣਿਆਂ, ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਸ਼ੀਕਰਨ, ਕੀਤੇ-ਕਰਾਏ, ਵਾਸਤੂ ਸ਼ਾਸਤਰ, ਜੰਤਰ-ਮੰਤਰ, ਕਾਲੇ ਇਲਮ ਦੇ ਅੰਧ ਵਿਸ਼ਵਾਸਾਂ ਵਿਚ ਫਸਾ ਕੇ ਉਨ੍ਹਾਂ ਦੀ ਸ਼ਰੇਆਮ ਲੁੱਟ ਕਰ ਰਹੇ ਹਨ।

ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਇਨ੍ਹਾਂ ਪਾਖੰਡੀ ਤਾਂਤਰਿਕਾਂ ਅਤੇ ਬਾਬਿਆਂ ਦੀ ਝੂਠੀ ਤੇ ਗ਼ੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954 ਅਤੇ ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994 ਸਮੇਤ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਵੀ ਸਖ਼ਤ ਉਲੰਘਣਾ ਹੈ ਪਰ ਕੇਂਦਰੀ ਸੂਚਨਾ ਮੰਤਰਾਲੇ, ਪੰਜਾਬ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਤਰਕਸ਼ੀਲ ਸੁਸਾਇਟੀ ਨੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀਆਂ ਅਤੇ ਸਾਰੇ ਵਿਧਾਇਕਾਂ ਸਮੇਤ ਸਮੂਹ ਸਿਆਸੀ ਪਾਰਟੀਆਂ ਤੋਂ ਮੰਗ ਕੀਤੀ ਹੈ ਕਿ ਅੰਧ ਵਿਸ਼ਵਾਸ ਫੈਲਾਉਣ ਅਤੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਅਜਿਹੇ ਪਾਖੰਡੀਆਂ ਦੀਆਂ ਲੁੱਟ-ਖਸੁੱਟ ਦੀਆਂ ਕਾਰਵਾਈਆਂ 'ਤੇ ਸਖ਼ਤ ਪਾਬੰਦੀ ਲਾਉਣ ਲਈ ਪੰਜਾਬ ਵਿਚ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕੀਤਾ ਜਾਵੇ।

# ਸੁਖਬੀਰ ਬਾਦਲ ਦੀ ਭਾਜਪਾ ਨੂੰ ਚੇਤਾਵਨੀ

## ✪ ਘੱਟ ਗਿਣਤੀਆਂ ਨੂੰ ਨਿਸ਼ਾਨਾ ਨਾ ਬਣਾਓ



ਜਲੰਧਰ-ਗੱਠਜੋੜ ਸਿਰੇ ਨਾ ਚੜ੍ਹਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬੀਜੇਪੀ ਉੱਤੇ ਤਿੱਖੇ ਹਮਲੇ ਕਰਨ ਲੱਗੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬੀਜੇਪੀ ਦੀ ਇੱਕ ਭਾਈਚਾਰੇ ਨੂੰ ਦੂਜੇ ਭਾਈਚਾਰੇ ਨਾਲ ਲੜਾਉਣ ਦੀ ਨੀਤੀ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਘੱਟ ਗਿਣਤੀਆਂ ਦੇ ਵਿਰੁੱਧ ਬਿਆਨ ਨਹੀਂ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਇਕ ਭਾਈਚਾਰੇ ਨੂੰ ਦੂਜੇ ਨਾਲ ਭਾਈਚਾਰੇ ਨਾਲ ਲੜਾਉਣ ਦੀ ਨੀਤੀ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਦਿੱਲੀ ਵਾਲੀਆਂ ਪਾਰਟੀਆਂ ਵੱਲੋਂ ਇਕ ਭਾਈਚਾਰੇ ਨੂੰ ਦੂਜੇ ਨਾਲ ਲੜਾਉਣ ਦੀ ਨੀਤੀ ਦੇ ਉਲਟ ਅਕਾਲੀ ਦਲ ਪੰਜਾਬ ਵਿਚ ਅਜਿਹਾ ਕਦੇ ਨਹੀਂ ਹੋਣ ਦੇਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਅਕਾਲੀ ਦਲ ਤੋਂ ਸਿੱਖਣਾ ਚਾਹੀਦਾ ਹੈ। ਜਦੋਂ ਵੀ ਉਨ੍ਹਾਂ ਦੀ ਸਰਕਾਰ ਹੁੰਦੀ ਹੈ ਤਾਂ ਉਨ੍ਹਾਂ ਇਕੋ ਏਜੰਡਾ, ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਣਾ ਹੁੰਦਾ ਹੈ।

## ਹਰਿਆਣਾ ਵਿਚ ਲੋਕ ਸਭਾ ਚੋਣਾਂ ਦੌਰਾਨ ਇਨੈਲੋ ਦੀ ਹਮਾਇਤ ਕਰੇਗਾ ਬਾਦਲ ਦਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੀ ਹਮਾਇਤ ਕਰੇਗਾ।ਇਸ ਬਾਰੇ ਫੈਸਲਾ ਪਾਰਟੀ ਦ ਹਰਿਆਣਾ ਯੂਨਿਟ ਦੀ ਹੋਈ ਮੀਟਿੰਗ ਵਿਚ ਲਿਆ ਗਿਆ ਜਿਸਦੀ ਪ੍ਰਧਾਨਗੀ ਪਾਰਟੀ ਦੇ ਸੀਨੀਅਰ ਆਗੂ ਤੇ ਹਰਿਆਣਾ ਇਕਾਈ ਦੇ ਇੰਚਾਰਜ ਬਲਵਿੰਦਰ ਸਿੰਘ ਭੂੰਦੜ ਨੇ ਕੀਤੀ। ਅਕਾਲੀ ਦਲ ਦੇ ਹਰਿਆਣਾ ਇਕਾਈ ਦੇ ਪ੍ਰਧਾਨ ਸਰਦਾਰ ਸ਼ਰਨਜੀਤ ਸਿੰਘ ਸੋਥਾ ਵੀ ਇਸ ਮੌਕੇ ਹਾਜ਼ਰ ਸਨ। ਇਨੈਲੋ ਦੇ ਜਨਰਲ ਸਕੱਤਰ ਸ੍ਰੀ ਅਭੈ ਚੌਟਾਲਾ ਵੀ ਅਕਾਲੀ ਦਲ ਦੇ ਮੁੱਖ ਦਫ਼ਤਰ ਵਿਚ ਹੋਈ ਮੀਟਿੰਗ ਵਿਚ ਸ਼ਾਮਲ ਹੋਏ ਤੇ ਉਹਨਾਂ ਨੇ ਹਰਿਆਣਾ ਇਕਾਈ ਵੱਲੋਂ ਦਿਲੋਂ ਇਨੈਲੋ ਦੀ ਹਮਾਇਤ ਕਰਨ ਦੇ ਫੈਸਲੇ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਨੈਲੋ ਅਤੇ ਅਕਾਲੀ ਦਲ ਰਵਾਇਤੀ ਗਠਜੋੜ ਦੇ ਭਾਈਵਾਲ ਹਨ ਅਤੇ ਇਹਨਾਂ ਦੀ ਏਕਤਾ ਸਦਕਾ ਆਉਂਦੀਆਂ ਚੋਣਾਂ ਵਿਚ ਇਨੈਲੋ ਜੇਤੂ ਹੋ ਕੇ ਨਿਤਰੇਗੀ। ਉਹਨਾਂ ਇਹ ਵੀ ਦੱਸਿਆ ਕਿ ਕਿਵੇਂ ਖੇਤਰੀ ਪਾਰਟੀਆਂ ਨੂੰ ਹਾਸ਼ੀਏ 'ਤੇ ਲਿਆ ਕੇ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਸਿਰਫ ਖੇਤਰੀ ਪਾਰਟੀਆਂ ਹੀ ਖਿੱਤੇ ਦੇ ਲੋਕਾਂ ਦੀਆਂ ਆਸਾਂ ਪੂਰੀਆਂ ਕਰ ਸਕਦੀਆਂ ਹਨ ਅਤੇ ਉਹਨਾਂ ਨੂੰ ਵਿਸ਼ਵਾਸ ਹੈ ਕਿ ਇਨੈਲੋ ਅਤੇ ਅਕਾਲੀ ਦਲ ਦੇ ਹੱਥ ਮਿਲਾਉਣ ਨਾਲ ਹਰਿਆਣਾ ਦੇ ਲੋਕਾਂ ਦੀਆਂ ਆਸਾਂ ਪੂਰੀਆਂ ਹੋ ਸਕਣਗੀਆਂ।

## ਕਾਂਗਰਸੀ ਉਮੀਦਵਾਰ ਖਹਿਰਾ ਵਲੋਂ ਪੰਜਾਬ ਦੇ ਮੰਤਰੀ ਮੀਤ ਹੇਅਰ ਖਿਲਾਫ ਗੰਭੀਰ ਦੋਸ਼

### ✪ ਕਿਹਾ-ਮੂਸੇਵਾਲਾ ਕਤਲ ਕਾਂਡ ਦਾ ਦੋਸ਼ੀ 'ਆਪ' ਦੇ ਪ੍ਰਚਾਰ ਵਿਚ ਵੀ ਸ਼ਾਮਲ



ਸੁਨਾਮ-ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਫੋਟੋਆਂ ਅਤੇ ਵੀਡੀਓ ਕਲਿਪਿੰਗ ਜਨਤਕ ਕਰਦਿਆਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ 'ਤੇ ਗੰਭੀਰ ਇਲਜ਼ਾਮ ਲਗਾਏ ਹਨ। ਖਹਿਰਾ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਦਰਜ਼ ਕੀਤੀ ਐਫਆਈਆਰ ਵਿੱਚ ਸ਼ਾਮਲ ਇੱਕ ਮੁਲਜ਼ਮ ਮੀਤ ਹੇਅਰ ਦੇ ਵਿਆਹ ਵਿੱਚ ਸ਼ਾਮਲ ਹੋਇਆ ਸੀ ਅਤੇ ਹੁਣ ਚੋਣ ਪ੍ਰਚਾਰ ਵਿੱਚ ਵੀ ਨਜ਼ਰ ਆ ਰਿਹਾ ਹੈ।

ਉਨ੍ਹਾਂ ਨੇ ਇਸ ਮਾਮਲੇ ਵਿਚ ਮੀਤ ਹੇਅਰ ਤੋਂ ਜਵਾਬ ਮੰਗਿਆ ਹੈ।ਖਹਿਰਾ ਨੇ ਕਿਹਾ ਕਿ ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਨਾਲ ਪੰਜਾਬ ਹੀ ਨਹੀਂ ਬਲਕਿ ਪੂਰੀ ਦੁਨੀਆ ਸਦਮੇ 'ਚ ਹੈ, ਪਰੰਤੂ ਪੰਜਾਬ ਸਰਕਾਰ ਵੱਲੋਂ ਉਸ ਦੇ ਕਾਤਲਾਂ ਨੂੰ ਦਿੱਤੀ ਗਈ ਸੁਰੱਖਿਆ ਕੁੱਝ ਹੋਰ ਹੀ ਬਿਆਨ ਕਰਦੀ ਹੈ। ਖਹਿਰਾ ਨੇ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਅੰਦਰ ਨਸ਼ਾਖੋਰੀ ਅਤੇ ਵੀਆਈਪੀ ਕਲਚਰ ਨੂੰ ਖਤਮ ਕਰਨ ਦਾ ਵਾਅਦਾ ਕੀਤਾ ਸੀ ਲੇਕਿਨ ਅੱਜ ਸੱਚਾਈ ਸਭ ਦੇ ਸਾਹਮਣੇ ਹੈ। ਨਸ਼ਾ ਅਤੇ ਸ਼ਰਾਬ ਮਾਫੀਆ ਪੂਰੇ ਪੰਜਾਬ ਵਿੱਚ ਫੈਲਿਆ ਹੋਇਆ ਹੈ। ਹਾਲ ਹੀ ਵਿੱਚ ਸੰਗਰੂਰ ਵਿੱਚ 21 ਲੋਕ ਜ਼ਹਿਰੀਲੀ ਸ਼ਰਾਬ ਦਾ ਸ਼ਿਕਾਰ ਹੋ ਗਏ ਹਨ। ਉਥੇ ਹੀ ਮੀਤ ਹੇਅਰ ਕੈਮਰੇ ਦੇ ਸਾਹਮਣੇ ਕਹਿ ਰਹੇ ਹਨ ਕਿ ਜਦੋਂ ਮੰਗ ਹੁੰਦੀ ਹੈ ਤਾਂ ਕਿਤੇ ਨਾ ਕਿਤੇ ਪੂਰੀ ਹੋ ਜਾਂਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਬਦਲੇ ਦੀ ਰਾਜਨੀਤੀ ਤਹਿਤ ਕੰਮ ਕਰ ਰਹੇ ਹਨ। ਦਰਜਨਾਂ ਕਾਂਗਰਸੀ ਆਗੂਆਂ 'ਤੇ ਝੂਠੇ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਉਨ੍ਹਾਂ ਨੂੰ ਜਵਾਬ ਦੇਣ ਦਾ ਸਮਾਂ ਆ ਗਿਆ ਹੈ।

### ਮਾਮਲਾ ਇਟਲੀ ਵਿਚ ਅੰਮ੍ਰਿਤਧਾਰੀ ਸਿੱਖ 'ਤੇ ਕਿਰਪਾਨ ਰੋਕ ਦਾ

# ਪਰਚਾ ਦਰਜ ਕਰਨਾ ਸਿੱਖਾਂ ਦੀ ਧਾਰਮਿਕ ਅਜ਼ਾਦੀ ਦੇ ਵਿਰੁੱਧ : ਜਥੇਦਾਰ ਅਕਾਲ ਤਖਤ, ਐਡਵੋਕੇਟ ਧਾਮੀ

ਅੰਮ੍ਰਿਤਸਰ-ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡੋਵੇਕਟ ਹਰਜਿੰਦਰ ਸਿੰਘ ਧਾਮੀ ਨੇ ਇਟਲੀ ਦੇ ਮਿਲਾਨ ਸ਼ਹਿਰ ਵਿਖੇ ਇੱਕ ਅੰਮ੍ਰਿਤਧਾਰੀ ਸਿੱਖ ਗੁਰਬਚਨ ਸਿੰਘ ਵਿਰੁੱਧ ਕਿਰਪਾਨ ਪਹਿਨਣ ਕਰਕੇ ਦਰਜ ਕੀਤੇ ਪਰਚੇ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਾਂ ਨੂੰ ਉਨ੍ਹਾਂ ਦੇ ਦੇਸ਼ ਭਾਰਤ ਦਾ ਸੰਵਿਧਾਨ ਵੀ ਕਿਰਪਾਨ ਪਹਿਨਣ ਦੀ ਅਜ਼ਾਦੀ ਦਿੰਦਾ ਹੈ, ਇਸ ਕਰਕੇ ਇਟਲੀ ਦੀ ਸਰਕਾਰ ਨੂੰ ਵੀ ਸਿੱਖ ਸਰੋਕਾਰਾਂ ਨੂੰ ਸਮਝਦੇ ਹੋਏ, ਸਿੱਖਾਂ ਨੂੰ ਆਪਣੇ ਦੇਸ਼ ਅੰਦਰ ਕਿਰਪਾਨ ਪਹਿਨਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ।





ਅਮਰੀਕਾ, ਕੈਨੇਡਾ ਤੇ ਬਰਤਾਨੀਆ ਵਰਗੇ ਵਿਕਸਿਤ ਦੇਸ਼ਾਂ ਵਿੱਚ ਵੀ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਖੁੱਲ੍ਹ ਹੈ। ਜਥੇਦਾਰ ਤੇ ਐਡਵੋਕੇਟ ਧਾਮੀ ਨੇ ਇਟਲੀ ਦੀ ਸਿੱਖ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਬਚਨ ਸਿੰਘ ਦੇ ਵਿਰੁੱਧ ਦਰਜ ਕੀਤੇ ਗਏ ਕੇਸ ਦਾ ਡਟ ਕੇ ਵਿਰੋਧ ਕਰਨ ਅਤੇ ਇਸ ਦੀ ਸਮੁੱਚੀ ਜਾਣਕਾਰੀ ਸ਼੍ਰੋਮਣੀ ਕਮੇਟੀ ਪਾਸ ਵੀ ਪੁੱਜਦੀ ਕਰਨ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਨੂੰ ਰੱਦ ਕਰਵਾਉਣ ਲਈ ਭਾਰਤ ਅੰਦਰ ਇਟਲੀ ਦੇ ਅੰਬੈਸਡਰ ਅਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਵੀ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕਰਨ ਦੇ ਨਾਲ-ਨਾਲ ਸਿੱਖਾਂ ਦੇ ਅਧਿਕਾਰਾਂ ਅਤੇ ਕਿਰਪਾਨ ਦੀ ਮਹੱਤਤਾ ਬਾਰੇ ਜਾਣਕਾਰੀ ਭੇਜੀ ਜਾਵੇਗੀ।

ਉਨ੍ਹਾਂ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੂੰ ਵੀ ਅਪੀਲ ਕੀਤੀ ਕਿ ਗੁਰਬਚਨ ਸਿੰਘ ਦੇ ਮਾਮਲੇ ਵਿੱਚ ਇਟਲੀ ਦੀ ਸਰਕਾਰ ਨਾਲ ਗੱਲਬਾਤ ਕਰਕੇ ਉਨ੍ਹਾਂ ਵਿਰੁੱਧ ਦਰਜ ਕੀਤਾ ਗਿਆ ਪਰਚਾ ਰੱਦ ਕਰਵਾਉਣ।

# ਕੈਨੇਡਾ ਨੇ ਟਰੈਵਲ ਐਡਵਾਈਜ਼ਰੀ ਕੀਤੀ ਅਪਡੇਟ

## ✪ ਕਿਹਾ ਕਿ ਭਾਰਤ ਵਿਚ ਲੋਕ ਸਭਾ ਚੋਣਾਂ ਦੌਰਾਨ ਸਾਵਧਾਨ ਰਹਿਣ ਕੈਨੇਡੀਅਨ ✪ ਅੱਤਵਾਦ ਦੇ ਖਤਰੇ ਦੇ ਕਾਰਨ ਅਸਾਮ, ਮਣੀਪੁਰ ਅਤੇ ਜੰਮੂ-ਕਸ਼ਮੀਰ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚੋ



ਟੋਰਾਂਟੋ-ਕੈਨੇਡਾ ਨੇ ਭਾਰਤ ਲਈ ਆਪਣੀ ਟਰੈਵਲ ਐਡਵਾਈਜ਼ਰੀ ਨੂੰ ਅਪਡੇਟ ਕੀਤਾ ਹੈ, ਜਿਸ ਵਿੱਚ ਦੇਸ਼ ਵਿੱਚ ਲੋਕ ਸਭਾ ਚੋਣਾਂ ਨਾਲ ਸਬੰਧਤ ਪ੍ਰਦਰਸ਼ਨਾਂ ਦੀ ਸੰਭਾਵਨਾ ਦੇ ਕਾਰਨ ਆਪਣੇ ਨਾਗਰਿਕਾਂ ਨੂੰ ਚੌਕਸ ਰਹਿਣ ਦੀ ਚੇਤਾਵਨੀ ਦਿੱਤੀ ਗਈ ਹੈ। ਇਹ ਟਰੈਵਲ ਐਡਵਾਈਜ਼ਰੀ ਬੁੱਧਵਾਰ ਨੂੰ ਅਪਡੇਟ ਕੀਤੀ ਗਈ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ 19 ਅਪ੍ਰੈਲ ਤੋਂ 1 ਜੂਨ ਤੱਕ ਲੋਕ ਸਭਾ ਚੋਣਾਂ ਹੋ ਰਹੀਆਂ ਹਨ, ਜਿਨ੍ਹਾਂ ਦੇ ਮੱਦੇਨਜ਼ਰ ਵੱਡੇ ਪੱਧਰ 'ਤੇ ਰੋਸ ਵਿਖਾਵੇ ਹੋ ਸਕਦੇ ਹਨ, ਇਸ ਲਈ ਕੈਨੇਡੀਅਨਾਂ ਨੂੰ ਉੱਚ ਪੱਧਰੀ ਸਾਵਧਾਨੀ ਵਰਤਣੀ ਚਾਹੀਦੀ ਹੈ।

ਯਾਤਰਾ ਸੁਝਾਅ ਵਿਚ ਚਿਤਾਵਨੀ ਦਿਤੀ ਗਈ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਟ੍ਰੈਫਿਕ ਪ੍ਰਭਾਵਤ ਹੋ ਸਕਦਾ ਹੈ ਅਤੇ ਸਰਕਾਰੀ ਟ੍ਰਾਂਸਪੋਰਟ ਸੇਵਾ ਠੱਪ ਹੋ ਸਕਦੀ ਹੈ। ਇਥੋਂ ਤੱਕ ਕਿ ਬਗੈਰ ਕਿਸੇ ਨੋਟਿਸ ਤੋਂ ਕਰਫਿਊ ਵੀ ਲਾਇਆ ਜਾ ਸਕਦਾ ਹੈ।

ਕੈਨੇਡੀਅਨ ਨਾਗਰਿਕਾਂ ਨੂੰ ਵੱਡੇ ਇਕੱਠ ਜਾਂ ਰੋਸ ਵਿਖਾਵਿਆਂ ਵਾਲੇ ਪਾਸੇ ਜਾਣ ਤੋਂ ਵਰਜਿਆ ਗਿਆ ਹੈ। ਐਡਵਾਈਜ਼ਰੀ ਵਿੱਚ ਬੈਂਗਲੁਰੂ, ਚੰਡੀਗੜ੍ਹ ਅਤੇ ਮੁੰਬਈ ਵਰਗੇ ਸ਼ਹਿਰਾਂ ਨੂੰ ਦੀ ਯਾਤਰਾ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਕਿਹਾ ਗਿਆ ਹੈ ਕਿ ਵਿਅਕਤੀਗਤ ਤੌਰ 'ਤੇ ਕੌਂਸਲਰ ਸੇਵਾਵਾਂ ਇਨ੍ਹਾਂ ਸ਼ਹਿਰਾਂ ਜਾਂ ਆਸ ਪਾਸ ਦੇ ਖੇਤਰਾਂ ਵਿੱਚ ਅਸਥਾਈ ਤੌਰ 'ਤੇ ਉਪਲਬਧ ਨਹੀਂ ਹਨ। ਜੇਕਰ ਤੁਹਾਨੂੰ ਕੌਂਸਲਰ ਸੇਵਾਵਾਂ ਦੀ ਲੋੜ ਹੈ, ਤਾਂ ਨਵੀਂ ਦਿੱਲੀ ਵਿੱਚ ਸਥਿਤ ਭਾਰਤ ਵਿੱਚ ਕੈਨੇਡਾ ਦੇ ਹਾਈ ਕਮਿਸ਼ਨ ਨਾਲ ਸੰਪਰਕ ਕਰੋ। ਕਿਸੇ ਵੀ ਸਮੇਂ, ਤੁਸੀਂ ਓਟਾਵਾ ਵਿੱਚ ਐਮਰਜੈਂਸੀ ਵਾਚ ਐਂਡ ਰਿਸਪਾਂਸ ਸੈਂਟਰ ਨਾਲ ਵੀ ਸੰਪਰਕ ਕਰ ਸਕਦੇ ਹੋ।

ਇਸ ਤੋਂ ਇਲਾਵਾ ਕੈਨੇਡੀਅਨਾਂ ਨੂੰ ਅੱਤਵਾਦ ਦੇ ਖਤਰੇ ਦੇ ਕਾਰਨ ਅਸਾਮ, ਮਣੀਪੁਰ ਅਤੇ ਜੰਮੂ-ਕਸ਼ਮੀਰ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਵੀ ਸਲਾਹ ਦਿੱਤੀ ਗਈ ਹੈ।

ਮਾਮਲਾ ਮੋਦੀ ਵਲੋਂ ਮੁਸਲਮਾਨ ਭਾਈਚਾਰੇ ਖਿਲਾਫ ਕਥਿਤ ਟਿਪਣੀਆਂ ਦਾ


# ਚੋਣ ਕਮਿਸ਼ਨ ਕੋਲ ਪਹੁੰਚ ਕੇ ਕਾਂਗਰਸ ਨੇ ਕਾਰਵਾਈ ਦੀ ਕੀਤੀ ਮੰਗ

ਖਾਸ ਖਬਰ ○ ਖੜਗੇ ਨੇ ਚੋਣ ਮਨੋਰਥ ਪੱਤਰ ਬਾਰੇ ਸਮਝਾਉਣ ਲਈ ਮੋਦੀ ਨੂੰ ਮਿਲਣ ਦੀ ਇਛਾ ਪ੍ਰਗਟਾਈ ○ ਪਹਿਲੇ ਪੜਾਅ ਵਿਚ ਘੱਟ ਵੋਟਾਂ ਪੈਣ ਤੋਂ ਭਾਜਪਾ ਘਬਰਾਈ

ਬੀਤੇ ਦਿਨੀਂ ਪ੍ਰਧਾਨ ਮੰਤਰੀ ਮੋਦੀ ਨੇ ਰਾਜਸਥਾਨ ਵਿਚ ਇਕ ਚੋਣ ਰੈਲੀ ਦੌਰਾਨ ਆਪਣੇ ਭਾਸ਼ਣ ਵਿੱਚ ਕਾਂਗਰਸ ਦੇ ਮੈਨੀਫੈਸਟੋ ਨੂੰ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਕਾਂਗਰਸ ਪਾਰਟੀ ਦੇਸ਼ ਦੀਆਂ ਔਰਤਾਂ ਦੇ ਸੋਨੇ ਦਾ ਹਿਸਾਬ ਕਰਕੇ ਉਸ ਨੂੰ ਵੰਡਣਾ ਚਾਹੁੰਦੀ ਹੈ। ਉਨ੍ਹਾਂ ਅੱਗੇ ਕਿਹਾ ਸੀ ਕਿ ਇਹ ਕਾਂਗਰਸ ਦਾ ਮੈਨੀਫੈਸਟੋ ਕਹਿ ਰਿਹਾ ਹੈ ਕਿ ਉਹ ਮਾਵਾਂ ਭੈਣਾਂ ਦੇ ਸੋਨੇ ਦਾ ਹਿਸਾਬ ਕਰਨਗੇ, ਉਸ ਦੀ ਜਾਣਕਾਰੀ ਲੈਣਗੇ ਅਤੇ ਫਿਰ ਵੰਡ ਦੇਣਗੇ ਅਤੇ ਉਨ੍ਹਾਂ ਨੂੰ ਵੰਡਣਗੇ ਜਿਨ੍ਹਾਂ ਨੂੰ ਮਨਮੋਹਨ ਸਿੰਘ ਦੀ ਸਰਕਾਰ ਨੇ ਕਿਹਾ ਸੀ ਕਿ ਜਾਇਦਾਦ ਉੱਤੇ ਪਹਿਲਾ ਹੱਕ ਮੁਸਲਮਾਨਾਂ ਦਾ ਹੈ। ਭਰਾਓ ਅਤੇ ਭੈਣੋਂ ਇਹ ਅਰਬਨ ਨਕਸਲ ਦੀ ਸੋਚ, ਮੇਰੀ ਮਾਂ-ਭੈਣੋਂ ਇਹ ਤੁਹਾਡਾ ਮੰਗਲਸੂਤਰ ਵੀ ਬਚਣ ਨਹੀਂ ਦੇਣਗੇ, ਇਹ ਇੱਥੇ ਤੱਕ ਜਾਣਗੇ।" ਕਾਂਗਰਸ ਨੇ ਇਸ ਨੂੰ ਮੁਸਲਮਾਨ ਭਾਈਚਾਰੇ ਨਾਲ ਜੋੜਕੇ ਦੇਖਿਆ ਹੈ ਤੇ ਮੋਦੀ ਦੇ ਭਾਸ਼ਣ ਨੂੰ ਮੁਸਲਮਾਨਾਂ ਵਿਰੁੱਧ ਦਸਿਆ ਹੈ। ਮੋਦੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ 2006 ਵਿੱਚ ਰਾਸ਼ਟਰੀ ਵਿਕਾਸ ਪਰਿਸ਼ਦ(ਐੱਨਡੀਸੀ) ਦੀ ਬੈਠਕ ਵਿੱਚ ਦਿਤੇ ਭਾਸ਼ਣ ਦਾ ਹਵਾਲਾ ਦੇ ਰਹੇ ਸਨ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਦੇਸ਼ ਦੇ ਸਰੋਤਾਂ 'ਤੇ ਘੱਟ ਗਿਣਤੀ ਭਾਈਚਾਰੇ ਦਾ ਪਹਿਲਾ ਅਧਿਕਾਰ ਹੈ। ਡਾਕਟਰ ਮਨਮੋਹਨ ਸਿੰਘ ਨੇ ਕਿਹਾ ਸੀ ਕਿ "ਅਨੁਸੂਚਿਤ ਜਾਤਾਂ ਅਤੇ ਜਨਜਾਤੀਆਂ ਨੂੰ ਮਜ਼ਬੂਤ ਬਣਾਉਣ ਦੀ ਲੋੜ ਹੈ ਸਾਨੂੰ ਕਈ ਨਵੀਆਂ ਯੋਜਨਾਵਾਂ ਲਿਆ ਕੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਘੱਟਗਿਣਤੀਆਂ ਦਾ ਅਤੇ ਖ਼ਾਸ ਕਰਕੇ ਮੁਸਲਮਾਨਾਂ ਨੂੰ ਵੀ ਉੱਪਰ ਚੁੱਕਿਆ ਜਾ ਸਕੇ। ਉਨ੍ਹਾਂ ਨੂੰ ਵੀ ਵਿਕਾਸ ਦਾ ਫਾਇਦਾ ਮਿਲ ਸਕੇ, ਇਨ੍ਹਾਂ ਸਾਰਿਆਂ ਦਾ ਸਰੋਤਾਂ ਉੱਤੇ ਪਹਿਲਾ ਦਾਅਵਾ ਹੋਣਾ ਚਾਹੀਦਾ ਹੈ, ਕੇਂਦਰ ਦੇ ਕੋਲ ਬਹੁਤ ਜ਼ਿੰਮੇਵਾਰੀਆਂ ਹਨ ਅਤੇ ਸਾਰੇ ਸਰੋਤਾਂ ਦੀ ਉਪਲਬਧਤਾ ਵਿੱਚ ਸਾਰਿਆਂ ਦੀਆਂ ਲੋੜਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ।" ਉਨ੍ਹਾਂ ਦਾ ਇਹ ਭਾਸ਼ਣ ਅੰਗਰੇਜ਼ੀ ਵਿਚ ਪੀਐੱਮਓ ਆਰਕਾਈਵ ਉੱਤੇ ਇੱਥੇ ਦੇਖਿਆ ਜਾ ਸਕਦਾ ਹੈ।

### ਕਾਂਗਰਸ ਵਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ

ਕਾਂਗਰਸ ਨੇ ਬੀਤੇ ਦਿਨੀਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁਧ 'ਵੰਡਪਾਊ ਅਤੇ ਬਦਨਾਮ' ਬਿਆਨ ਦੇ ਕੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਲਈ ਠੋਸ ਕਾਰਵਾਈ ਕਰੇ। ਪਾਰਟੀ ਦਾ ਇਕ ਵਫ਼ਦ ਚੋਣ ਕਮਿਸ਼ਨ ਪਹੁੰਚਿਆ ਅਤੇ ਪ੍ਰਧਾਨ ਮੰਤਰੀ ਮੋਦੀ ਦੀਆਂ ਟਿੱਪਣੀਆਂ ਅਤੇ ਕੁੱਝ ਹੋਰ ਵਿਸ਼ਿਆਂ ਬਾਰੇ ਸ਼ਿਕਾਇਤ ਕੀਤੀ। ਵਫ਼ਦ ਵਿਚ ਕਾਂਗਰਸ ਨੇਤਾ ਅਭਿਸ਼ੇਕ ਮਨੂ ਸਿੰਘਵੀ ਅਤੇ ਗੁਰਦੀਪ ਸੱਪਲ ਸ਼ਾਮਲ ਸਨ।ਉਨ੍ਹਾਂ ਕਿਹਾ, "ਅਸੀਂ ਕੁੱਲ 17 ਸ਼ਿਕਾਇਤਾਂ ਕੀਤੀਆਂ ਹਨ। ਇਹ ਸਾਰੀਆਂ ਸ਼ਿਕਾਇਤਾਂ ਗੰਭੀਰ ਹਨ ਅਤੇ ਦੇਸ਼ ਦੇ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ 'ਤੇ ਹਮਲਾ



ਕਰਦੀਆਂ ਹਨ। ਸਾਨੂੰ ਉਮੀਦ ਹੈ ਕਿ ਜਲਦੀ ਤੋਂ ਜਲਦੀ ਠੋਸ ਅਤੇ ਸਪੱਸ਼ਟ ਕਦਮ ਚੁੱਕੇ ਜਾਣਗੇ। ਸਿੰਘਵੀ ਨੇ ਕਿਹਾ ਕਿ ਸੂਰਤ ਵਿਚ ਚੋਣਾਂ ਮੁਲਤਵੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਨਵੀਂ ਤਰੀਕ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਨੇ ਭਾਜਪਾ 'ਤੇ ਵੋਟਾਂ ਮੰਗਣ ਲਈ ਸੋਸ਼ਲ ਮੀਡੀਆ ਹੈਂਡਲ 'ਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਕਰਨ ਦਾ ਵੀ ਦੋਸ਼ ਲਾਇਆ। ਪਾਰਟੀ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿਚ ਵੀ ਕਾਰਵਾਈ ਕਰਨੀ ਚਾਹੀਦੀ ਹੈ।

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਟਵਿੱਟਰ 'ਤੇ ਲਿਖਿਆ, "ਵੋਟਿੰਗ ਦੇ ਪਹਿਲੇ ਪੜਾਅ ਵਿਚ ਨਿਰਾਸ਼ਾ ਤੋਂ ਬਾਅਦ ਮੋਦੀ ਦੇ ਝੂਠ ਦਾ ਪੱਧਰ ਇੰਨਾ ਡਿੱਗ ਗਿਆ ਹੈ ਕਿ ਡਰ ਦੇ ਮਾਰੇ ਉਹ ਹੁਣ ਜਨਤਾ ਨੂੰ ਮੁੱਦਿਆਂ ਤੋਂ ਮੋੜਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ 'ਇਨਕਲਾਬੀ ਮੈਨੀਫੈਸਟੋ' ਨੂੰ ਮਿਲ ਰਹੇ ਚੰਗੇ ਸਮਰਥਨ ਦੇ ਰੁਝਾਨ ਆਉਣੇ ਸ਼ੁਰੂ ਹੋ ਗਏ ਹਨ। ਦੇਸ਼ ਹੁਣ ਆਪਣੇ ਮੁੱਦਿਆਂ 'ਤੇ ਵੋਟ ਪਾਵੇਗਾ, ਆਪਣੇ ਰੁਜ਼ਗਾਰ, ਆਪਣੇ ਪਰਿਵਾਰ ਅਤੇ ਇਸ ਦੇ ਭਵਿੱਖ ਲਈ ਵੋਟ ਦੇਵੇਗਾ।"

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਕਾਂਗਰਸ ਦੇ ਚੋਣ ਮਨੋਰਥ ਪੱਤਰ ਬਾਰੇ ਸਮਝਾਉਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਮੋਦੀ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਮੋਦੀ ਹਿੰਦੂ-ਮੁਸਲਿਮ ਦੇ ਨਾਂ 'ਤੇ ਝੂਠ ਬੋਲ ਕੇ ਦੇਸ਼ ਨੂੰ ਵੰਡ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਇਨਸਾਫ਼ ਦੀ ਗੱਲ ਹੈ, ਨੌਜਵਾਨਾਂ ਨਾਲ ਇਨਸਾਫ਼, ਔਰਤਾਂ ਨਾਲ ਇਨਸਾਫ਼, ਆਦਿਵਾਸੀਆਂ ਨਾਲ ਇਨਸਾਫ਼, ਮਜ਼ਦੂਰਾਂ ਨਾਲ ਇਨਸਾਫ਼ ਦੀ ਗੱਲ ਹੈ। ਪ੍ਰਧਾਨ ਮੰਤਰੀ ਨੂੰ ਇਸ 'ਤੇ ਇਤਰਾਜ਼ ਕਿਉਂ ਹੈ ?

### ਪਹਿਲੇ ਪੜਾਅ ਵਿਚ ਘੱਟ ਵੋਟਾਂ ਪੈਣ ਤੋਂ ਘਬਰਾਹਟ ਵਿਚ ਭਾਜਪਾ

ਕਾਂਗਰਸ ਦਾ ਦੋਸ਼ ਹੈ ਕਿ ਜਦੋਂ ਕਾਂਗਰਸ ਨੇ ਆਪਣਾ 'ਘੋਸ਼ਣਾ ਪੱਤਰ' ਜਾਰੀ ਕੀਤਾ ਤਾਂ ਮੋਦੀ ਨੇ ਕਾਂਗਰਸ ਨੂੰ 'ਮੁਸਲਿਮ ਲੀਗੀ' ਠਹਿਰਾਇਆ ਹੈ ਤੇ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੇ ਹਨ। ਅਜੇ ਤੱਕ ਨਰਿੰਦਰ ਮੋਦੀ ਨੂੰ ਉਹ ਕੇਂਦਰੀ ਮੁੱਦਾ ਨਹੀਂ ਮਿਲ ਸਕਿਆ, ਜਿਸ ਦੇ ਜ਼ਰੀਏ ਉਹ ਵੋਟਰਾਂ ਵਿਚ ਉਨ੍ਹਾਂ ਨੂੰ ਤੀਜੀ ਵਾਰ ਚੁਣਨ ਲਈ ਜੋਸ਼ ਭਰ ਸਕਣ। ਬੀਤੇ ਦਿਨੀਂ ਲੋਕ ਸਭਾ ਦੀਆਂ 19 ਫ਼ੀਸਦੀ ਭਾਵ 102 ਸੀਟਾਂ 'ਤੇ ਵੋਟਾਂ ਪੈ ਚੁੱਕੀਆਂ ਹਨ। ਪਹਿਲੇ ਦੌਰ ਦੇ ਵੋਟ ਪ੍ਰਤੀਸ਼ਤ 'ਵਿਚ ਦਿਖਾਈ ਦੇ ਰਹੀ 7 ਫ਼ੀਸਦੀ ਦੀ ਵੱਡੀ ਗਿਰਾਵਟ ਨੇ ਰਾਜਨੀਤੀ ਦੇ ਮਾਹਿਰਾਂ ਵਿਚ ਇਸ ਅਹਿਸਾਸ ਨੂੰ ਹੋਰ ਵੀ ਪੁਖ਼ਤਾ ਕਰ ਦਿੱਤਾ ਹੈ ਕਿ ਲੋਕ ਸਭਾ ਦੀਆਂ ਇਨ੍ਹਾਂ ਚੋਣਾਂ ਵਿਚ ਵੋਟਰਾਂ ਦੇ ਉਤਸ਼ਾਹ ਕਮੀ ਹੈ। ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਸੱਤਾਧਾਰੀ ਪਾਰਟੀ ਖ਼ਿਲਾਫ਼ ਕੋਈ ਸਾਫ਼ ਨਾਰਾਜ਼ਗੀ ਵੀ ਦਿਖਾਈ ਨਹੀਂ ਦੇ ਰਹੀ, ਪਰ ਉਸ ਨੂੰ ਫਿਰ ਤੋਂ ਚੁਣਨ ਲਈ ਕਿਸੇ ਤਰ੍ਹਾਂ ਦਾ ਉਤਸ਼ਾਹ ਵੀ ਦਿਖਾਈ ਨਹੀਂ ਦੇ ਰਿਹਾ।

ਇਸੇ ਠੰਢੇ ਮਾਹੌਲ ਦਾ ਸਬੂਤ ਦੋ ਅੰਕੜਿਆਂ ਤੋਂ ਮਿਲਦਾ ਹੈ। ਸੀ ਵੋਟਰ-ਏ.ਬੀ.ਪੀ. ਦੇ ਇਕ ਸਰੇਵਖਣ ਵਿਚ 57 ਹਜ਼ਾਰ ਤੋਂ ਜ਼ਿਆਦਾ ਲੋਕਾਂ ਕੋਲੋਂ ਪੁੱਛਿਆ ਗਿਆ ਕਿ ਤੁਹਾਡੀਆਂ ਸਮੱਸਿਆਵਾਂ (ਬੇਰੁਜ਼ਗਾਰੀ, ਮਹਿੰਗਾਈ, ਘਟਦੀ ਆਮਦਨੀ, ਭ੍ਰਿਸ਼ਟਾਚਾਰ ਵਗੈਰਾ) ਦੂਰ ਕਰਨ ਦੀ ਸਮਰੱਥਾ ਕਿਸ ਪਾਰਟੀ ਦੇ ਕੋਲ ਲੱਗ ਰਹੀ ਹੈ। ਇਸ ਦੇ ਜਵਾਬ ਵਿਚ 32 ਫ਼ੀਸਦੀ ਨੇ ਭਾਜਪਾ ਦਾ ਅਤੇ 18 ਫ਼ੀਸਦੀ ਵੋਟਰਾਂ ਨੇ ਕਾਂਗਰਸ ਦਾ ਨਾਂਅ ਲਿਆ। ਪਰ 46 ਫ਼ੀਸਦੀ ਵੋਟਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਇਹ ਸਮਰੱਥਾ ਕਿਸੇ ਵੀ ਪਾਰਟੀ ਵਿਚ ਦਿਖਾਈ ਨਹੀਂ ਦਿੰਦੀ। ਜਿਨ੍ਹਾਂ ਚਾਰ ਫ਼ੀਸਦੀ ਲੋਕਾਂ ਨੇ 'ਪਤਾ ਨਹੀਂ' ਵਾਲਾ ਜਵਾਬ ਦਿੱਤਾ, ਉਨ੍ਹਾਂ ਨੂੰ ਵੀ ਤਾਰਕਿਕ ਨਜ਼ਰੀਏ ਨਾਲ ਇਸੇ ਤੀਜੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਭਾਵ, 50 ਫ਼ੀਸਦੀ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਕਿਸੇ ਵੀ ਪਾਰਟੀ 'ਤੇ ਭਰੋਸਾ ਨਹੀਂ ਹੈ। ਇਹ ਅੰਕੜੇ ਦੱਸਦੇ ਹਨ ਕਿ 10 ਸਾਲ ਤੱਕ ਸ਼ਾਸਨ ਕਰਨ ਦੇ ਬਾਵਜੂਦ ਸੱਤਾਧਾਰੀ ਦਲ ਵੱਧ ਤੋਂ ਵੱਧ ਇਕ ਤਿਹਾਈ ਲੋਕਾਂ ਦਾ ਭਰੋਸਾ ਹੀ ਜਿੱਤ ਸਕਿਆ ਹੈ ਅਤੇ ਪੂਰੇ ਇਕ ਦਹਾਕੇ ਤੱਕ ਵਿਰੋਧ ਦੀ ਰਾਜਨੀਤੀ ਕਰਨ ਵਾਲੇ ਦਲ ਪੰਜਵੇਂ ਹਿੱਸੇ ਤੋਂ ਵੀ ਘੱਟ ਲੋਕਾਂ ਦੀ ਉਮੀਦ ਬਣ ਸਕੇ ਹਨ।

ਦੂਜਾ ਅੰਕੜਾ 18 ਤੋਂ 25 ਸਾਲ ਵਿਚਕਾਰ ਦੇ ਵੋਟਰਾਂ ਨਾਲ ਸੰਬੰਧ ਰੱਖਦਾ ਹੈ। ਵੋਟ ਪਾਉਣ ਲਈ ਸਭ ਤੋਂ ਜ਼ਿਆਦਾ ਉਤਸ਼ਾਹ ਪਹਿਲੀ ਅਤੇ ਦੂਜੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੂੰ ਹੋਣਾ ਚਾਹੀਦਾ ਹੈ। ਨੌਜਵਾਨ ਬੇਚੈਨੀ ਨਾਲ 18 ਸਾਲ ਪੂਰੇ ਹੋਣ ਦੀ ਉਡੀਕ ਕਰਦੇ ਹਨ ਤਾਂ ਕਿ ਵੋਟਰ ਵਜੋਂ ਆਪਣਾ ਰਜਿਸਟ੍ਰੇਸ਼ਨ ਕਰਵਾਉਣ ਤੋਂ ਬਾਅਦ ਮਤਦਾਨ ਕੇਂਦਰ ਵੱਲ ਜਾਣ ਦਾ ਅਧਿਕਾਰ ਪ੍ਰਾਪਤ ਕਰ ਸਕਣ, ਪਰ ਚੋਣ ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਇਸ ਵਾਰ ਪਹਿਲੀ ਵਾਰ ਵੋਟ ਪਾਉਣ ਲਈ ਸਾਰੇ ਦੇਸ਼ 'ਚ ਔਸਤਨ ਸਿਰਫ਼ 38 ਫ਼ੀਸਦੀ ਨਵੇਂ ਵੋਟਰਾਂ ਨੇ ਹੀ ਆਪਣਾ ਰਜਿਸਟ੍ਰੇਸ਼ਨ ਕਰਵਾਇਆ ਹੈ। 18 ਸਾਲ ਪੂਰੇ ਕਰ ਚੁੱਕੇ 62 ਫ਼ੀਸਦੀ ਨੌਜਵਾਨਾਂ ਵਿਚ ਵੋਟ ਪਾਉਣ ਲਈ ਉਤਸ਼ਾਹ ਦਿਖਾਈ ਨਹੀਂ ਦੇ ਰਿਹਾ। ਚੋਣ ਸ਼ਾਸਤਰੀਆਂ ਅਨੁਸਾਰ 2019 ਦੌਰਾਨ ਇਨ੍ਹਾਂ ਨੌਜਵਾਨਾਂ ਨੇ ਵਧ-ਚੜ੍ਹ ਕੇ ਵੋਟਾਂ ਪਾਈਆਂ ਸਨ, ਜਿਸ ਨਾਲ ਭਾਜਪਾ ਸਰਕਾਰ ਨੂੰ ਬਿਹਤਰ ਵੋਟ ਫ਼ੀਸਦੀ ਅਤੇ ਜ਼ਿਆਦਾ ਸੀਟਾਂ ਦੇ ਨਾਲ ਵਾਪਸੀ ਕਰਨ ਵਿਚ ਮਦਦ ਮਿਲੀ ਸੀ। ਉਸ ਚੋਣ ਵਿਚ ਭਾਜਪਾ ਬਹੁਤੀਆਂ ਸੀਟਾਂ 'ਤੇ ਬਹੁਤ ਘੱਟ ਫ਼ਰਕ ਨਾਲ ਜਿੱਤੀ ਸੀ। ਸਿਰਫ਼ ਉੱਤਰ ਪ੍ਰਦੇਸ਼ ਵਿਚ ਹੀ ਅਜਿਹੀਆਂ ਸੀਟਾਂ ਦੀ ਗਿਣਤੀ 18 ਸੀ। ਇਸ ਵਾਰ ਦੀ ਘੱਟ ਵੋਟਿੰਗ ਅਜਿਹੀਆਂ ਸੀਟਾਂ ਦੇ ਸਮੀਕਰਨਾਂ ਨੂੰ ਪੂਰੀ ਤਰ੍ਹਾਂ ਨਾਲ ਉਲਟ-ਪੁਲਟ ਕਰ ਸਕਦੀ ਹੈ।

ਦੂਜੇ ਪਾਸੇ ਸੀ.ਐੱਸ.ਡੀ.ਐੱਸ.-ਲੋਕਨੀਤੀ ਦਾ ਵੱਡੇ ਕਰੀਨੇ ਤੋਂ ਕੀਤਾ ਗਿਆ ਸਰਵੇਖਣ ਦੱਸਦਾ ਹੈ ਕਿ ਇਸ ਸਰਕਾਰ ਨੂੰ ਤੀਜੀ ਵਾਰ ਚੁਣਨ ਦੀ ਇੱਛਾ ਜ਼ਾਹਿਰ ਕਰਨ ਵਾਲੇ ਵੋਟਰਾਂ ਦੀ ਗਿਣਤੀ ਤਿੰਨ ਫ਼ੀਸਦੀ ਡਿਗ ਗਈ ਹੈ। ਭਾਵ ਪਿਛਲੀ ਵਾਰ ਵਿਰੋਧੀ ਧਿਰ ਅਤੇ ਸਰਕਾਰ ਵਿਚ 8 ਫ਼ੀਸਦੀ ਦਾ ਫ਼ਰਕ ਸੀ, ਜੋ ਇਸ ਵਾਰ ਘਟ ਕੇ ਪੰਜ ਫ਼ੀਸਦੀ ਦਾ ਰਹਿ ਗਿਆ ਹੈ।

ਪੰਜਾਬ ਟਾਈਮਜ਼ ਅਨੁਸਾਰ ਮੁਤਾਬਿਕ ਸੱਤਾਧਾਰੀ ਦਲ ਲਈ ਇਹ ਕੋਈ ਆਰਾਮਦਾਇਕ ਸਥਿਤੀ ਨਹੀਂ ਹੈ।

## ਬਾਦਲ ਦਲ ਵਲੋਂ ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਵਿਰੋਧ

ਪ੍ਰਧਾਨ ਮੰਤਰੀ ਮੋਦੀ ਦੇ ਬਿਆਨ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਤਿੱਖਾ ਹਮਲਾ ਕੀਤਾ ਹੈ। ਪਾਰਟੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਉਸ ਬਿਆਨ ਦੀ ਆਲੋਚਨਾ ਕੀਤੀ ਹੈ, ਜਿਸ ਵੀਚ ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਲੋਕ ਸਭਾ ਚੋਣ ਮੈਨੀਫੈਸਟੋ 'ਤੇ ਵਿਵਾਦਿਤ ਬਿਆਨ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਨੇ ਪੀਐਮ ਮੋਦੀ ਦੇ ਬਿਆਨ ਦੀ ਵੀਡੀਓ ਕਲਿੱਪ ਸਾਂਝੀ ਕਰਦਿਆਂ ਕਿਹਾ ਹੈ ਕਿ ਜ਼ਹਿਰ ਅਤੇ ਨਫ਼ਰਤ ਇੱਕ ਵੱਖਰੀ ਉਚਾਈ 'ਤੇ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਸਾਰਿਆਂ ਦੀ ਸਮੱਸਿਆ ਇਹ ਹੈ ਕਿ ਅਸੀਂ ਬੇਇਨਸਾਫ਼ੀ ਬਾਰੇ ਉਦੋਂ ਹੀ ਸੋਚਦੇ ਹਾਂ ਜਦੋਂ ਉਹ ਸਾਡੇ ਵਿਰੁੱਧ ਹੋਵੇ। ਪੀਐਮ ਮੋਦੀ ਦੇ ਇਸ ਬਿਆਨ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਇਹ ਪਹਿਲੀ ਅਜਿਹੀ ਸਖ਼ਤ ਪ੍ਰਤੀਕਿਰਿਆ ਹੈ। ਇਸ ਤੋਂ ਪਹਿਲਾਂ ਇਸ ਨੇ ਆਪਣੀ ਸਾਬਕਾ ਗੱਠਜੋੜ ਭਾਈਵਾਲ ਭਾਰਤੀ ਜਨਤਾ ਪਾਰਟੀ 'ਤੇ ਸਿੱਖ ਕੈਦੀਆਂ ਦੀ ਰਿਹਾਈ ਅਤੇ ਕਿਸਾਨਾਂ ਲਈ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਵਰਗੀਆਂ ਮੰਗਾਂ ਨੂੰ ਪੂਰਾ ਨਾ ਕਰਨ ਦਾ ਦੋਸ਼ ਲਗਾਇਆ ਸੀ। ਪਿਛਲੇ ਹਫ਼ਤੇ ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੋਟਰਾਂ ਨੂੰ ਖੁੱਲ੍ਹ ਕੇ ਭਾਜਪਾ ਦੇ ਉਮੀਦਵਾਰਾਂ ਨੂੰ ਪੰਜਾਬ ਦੇ ਪਿੰਡਾਂ ਵਿੱਚ ਨਾ ਵੜਨ ਦੇਣ ਲਈ ਕਿਹਾ ਸੀ। ਉਨ੍ਹਾਂ ਕਿਹਾ ਸੀ, 'ਭਾਜਪਾ ਨੇ ਕਿਸਾਨਾਂ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਲਈ ਦਿੱਲੀ ਜਾਣ ਤੋਂ ਰੋਕ ਦਿੱਤਾ। ਜਿਸ ਤਰ੍ਹਾਂ ਇਨ੍ਹਾਂ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਹੈ, ਉਸੇ ਤਰ੍ਹਾਂ ਭਾਜਪਾ ਦੇ ਉਮੀਦਵਾਰਾਂ ਨੂੰ ਵੀ ਪੰਜਾਬ ਦੇ ਪਿੰਡਾਂ ਵਿੱਚ ਵੜਨ ਤੋਂ ਰੋਕਿਆ ਜਾਵੇ।

**ਵਿਚਾਰ :–** ਪੱਖਪਾਤ ਕਿਸੇ ਦੇ ਵੀ ਗੁਣਾਂ ਨੂੰ ਔਗੁਣਾਂ ਵਿਚ ਅਤੇ ਔਗੁਣਾਂ ਨੂੰ ਗੁਣਾਂ ਵਿਚ ਬਦਲ ਦੇਂਦਾ ਹੈ।



ਰਜਿੰਦਰ ਸਿੰਘ ਪੁਰੇਵਾਲ

# ਦੁਨੀਆ ਦਾ ਫੌਜੀ ਖਰਚ ਆਪਣੇ ਉੱਚੇ ਪੱਧਰ 'ਤੇ ਅਤੇ ਮਨੁੱਖਤਾ ਬਰਬਾਦੀ ਵਲ

ਦੁਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਵੱਖ ਵੱਖ ਮੁਲਕਾਂ ਦੇ ਫੌਜੀ ਖਰਚੇ 24.4 ਅਰਬ ਡਾਲਰ ਦੇ ਅੰਕੜੇ ਪਾਰ ਕਰ ਚੁੱਕੇ ਹਨ। ਸਾਮਰਾਜੀ ਮੁਲਕਾਂ ਦੀ ਆਪਸੀ ਖਹਿ ਨੇ ਮਨੁੱਖਤਾ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ। ਯੋਜਨਾਬੱਧ ਤਰੀਕੇ ਨਾਲ਼ ਕੀਤੀ ਜਾਣ ਵਾਲ਼ੀ ਹਥਿਆਰਬੰਦੀ ਜੰਗ ਦਾ ਐਲਾਨ ਹੈ ਜਿਸ ਦੀ ਕੀਮਤ ਆਮ ਲੋਕਾਈ ਨੂੰ ਤਾਰਨੀ ਪੈਂਦੀ ਹੈ। ਪਹਿਲਾਂ ਹੀ ਗਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਲਈ ਜੰਗ ਸਮਾਜਿਕ ਅਤੇ ਆਰਥਿਕ ਸਰਾਪ ਹੈ।

ਦੁਨੀਆ ਦੇ ਦਸ ਵੱਡੇ ਮੁਲਕ- ਅਮਰੀਕਾ, ਚੀਨ, ਰੂਸ, ਭਾਰਤ, ਸਾਊਦੀ ਅਰਬ, ਇੰਗਲੈਂਡ, ਜਰਮਨੀ, ਯੂਕਰੇਨ, ਫਰਾਂਸ ਤੇ ਜਪਾਨ ਹਥਿਆਰਾਂ 'ਤੇ ਸਭ ਤੋਂ ਵੱਧ ਖਰਚ ਕਰਦੇ ਹਨ। ਪੂਰੀ ਦੁਨੀਆ ਦੇ ਹਥਿਆਰਾਂ 'ਤੇ ਕੀਤੇ ਜਾਣ ਵਾਲ਼ੇ ਖਰਚੇ ਦਾ 65 ਫੀਸਦੀ ਇਹਨਾਂ ਮੁਲਕਾਂ ਤੋਂ ਆਉਂਦਾ ਹੈ।

ਸਵੀਡਨ ਦੇ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦਾ ਕਹਿਣਾ ਹੈ ਕਿ ਦੁਨੀਆ ਦੇ ਵੱਖ-ਵੱਖ ਦੇਸ਼ ਇਸ ਸਮੇਂ ਹਥਿਆਰਾਂ, ਗੋਲਾ-ਬਾਰੂਦ ਅਤੇ ਹੋਰ ਫੌਜੀ ਸਾਜ਼ੋ-ਸਾਮਾਨ 'ਤੇ ਜਿੰਨਾ ਪੈਸਾ ਖਰਚ ਰਹੇ ਹਨ, ਪਹਿਲਾਂ ਕਦੇ ਨਹੀਂ ਹੋਇਆ।

ਸਿਪਰੀ ਨੇ ਜਾਰੀ ਆਪਣੀ ਤਾਜ਼ਾ ਰਿਪੋਰਟ ਵਿਚ ਕਿਹਾ ਹੈ ਕਿ 2023 ਵਿਚ ਗਲੋਬਲ ਫੌਜੀ ਖਰਚ ਨਵੇਂ ਰਿਕਾਰਡ 'ਤੇ ਪਹੁੰਚ ਗਿਆ ਹੈ। ਇਸ ਰਿਪੋਰਟ ਦੇ ਅਨੁਸਾਰ, 2023 ਵਿੱਚ ਫੌਜੀ ਖਰਚ 2022 ਦੇ ਮੁਕਾਬਲੇ 6.8 ਪ੍ਰਤੀਸ਼ਤ ਵੱਧ ਕੇ 24.4 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ। 2022 ਵਿੱਚ ਇਹ ਖਰਚਾ 22.4 ਟ੍ਰਿਲੀਅਨ ਡਾਲਰ ਸੀ। ਇਹ 2009 ਤੋਂ ਬਾਅਦ ਇੱਕ ਸਾਲ ਵਿੱਚ ਸਭ ਤੋਂ ਵੱਡਾ ਵਾਧਾ ਹੈ ਅਤੇ ਲਗਾਤਾਰ ਨੌਵਾਂ ਸਾਲ ਹੈ ਜਦੋਂ ਫੌਜੀ ਖਰਚ ਵਿੱਚ ਵਾਧਾ ਹੋਇਆ ਹੈ। ਇਸ ਵਾਧੇ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਦਸ ਦੇਸ਼ਾਂ ਦੇ ਫੌਜੀ ਖਰਚੇ ਬਹੁਤ ਵਧ ਗਏ ਹਨ। ਇਸ ਤੋਂ ਇਲਾਵਾ ਇਸ ਵਾਧੇ ਵਿੱਚ ਰੂਸ-ਯੂਕਰੇਨ ਯੁੱਧ ਦੀ ਵੀ ਵੱਡੀ ਭੂਮਿਕਾ ਹੈ। ਸਿਪਰੀ ਦੇ ਖੋਜਕਰਤਾ ਲੋਰੇਂਜ਼ੋ ਸਕਾਰਜ਼ਾਟੋ ਨੇ ਦੱਸਿਆ, "ਸਾਡੇ ਦੁਆਰਾ ਟਰੈਕ ਕੀਤੇ ਜਾਣ ਵਾਲੇ ਸਾਰੇ ਖੇਤਰਾਂ ਵਿੱਚ ਖਰਚ ਵਧਿਆ ਹੈ। ਇਸ ਕਾਰਣ ਦੁਨੀਆ ਘੱਟ ਸੁਰੱਖਿਅਤ ਮਹਿਸੂਸ ਕਰ ਰਹੀ ਹੈ ਅਤੇ ਕੂਟਨੀਤੀ ਦੀ ਬਜਾਏ ਹੋਰ ਤਰੀਕਿਆਂ ਵੱਲ ਮੁੜ ਰਹੀ ਹੈ। ਇਸ ਨਾਲ ਫੌਜੀ ਖਰਚਿਆਂ ਵਿਚ ਨਿਵੇਸ਼ ਵਧ ਰਿਹਾ ਹੈ।

ਸਭ ਤੋਂ ਵੱਧ ਫੌਜੀ ਖਰਚ ਕਰਨ ਵਾਲੇ ਦੇਸ਼ਾਂ ਵਿਚ ਅਮਰੀਕਾ ਅਜੇ ਵੀ ਸਿਖਰ 'ਤੇ ਬਣਿਆ ਹੋਇਆ ਹੈ। 2023 ਵਿੱਚ, ਅਮਰੀਕਾ ਨੇ ਫੌਜੀ ਪ੍ਰਬੰਧ 'ਤੇ 916 ਬਿਲੀਅਨ ਡਾਲਰ ਖਰਚ ਕੀਤੇ, ਜੋ ਕਿ ਵਿਸ਼ਵ ਦੇ ਕੁੱਲ ਖਰਚੇ ਦਾ 37 ਪ੍ਰਤੀਸ਼ਤ ਜਾਂ ਇੱਕ ਤਿਹਾਈ ਤੋਂ ਵੱਧ ਹੈ।

ਦੂਜੇ ਨੰਬਰ 'ਤੇ ਚੀਨ ਹੈ, ਜਿਸ ਦਾ ਖਰਚ ਅਮਰੀਕਾ ਦਾ ਇਕ ਤਿਹਾਈ ਹੈ। ਇਸ 'ਤੇ 296 ਬਿਲੀਅਨ ਡਾਲਰ ਖਰਚ ਹੋਏ, ਜੋ ਕਿ ਕੁੱਲ ਖਰਚੇ ਦਾ 12 ਫੀਸਦੀ ਹੈ। ਇਹ 2022 ਦੇ ਮੁਕਾਬਲੇ 6 ਫੀਸਦੀ ਜ਼ਿਆਦਾ ਹੈ। ਇਨ੍ਹਾਂ ਦੋਵਾਂ ਦੇਸ਼ਾਂ ਨੇ ਕੁੱਲ ਖਰਚੇ ਦਾ ਅੱਧਾ ਹਿੱਸਾ ਪਾਇਆ।

2022 ਵਿੱਚ ਸਭ ਤੋਂ ਵੱਧ ਖਰਚ ਕਰਨ ਵਾਲੇ ਪੰਜ ਦੇਸ਼ 2023 ਵਿੱਚ ਵੀ ਉਹੀ ਰਹੇ। ਰੂਸ ਤੀਜੇ ਨੰਬਰ 'ਤੇ ਹੈ। ਇਸ ਤੋਂ ਬਾਅਦ ਭਾਰਤ ਅਤੇ ਸਾਊਦੀ ਅਰਬ ਦਾ ਨੰਬਰ ਆਉਂਦਾ ਹੈ। 2023 ਵਿੱਚ ਰੂਸ ਦਾ ਖਰਚਾ 2022 ਦੇ ਮੁਕਾਬਲੇ 24 ਫੀਸਦੀ ਵੱਧ ਕੇ 109 ਬਿਲੀਅਨ ਡਾਲਰ ਤੱਕ ਪਹੁੰਚ ਗਿਆ। ਰੂਸ ਨੇ 2014 ਵਿੱਚ ਕ੍ਰੀਮੀਆ ਨੂੰ ਯੂਕਰੇਨ ਤੋਂ ਵੱਖ ਕਰਨ ਤੋਂ ਬਾਅਦ ਇਹ 57 ਪ੍ਰਤੀਸ਼ਤ ਦਾ ਵਾਧਾ ਹੈ। ਰੂਸ ਆਪਣੀ ਜੀਡੀਪੀ ਦਾ 5.9 ਫੀਸਦੀ ਫੌਜ 'ਤੇ ਖਰਚ ਕਰ ਰਿਹਾ ਹੈ।

ਫੌਜੀ ਖਰਚਿਆਂ ਦੇ ਲਿਹਾਜ਼ ਨਾਲ ਚੌਥਾ ਸਭ ਤੋਂ ਵੱਡਾ ਦੇਸ਼ ਭਾਰਤ ਹੈ ਜਿਸ ਨੇ 83.6 ਬਿਲੀਅਨ ਡਾਲਰ ਖਰਚ ਕੀਤੇ ਹਨ। ਇਹ 2022 ਦੇ ਮੁਕਾਬਲੇ 4.2 ਫੀਸਦੀ ਜ਼ਿਆਦਾ ਸੀ। ਫੌਜੀ ਖਰਚਿਆਂ ਦੇ ਮਾਮਲੇ ਵਿੱਚ ਯੂਕਰੇਨ ਅੱਠਵਾਂ ਸਭ ਤੋਂ ਵੱਡਾ ਦੇਸ਼ ਸੀ। ਇਸ ਦਾ ਖਰਚਾ 51 ਫੀਸਦੀ ਵਧ ਕੇ 64.8 ਬਿਲੀਅਨ ਡਾਲਰ ਤੱਕ ਪਹੁੰਚ ਗਿਆ, ਜੋ ਕਿ ਇਸਦੀ ਕੁੱਲ ਜੀਡੀਪੀ ਦਾ 37 ਫੀਸਦੀ ਹੈ। ਫੌਜੀ ਖਰਚਿਆਂ ਵਿੱਚ ਸਭ ਤੋਂ ਵੱਧ ਵਾਧਾ ਕਾਂਗੋ ਦੇ ਲੋਕਤੰਤਰੀ ਗਣਰਾਜ ਵਿੱਚ ਦੇਖਿਆ ਗਿਆ, ਜਿੱਥੇ ਸਰਕਾਰ ਅਤੇ ਬਾਗੀਆਂ ਵਿਚਕਾਰ ਜੰਗ ਜਾਰੀ ਹੈ। ਇਸ ਦਾ ਖਰਚਾ 105 ਫੀਸਦੀ ਵਧਿਆ ਹੈ।

ਇਜ਼ਰਾਈਲ, ਮੱਧ ਪੂਰਬ ਵਿੱਚ ਸਾਊਦੀ ਅਰਬ ਤੋਂ ਬਾਅਦ ਸਭ ਤੋਂ ਵੱਧ ਫੌਜੀ ਖਰਚ ਕਰਨ ਵਾਲਾ ਦੇਸ਼, 2022 ਤੱਕ 27.5 ਬਿਲੀਅਨ ਡਾਲਰ 'ਤੇ 24 ਪ੍ਰਤੀਸ਼ਤ ਵੱਧ ਖਰਚ ਕਰਦਾ ਸੀ। ਦੂਜੇ ਪਾਸੇ, ਈਰਾਨ ਖੇਤਰ ਵਿੱਚ ਚੌਥਾ ਸਭ ਤੋਂ ਵੱਧ ਖਰਚ ਕਰਨ ਵਾਲਾ ਸੀ, ਜਿਸ ਨੇ ਕੁੱਲ $10.3 ਬਿਲੀਅਨ ਖਰਚ ਕੀਤੇ। ਉਪਲਬਧ ਅੰਕੜਿਆਂ ਮੁਤਾਬਕ 2019 ਦੌਰਾਨ ਈਰਾਨ ਵਿਚ ਫੌਜ 'ਤੇ ਖਰਚ 27 ਫੀਸਦੀ ਸੀ, ਜੋ ਹੁਣ ਵਧ ਕੇ 37 ਫੀਸਦੀ ਹੋ ਗਿਆ ਹੈ।

ਸਰਮਾਏਦਾਰਾ ਮੁਲਕਾਂ ਦੇ ਡਿੱਗਦੇ ਮੁਨਾਫੇ ਕਰ ਕੇ ਆਮ ਲੋਕਾਈ ਨੂੰ ਨਿਹੱਕੀਆਂ ਜੰਗਾਂ ਵਿਚ ਝੋਕਿਆ ਜਾ ਰਿਹਾ ਹੈ। ਇਹ ਮਨੁੱਖਤਾ ਨੂੰ ਇੱਕ ਹੋਰ ਵੱਡੀ ਤਬਾਹੀ ਵੱਲ ਧੱਕਣ ਦੀ ਤਿਆਰੀ ਹੈ। ਲੋਕ ਹਿਤੈਸ਼ੀ ਤਾਕਤਾਂ ਦਾ ਫਰਜ਼ ਹੈ ਕਿ ਉਹ ਤਬਾਹੀ ਦੇ ਇਸ ਮੰਜ਼ਰ ਵਿਚੋਂ ਉਸਾਰੀ ਦੇ ਕਾਰਜ ਉਲੀਕਣ ਤਾਂ ਕਿ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਜੰਗ ਦੇ ਇਸ ਜਿੱਲਣ ਵਿਚੋਂ ਸਦਾ ਸਦਾ ਲਈ ਕੱਢਿਆ ਜਾ ਸਕੇ।

**-ਰਜਿੰਦਰ ਸਿੰਘ ਪੁਰੇਵਾਲ**

**NEWS & VIEWS**

# *ANAND KARAJ* CEREMONY IS FOR *SIKH* COUPLES ONLY



Gurmukh Singh
OBE

## However, Gurdwaras have a Sikhi educational and welcoming role regarding couples when one partner is not of Sikh origin

**The relevant brief mention in the Sikh Council UK guidance of 2013 for such couples is:**

***4.3 Where a couple chooses to undertake a civil marriage in a Registry Office they should be offered the opportunity to hold an Ardas, Sukhmani Sahib Path, Akhand Path or other service to celebrate their union as husband and wife in the presence of their family, relatives and friends.*** (*Guidelines: Development of a consistent approach towards marriages in Gurdwaras where one partner is not of Sikh origin.* See footnotes).

**Such couples should be received with Sikhi warmth and given an educational opportunity to know more about the Sikh way of life whatever their long term decision about embracing Sikhi. Their children should have the same opportunity to remain in touch with the local Sangat.**

**Sikhi does not seek converts but welcomes all to the Gurdwaras with access to Jagat Guru, Sri Guru Granth Sahib. Egalitarian, non-discriminatory Sikh institutions of *Sangat, Pangat, Sewa and Simran* attract all communities regardless of diverse socio-religious backgrounds.**

**And so, even though the sacred ceremony of *Anand Karaj* is only available to Sikh couples with total belief in One Guru, Sri Guru Granth Sahib and none other, Gurdwaras and the Sangat should remain welcoming and accessible to newly married *mixed* couples. Open arms social acceptability of such couples is important. The topic needs extended discussion as a continuation of Sri Akal Takht Sahib ruling about *Anand Karaj* ceremony for Sikh couples only. The point, I am raising this week is more a continuation of where the Sikh Council UK left off regarding guidance about marriages when one partner is not of Sikh origin.**

**On 6 November 2013, as mandated by the Sikh Council UK, I met Singh Sahib Giani Gurbachan Singh Ji. Among other issues which were discussed, I also tabled the Council draft Guidelines in Panjabi and English: *Development of a consistent approach towards marriages in Gurdwaras where one partner is not of Sikh origin.* Otherwise, the main aim of the meeting was to agree regular (routine level) consultation process between Akal Takht Sahib and the Sikh Council UK, and also extension of the same process to representative organisations in the Sikh diaspora countries.**

**For UK, one outcome was an historic Akal Takht *Adesh* of 27 January 2014 authorising Sikh Council UK to continue with UK nationwide consultations regarding such issues. (I received a call from Akal Takht about this *Adesh* while still in Panjab.)**

**Although, not the topic this week, I regard developments such as one nationwide Sikh Council UK to deal with current issues, and a Sikh issues based political *Sikh Agenda* as most constructive in the second decade of the 21st century. The biggest loss later were the internal divisions and non-inclusion of a dedicated *SIKH* tick box under the compulsory ethnicity (*qaumi*) heading in the Census form despite full backing by Jathedar Sri Akal Takht Sahib.**

**We learn from past mistakes and continue to seek issues based direction from Guide Eternal, Sri Guru Granth Sahib.**

Further reading:
Website Sikh Missionary Society UK: https://www.sikhmissionarysociety.org/
Scroll down to: Articles on Sikh Ideology and Identity and click on lonks:
Mixed-marriages : Professing Non-Sikh Faith But Married in Gurdwara
Sikh Council UK Guidelines: Marriages in Gurdwaras where one partner is not of Sikh origin
https://www.sikhmissionarysociety.org/sms/smsarticles/advisorypanel/gurmukhsinghsewauk/sikhcouncilukandsikhissues/

**Gurmukh Singh OBE,** Ret'd Principal Civil Servant (UK) sewauk2005@yahoo.co.uk

# ਯੂ ਕੇ ਵਿੱਚ ਸਿੱਖ ਕਾਨੂੰਨੀ ਮਾਹਰਾਂ ਵੱਲੋਂ ਸਿੱਖ ਅਦਾਲਤ ਦੀ ਸਥਾਪਨਾ



ਬਰਤਾਨੀਆਂ ਵਿੱਚ ਸਿੱਖ ਅਦਾਲਤ ਦੇ ਗਠਨ ਮੌਕੇ ਇਕੱਤਰ ਬਰਤਾਨੀਆਂ ਭਰ ਤੋਂ ਆਏ ਸਿੱਖ ਕਾਨੂੰਨੀ ਮਾਹਿਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਪਹਿਲੀ ਵਾਰ ਬਰਤਾਨਵੀ ਸਿੱਖ ਕਾਨੂੰਨੀ ਮਾਹਿਰਾਂ ਵੱਲੋਂ ਸਿੱਖ ਅਦਾਲਤ ਦੀ ਸ਼ੁਰੂਆਤ ਕੀਤੀ ਗਈ, ਜਿਸ ਦਾ ਇਸ ਹਫਤੇ ਦੇ ਅੰਤ ਵਿੱਚ ਲਿੰਕਨਜ਼ ਇਨ ਦੀ ਮਾਨਯੋਗ ਸੁਸਾਇਟੀ ਵਿੱਚ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ।


ਸਿੱਖ ਅਦਾਲਤ ਸਿੱਖ ਵਕੀਲਾਂ ਅਤੇ ਜੱਜਾਂ ਦੁਆਰਾ ਸਿੱਖ ਭਾਈਚਾਰੇ ਵਿੱਚ ਵਿਵਾਦਾਂ ਦੇ ਹੱਲ ਲਈ ਬਣਾਈ ਗਈ ਹੈ। ਤਾਂ ਕਿ ਸਿੱਖ ਭਾਈਚਾਰੇ ਦੀਆਂ ਕਦਰਾਂ ਕੀਮਤਾਂ ਅਤੇ ਮਾਣ ਮਰਿਯਾਦਾ ਨੂੰ ਧਿਆਨ ਵਿੱਚ ਰੱਖਦਿਆਂ ਸਿੱਖਾਂ ਦੇ ਮਸਲੇ ਸੁਲਝਾਏ ਜਾ ਸਕਣ।

ਸਿੱਖ ਅਦਾਲਤ ਦੇ ਜੱਜ ਬਲਦੀਪ ਸਿੰਘ ਨੇ ਬਿਆਨ ਸਾਂਝਾ ਕਰਦਿਆਂ ਕਿਹਾ ਕਿ "ਸਾਡੇ ਪੁਰਖਿਆਂ ਨੇ ਸਾਡੇ ਲਈ ਬਹੁਤ ਕੁਰਬਾਨੀਆਂ ਕੀਤੀਆਂ, ਅਸੀਂ ਉਹਨਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਦੇ ਹਾਂ। ਉਹਨਾਂ ਨੇ ਆਪਣੀਆਂ ਖੁਸ਼ੀਆਂ ਅਤੇ ਜਿੰਦਗੀ ਸਾਨੂੰ ਸਿੱਖਿਆ ਅਤੇ ਅਹੁਦੇਦਾਰੀਆਂ ਪ੍ਰਦਾਨ ਕਰਨ ਲਈ ਫੈਕਟਰੀਆਂ ਅਤੇ ਫਾਊਂਡਰੀਆਂ ਵਿੱਚ ਕੰਮ ਕਰਦਿਆਂ ਲੇਖੇ ਲਾਈ ਰਹੇ। ਉਨ੍ਹਾਂ ਨੇ ਇਹ ਬੀਜ ਇਹ ਸੋਚ ਕੇ ਬੀਜਿਆ ਕਿ ਇੱਕ ਦਿਨ ਅਸੀਂ ਸਿੱਖ ਪੰਥ ਦੀ ਬਿਹਤਰੀ ਲਈ ਕੁਝ ਕਰ ਸਕਾਂਗੇ।

ਅੱਜ ਸਿਰਫ ਇਹ ਇੱਕ ਪਹਿਲਕਦਮੀ ਹੈ ਕਿ ਉਹਨਾਂ ਦੀ ਮਿਹਨਤ ਨੂੰ ਫਲ ਲੱਗਿਆ ਹੈ। ਸਿੱਖ ਅਦਾਲਤ ਇੱਕ 'ਮੇਡ-ਅਰਬ' ਦੇ ਅਧਾਰਤ ਵਿਵਾਦਾਂ ਦੇ ਹੱਲ ਦਾ ਵਿਕਲਪ ਹੈ, ਜੋ ਸਿੱਖ ਭਾਈਚਾਰੇ ਵਿੱਚ ਵਿਵਾਦਾਂ ਦੇ ਹੱਲ ਲਈ ਦੁਨੀਆ ਭਰ ਦੇ ਸਿੱਖ ਅਤੇ ਗੈਰ-ਸਿੱਖ ਵਕੀਲਾਂ ਅਤੇ ਜੱਜਾਂ ਦੁਆਰਾ ਬਣਾਇਆ ਗਿਆ ਇੱਕ ਫੋਰਮ ਹੈ। ਜਿਕਰਯੋਗ ਹੈ ਕਿ ਬਰਤਾਨਵੀ ਸਰਕਾਰ ਵੱਲੋਂ ਤਿਆਰ ਬਲੂਮ ਰਿਪੋਰਟ ਵਿੱਚ ਸਿੱਖਾਂ ਬਾਰੇ ਲਿਖੇ ਇਤਰਾਜ਼ਯੋਗ ਵਿਖਿਆਣ ਤੋਂ ਬਾਅਦ ਸਿੱਖਾਂ ਕਾਨੂੰਨੀ ਮਾਹਿਰਾਂ ਨੇ ਵੱਡੇ ਪੱਧਰ ਤੇ ਵਿਰੋਧ ਜਿਤਾਇਆ ਸੀ, ਸਿੱਖਸ ਇੰਨ ਲਾਅ ਦੇ ਬੈਨਰ ਹੇਠ ਦੇਸ਼ ਦੀਆਂ ਅਦਾਲਤਾਂ ਵਿੱਚ ਕੰਮ ਕਰਨ ਵਾਲੇ ਜੱਜਾਂ, ਵਕੀਲਾਂ, ਬਰੈਸਟਰਾਂ ਨੇ ਸਾਂਝੇ ਤੌਰ ਤੇ ਸਿੱਖਾਂ ਦੇ ਮਸਲਿਆਂ ਨੂੰ ਲੈ ਕੇ ਇਕੱਤਰ ਹੋਣਾ ਸ਼ੁਰੂ ਕਰ ਦਿੱਤਾ ਸੀ।

ਨਿਆਂਇਕ ਪ੍ਰਣਾਲੀ ਦਾ ਸਮਰਥਨ ਕਰਨ ਅਤੇ ਵਿਵਾਦਾਂ ਨਾਲ ਨਜਿੱਠਣ ਲਈ ਮਿਲ ਕੇ ਕੰਮ ਕਰਨ ਲਈ ਇੱਕ ਪਹਿਲਕਦਮੀ ਜੋ ਵਰਤਮਾਨ ਵਿੱਚ ਵੱਧ ਰਹੇ ਬੋਝ ਵਾਲੇ ਨਿਆਂ ਪ੍ਰਣਾਲੀ ਨੂੰ ਰੋਕਦੀ ਹੈ। ਨਿਆਂ ਪ੍ਰਣਾਲੀ ਵਿੱਚ ਲੰਮਾਂ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ, ਇਸ ਦੇਸ਼ ਦੀਆਂ ਅਦਾਲਤਾਂ ਵਿੱਚ ਸਟਾਫ ਦੀ ਕਮੀ ਅਤੇ ਸਰੋਤਾਂ ਦੀ ਵੀ ਘਾਟ ਹੈ। ਸਿੱਖ ਅਦਾਲਤ ਨਾ ਸਿਰਫ਼ ਸਿੱਖਾਂ ਲਈ ਇੱਕ ਏ.ਡੀ.ਆਰ. ਫੋਰਮ ਹੈ, ਸਗੋਂ ਸਮਾਜ ਨੂੰ ਸਹਿਯੋਗ ਦੇਣ ਲਈ ਫਰਜ਼ ਅਦਾ ਕਰੇਗੀ। ਬਰਤਾਨੀਆਂ ਵਿੱਚ ਸਿੱਖਾਂ ਦੇ ਕਾਨੂੰਨੀ ਮਸਲਿਆਂ ਦੇ ਹੱਲ ਲਈ ਇਹ ਪਹਿਲਾ ਅਜੇਹਾ ਅਦਾਲਤੀ ਢਾਂਚਾ ਬਣਿਆ ਹੈ ਜਿਸ ਤੋਂ ਸਿੱਖਾਂ ਨੂੰ ਬਹੁਤ ਸਾਰੀਆਂ ਆਸਾਂ ਹਨ, ਹੁਣ ਵੇਖਣਾ ਇਹ ਹੋਵੇਗਾ ਕਿ ਭਾਈਚਾਰਾ ਇਸ ਅਦਾਲਤ ਦਾ ਕਿਸ ਤਰ੍ਹਾਂ ਲਾਭ ਪ੍ਰਾਪਤ ਕਰੇਗਾ।

## ਸਕਾਟਿਸ਼ ਸੰਸਦ ਵਿੱਚ ਖਾਲਸੇ ਦਾ ਸਾਜਨਾ ਦਿਵਸ ਮਨਾਇਆ ਗਿਆ


ਗਲਾਸਗੋ, (ਹਰਜੀਤ ਸਿੰਘ ਪੁਆਦੜਾ)- ਸਕਾਟਲੈਂਡ ਸੰਸਦ 'ਚ ਪਹਿਲੀ ਸਿੱਖ ਸੰਸਦ ਬਣ ਕੇ ਇਤਿਹਾਸ ਰਚਣ ਵਾਲੀ ਸਕਾਟਿਸ਼ ਸੰਸਦ ਮੈਂਬਰ ਪੈਮ ਗੋਸਲ ਅਤੇ ਗਲਾਸਗੋ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਅਤੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਸਾਹਿਬ ਦੇ ਸਹਿਯੋਗ ਨਾਲ ਸਕਾਟਿਸ਼ ਸੰਸਦ ਹੌਲੀਰੁਡ ਐਡਨਬਰਾ 'ਚ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਉਹਾਰ ਬੀਤੇ ਦਿਨ ਮਨਾਇਆ ਗਿਆ। ਗਲਾਸਗੋ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਵੱਖ ਵੱਖ ਸਾਧਨਾਂ ਰਾਹੀਂ ਵਿਸਾਖੀ ਸਮਾਰੋਹ 'ਚ ਪਹੁੰਚੀਆਂ। ਵਿਸਾਖੀ ਸਮਾਰੋਹ ਦੀ ਸ਼ੁਰੂਆਤ ਅਰਦਾਸ ਨਾਲ ਕੀਤੀ। ਸਕਾਟਲੈਂਡ ਦੇ ਜੰਮਪਲ ਛੋਟੇ ਛੋਟੇ ਬੱਚਿਆਂ ਨੇ ਵਿਸਾਖੀ ਦੇ ਇਤਿਹਾਸ ਬਾਰੇ ਕਵਿਤਾਵਾਂ ਬੋਲੀਆਂ, ਸ਼ਬਦ ਗਾਏ ਅਤੇ ਗਿੱਧਾ-ਭੰਗੜਾ ਵੀ ਪੇਸ਼ ਕੀਤਾ। ਸਕਾਟਲੈਂਡ ਦੇ ਪਹਿਲੇ ਮੰਤਰੀ ਹਮਜਾ ਯੂਸਫ, ਸਕਾਟਿਸ਼ ਕੰਜਰਵੇਟਿਵ ਪਾਰਟੀ ਦੇ ਪ੍ਰਧਾਨ ਤੇ ਸਕਾਟਿਸ਼ ਮੈਂਬਰ ਪਾਰਲੀਮੈਂਟ ਡਗਲਸ ਰੌਸ, ਸਕਾਟਿਸ਼ ਲੇਬਰ ਪਾਰਟੀ ਤੋਂ ਸਕਾਟਿਸ਼ ਮੈਂਬਰ ਪਾਰਲੀਮੈਂਟ ਜੈਕੀ ਬੈਲੀ ਅਤੇ ਪਹਿਲੀ ਸਿੱਖ ਸਕਾਟਿਸ਼ ਮੈਂਬਰ ਪਾਰਲੀਮੈਂਟ ਪੈਮ ਗੋਸਲ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਸਮਾਰੋਹ 'ਚ ਵੱਖ ਵੱਖ ਪਾਰਟੀਆਂ ਦੇ ਸੰਸਦਾਂ ਅਤੇ ਗੋਰੇ ਗੋਰੀਆਂ ਨੇ ਵੀ ਸ਼ਿਰਕਤ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਖਾੜਾ ਗਲਾਸਗੋ ਦੇ ਨੌਜਵਾਨ ਬੱਚੇ ਬੱਚੀਆਂ ਨੇ ਢੋਲ ਦੀ ਤਾਲ 'ਤੇ ਗਤਕੇ ਦੇ ਜੌਹਰ ਦਿਖਾਏ। ਪੈਮ ਗੋਸਲ ਨੇ ਵਿਸਾਖੀ ਸਮਾਰੋਹ 'ਚ ਪਹੁੰਚਣ ਲਈ ਸੰਗਤਾਂ ਦਾ ਅਤੇ ਸਹਿਯੋਗ ਲਈ ਪਾਰਲੀਮੈਂਟ ਕਰਮਚਾਰੀਆਂ ਦਾ ਧੰਨਵਾਦ ਕੀਤਾ।


## ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਵੱਲੋਂ ਲੰਡਨ ਵਿੱਚ ਚੋਣ ਚਰਚਾ ਸਮਾਗਮ



ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਕਾਰਕੁੰਨ ਤੋਣ ਮਨੋਰਥ ਪੱਤਰ ਜਾਰੀ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਕਾਰਕੁੰਨਾਂ ਨੇ ਲੰਡਨ ਵਿੱਚ ਭਾਰਤ ਵਿੱਚ ਚੱਲ ਰਹੀਆਂ ਚੋਣਾਂ ਨੂੰ ਲੈ ਕੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਚੋਣ ਚਰਚਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਕਾਂਗਰਸ ਪਾਰਟੀ ਦੇ ਆਗੂਆਂ ਨੇ ਮੈਨੀਫੈਸਟੋ ਜਾਰੀ ਕਰਦਿਆਂ ਹਾਜ਼ਰ ਭਾਰਤੀਆਂ ਕਾਂਗਰਸ ਸਰਕਾਰ ਦੀਆਂ ਯੋਜਨਾਵਾਂ ਤੋਂ ਜਾਣੂ ਕਰਵਾਇਆ। ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਭਾਰਤ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਅਤੇ ਦੇਸ਼ ਦੇ ਵਿਕਾਸ ਲਈ ਕਾਂਗਰਸ ਵਚਨਵੱਧ ਹੈ। ਉਹਨਾ ਕਿਹਾ ਕਿ ਪੰਜਾਬ ਇਸ ਸਮੇਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਵਾਂ ਦੀਆਂ ਗਲਤ ਨੀਤੀਆਂ ਕਾਰਨ ਸਭ ਤੋਂ ਵੱਧ ਪ੍ਰੇਸ਼ਾਨੀਆਂ ਦਾ ਸਾਹ-ਮਣਾ ਕਰ ਰਿਹਾ ਹੈ। ਕਿਸਾਨ ਮੋਰਚਾ ਇਸ ਦਾ ਪ੍ਰਤੱਖ ਸਬੂਤ ਹੈ। ਇਸ ਮੌਕੇ ਲੰਡਨ, ਮਿਡਲੈਂਡ ਅਤੇ ਵੇਲਜ਼ ਤੋਂ ਕਾਂਗਰਸ ਪਾਰਟੀ ਦੇ ਪ੍ਰਤੀਨਿੱਧ ਪਹੁੰਚੇ ਹੋਏ ਸਨ ਜਿਹਨਾਂ ਵਿੱਚ ਗੁਰਮਿੰਦਰ ਕੌਰ ਰੰਧਾਵਾ, ਬਲਜਿੰਦਰ ਸਿੰਘ ਜੈਨਪੁਰੀਆ, ਸ਼ੀਰਾ ਸਿੰਘ ਔਲਖ, ਨਛੱਤਰ ਕਲਸੀ, ਰਸ਼ਪਾਲ ਸਿੰਘ ਪਾਲ਼ੀ ਸੰਘਾ, ਫ਼ਕੀਰ ਚੰਦ ਸਹੋਤਾ ਆਦਿ ਹਾਜ਼ਰ ਸਨ।

## ਨਿੱਝਰ ਬਾਰੇ ਰਿਪੋਰਟਿੰਗ ਕਰਨ ਤੋਂ ਨਾਰਾਜ਼ ਭਾਰਤ ਸਰਕਾਰ ਨੇ ਆਸਟਰੇਲਿਆਈ ਪੱਤਰਕਾਰ ਦਾ ਵੀਜ਼ਾ ਨਹੀਂ ਵਧਾਇਆ, ਛੱਡਣਾ ਪਿਆ ਦੇਸ਼



ਨਵੀਂ ਦਿੱਲੀ- ਆਸਟਰੇਲੀਅਨ ਪੱਤਰਕਾਰ ਨੇ ਅੱਜ ਦਾਅਵਾ ਕੀਤਾ ਕਿ ਭਾਰਤ ਸਰਕਾਰ ਵੱਲੋਂ ਵਰਕ ਵੀਜ਼ਾ ਵਧਾਉਣ ਤੋਂ ਇਨਕਾਰ ਕਰਨ ਮਗਰੋਂ ਉਸ ਨੂੰ ਭਾਰਤ ਛੱਡਣ ਲਈ ਮਜਬੂਰ ਕੀਤਾ ਗਿਆ। ਉਸ ਨੇ ਕਿਹਾ ਕਿ ਭਾਰਤ ਸਰਕਾਰ ਨੇ ਵਰਕ ਵੀਜ਼ਾ ਵਧਾਉਣ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਉਸ ਦੀਆਂ ਰਿਪੋਰਟਾਂ 'ਸੀਮਾਵਾਂ ਦੀ ਉਲੰਘਣਾ' ਹਨ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਦੱਖਣੀ ਏਸ਼ੀਆ ਬਿਊਰੋ ਦੀ ਮੁਖੀ ਅਵਨੀ ਡਾਇਸ ਨੇ ਕਿਹਾ ਕਿ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਰਿਪੋਰਟਿੰਗ 'ਤੇ ਭਾਰਤ ਸਰਕਾਰ ਵੱਲੋਂ ਇਤਰਾਜ਼ ਕਰਨ ਬਾਅਦ ਲੋਕ ਸਭਾ ਚੋਣਾਂ ਵਾਲੇ ਦਿਨ 19 ਅਪਰੈਲ ਨੂੰ ਉਸ ਨੂੰ ਭਾਰਤ ਛੱਡਣਾ ਪਿਆ।

## ਬਾਬਾ ਰਾਮਦੇਵ ਦੀ ਸੰਸਥਾ 'ਪਤੰਜਲੀ' ਨੇ ਜਨਤਕ ਤੌਰ 'ਤੇ ਮੰਗੀ ਮੁਆਫੀ, ਕਿਹਾ ਅਜਿਹੀ ਗਲਤੀ ਮੁੜ ਨਹੀਂ ਹੋਵੇਗੀ



ਪਤੰਜਲੀ ਆਯੁਰਵੇਦ ਦੇ ਗੁੰਮਰਾਹਕੁੰਨ ਇਸ਼ਤਿਹਾਰ ਮਾਮਲੇ ਵਿੱਚ ਮੰਗਲਵਾਰ (23 ਅਪ੍ਰੈਲ) ਨੂੰ ਸੁਪਰੀਮ ਕੋਰਟ ਵਿੱਚ ਸੁਣਵਾਈ ਹੋ ਰਹੀ ਹੈ। ਯੋਗ ਗੁਰੂ ਬਾਬਾ ਰਾਮਦੇਵ ਇਸ ਮਾਮਲੇ ਦੀ ਸੁਣਵਾਈ ਵਿੱਚ ਹਿੱਸਾ ਲੈਣ ਲਈ ਅਦਾਲਤ ਵਿੱਚ ਪਹੁੰਚ ਗਏ ਹਨ। ਇਸ ਦੇ ਨਾਲ ਹੀ ਅਦਾਲਤ 'ਚ ਆਉਣ ਤੋਂ ਪਹਿਲਾਂ ਬਾਬਾ ਰਾਮਦੇਵ ਦੀ ਸੰਸਥਾ ਪਤੰਜਲੀ ਨੇ ਜਨਤਕ ਮੁਆਫੀ ਮੰਗੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਵਿੱਖ ਵਿਚ ਗੁੰਮਰਾਹਕੁੰਨ ਇਸ਼ਤਿਹਾਰ ਦੇਣ ਵਰਗੀਆਂ ਗਲਤੀਆਂ ਦੁਬਾਰਾ ਨਹੀਂ ਕੀਤੀਆਂ ਜਾਣਗੀਆਂ। ਕੰਪਨੀ ਨੇ ਕਿਹਾ ਹੈ ਕਿ ਉਹ ਅਦਾਲਤ ਦੀ ਮਰਿਆਦਾ ਨੂੰ ਵੀ ਕਾਇਮ ਰੱਖੇਗੀ।ਜਨਤਕ ਮਾਫੀਨਾਮਾ ਵਿੱਚ ਪਤੰਜਲੀ ਆਯੁਰਵੇਦ ਨੇ ਸੁਪਰੀਮ ਕੋਰਟ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਅਦਾਲਤ ਅਤੇ ਸੰਵਿਧਾਨ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਆਪਣੀ ਵਚਨਬੱਧਤਾ ਉੱਤੇ ਕਾਇਮ ਹੈ। ਜਨਤਕ ਮੁਆਫੀਨਾਮੇ 'ਚ ਬਾਬਾ ਰਾਮਦੇਵ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ 'ਚ ਬਿਆਨ ਦੇਣ ਤੋਂ ਬਾਅਦ ਵੀ ਪਤੰਜਲੀ ਦਾ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਅਤੇ ਪ੍ਰੈੱਸ ਕਾਨਫਰੰਸ ਆਯੋਜਿਤ ਕਰਨ 'ਤੇ ਮੁਆਫੀ ਮੰਗੀ ਹੈ।

# ਸੁਖਬੀਰ ਤੋਂ ਨਰਾਜ਼ ਢੀਂਡਸਾ ਗਰੁੱਪ ਅਕਾਲੀ ਦਲ ਦਾ ਸਿਆਸੀ ਨੁਕਸਾਨ ਕਰਨ ਲਈ ਉਤਾਰੂ

**✪ ਮਜੀਠੀਆ ਵੀ ਅੰਦਰਖਾਤੇ ਢੀਂਡਸਾ ਗਰੁਪ ਦੇ ਹੱਕ ਵਿਚ, ਧੜੇਬੰਦੀ ਤਿੱਖੀ ਹੋਣ ਲਗੀ ! ✪ ਵਿਜੈ ਸਾਂਪਲਾ ਭਾਜਪਾ ਦੇ ਦਬਾਅ ਕਾਰਣ ਬਾਦਲ ਦਲ ਵਿਚ ਸ਼ਾਮਲ ਨਾ ਹੋਏ ✪ ਜਲੰਧਰ ਤੋਂ ਕਾਂਗਰਸ ਤੋਂ ਨਰਾਜ਼ ਕੇਪੀ ਅਕਾਲੀ ਦਲ ਦੇ ਉਮੀਦਵਾਰ**

ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦਾ ਸਿਆਸੀ ਪਿੜ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਦਲ ਬਦਲੀ ਦੀਆਂ ਕਨਸੋਆਂ ਹਰ ਪਾਰਟੀ ਤੋਂ ਆ ਰਹੀਆਂ ਹਨ। ਉੱਧਰ ਬੀਜੇਪੀ ਦੇ ਟਕਸਾਲੀ ਆਗੂ ਵਿਜੇ ਸਾਂਪਲਾ ਟਿਕਟ ਨਾ ਮਿਲਣ ਕਰਕੇ ਰਸਤਾ ਬਦਲਣ ਦੀ ਤਿਆਰੀ ਕਰ ਰਹੇ ਸਨ। ਸੂਤਰਾਂ ਤੋਂ ਪਤਾ ਲਗਾ ਹੈ ਕਿ ਭਾਜਪਾ ਦੇ ਦਬਾਅ ਕਾਰਣ ਉਨ੍ਹਾਂ ਅਕਾਲੀ ਦਲ ਵਿਚ ਸ਼ਾਮਲ ਹੋਣ ਤੋਂ ਪਾਸਾ ਵਟ ਲਿਆ ਹੈ। ਭਾਜਪਾ ਪੰਜਾਬ ਆਗੂ ਸਾਂਪਲਾ ਨੂੰ ਮਨਾਉਣ ਵਿਚ ਸਫਲ ਹੋਏ ਹਨ। ਅਕਾਲੀ ਦਲ ਜੋ ਵਿਜੈ ਸਾਂਪਲਾ ਨੂੰ ਅਕਾਲੀ ਦਲ ਵਿਚ ਲਿਆਉਣ ਲਈ ਪਬਾਂ ਭਾਰ ਸੀ, ਪਰ ਉਸਨੂੰ ਨਿਰਾਸ਼ਤਾ ਹੋਈ ਹੈ।

ਜਲੰਧਰ ਤੋਂ ਸਾਬਕਾ ਵਿਧਾਇਕ ਤੇ ਦਲਿਤ ਆਗੂ ਪਵਨ ਟੀਨੂੰ ਵਲੋਂ ਆਪ ਪਾਰਟੀਆਂ ਵਿਚ ਛਾਲ ਮਾਰਨ ਤੇ ਜਲੰਧਰ ਲੋਕ ਸਭਾ ਹਲਕੇ ਤੋਂ ਆਪ ਵਲੋਂ ਉਮੀਦਵਾਰ ਬਣਨ ਤੋਂ ਬਾਅਦ ਅਕਾਲੀ ਦਲ ਨੂੰ ਜਲੰਧਰ ਤੋਂ ਬਾਕੀ ਸਿਆਸੀ ਪਾਰਟੀਆਂ ਵਾਂਗ ਧਾਕੜ ਉਮੀਦਵਾਰ ਨਹੀਂ ਮਿਲਿਆ। ਜ਼ਿਕਰਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਚਰਨਜੀਤ ਸਿੰਘ ਚੰਨੀ, ਭਾਜਪਾ ਸੁਸ਼ੀਲ ਰਿੰਕੂ ਤੇ ਆਪ ਪਾਰਟੀ ਪਵਨ ਕੁਮਾਰ ਟੀਨੂੰ ਨੂੰ ਆਪਣਾ ਉਮੀਦਵਾਰ ਐਲਾਨ ਚੁੱਕੀ ਹੈ। ਆਖਿਰ ਬਾਦਲ ਦਲ ਨੂੰ ਜਲੰਧਰ ਤੋਂ ਕਾਂਗਰਸ ਵਲੋਂ ਟਿਕਟ ਨਾ ਦੇਣ ਕਾਰਣ ਨਰਾਜ਼ ਸਾਬਕਾ ਕੈਬਨਿਟ ਮੰਤਰੀ ਤੇ ਸਾਬਕਾ ਸੰਸਦ ਮੈਂਬਰ ਮਹਿੰਦਰ ਕੇਪੀ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਕੇ ਜਲੰਧਰ ਸੀਟ ਤੋਂ ਉਮੀਦਵਾਰ ਅਪਨਾਉਣਾ ਪਿਆ।

ਸ਼੍ਰੋਮਣੀ ਅਕਾਲੀ ਦਲ ਨੇ ਹੁਣੇ ਜਿਹੇ ਪੰਜਾਬ ਦੀਆਂ 5 ਤੇ ਚੰਡੀਗੜ੍ਹ ਦੀ ਲੋਕ ਸਭਾ ਸੀਟ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਮਹਿੰਦਰ ਸਿੰਘ ਕੇਪੀ ਜਲੰਧਰ, ਹਰਸਿਮਰਤ ਕੌਰ ਬਾਦਲ ਬਠਿੰਡਾ, ਸੋਹਣ ਸਿੰਘ ਠੰਡਲ ਹੁਸ਼ਿਆਰਪੁਰ, ਰਣਜੀਤ ਸਿੰਘ ਢਿੱਲੋਂ ਲੁਧਿਆਣਾ, ਨਰਦੇਵ ਸਿੰਘ ਬੌਬੀ ਮਾਨ ਫ਼ਿਰੋਜ਼ਪੁਰ ਤੇ ਹਰਦੇਵ ਸੈਣੀ ਚੰਡੀਗੜ੍ਹ ਤੋਂ ਉਮੀਦਵਾਰ ਹੋਣਗੇ।

ਮਲੂਕਾ ਪਰਿਵਾਰ ਬੀਬਾ ਹਰਸਿਮਰਤ ਕੌਰ ਬਾਦਲ ਦੀ ਬਠਿੰਡਾ ਸੀਟ ਤੋਂ ਚੁਣੌਤੀ ਬਣ ਗਿਆ।ਮਲੂਕਾ ਪਰਿਵਾਰ ਦੇ ਨੂੰਹ-ਪੁੱਤਰ ਦੀ ਬੀਤੇ ਦਿਨੀਂ ਭਾਜਪਾ ਵਿੱਚ ਸ਼ਮੂਲੀਅਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ ਹੈ। ਭਾਜਪਾ ਵੱਲੋਂ ਪਰਮਪਾਲ ਕੌਰ ਨੂੰ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਉਤਾਰ ਦਿਤਾ ਹੈ।

ਇਹ ਵੀ ਸੱਚ ਹੈ ਕਿ ਮਲੂਕਾ ਪਰਿਵਾਰ ਦਾ ਬਠਿੰਡਾ ਹਲਕੇ ਵਿਚ ਚੋਖਾ ਆਧਾਰ ਹੈ। ਪਿੰਡ ਮਲੂਕਾ ਜ਼ਿਲ੍ਹਾ ਬਠਿੰਡਾ ਵਿਚਲੇ ਵਿਧਾਨ ਸਭਾ ਹਲਕਾ ਰਾਮਪੁਰਾ ਅਧੀਨ ਆਉਂਦਾ ਹੈ। ਰੌਚਿਕ ਪਹਿਲੂ ਇਹ ਕਿ ਰਾਮਪੁਰਾ ਹਲਕਾ ਲੋਕ ਸਭਾ ਹਲਕੇ ਫ਼ਰੀਦਕੋਟ ਵਿੱਚ ਹੋਣ ਕਰਕੇ ਫ਼ਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਵੀ ਵੱਡਾ ਫਾਇਦਾ ਮਿਲਣ ਦੇ ਆਸਾਰ ਬਣ ਸਕਦੇ ਹਨ।

ਇਥੇ ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਅਕਾਲੀ ਦਲ ਵਲੋਂ ਪ੍ਰਕਾਸ਼ ਸਿੰਘ ਬਾਦਲ ਦੀ ਗ਼ੈਰ ਹਾਜ਼ਰੀ ਵਿਚ ਪਹਿਲੀ ਵਾਰ ਲੋਕ ਸਭਾ ਚੋਣਾਂ ਲੜੀਆਂ ਜਾ ਰਹੀਆਂ ਹਨ। ਅਕਾਲੀ ਦਲ ਦਾ ਭਾਜਪਾ ਨਾਲੋਂ ਟੁੱਟ ਕੇ ਚੋਣ ਲੜਨ ਤੋਂ ਪਹਿਲਾਂ ਹੀ ਬਹੁਤ ਸਾਰੇ ਸੀਨੀਅਰ ਅਕਾਲੀ ਆਗੂ ਭਾਜਪਾ ਵਿਚ ਸ਼ਾਮਲ ਹੋ ਚੁਕੇ ਹਨ। ਦਿੱਲੀ ਅਤੇ ਹਰਿਆਣੇ ਦੀਆਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੇ ਅਕਾਲੀ ਦਲ ਦੇ ਵਿਰੋਧ ਵਿਚ ਭਾਜਪਾ ਦਾ ਸਮਰਥਨ ਕਰਨ ਦਾ ਐਲਾਨ ਕਰ ਦਿਤਾ ਹੈ। ਕਿਸਾਨ ਜਥੇਬੰਦੀਆਂ ਨਾਰਾਜ਼ ਹਨ, ਭਾਜਪਾ ਅਤੇ ਬਸਪਾ ਨਾਲ ਗਠਜੋੜ ਟੁੱਟ ਗਿਆ ਹੈ, ਸਿੱਖ ਚਿੰਤਕ ਅਤੇ ਪੰਥ ਦਰਦੀ ਵੀ ਬਾਦਲ ਪਰਿਵਾਰ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ

ਉਧਰ ਅਕਾਲੀ ਦਲ ਬਾਦਲ ਵਲੋਂ ਲੋਕ ਸਭਾ ਹਲਕਾ ਸੰਗਰੂਰ ਦੀ ਐਲਾਨੀ ਗਈ ਸੀਟ ਪਾਰਟੀ ਲਈ ਮੁਸੀਬਤ ਦਾ ਸਬੱਬ ਬਣਦੀ ਪ੍ਰਤੀਤ ਹੋ ਰਹੀ ਹੈ। ਰਾਜਨੀਤਕ ਅਤੇ ਪੰਥਕ ਹਲਕੇ ਮਹਿਸੂਸ ਕਰਦੇ ਹਨ ਕਿ ਸੁਖਬੀਰ ਸਿੰਘ ਬਾਦਲ ਵਲੋਂ ਖ਼ੁਦ ਸੁਖਦੇਵ ਸਿੰਘ ਢੀਂਡਸਾ ਦੇ ਘਰ ਪਹੁੰਚ ਕਰ ਕੇ ਮਸਲਾ ਹੱਲ ਕਰਨ ਵਿਚ ਅਸਫ਼ਲ ਰਹਿਣ ਦਾ ਕਾਰਨ ਕਿਤੇ ਪੰਜਾਬ ਵਿਧਾਨ ਸਭਾ ਦੀਆਂ 2002 ਦੀਆਂ ਚੋਣਾਂ ਦੀ ਤਰ੍ਹਾਂ ਨਵਾਂ ਸੰਕਟ ਖੜ੍ਹਾ ਨਾ ਕਰ ਦੇਵੇ, ਕਿਉਂਕਿ ਮਾਮੂਲੀ ਜਿਹੀ ਨਰਾਜ਼ਗੀ ਦੇ ਚਲਦਿਆਂ 30 ਜਨਵਰੀ 2002 ਨੂੰ ਹੋਈਆਂ ਪੰਜਾਬ ਵਿਧਾਨ ਸਭਾ ਚੋਣਾ ਵਿਚ ਗੁਰਚਰਨ ਸਿੰਘ ਟੋਹੜਾ ਨੇ ਆਪਣਾ ਸਰਬਹਿੰਦ ਅਕਾਲੀ ਦਲ ਬਣਾ ਕੇ ਬਾਦਲ ਦਲ ਦੇ ਸਮਰੱਥ ਉਮੀਦਵਾਰਾਂ ਵਿਰੁਧ ਆਪਣੀ ਪਾਰਟੀ ਦੇ ਉਮੀਦਵਾਰ ਖੜੇ ਕੀਤੇ ਸਨ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਬਣੀ ਤੇ ਪ੍ਰਕਾਸ਼ ਸਿੰਘ ਬਾਦਲ ਅਕਸਰ ਕਹਿੰਦੇ ਰਹੇ ਕਿ ਜੇਕਰ ਗੁਰਚਰਨ ਸਿੰਘ ਟੋਹੜਾ ਦੀ ਪਾਰਟੀ ਅੜਿੱਕਾ ਨਾ ਬਣਦੀ ਅਰਥਾਤ ਵੋਟ ਗਣਿਤ ਨਾ ਵਿਗਾੜਦੀ ਤਾਂ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਦੁਬਾਰਾ ਬਣਨੀ ਤਹਿ ਸੀ। ਇਸੇ ਤਰ੍ਹਾਂ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰਾਂ ਲਈ ਢੀਂਡਸਾ ਧੜੇ ਦੇ ਆਗੂ ਮੁਸੀਬਤ ਪੈਦਾ ਕਰ ਸਕਦੇ ਹਨ। ਬਿਨਾਂ ਸ਼ੱਕ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਹਲਕਾ ਸੰਗਰੂਰ ਦੀ ਸੀਟ ਤੋਂ ਢੀਂਡਸਾ ਪਰਿਵਾਰ ਲਾਂਭੇ ਕਰ ਕੇ ਖ਼ੁਦ ਲਈ ਸੰਕਟ ਸਹੇੜ ਲਿਆ ਹੈ, ਕਿਉਂਕਿ ਦੁਬਾਰਾ ਫਿਰ ਸੁਖਬੀਰ ਬਾਦਲ ਨਾਲ ਨਾਰਾਜ਼ ਹੋਏ ਅਕਾਲੀ ਆਗੂ ਢੀਂਡਸਿਆਂ ਦੇ ਹੱਕ ਵਿਚ ਜੁੜਨੇ ਸ਼ੁਰੂ ਹੋ ਗਏ ਹਨ। ਮੀਟਿੰਗ ਰਾਹੀਂ ਫੈਸਲਾ ਕੀਤਾ ਗਿਆ ਹੈ ਕਿ ਸੰਗਰੂਰ ਲੋਕ ਸਭਾ ਹਲਕੇ ਤੋਂ




ਟਿਕਟ ਨਾ ਮਿਲਣ ’ਤੇ ਢੀਂਡਸਾ ਪਰਿਵਾਰ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨਾਲ ਨਹੀਂ ਤੁਰੇਗਾ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪਰਮਿੰਦਰ ਸਿੰਘ ਢੀਂਡਸਾ ਨੂੰ ਚੋਣ ਲੜਨ ਲਈ ਭਾਜਪਾ ਅਤੇ ਕਾਂਗਰਸ ਵਲੋਂ ਵੀ ਪੇਸ਼ਕਸ਼ ਆਈ ਸੀ ਪਰ ਉਨ੍ਹਾਂ ਅਕਾਲੀ ਦਲ ਛੱਡ ਕੇ ਕਿਸੇ ਹੋਰ ਪਾਰਟੀ ਤੋਂ ਚੋਣ ਲੜਨ ਲਈ ਸਾਫ ਇਨਕਾਰ ਕਰ ਦਿੱਤਾ। ਢੀਂਡਸਾ ਨੇ ਦੱਸਿਆ ਕਿ ਕੁੱਝ ਅਕਾਲੀ ਆਗੂਆਂ ਵਲੋਂ ਉਨ੍ਹਾਂ ਨੂੰ ਇਹ ਵੀ ਪੇਸ਼ਕਸ਼ ਕੀਤੀ ਗਈ ਸੀ ਕਿ ਕਿਉਂ ਨਾ ਸੰਗਰੂਰ ਤੋਂ ਐਲਾਨੇ ਗਏ ਅਕਾਲੀ ਉਮੀਦਵਾਰ ਨੂੰ ਬਦਲ ਕੇ ਪਰਮਿੰਦਰ ਸਿੰਘ ਢੀਂਡਸਾ ਨੂੰ ਉਮੀਦਵਾਰ ਐਲਾਨ ਦਿੱਤਾ ਜਾਵੇ ਪਰ ਉਨ੍ਹਾਂ ਇਸ ਪੇਸ਼ਕਸ਼ ਨੂੰ ਵੀ ਨਾਮਨਜ਼ੂਰ ਕਰ ਦਿੱਤਾ। ਬੀਤੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਢੀਂਡਸਾ ਪਰਿਵਾਰ ਦੀ ਚੰਡੀਗੜ੍ਹ ਰਿਹਾਇਸ਼ ਵਿਖੇ ਪਾਈ ਗਈ ਫੇਰੀ ਬਾਰੇ ਗੱਲ ਕਰਦਿਆਂ ਢੀਂਡਸਾ ਨੇ ਕਿਹਾ ਕਿ ਉਸ ਦਿਨ ਸੁਖਬੀਰ ਉਨ੍ਹਾਂ ਦੇ ਘਰ ਆ ਕੇ ਮੁਆਫ਼ੀ ਮੰਗ ਕੇ ਗਿਆ ਹੈ ਪਰ ਸੁਖਬੀਰ ਵਲੋਂ ਉਨ੍ਹਾਂ ਦਾ ਵਿਸ਼ਵਾਸ ਤੋੜਿਆ ਗਿਆ ਹੈ।


ਉਧਰ ਬਿਕਰਮਜੀਤ ਸਿੰਘ ਮਜੀਠੀਆ, ਬੀਬੀ ਜਗੀਰ ਕੌਰ, ਮਨਪ੍ਰੀਤ ਸਿੰਘ ਇਆਲੀ, ਸੁਖਦੇਵ ਸਿੰਘ ਢੀਂਡਸਾ ਦੇ ਹੱਕ ਵਿਚ ਹਨ ਤੇ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਪਾਰਟੀ ਦੀ ਟਿਕਟ ਦੇਣੀ ਚਾਹੀਦੀ ਸੀ। ਇਸਤਰ੍ਹਾਂ ਅਕਾਲੀ ਦਲ ਵਿਚ ਧੜੇਬੰਦੀ ਬਾਦਲ ਪਰਿਵਾਰ ਵਿਰੁਧ ਮਜਬੂਤ ਹੋਣ ਲਗੀ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਵਰਤਮਾਨ ਲੋਕ ਸਭਾ ਚੋਣਾਂ ਵਿਚ ਬਾਦਲ ਦਲ ਲਈ ਦਿੱਲੀ ਦੂਰ ਹੀ ਮੰਨੀ ਜਾ ਰਹੀ ਹੈ। ਪੰਥਕ ਹਲਕਿਆਂ ਮੁਤਾਬਿਕ ਢੀਂਡਸਾ ਧੜੇ ਦਾ ਬਾਦਲ ਦਲ ਨਾਲ ਗਠਜੋੜ ਸਿਰਫ਼ ਅਆਪਣੇ ਨਿੱਜ ਜਾਂ ਕੁਰਸੀ ਹਥਿਆਉਣ ਦੇ ਲਾਲਚ ਤਕ ਸੀਮਤ ਹੈ, ਇਸ ਵਿਚ ਪੰਥ ਜਾਂ ਪੰਜਾਬ ਦੇ ਭਲੇ ਜਾਂ ਤਰੱਕੀ ਲਈ ਕੋਈ ਯੋਜਨਾ ਜਾਂ ਏਜੰਡਾ ਵਿਖਾਈ ਨਹੀਂ ਦੇ ਰਿਹਾ, ਜਿਸ ਕਰਕੇ ਢੀਂਡਸਾ ਧੜੇ ਨਾਲ ਰਲੇਵਾਂ ਅਤੇ ਮਹਿਜ਼ ਇਕ ਸੀਟ ਪਿੱਛੇ ਤੋੜ ਵਿਛੋੜਾ ਵਾਲੀਆਂ ਘਟਨਾਵਾਂ ਨੇ ਪੰਜਾਬ ਅਤੇ ਪੰਥਦਰਦੀਆਂ ਨੂੰ ਨਿਰਾਸ਼ ਹੀ ਕੀਤਾ ਹੈ।

ਆਖਰ ਪਿਛਲੇ ਸਮੇਂ ਦੌਰਾਨ ਅਜਿਹਾ ਕੀ ਵਾਪਰਿਆ ਕਿ ਪਾਰਟੀ ਦੇ ਕੱਦਾਵਰ ਆਗੂ ਇਕ-ਇਕ ਕਰਕੇ ਪਾਰਟੀ ਤੋਂ ਦੂਰ ਹੁੰਦੇ ਗਏ, ਇਹ ਇਕ ਅਜਿਹਾ ਸਵਾਲ ਹੈ, ਜਿਸ ਦਾ ਜਵਾਬ ਪਾਰਟੀ ਹਾਈਕਮਾਨ ਨੂੰ ਇਕ ਨਾ ਇਕ ਦਿਨ ਜ਼ਰੂਰ ਦੇਣਾ ਪਵੇਗਾ। ਸਿਆਸੀ ਮਾਹਿਰਾਂ ਵਲੋਂ ਇਹ ਸਮਾਂ ਪਾਰਟੀ ਹਾਈਕਮਾਨ ਲਈ ਜਿੱਥੇ ਸਵੈ ਮੰਥਨ ਕਰਨ ਵਾਲਾ ਦੱਸਿਆ ਜਾ ਰਿਹਾ ਹੈ ਉੱਥੇ ਪਾਰਟੀ ਲਈ ਬਣੇ ਮੌਜੂਦਾ ਹਾਲਾਤ ਲਈ ਜ਼ਿੰਮੇਵਾਰ ਕਾਰਨਾਂ ਦਾ ਵੀ ਪਤਾ ਲਗਾ ਕੇ ਉਨ੍ਹਾਂ ਦੇ ਹੱਲ ਲਈ ਵੀ ਯਤਨ ਕਰਨ ਦੀ ਲੋੜ ਹੈ। ਅਜਿਹੇ ਵਿਚ ਆਉਣ ਵਾਲਾ ਸਮਾਂ ਪਾਰਟੀ ਲਈ ਕੋਈ ਬਹੁਤਾ ਵਧੀਆ ਨਹੀਂ ਦੱਸਿਆ ਜਾ ਰਿਹਾ ਤੇ ਜੇਕਰ ਪਾਰਟੀ ਹਾਈਕਮਾਨ ਨੇ ਮੌਕਾ ਨਾ ਸੰਭਾਲਿਆ ਤਾਂ ਅਕਾਲੀ ਦਲ ਨੂੰ ਵਡਾ ਨੁਕਸਾਨ ਹੋ ਸਕਦਾ ਹੈ।

## ਰਿੰਦਾ ਨੇ ਆੜ੍ਹਤੀ ਤੋਂ ਮੰਗੀ ਪੰਜ ਕਰੋੜ ਦੀ ਫ਼ਿਰੌਤੀ

**✪ ਪੈਸੇ ਨਾ ਦੇਣ ’ਤੇ ਪਰਿਵਾਰ ਦੇ ਕਤਲ ਕਰਨ ਦੀ ਦਿੱਤੀ ਧਮਕੀ**



ਅੰਮ੍ਰਿਤਸਰ-ਪਾਕਿਸਤਾਨ ਵਿਚ ਬੈਠੇ ਗੈਂਗਸਟਰ ਹਰਵਿੰਦਰ ਸਿੰਘ ਉਰਫ ਰਿੰਦਾ ਵੱਲੋਂ ਮੋਬਾਈਲ ਫੋਨ ਜ਼ਰੀਏ ਫ਼ਿਰੌਤੀ ਮੰਗਣ ਦਾ ਸਿਲਸਿਲਾ ਨਹੀਂ ਰੁਕ ਰਿਹਾ। ਹੁਣ ਰਿੰਦਾ ਨੇ ਵ੍ਹਟਸਐਪ ਕਾਲ ਜ਼ਰੀਏ ਰਮਦਾਸ ਵਾਸੀ ਆੜ੍ਹਤੀ ਸੁਰਜੀਤ ਸਿੰਘ ਨੂੰ ਪੰਜ ਕਰੋੜ ਰੁਪਏ ਦੇਣ ਦੀ ਧਮਕੀ ਦਿੱਤੀ ਹੈ। ਫ਼ਿਲਹਾਲ ਪੁਲਿਸ ਨੇ ਜਾਂਚ ਤੋਂ ਬਾਅਦ ਰਿੰਦਾ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਹਾਲਾਂਕਿ ਘਟਨਾ ਸਬੰਧੀ ਪੁਲਿਸ ਦੇ ਉੱਚ ਅਧਿਕਾਰੀ ਕੁਝ ਨਹੀਂ ਦੱਸ ਰਹੇ।

ਉੱਧਰ, ਪੁਲਿਸ ਅਧਿਕਾਰੀਆਂ ਨੇ ਆੜ੍ਹਤੀ ਦੀ ਸੁਰੱਖਿਆ ਵਧਾ ਦਿੱਤੀ ਹੈ। ਇਸ ਬਾਰੇ ਡੀਜੀਪੀ ਦਫ਼ਤਰ ਨੂੰ ਵੀ ਮੇਲ ਕੀਤੀ ਗਈ ਹੈ।

# ਗੈਰ ਕਾਨੂੰਨੀ ਢੰਗ ਨਾਲ ਯੂ ਕੇ ਆਉਣ ਵਾਲੇ ਲੋਕਾਂ ਨੂੰ ਰੋਕਣ ਲਈ ਰਵਾਂਡਾ ਬਿੱਲ ਪਾਸ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਹਾਊਸ ਆਫ ਲਾਰਡ ਨੇ ਬੀਤੇ ਕੱਲ ਰਵਾਂਡਾ ਸ਼ਰਨਾਰਥੀ ਬਿੱਲ ਪਾਸ ਕਰ ਦਿੱਤਾ ਹੈ। ਇਸ ਬਿੱਲ ਦੇ ਤਹਿਤ ਬਰਤਾਨਵੀ ਸਰਕਾਰ ਗੈਰ-ਕਾਨੂੰਨੀ ਤਰੀਕੇ ਨਾਲ ਬਰਤਾਨੀਆਂ ਆਉਣ ਵਾਲੇ ਲੋਕਾਂ ਨੂੰ ਅਫਰੀਕੀ ਦੇਸ਼ ਰਵਾਂਡਾ ਭੇਜੇਗੀ। ਇਹ ਬਿੱਲ ਪਿਛਲੇ ਦੋ ਸਾਲਾਂ ਤੋਂ ਲਟਕਿਆ ਹੋਇਆ ਸੀ ਅਤੇ ਇਸ ਨੂੰ ਅਦਾਲਤ ਵਿੱਚ ਚੁਣੌਤੀ ਵੀ ਦਿੱਤੀ ਗਈ ਸੀ। ਪਰ ਹੁਣ ਇਹ ਬਿੱਲ ਕਾਨੂੰਨ ਬਣਨ ਜਾ ਰਿਹਾ ਹੈ। ਬਰਤਾਨੀਆਂ ਦੇ ਗ੍ਰਹਿ ਮੰਤਰੀ ਜੇਮਸ ਕਲੀਵਰਲੇ ਨੇ ਕਿਹਾ ਕਿ ਰਵਾਂਡਾ ਬਿੱਲ ਨੂੰ ਸੰਸਦ ਨੇ ਪਾਸ ਹੋ ਗਿਆ ਹੈ ਅਤੇ ਕੁਝ ਦਿਨਾਂ 'ਚ ਕਾਨੂੰਨ ਬਣ ਜਾਵੇਗਾ।**

ਰਵਾਂਡਾ ਸ਼ਰਨਾਰਥੀ ਬਿੱਲ ਗੈਰ-ਕਾਨੂੰਨੀ ਤੌਰ 'ਤੇ ਖਾਸ ਤੌਰ 'ਤੇ ਛੋਟੀਆਂ ਕਿਸ਼ਤੀਆਂ ਰਾਹੀਂ ਯੂ.ਕੇ ਆਉਣ ਵਾਲੇ ਸ਼ਰਨਾਰਥੀਆਂ ਨੂੰ ਰੋਕਣ ਲਈ ਪੇਸ਼ ਕੀਤਾ ਗਿਆ ਸੀ। ਇਸ ਬਿੱਲ ਦੇ ਤਹਿਤ ਯੂ ਕੇ ਸਰਕਾਰ ਗੈਰ-ਕਾਨੂੰਨੀ ਤਰੀਕੇ ਨਾਲ ਬਰਤਾਨੀਆਂ ਆਉਣ ਵਾਲੇ ਸ਼ਰਨਾਰਥੀਆਂ ਨੂੰ ਰਵਾਂਡਾ ਭੇਜੇਗੀ। ਇਹ ਸ਼ਰਨਾਰਥੀ ਬਰਤਾਨਵੀ ਨਾਗਰਿਕਤਾ ਲਈ ਅਰਜੀ ਦੇ ਸਕਣਗੇ। ਜਿਨ੍ਹਾਂ ਦੀਆਂ ਅਰਜ਼ੀਆਂ ਪ੍ਰਵਾਨ ਕਰ ਲਈਆਂ ਜਾਣਗੀਆਂ, ਉਨ੍ਹਾਂ ਨੂੰ ਬਰਤਾਨੀਆਂ ਬੁਲਾਇਆ ਜਾਵੇਗਾ ਅਤੇ ਨਾਗਰਿਕਤਾ ਦਿੱਤੀ ਜਾਵੇਗੀ। ਜਿਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਉਹ ਜਾਂ ਤਾਂ ਰਵਾਂਡਾ ਵਿੱਚ ਸੈਟਲ ਹੋਣ ਲਈ ਅਰਜ਼ੀ ਦੇ ਸਕਣਗੇ ਜਾਂ ਕਿਸੇ ਤੀਜੇ ਦੇਸ਼ ਵਿੱਚ ਸ਼ਰਣ ਲੈਣ ਦੇ ਯੋਗ ਹੋਣਗੇ।

ਬਰਤਾਨਵੀ ਸਰਕਾਰ ਨੇ 2023 ਦੇ ਅੰਤ ਤੱਕ ਰਵਾਂਡਾ ਨੂੰ 24 ਕਰੋੜ ਪੌਂਡ ਦਾ ਭੁਗਤਾਨ ਕੀਤਾ ਹੈ ਅਤੇ ਪੰਜ ਸਾਲਾਂ ਲਈ ਕੁੱਲ ਭੁਗਤਾਨ 37 ਕਰੋੜ ਪੌਂਡ ਦਾ ਹੋਵੇਗਾ। ਯੂ ਕੇ ਰਵਾਂਡਾ ਭੇਜੇ ਗਏ ਹਰੇਕ ਵਿਅਕਤੀ ਲਈ 1.5 ਲੱਖ ਪੌਂਡ ਦਾ ਭੁਗਤਾਨ ਕਰੇਗਾ। ਜਦ ਕਿ ਸਰਕਾਰ ਬਰਤਾਨੀਆਂ ਵਿੱਚ ਸ਼ਰਨਾਰਥੀਆਂ 'ਤੇ ਸਾਲਾਨਾ ਚਾਰ ਅਰਬ ਪੌਂਡ ਖਰਚ ਕਰਦੀ ਹੈ।

2022 'ਚ ਗੈਰ-ਕਾਨੂੰਨੀ ਤਰੀਕੇ ਨਾਲ ਬਰਤਾਨੀਆਂ ਆਉਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ 45744 ਸੀ। ਜਦ ਕਿ ਕੁੱਲ ਸ਼ਰਨਾਰਥੀਆਂ ਦੀ ਗਿਣਤੀ 745000 ਹੈ। ਲੇਬਰ ਪਾਰਟੀ ਵੱਲੋਂ ਰਵਾਂਡਾ ਬਿੱਲ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਸੱਤਾ ਵਿੱਚ ਆਉਣ ਤੇ ਬਿੱਲ ਨੂੰ ਵਾਪਸ ਲੈਣ ਲਈ ਵੀ ਕਿਹਾ ਜਾ ਰਿਹਾ ਹੈ।

## ਪੰਥ ਅਤੇ ਪੰਜਾਬੀਅਤ ਦੇ ਹੱਕਾਂ ਹਿੱਤਾਂ ਲਈ ਸ੍ਰ: ਸਿਮਰਨਜੀਤ ਸਿੰਘ ਮਾਨ ਅਤੇ ਸਾਥੀਆਂ ਦਾ ਸਾਥ ਦੇਣ ਪੰਜਾਬ ਵਾਸੀ -ਅਕਾਲੀ ਦਲ (ਅ) ਯੂ. ਕੇ.


ਸ: ਸਿਮਰਨਜੀਤ ਸਿੰਘ ਮਾਨ

ਲੰਡਨ ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਬਹੁ-ਗਿਣਤੀ ਸਿਆਸੀ ਲੋਕ ਸਿਧਾਂਤਾਂ ਅਤੇ ਸੇਵਾ ਭਾਵ ਵਾਲੀ ਲੋਕ ਪੱਖੀ ਸੋਚ ਨੂੰ ਛੱਡ ਕੇ ਤਿੰਨ-ਤਿੰਨ, ਚਾਰ-ਚਾਰ ਵਾਰ ਦਲ ਬਦਲੀਆਂ ਕਰਕੇ ਕਿਸੇ ਵੀ ਕੀਮਤ ਉੱਪਰ ਸੱਤਾ ਹਥਿਆਉਣ ਲਈ ਤਤਪਰ ਹਨ। ਅਜੇਹੇ ਆਗੂਆਂ ਤੋਂ ਦੇਸ਼, ਸਮਾਜ, ਕੌਮ ਜਾਂ ਸੂਬੇ ਦੀ ਬਿਹਤਰੀ ਦੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ, ਕਿਉਂਕਿ ਗਲਤ ਢੰਗਾਂ ਨਾਲ ਪਦਾਰਥਵਾਦ ਦੇ ਭੰਡਾਰ ਇਕੱਠੇ ਕਰਨ ਜਾਂ ਸਿਆਸੀ ਚੌਧਰ ਨੂੰ ਕਾਇਮ ਰਖਣ ਲਈ ਹੀ ਇਹ ਲੋਕ ਦਲ ਬਦਲੀ ਕਰ ਰਹੇ ਹਨ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਕੇ ਦੇ ਪ੍ਰਧਾਨ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ, ਪ੍ਰਧਾਨ ਯੂਥ ਵਿੰਗ ਵਰਿੰਦਰਜੀਤ ਸਿੰਘ ਖਹਿਰਾ ਆਦਿ ਨੇ ਪ੍ਰਗਟ ਕੀਤੇ। ਉਹਨਾ ਕਿਹਾ ਕਿ ਸ੍ਰ: ਸਿਮਰਨਜੀਤ ਸਿੰਘ ਮਾਨ ਅਤੇ ਇਸ ਦੇ ਹਮਾਇਤੀ ਹਮੇਸ਼ਾਂ ਪੰਥ ਅਤੇ ਪੰਜਾਬ ਲਈ ਸੰਘਰਸ਼ ਕਰਦੇ ਆ ਰਹੇ ਹਨ ਅਤੇ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਇਹਨਾਂ ਦਾ ਸਾਥ ਦੇਣਾ ਚਾਹੀਦਾ ਹੈ।

## ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਬੇਟੀ ਜੀਵਨਜੋਤ ਕੌਰ ਸਿੱਧੂ ਦਾ 18ਵਾਂ ਜਨਮ ਦਿਨ ਸ੍ਰੀ ਗੁਰੂ ਸਿੰਘ ਸਭਾ ਵਿਖੇ ਮਨਾਇਆ




**ਤਸਵੀਰਾਂ: ਜੀਵਨਜੋਤ ਕੌਰ ਆਪਣੇ ਪਰਿਵਾਰ ਸਮੇਤ ਗੁਰੂ ਘਰ ਵੱਲੋਂ ਸਿਰੋਪਾਓ ਹਾਸਲ ਕਰਦੇ ਹੋਏ।** ***ਨੋਟ: ਹੋਰ ਤਸਵੀਰਾਂ ਰੰਗਦਾਰ ਪੰਨੇ ਤੇ ਦੇਖੋ***

ਸਾਊਥਾਲ (ਪੰਜਾਬ ਟਾਈਮਜ਼) – ਲਗਭੱਗ ਢਾਈ ਦਹਾਕਿਆਂ ਤੋਂ ਵੱਧ ਸਮੇਂ ਤੋਂ ਅਦਾਰਾ ਪੰਜਾਬ ਟਾਈਮਜ਼ ਦੇ ਪ੍ਰਤੀਨਿੱਧ ਅਤੇ ਪੱਤਰਕਾਰ ਵਜੋਂ ਵਿਚਰ ਰਹੇ ਅਤੇ ਅਜੀਤ ਜਲੰਧਰ ਦੇ ਪੱਤਰਕਾਰ ਸ: ਮਨਪ੍ਰੀਤ ਸਿੰਘ ਬੱਧਨੀ ਕਲਾਂ ਤੇ ਬੀਬੀ ਨਿਰਮਲਜੀਤ ਕੌਰ ਦੀ ਸਪੁੱਤਰੀ ਜੀਵਨਜੋਤ ਕੌਰ ਸਿੱਧੂ ਦਾ ਬੀਤੇ ਐਤਵਾਰ ਨੂੰ 18ਵਾਂ ਜਨਮ ਦਿਨ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਮਨਾਇਆ ਗਿਆ। ਮਨਪ੍ਰੀਤ ਸਿੰਘ ਬੱਧਨੀ ਕਲਾਂ ਦੇ ਭਰਾ ਸ: ਅਮਨਦੀਪ ਸਿੰਘ ਸਿੱਧੂ ਨੰਬਰਦਾਰ ਅਤੇ ਉਹਨਾਂ ਦੀ ਧਰਮ ਪਤਨੀ ਕੌਂਸਲਰ ਸੁਖਦੀਪ ਕੌਰ ਸਿੱਧੂ ਵਿਸ਼ੇਸ਼ ਤੌਰ ਤੇ ਜਨਮ ਦਿਨ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੋਣ ਲਈ ਪੰਜਾਬ ਤੋਂ ਯੂ ਕੇ ਪਹੁੰਚੇ ਅਤੇ ਆਪਣੀ ਭਤੀਜੀ ਨੂੰ ਅਸ਼ੀਰਵਾਦ ਦਿੱਤਾ।

ਇਸ ਮੌਕੇ ਸਿੰਘ ਸਭਾ ਸਾਊਥਾਲ ਵਿਖੇ 19 ਅਪ੍ਰੈਲ ਸ਼ੁੱਕਰਵਾਰ ਨੂੰ ਸ੍ਰੀ ਅਖੰਡਪਾਠ ਸਾਹਿਬ ਅਰੰਭ ਕਰਕੇ ਐਤਵਾਰ ਨੂੰ ਭੋਗ ਪਾਏ ਗਏ ਤੇ ਬਾਅਦ ਵਿੱਚ ਗੁਰੂ ਘਰ ਦੇ ਰਾਗੀ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਬੱਚੀ ਦੇ ਦਾਦਕੇ ਅਤੇ ਨਾਨਕਾ ਪਰਿਵਾਰਾਂ ਵੱਲੋਂ ਰਿਸ਼ਤੇਦਾਰਾਂ ਅਤੇ ਸ: ਮਨਪ੍ਰੀਤ ਸਿੰਘ ਬੱਧਨੀ ਕਲਾਂ ਦੇ ਬਹੁਤ ਸਾਰੇ ਦੋਸਤਾਂ ਮਿੱਤਰਾਂ ਨੇ ਸ਼ਿਰਕਤ ਕੀਤੀ ਅਤੇ ਬੇਟੀ ਨੂੰ ਅਸ਼ੀਰਵਾਦ ਦਿੱਤਾ। ਵਰਣਨਯੋਗ ਹੈ ਕਿ ਜਨਮ ਦਿਨ ਸਮਾਗਮ ਵਿੱਚ ਸ਼ਾਮਿਲ ਹੋਏ ਮਨਜੀਤ ਸਿੰਘ ਸਟੇਜ ਸਕੱਤਰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਹਰਜੀਤ ਸਿੰਘ ਸਰਪੰਚ, ਕਮਲਪ੍ਰੀਤ ਸਿੰਘ ਧਾਲੀਵਾਲ, ਤਜਿੰਦਰ ਸਿੰਘ ਸੇਖੋਂ, ਕੌਂਸਲਰ ਰਾਜੂ ਸੰਸਾਰਪੁਰੀ, ਕੁਲਵੰਤ ਕੌਰ ਢਿੱਲੋਂ ਪ੍ਰਧਾਨ ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਅਤੇ ਦਬਿੰਦਰਜੀਤ ਸਿੰਘ ਸਿੱਖ ਫੈਡਰੇਸ਼ਨ ਯੂ ਕੇ ਨੇ ਸੰਬੋਧਨ ਕਰਦਿਆਂ ਸ਼ੁਭਕਾਮਨਾਵਾਂ ਦਿੱਤੀਆਂ।

ਅਦਾਰਾ ਪੰਜਾਬ ਟਾਈਮਜ਼ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਬੱਚੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਬੇਟੀ ਜੀਵਨਜੋਤ ਕੌਰ ਮਨ ਲਾ ਕੇ ਆਪਣੀ ਪੜ੍ਹਾਈ ਕਰੇ ਅਤੇ ਜ਼ਿੰਦਗੀ ਵਿੱਚ ਤਰੱਕੀ ਕਰਕੇ ਆਪਣੇ ਮਾਤਾ ਪਿਤਾ ਅਤੇ ਸਾਰੇ ਭਾਈਚਾਰੇ ਦਾ ਨਾਂ ਉੱਚਾ ਕਰੇ।

## ਅਗਲੇ 10-12 ਹਫਤਿਆਂ ਵਿੱਚ ਹੀ ਰਵਾਂਡਾ ਭੇਜੀ ਜਾਵੇਗੀ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਪਹਿਲੀ ਉਡਾਣ - ਰਿਸ਼ੀ ਸੁਨਕ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਵਾਂਡਾ ਕਾਨੂੰਨ ਨੂੰ ਲੈ ਕੇ ਸਰਕਾਰ ਅਤੇ ਉਪਰਲੇ ਸਦਨ ਵਿੱਚ ਚੱਲ ਰਹੀ ਕਸ਼ਮਕਸ਼ ਤੋਂ ਬਾਅਦ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਹੈ ਕਿ ਗੈਰਕਾਨੂੰਨੀ ਢੰਗ ਨਾਲ ਯੂ ਕੇ ਆਉਣ ਵਾਲੇ ਲੋਕਾਂ ਨੂੰ ਰਵਾਂਡਾ ਵਿੱਚ ਭੇਜਣ ਦੀ ਸਰਕਾਰੀ ਯੋਜਨਾ ਜਲਦੀ ਹੀ ਨੇਪਰੇ ਚੜ੍ਹੇਗੀ ਅਤੇ ਅਗਲੇ ਕੁਝ ਹਫਤਿਆਂ ਵਿੱਚ ਹੀ ਪਹਿਲੀ ਉਡਾਣਾ ਰਵਾਂਡਾ ਰਵਾਨਾ ਹੋਵੇਗੀ। ਉਹਨਾਂ ਕਿਹਾ ਕਿ ਕਿਸੇ ਦੇਸ਼ ਦਾ ਕਾਨੂੰਨ ਸਾਨੂੰ ਅਜੇਹਾ ਕਰਨ ਤੋਂ ਰੋਕ ਨਹੀਂ ਸਕੇਗਾ। ਉਹਨਾ ਕਿਹਾ ਕਿ ਹਾਊਸ ਆਫ ਲਾਰਡਜ਼ ਦੇ ਮੈਂਬਰਾਂ ਨੂੰ ਰਵਾਂਡਾ ਕਾਨੂੰਨ ਵਿੱਚ ਰੁਕਾਵਟ ਨਹੀਂ ਪਾਉਣੀ ਚਾਹੀਦੀ, ਕਿਉਂਕਿ ਛੋਟੀਆਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਲਈ ਇਹ ਬਹੁਤ ਸਹਾਇਕ ਹੋਵੇਗਾ।

ਰਿਸ਼ੀ ਸੁਨਕ ਨੇ ਕਿਹਾ ਕਿ ਸ਼ਰਣ ਮੰਗਣ ਵਾਲਿਆਂ ਨੂੰ ਰਵਾਂਡਾ ਲਿਜਾਣ ਲਈ ਪੂਰੀ ਤਿਆਰੀ ਹੋ ਚੁੱਕੀ ਹੈ। ਜਿਕਰਯੋਗ ਹੈ ਕਿ ਰਵਾਂਡਾ ਬਿਲ ਬੀਤੇ ਦੋ ਮਹੀਨਿਆਂ ਤੋਂ ਲਟਕ ਰਿਹਾ ਹੈ। ਲਾਰਡਜ਼ ਨੇ ਕਈ ਵਾਰ ਸੋਧਾਂ ਦੀ ਪੇਸ਼ਕਸ਼ ਕੀਤੀ ਸੀ।

# ਲਾਲਜੀਤ ਸਿੰਘ ਭੁੱਲਰ ਵੱਲੋਂ ਦਿੱਤੇ ਬਿਆਨ ਦੀ ਆਲੋਚਨਾ


ਕਰਨੈਲ ਸਿੰਘ ਚੀਮਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਦੇ ਕੈਬਨੈਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਬੀਤੇ ਦਿਨੀ ਸਵਰਨਕਾਰ ਤੇ ਰਾਮਗੜ੍ਹੀਆ ਭਾਈਚਾਰੇ ਖਿਲਾਫ਼ ਕੀਤੀ ਟਿੱਪਣੀ ਨੂੰ ਲੈ ਕੇ ਇੰਗਲੈਂਡ ਵੱਸਦੇ ਪੰਜਾਬੀਆਂ ਨੇ ਵੀ ਕਰੜੀ ਆਲੋਚਨਾ ਕੀਤੀ ਹੈ।

ਉੱਘੇ ਸਮਾਜ ਸੇਵੀ ਅਤੇ ਸੱਭਿਆਚਾਰਕ ਪ੍ਰਮੋਟਰ ਕਰਨੈਲ ਸਿੰਘ ਚੀਮਾ ਅਤੇ ਸਰਦੂਲ ਸਿੰਘ ਮਰਵਾਹਾ ਨੇ ਗੱਲ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਮਾਣ ਮਰਿਯਾਦਾ ਨੂੰ ਭੁੱਲ ਚੁੱਕੇ ਹਨ। ਸ: ਚੀਮਾ ਨੇ ਕਿਹਾ ਪੰਜਾਬ ਨੂੰ ਬੁਲੰਦੀਆਂ ਤੇ ਲਿਜਾਣ ਲਈ ਹਰ ਵਰਗ ਅਤੇ ਹਰ ਭਾਈਚਾਰੇ ਦਾ ਅਹਿਮ ਯੋਗਦਾਨ ਹੈ। ਪਰ ਲਾਲਜੀਤ ਸਿੰਘ ਭੁੱਲਰ ਵਰਗੇ ਸਿਆਸੀ ਲੋਕ ਗਲਤ ਬਿਆਨਬਾਜ਼ੀ ਕਰਕੇ ਪੰਜਾਬੀਆਂ ਦੀ ਭਾਈਚਾਰਕ ਸਾਂਝ ਨੂੰ ਕਮਜ਼ੋਰ ਕਰਨ ਦੀ ਕੋਝੀ ਕੋਸ਼ਿਸ਼ ਕਰ ਰਹੇ ਹਨ। ਸ: ਚੀਮਾ ਅਤੇ ਸ: ਮਰਵਾਹਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਵੋਟ ਪਾਉਣ ਸਮੇਂ ਸੁਚੇਤ ਰਹਿਣ।

# ਤਵਾਰੀਖ਼ ਬੱਬਰ ਖ਼ਾਲਸਾ ਭਾਗ ਤੀਜਾ ਕੈਨੇਡਾ ਵਿੱਚ ਰਿਲੀਜ਼






ਸਰੀ – ਸ. ਕਰਮਜੀਤ ਸਿੰਘ ਸਿੱਖਾਂਵਾਲਾ ਵੱਲੋਂ ਲਿਖੀ ਗਈ ਅਤੇ ਭਾਈ ਕੰਵਰਜੀਤ ਸਿੰਘ ਵਾਸ਼ਿੰਗਟਨ ਵੱਲੋਂ ਸੰਪਾਦਕ ਕੀਤੀ ਗਈ ਕਿਤਾਬ ਤਵਾਰੀਖ਼ ਬੱਬਰ ਖਾਲਸਾ ਭਾਗ ਤੀਜਾ ਬੀਤੇ ਦਿਨੀਂ ਸ਼ਹੀਦੀ ਅਸਥਾਨ ਜਥੇਦਾਰ ਹਰਦੀਪ ਸਿੰਘ ਨਿੱਝਰ, ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਰਿਲੀਜ਼ ਕੀਤੀ ਗਈ, ਜਿਸ ਵਿੱਚ ਗੁਰੂ ਘਰ ਦੇ ਮੁੱਖ ਗ੍ਰੰਥੀ ਸਾਹਿਬਾਨ ਅਤੇ ਪ੍ਰਬੰਧਕ ਸੇਵਾਦਾਰ, ਜਥੇਦਾਰ ਅਜੈਬ ਸਿੰਘ ਬਾਗੜੀ ਅਤੇ ਜਥੇਦਾਰ ਸੰਤੋਖ ਸਿੰਘ ਖੇਲਾ ਮੌਂਟਰੀਅਲ ਵਾਲੇ ਅਤੇ ਭਾਈ ਗੁਰਦੇਵ ਸਿੰਘ ਮਿਸ਼ੀਗਨ (ਟੀਵੀ 84 ) ਅਮਰੀਕਾ , ਬੀਬੀ ਜਸਮੀਤ ਕੌਰ ਛੀਨਾ ਧਰਮ ਪਤਨੀ ਸ਼ਹੀਦ ਜਥੇਦਾਰ ਸਤਨਾਮ ਸਿੰਘ ਛੀਨਾ, ਭਾਈ ਸੁਨੀਲ ਕੁਮਾਰ (ਸਿੱਖ ਫਾਰ ਬਲੱਡ ਡ੍ਰਨੇਸ਼ਨ) ਅਤੇ ਭਾਈ ਕਮਲਜੀਤ ਸਿੰਘ (ਪੰਜਾਬ ਗਾਰਡੀਅਨ) ਆਦਿ ਪੰਥ ਦਰਦੀ ਗੁਰਸਿੱਖਾਂ ਵੱਲੋਂ ਮੇਨ ਹਾਲ ਵਿੱਚ ਗੁਰੂ ਮਹਾਰਾਜ ਜੀ ਦੀ ਪਾਵਨ ਹਜ਼ੂਰੀ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਜਾਰੀ ਕੀਤੀ ਗਈ ।

ਕੌਮੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਜਥੇਦਾਰ ਜਗਤਾਰ ਸਿੰਘ ਤਾਰਾ ਅਤੇ ਦੇਸ਼ ਵਿਦੇਸ਼ ਦੀਆਂ ਨਾਮਵਰ ਪੰਥਕ ਸ਼ਖਸ਼ੀਅਤਾਂ ਵੱਲੋਂ ਦੋ ਹਰਫੀ ਵੱਡਮੁੱਲੀ ਸ਼ਬਦਾਵਲੀ ਲਿਖੀ ਗਈ ਹੈ। ਜਿੱਥੇ ਇਹ ਵੱਡ ਅਕਾਰੀ ਪੁਸਤਕ ਵਿੱਚ ਪੰਜਾਬ ਦੀ ਧਰਤੀ ਤੇ ਵੱਸਦੇ ਸਮੂਹ ਦੇ ਹੱਕਾਂ ਲਈ ਅਤੇ ਸਰਬੱਤ ਦੇ ਭਲੇ ਦਾ ਖਾਲਸਾ ਰਾਜ ਖਾਲਿਸਤਾਨ ਦੀ ਕਾਇਮੀ ਲਈ ਆਪਣੀਆਂ ਜਾਨਾਂ ਨਿਸ਼ਾਵਰ ਕਰਨ ਵਾਲੇ ਯੋਧਿਆਂ ਦੀ ਗਾਥਾ ਬਹੁਤ ਹੀ ਤੱਥਾਂ ਅਧਾਰਤ ਜਾਣਕਾਰੀ ਨਾਲ ਲਿਖੀ ਗਈ ਹੈ ਉੱਥੇ ਇਹ ਕਿਤਾਬ ਉਹਨਾਂ ਅਣਖੀ ਯੋਧਿਆਂ ਨੂੰ ਜਿਹਨਾਂ ਨੇ ਸਿੱਖ ਕੌਮ ਦੀ ਆਜ਼ਾਦੀ ਲਈ ਧਰਮ ਦੀਆਂ ਲੀਹਾਂ ਤੇ ਚੱਲਦਿਆਂ ਕੱਟੜਪੰਥੀ ਹਿੰਦੂ ਰਜੀਮ ਨਾਲ ਟੱਕਰ ਲਈ ਅਤੇ ਸੰਘਰਸ਼ ਕਰਦਿਆਂ ਦੌਰਾਨ ਪੁਲਿਸ ਹੱਥ ਲੱਗਣ ਉਪਰੰਤ ਅਨੇਕਾਂ ਤਸੀਹੇ ਝੱਲੇ ਬੰਦ ਬੰਦ ਕਟਵਾਏ ਪਰਿਵਾਰ ਤੇ ਘਰ ਬਾਰ ਸਭ ਕੁਝ ਲੁਟਾ ਦਿੱਤਾ ਤੇ ਇੱਕ ਵਾਰ ਘਰੋਂ ਗਏ ਕਦੇ ਵੀ ਵਾਪਿਸ ਨਾ ਪਰਤੇ ਅਤੇ ਆਪਣੇ ਮੁੱਖ ਸ੍ਰੀ ਆਨੰਦ ਪੁਰ ਸਾਹਿਬ ਵੱਲ ਨੂੰ ਰੱਖੇ ਅਤੇ ਹੱਸ ਹੱਸ ਕੇ ਸ਼ਹੀਦੀਆਂ ਪਾ ਗਏ ਅਤੇ ਰਹਿੰਦੇ ਕਾਰਜ ਨੂੰ ਸਾਡੇ ਜਿੰਮੇ ਲਾ ਗਏ ਇਹ ਕਿਤਾਬ ਉਹਨਾਂ ਅਣਖੀ ਵੀਰਾਂ ਨੂੰ ਸਮਰਪਿਤ ਕੀਤੀ ਗਈ ਹੈ।

(ਰਿਪੋਰਟ–ਗੁਰਮੀਤ ਸਿੰਘ ਤੂਰ)

## ਪ੍ਰਿੰਸ ਹੈਰੀ ਨੇ ਅਧਿਕਾਰਤ ਤੌਰ 'ਤੇ ਬ੍ਰਿਟੇਨ ਛੱਡਿਆ, ਆਪਣੇ ਪਤੇ ਵਿਚ ਕੈਲੀਫੋਰਨੀਆ ਦਾ ਪਤਾ ਲਿਖਵਾਇਆ



ਪ੍ਰਿੰਸ ਹੈਰੀ ਨੇ ਸ਼ਾਹੀ ਪਰਿਵਾਰ ਨਾਲ ਵਿਵਾਦ ਦੇ ਵਿਚਕਾਰ ਅਧਿਕਾਰਤ ਤੌਰ 'ਤੇ ਬ੍ਰਿਟੇਨ ਛੱਡ ਦਿੱਤਾ ਹੈ। ਹੈਰੀ ਨੇ ਆਪਣਾ ਅਧਿਕਾਰਤ ਪਤਾ ਬਰਤਾਨੀਆ ਦੀ ਬਜਾਏ ਕੈਲੀਫੋਰਨੀਆ, ਅਮਰੀਕਾ ਲਿਖਿਆ ਹੈ। ਜਾਣਕਾਰੀ ਅਨੁਸਾਰ, ਸੈਰ-ਸਪਾਟਾ ਚੈਰਿਟੀ ਟਰੈਵਲਿਸਟ ਦੇ ਇੱਕ ਦਸਤਾਵੇਜ਼ ਵਿਚ, ਪ੍ਰਿੰਸ ਹੈਰੀ ਦਾ ਪੂਰਾ ਨਾਮ ਅਤੇ ਉਸਦਾ ਪ੍ਰਾਇਮਰੀ ਪਤਾ ਕੈਲੀਫੋਰਨੀਆ ਲਿਖਿਆ ਗਿਆ ਸੀ। ਇਸ ਤੋਂ ਪਹਿਲਾਂ ਹੈਰੀ ਹਮੇਸ਼ਾ ਬ੍ਰਿਟੇਨ ਨੂੰ ਆਪਣਾ ਮੁੱਢਲਾ ਪਤਾ ਲਿਖਦੇ ਸਨ। ਇਹ ਬਦਲਾਅ 29 ਜੂਨ 2023 ਨੂੰ ਕੀਤਾ ਗਿਆ ਸੀ। ਹਾਲਾਂਕਿ ਹੁਣ ਇਹ ਜਾਣਕਾਰੀ ਸਾਹਮਣੇ ਆਈ ਹੈ। ਪਿਛਲੇ ਸਾਲ 29 ਜੂਨ ਨੂੰ ਬਕਿੰਘਮ ਪੈਲੇਸ ਨੇ ਪੁਸ਼ਟੀ ਕੀਤੀ ਸੀ ਕਿ ਹੈਰੀ ਅਤੇ ਉਸ ਦੀ ਪਤਨੀ ਮੇਗਨ ਨੇ ਹੁਣ ਬ੍ਰਿਟੇਨ ਦੇ ਫਰੋਗਮੋਰ ਕਾਟੇਜ ਨੂੰ ਛੱਡ ਦਿੱਤਾ ਹੈ। ਫਰੋਗਮੋਰ ਕਾਟੇਜ ਉਹੀ ਘਰ ਹੈ ਜੋ ਮਹਾਰਾਣੀ ਐਲਿਜ਼ਾਬੈਥ ਨੂੰ 2018 ਵਿਚ ਉਸਦੇ ਵਿਆਹ 'ਤੇ ਤੋਹਫ਼ੇ ਵਿਚ ਦਿੱਤਾ ਗਿਆ ਸੀ। ਦਰਅਸਲ, ਹੈਰੀ ਨੇ ਆਪਣੀ ਯਾਦਾਂ 'ਸਪੇਅਰ' 'ਚ ਸ਼ਾਹੀ ਪਰਿਵਾਰ ਬਾਰੇ ਕਈ ਵਿਵਾਦਤ ਟਿੱਪਣੀਆਂ ਕੀਤੀਆਂ ਸਨ। ਇਸ ਤੋਂ ਬਾਅਦ ਹੈਰੀ ਅਤੇ ਉਸਦੇ ਪਿਤਾ ਕਿੰਗ ਚਾਰਲਸ ਵਿਚਕਾਰ ਝਗੜਾ ਹੋ ਗਿਆ, ਜਿਸ ਤੋਂ ਬਾਅਦ ਚਾਰਲਸ ਨੇ ਹੈਰੀ ਨੂੰ ਘਰ ਛੱਡਣ ਲਈ ਕਿਹਾ।

## ਸਿੱਖਾਂ ਦੀ ਘੱਟ ਵੱਸੋਂ ਵਾਲੇ ਸ਼ਹਿਰ ਕੋਲਵਿਲ ਚ ਸਿੱਖਾਂ ਨੇ ਜਗਾ ਕਿਰਾਏ ਤੇ ਲੈ ਕੇ ਮਨਾਇਆ ਖਾਲਸਾ ਸਾਜਨਾ ਦਿਵਸ



ਪੰਜਾਬੀਆਂ ਦੀ ਘੱਟ ਵੱਸੋਂ ਵਾਲੇ ਸ਼ਹਿਰ ਕੋਲਵਿਲ ਚ ਖਾਲਸਾ ਸਾਜਨਾ ਦਿਵਸ ਮਨਾਉਣ ਮੌਕੇ ਹਾਜ਼ਿਰ ਸਿੱਖ ਪਰਿਵਾਰਾਂ ਸਮੇਤ ਗੋਰੇ ਅਤੇ ਵੱਖ ਵੱਖ ਭਾਈਚਾਰੇ ਦੇ ਲੋਕ।

ਲੈਸਟਰ - (ਸੁਖਜਿੰਦਰ ਸਿੰਘ ਢੱਡੇ)-ਗੋਰਿਆਂ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਕੋਲਵਿਲ ਚ ਘੱਟ ਗਿਣਤੀ ਚ ਵੱਸਦੇ ਸਿੱਖ ਭਾਈਚਾਰੇ ਵੱਲੋਂ ਇੱਕ ਖਾਸ ਉਪਰਾਲਾ ਕਰਦਿਆਂ ਕਿਰ-ਏ ਤੇ ਜਗਾ ਲੈ ਕੇ ਖਾਲਸਾ ਸਾਜਨਾ ਦਿਵਸ ਸਬੰਧੀ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਧਾਰਮਿਕ ਸਮਾਗਮ ਚ ਪੰਜਾਬੀ ਪਰਿਵਾਰਾਂ ਤੋਂ ਇਲਾਵਾ ਗੋਰਿਆਂ ਅਤੇ ਹੋਰਨਾਂ ਕਮਿਊਨਿਟੀਆਂ ਦੇ ਲੋਕਾਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਤੇ ਕਵੀਸ਼ਰੀ ਜਥੇ ਵੱਲੋਂ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਯੂ.ਕੇ ਦੇ ਜੰਮਪਲ ਛੋਟੇ -ਛੋਟੇ ਬੱਚਿਆਂ ਵੱਲੋਂ ਗੁਰੂ ਸਾਹਿਬਾਨਾ ਦੇ ਨਾਂਅ, ਪੰਜ ਤਖਤ ਸਾਹਿਬਾਨਾਂ ਦੇ ਨਾਂਅ ਅਤੇ ਚਾਰ ਸਾਹਿਬਜ਼ਾਦਿਆਂ ਦੇ ਨਾਅ ਅਤੇ ਸਿੱਖ ਇਤਿਹਾਸ ਦੇ ਦੀ ਹੋਰ ਬਹੁਤ ਸਾਰੀ ਜਾਣਕਾਰੀ ਜ਼ੁਬਾਨੀ ਸਰਵਣ ਕੀਤੀ ਗਈ। ਇਸ ਮੌਕੇ ਤੇ ਲੈਸਟਰਸਾਈਰ ਦੇ ਪੁਲਿਸ ਕਮਿਸ਼ਨਰ ਅਤੇ ਕੋਲਵਿਲ ਤੋਂ ਮੈਂਬਰ ਪਾਰਲੀਮੈਂਟ ਉਮੀਦਵਾਰ ਨੇ ਉਚੇਚੇ ਤੌਰ ਤੇ ਪਹੁੰਚ ਕੇ ਆਪਣੇ ਸੰਬੋਧਨ ਰਾਹੀਂ ਖਾਲਸੇ ਦੇ ਸਾਜਨਾ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ।ਇਸ ਮੌਕੇ ਤੇ ਗੱਲਬਾਤ ਕਰਦਿਆਂ ਸਮਾਗਮ ਦੇ ਪ੍ਰਬੰਧਕ ਤਜਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਥੇ ਥੋੜੇ ਸਮੇਂ ਤੋਂ ਪੰਜਾਬੀ ਪਰਿਵਾਰ ਆ ਕੇ ਵੱਸੇ ਹਨ, ਅਤੇ ਇਥੇ ਗੁਰੂ ਘਰ ਨਾ ਹੋਣ ਕਰਕੇ ਇਨ੍ਹਾਂ ਪਰਿਵਾਰਾਂ ਵੱਲੋਂ ਵਿਸ਼ੇਸ਼ ਉਪਰਾਲਾ ਕਰਕੇ ਜਗਾ ਕਿਰਾਏ ਤੇ ਲੈ ਕੇ ਹਰੇਕ ਵਾਰ ਗੁਰੂ ਮਹਾਰਾਜ ਦੇ ਗੁਰਪੁਰਬ ਮਨਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਮੌਕੇ ਤੇ ਹਰਕੀਰਤ ਸਿੰਘ ਸੰਧੂ ਮੀਆਵਿੰਡ, ਸਮੇਤ ਵੱਡੀ ਗਿਣਤੀ ਚ ਸੰਗਤਾਂ ਹਾਜ਼ਿਰ ਸਨ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ।

## ਸਾਊਥਾਲ ਵਿਖੇ ਪਰਮਜੀਤ ਕੌਰ ਤੋਂ ਚੋਰਾਂ ਨੇ £25,000 ਦਾ ਸੋਨਾ ਚੋਰੀ ਕੀਤਾ



ਪਰਮਜੀਤ ਕੌਰ

ਸਾਊਥਾਲ-(ਪੰਜਾਬ ਟਾਈਮਜ)-ਸਾਊਥਾਲ ਜਿਥੇ ਪੰਜਾਬੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਪਰਮਜੀਤ ਕੌਰ ਨੇ ਮੈਟਰੋ ਸਾਊਥਾਲ ਬੈਂਕ ਦੇ ਲੋਕਰ ਵਿਚੋਂ ਆਪਣਾ ਸੋਨਾ ਕਢਵਾਇਆ ਸੀ ਜੋਕਿ ਚੋਰ ਉਸ ਦੇ ਕੋਲੋਂ ਚੋਰੀ ਕਰਕੇ ਲੈ ਗਏ। ਡੇਲੀ ਮਿਰਰ ਅਖਬਾਰ ਦੀ ਖਬਰ ਮੁਤਾਬਕ ਪਰਮਜੀਤ ਕੌਰ ਸੋਨਾ ਕਢਵਾ ਕੇ ਆਪਣੀ ਕਾਰ ਵਿੱਚ ਆ ਕੇ ਬੈਠ ਗਈ। ਜਦੋਂ ਇਕ ਚੋਰ ਨੇ ਆ ਕੇ ਉਸਨੂੰ ਕਿਹਾ ਕਿ ਉਸ ਦੇ ਪੈਸੇ ਬਾਹਰ ਡਿੱਗ ਪਏ ਹਨ। ਜਿਉਂ ਹੀ ਉਸ ਨੇ ਬਾਹਰ ਨਿਕਲ ਕੇ ਦੇਖਿਆ ਤਾਂ ਉਸ ਨੇ ਕਿਹਾ ਕਿ ਇਹ ਪੈਸੇ ਮੇਰੇ ਨਹੀਂ ਹਨ, ਪਰ ਚੋਰ ਦੇ ਦੂਸਰੇ ਸਾਥੀ ਨੇ ਕਾਰ ਦੇ ਦੂਜੇ ਪਾਸੇ ਪਏ ਉਸ ਦੇ ਬੈਗ ਨੂੰ ਚੋਰੀ ਕਰ ਲਿਆ। ਪਰਮਜੀਤ ਕੌਰ ਨੇ ਬਹੁਤ ਰੌਲਾ ਪਾਇਆ ਜਦ ਤਕ ਚੋਰ ਦੂਰ ਜਾ ਚੁੱਕੇ ਸਨ। ਉਸ ਨੇ ਦੱਸਿਆ ਕਿ ਸੋਨੇ ਦੀ ਕੀਮਤ ਘੱਟੋ ਘੱਟ 25,000 ਪੌਂਡ ਸੀ ਜੋ ਕਿ ਉਸ ਨੇ ਬੈਂਕ ਵਿੱਚ ਰੱਖੇ ਲੋਕਰ ਵਿਚੋਂ ਕਢਵਾਇਆ ਸੀ। ਉਸ ਤੋਂ ਬਾਅਦ ਪਰਮਜੀਤ ਬਹੁਤ ਪ੍ਰੇਸ਼ਾਨ ਹੋ ਗਈ ਤੇ ਬਲੱਡ ਪ੍ਰੈਸ਼ਰ ਹਾਈ ਹੋਣ ਕਾਰਨ ਉਹ ਉਥੇ ਹੀ ਡਿੱਗ ਪਈ। ਪੁਲੀਸ 10 ਮਿੰਟ ਦੇਰ ਨਾਲ ਪਹੁੰਚੀ ਉਦੋਂ ਤੱਕ ਚੋਰ ਜਾ ਕੇ ਚੁੱਕੇ ਸਨ। ਉਸ ਨੇ ਦੱਸਿਆ ਕਿ ਉਹ ਬਹੁਤ ਡਰ ਚੁੱਕੀ ਹੈ। ਉਸ ਨੂੰ ਬਾਹਰ ਨਿਕਲਣ ਤੋਂ ਵੀ ਡਰ ਲਗਦਾ ਹੈ। ਇਸ ਤਰ੍ਹਾਂ ਲਗਦਾ ਹੈ ਹਰ ਪਾਸੇ ਚੋਰ ਹੀ ਖੜ੍ਹੇ ਹਨ।

## ਭਾਜਪਾ ਉਮੀਦਵਾਰ ਮੁਕੇਸ਼ ਦਲਾਲ ਨੇ ਸੂਰਤ ਲੋਕ ਸਭਾ ਸੀਟ ਨਿਰਵਿਰੋਧ ਜਿੱਤੀ

### ✪ ਸਾਰੇ ਉਮੀਦਵਾਰਾਂ ਦੁਆਰਾ ਕਾਗਜ਼ ਵਾਪਸ ਲਏ



ਸੂਰਤ-ਭਾਜਪਾ ਉਮੀਦਵਾਰ ਮੁਕੇਸ਼ ਦਲਾਲ ਨੇ ਗੁਜਰਾਤ ਸਥਿਤ ਸੂਰਤ ਲੋਕ ਸਭਾ ਸੀਟ ਸਾਰੇ ਉਮੀਦਵਾਰਾਂ ਦੁਆਰਾ ਕਾਗਜ਼ ਵਾਪਸ ਲੈਣ ਦੇ ਬਾਅਦ ਨਿਰਵਿਰੋਧ ਜਿੱਤ ਲਈ। ਇਹ ਜਾਣਕਾਰੀ ਇਕ ਚੋਣ ਅਧਿਕਾਰੀ ਨੇ ਦਿੱਤੀ। ਇਹ ਉਪਲਬਧੀ ਚੱਲ ਰਹੀਆਂ ਲੋਕ ਸਭਾ ਚੋਣਾਂ ਦਰਮਿਆਨ ਭਾਜਪਾ ਦੀ ਪਹਿਲੀ ਜਿੱਤ ਦੀ ਪ੍ਰਤੀਕ ਹੈ।

# 400 ਕਿਲੋ ਸੋਨੇ ਦੀ ਚੋਰੀ ਦੇ ਮਾਮਲੇ 'ਚ ਪੰਜਾਬੀਆਂ ਸਮੇਤ 9 ਕਾਬੂ, 90 ਹਜ਼ਾਰ ਡਾਲਰ ਦਾ ਸੋਨਾ ਬਰਾਮਦ

ਟੋਰਾਂਟੋ - ਕੈਨੇਡਾ ਚ ਸੋਨੇ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਚੋਰੀ ਦੇ ਮਾਮਲੇ ਵਿਚ ਅਹਿਮ ਮੋੜ ਆਇਆ ਹੈ। ਇਸ ਮਾਮਲੇ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਪੰਜਾਬੀਆਂ ਸਮੇਤ ਕੁੱਲ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। 17 ਅਪ੍ਰੈਲ 2023 ਨੂੰ ਕੈਨੇਡਾ ਦੇ ਸਭ ਤੋਂ ਵੱਡੇ ਹਵਾਈ ਅੱਡੇ ਤੇ ਸੋਨੇ ਦੀ ਚੋਰੀ ਵਿਚ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਏਅਰ ਕੈਨੇਡਾ ਦੇ ਸਟੋਰੇਜ ਡਿਪੂ ਤੋਂ 6,600 ਸੋਨੇ ਦੀਆਂ ਛੜਾਂ ਚੋਰੀ ਹੋ ਗਈਆਂ ਸਨ, ਜਿਨ੍ਹਾਂ ਦੀ ਕੀਮਤ 20 ਮਿਲੀਅਨ ਕੈਨੇਡੀਅਨ ਡਾਲਰ ਤੋਂ ਵੱਧ ਹੈ। ਭਾਰਤੀ ਕਰੰਸੀ ਚ ਇਨ੍ਹਾਂ ਦੀ ਕੀਮਤ 1 ਅਰਬ 21 ਕਰੋੜ ਰੁਪਏ ਬਣੇਗੀ।







ਮਾਮਲੇ ਸਬੰਧੀ ਪੁਲਿਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਬਰੈਂਪਟਨ ਦਾ ਰਹਿਣ ਵਾਲਾ ਪਰਮਪਾਲ ਸਿੱਧੂ (54) ਵੀ ਸ਼ਾਮਲ ਹੈ, ਜੋ ਕਿ ਏਅਰ ਕੈਨੇਡਾ ਦਾ ਮੁਲਾਜ਼ਮ ਹੈ। ਇਕ ਹੋਰ ਇੰਡੋ-ਕੈਨੇਡੀਅਨ ਅਮਿਤ ਜਲੋਟਾ (40) ਟੋਰਾਂਟੋ ਨੇੜੇ ਓਕਵਿਲ ਤੋਂ ਹੈ। ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਹੋਰ 3 ਵਿਅਕਤੀਆਂ ਵਿਚ ਬਰੈਂਪਟਨ ਨੇੜੇ ਜਾਰਜਟਾਊਨ ਦਾ ਅਮਾਦ ਚੌਧਰੀ (43), ਟੋਰਾਂਟੋ ਦਾ ਅਲੀ ਰਜ਼ਾ (37) ਅਤੇ ਬਰੈਂਪਟਨ ਦਾ ਪ੍ਰਸਾਦ ਪਰਾਮਾਲਿੰਗਮ (35 ) ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਪੁਲਸ ਨੇ ਬਰੈਂਪਟਨ ਦੀ ਸਿਮਰਨਪ੍ਰੀਤ ਪਨੇਸਰ (31), (ਜੋ ਚੋਰੀ ਦੇ ਸਮੇਂ ਏਅਰ ਕੈਨੇਡਾ ਦੀ ਕਰਮਚਾਰੀ ਸੀ), ਬਰੈਂਪਟਨ ਦੇ ਅਰਚਿਤ ਗਰੋਵਰ (36) ਅਤੇ ਮਿਸੀਸਾਗਾ ਦੇ ਅਰਸਲਾਨ ਚੌਧਰੀ (42) ਖਿਲਾਫ਼ ਵਾਰੰਟ ਜਾਰੀ ਕੀਤੇ ਹਨ।

# ਐਮ ਪੀ ਵਰਿੰਦਰ ਸ਼ਰਮਾਂ ਦੀ ਅਗਵਾਈ ਵਿੱਚ ਸਾਊਥਾਲ ਵਿੱਚ ਲੇਬਰ ਪਾਰਟੀ ਦੇ ਚੋਣ ਦਫ਼ਤਰ ਦਾ ਉਦਘਾਟਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਅਸੈਂਬਲੀ ਅਤੇ ਲੰਡਨ ਮੇਅਰ ਦੀਆਂ 2 ਮਈ ਨੂੰ ਆ ਰਹੀਆਂ ਚੋਣਾਂ ਨੂੰ ਮੱਦੇ ਨਜ਼ਰ ਰੱਖਦਿਆਂ ਲੇਬਰ ਪਾਰਟੀ ਦੇ ਚੋਣ ਦਫਤਰ ਦਾ ਉਦਘਾਟਨ ਐਮ ਪੀ ਵਰਿੰਦਰ ਸ਼ਰਮਾਂ ਨੇ ਕੀਤਾ। ਜਿਸ ਮੌਕੇ ਸਥਾਨਿਕ ਲੇਬਰ ਮੈਂਬਰ ਅਤੇ ਵੱਖ ਵੱਖ ਭਾਈਚਾਰਿਆਂ ਦੇ ਨੁਮਾਇੰਦੇ ਹਾਜ਼ਰ ਹੋਏ। ਐਮ ਪੀ ਵਰਿੰਦਰ ਸ਼ਰਮਾਂ ਨੇ ਕਿਹਾ ਕਿ ਦੇਸ਼ ਦੇ ਮੌਜੂਦਾ ਹਾਲਾਤਾਂ ਤੋਂ ਹਰ ਕੋਈ ਵਾਕਫ ਹੈ, ਆਰਥਿਕ ਤੰਗੀਆਂ ਦਾ ਸਾਹਮਣਾ ਕਰ ਰਹੇ ਲੋਕ ਲੇਬਰ ਸਰਕਾਰ ਨੂੰ ਵੇਖਣਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਲੰਡਨ ਦੇ ਵਿਕਾਸ ਅਤੇ ਸੁਰੱਖਿਆ ਲਈ 2 ਮਈ ਨੂੰ ਇੱਕ ਵਾਰ ਫਿਰ ਮੇਅਰ ਸਦੀਕ ਖਾਨ ਅਤੇ ਲੰਡਨ ਅਸੈਂਬਲੀ ਉਮੀਦਵਾਰ ਮਹਿਫੂਜ਼ ਬੈਸਮ ਦੀ ਜਿੱਤ ਯਕੀਨੀ ਬਣਾਉਣਾ ਜਰੂਰੀ ਹੈ।


ਇਸ ਮੌਕੇ ਲੇਬਰ ਲੀਡਰ ਪੀਟਰ ਮੇਸਨ, ਜਸਬੀਰ ਕੌਰ ਅਨੰਦ, ਕਮਲਜੀਤ ਸਿੰਘ ਢੀਂਡਸਾ, ਰਣਜੀਤ ਧੀਰ, ਮੁਨੀਰ ਅਹਿਮਦ, ਮਹਿੰਦਰ ਕੌਰ ਮਿੱਡਾ, ਕੇ ਸੀ ਮੋਹਨ, ਪ੍ਰੀਤਮ ਸਿੰਘ ਬਰਾੜ, ਜਸਵੰਤ ਸਿੰਘ ਠੇਕੇਦਾਰ, ਪ੍ਰਮਿੰਦਰ ਸਿੰਘ ਬੱਲ ਆਦਿ ਹਾਜ਼ਰ ਸਨ।




ਲੇਬਰ ਪਾਰਟੀ ਦੇ ਦਫਤਰ ਦੇ ਉਦਘਾਟਨ ਮੌਕੇ ਸਾਊਥਾਲ ਦੀਆਂ ਪ੍ਰਮੁੱਖ ਸਖਸ਼ੀਅਤਾਂ

# NO JUSTIFICATION ON THE WAR.

Its seems there is no end to how often I need to express this, no matter how much I try to understand all perspective, no matter how much I read listen and remain open minded I keep coming back to the same conclusion. Some things aren't complicated. Theres a line that must never be crossed, a boundary where justification ends unequivocal wrong beings, no matter what.There is no spin, no creative usage, no clever history rewrittes and no wording that can sanitise some truths. Whatever version of history you believe in whatever side you think you're on, whatever faith or political beliefs, whatever your race or nationality. What you have been told nothing can legitimise actions that strip away humanity. Nothing justifies injustice. Nothing justifies the killings of tens of thousands of Palestinians. The obliteration of cities including schools and hospitals the infliction of irreversible trauma on children, the calculated starvation of millions of Palestinians. Those are not justable under any circumstances. The practice of night abduction in the west bank, the torment and displacement of an entire group of people with the goal of changing the demographic landscape, the use of barriers that cut off the most basic of human necessities and connections, none of these actions can be defended. The denial of fundamental freedom, the destruction of tree's, farms livelihoods, the segregation of road usage, and the imposition of an existence confined within the walls of oppression. There are not mere policy disagreements they are a violation of universal human rights. Nothing can justify restricting access to food and water. Nothing can justify imprisoning an entire group of people or controlling people movement in their land. Justice demands accountability and the equal treatment of all people under the law but targeting the entire population is wrong. Just to reiterate, if a practice is unacceptable for you or those who share your identity and beliefs, it cannot be acceptable for anyone else. To generalise the blame, to make life intolerance within the aim of eraising a people existence is not just wrong, its a grave injustice. Lets be clear, this conversation is not about different opinions, it's about acknowledging and acting against what should have no place in our world. The importance of this artcile, I do so with intent to inform educate concerns about the situation in the middle east region. For humanity we cannot turn a blind eye to the suffering and injustice. Its imperative that we engage in open, honest conversations about the realities on the ground and work towards a equitable peaceful resolution. SARBAT DA BHALLA May the world be in peace





ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From : LAMBARDAR DHARMVEER SINGH CLAIRE COVENTRY**

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ

ਹਲਾਲ

## ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ । ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ । ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ । ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ । ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ । ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ । ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ ।

## HALAL OR KUTTHA MEAT SERVED

### IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# ਵਿਸ਼ਵ ਯੁੱਧਾਂ ਵਿੱਚ ਭਾਰਤੀ ਸੈਨਿਕਾਂ ਦੀ ਭੂਮਿਕਾ ਦੀ ਯਾਦ ਵਿੱਚ ਬ੍ਰਾਇਟਨ ਐਂਡ ਹੋਵ ਕੌਂਸਲ ਵੱਲੋਂ ਇੰਡੀਆ ਗੇਟ ਵਿਖੇ ਸਮਾਗਮ ਨੂੰ ਪ੍ਰਵਾਨਗੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੱਖਣੀ-ਪੂਰਬੀ ਇੰਗਲੈਂਡ ਦੇ ਬ੍ਰਾਇਟਨ ਦੇ ਸਮੁੰਦਰੀ ਕਿਨਾਰੇ ਰਿਜ਼ੋਰਟ ਵਿੱਚ ਸਥਾਨਕ ਕੌਂਸਲ ਨੇ ਕਸਬੇ ਦੇ ਇੰਡੀਆ ਗੇਟ ਸਮਾਰਕ ਵਿਖੇ ਦੋ ਵਿਸ਼ਵ ਯੁੱਧਾਂ ਵਿੱਚ ਭਾਰਤੀ ਸੈਨਿਕਾਂ ਦੀ ਭੂਮਿਕਾ ਦੀ ਯਾਦ ਵਿੱਚ ਸਾਲਾਨਾ ਸਮਾਗਮ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ।**


ਬ੍ਰਾਇਟਨ ਸਥਿਤ ਇੰਡੀਆ ਗੇਟ

ਇੰਡੀਆ ਗੇਟ ਬ੍ਰਾਇਟਨ "ਭਾਰਤ ਦੇ ਰਾਜਕੁਮਾਰਾਂ ਅਤੇ ਲੋਕਾਂ" ਦੁਆਰਾ ਸ਼ਹਿਰ ਦੇ ਹਸਪਤਾਲਾਂ ਦੁਆਰਾ ਪ੍ਰਦਾਨ ਕੀਤੀ ਗਈ ਦੇਖਭਾਲ ਲਈ ਧੰਨਵਾਦ ਦੇ ਸੰਕੇਤ ਵਜੋਂ ਬਣਾਇਆ ਗਿਆ ਸੀ ਅਤੇ "ਬ੍ਰਾਇਟਨ ਦੇ ਨਿਵਾਸੀਆਂ ਦੀ ਵਰਤੋਂ ਲਈ ਸਮਰਪਿਤ" ਹੈ। ਇਸ ਦਾ ਉਦਘਾਟਨ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ 26 ਅਕਤੂਬਰ, 1921 ਨੂੰ ਕੀਤਾ ਸੀ, ਅਤੇ ਇਹ ਰਾਇਲ ਪਵੇਲੀਅਨ ਦੇ ਦੱਖਣੀ ਪ੍ਰਵੇਸ਼ ਦੁਆਰ 'ਤੇ ਹੈ। ਇਹ ਬ੍ਰਾਇਟਨ ਦੀਆਂ ਉਹਨਾਂ ਤਿੰਨ ਇਮਾਰਤਾਂ ਵਿੱਚੋਂ ਇੱਕ ਹੈ ਜੋ ਉਸ ਸਮੇਂ ਹਸਪਤਾਲ ਦੇ ਤੌਰ 'ਤੇ ਵਰਤਿਆ ਗਿਆ ਸੀ। ਜਿਸ ਨੇ ਅਣਵੰਡੇ ਭਾਰਤ ਦੇ ਅਣਗਿਣਤ ਸੈਨਿਕਾਂ ਦਾ ਇਲਾਜ ਕੀਤਾ ਸੀ। ਪੱਛਮੀ ਫਰੰਟ ਵਿੱਚ ਭਾਰਤ, ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਮਿਆਂਮਾਰ ਅਤੇ ਭੂਟਾਨ ਵਰਗੇ ਆਧੁਨਿਕ ਦੇਸ਼ਾਂ ਦੇ ਸੈਨਿਕ ਸ਼ਾਮਲ ਸਨ।

ਬ੍ਰਾਇਟਨ ਅਤੇ ਹੋਵ ਕੌਂਸਲ ਨੇ ਸ਼ੁੱਕਰਵਾਰ ਨੂੰ ਸਮਾਗਮ ਦੀ ਮਨਜ਼ੂਰੀ ਦਿੱਤੀ ਹੈ ਤਾਂ ਕਿ ਅਗਲੀਆਂ ਪੀੜੀਆਂ ਇਤਿਹਾਸ ਤੋਂ ਜਾਣੂ ਹੋ ਸਕਣ। ਇਹ ਸਮਾਗਮ 28 ਅਕਤੂਬਰ ਜਾਂ ਇਸ ਦੇ ਆਸ ਪਾਸ ਹੋਵੇਗਾ। ਜਿਸ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਜਿਕਰਯੋਗ ਹੈ ਕਿ ਇੰਡੀਆ ਗੇਟ ਦਾ ਡਿਜ਼ਾਇਨ ਥਾਮਸ ਟਾਇਰਵਿਟ ਨੇ ਕੀਤਾ ਸੀ।

ਪਹਿਲੇ ਵਿਸ਼ਵ ਯੁੱਧ (1914-1918) ਵਿੱਚ ਅਣਵੰਡੇ ਭਾਰਤ ਦੇ 15 ਲੱਖ ਤੋਂ ਵੱਧ ਸੈਨਿਕਾਂ ਨੇ ਬਰਤਾਨਵੀ ਭਾਰਤੀ ਫੌਜ ਵਿੱਚ ਸੇਵਾਵਾਂ ਦਿੱਤੀਆਂ ਅਤੇ ਦੂਜੇ ਵਿਸ਼ਵ ਯੁੱਧ (1939-1945) ਵਿੱਚ 25 ਲੱਖ ਤੋਂ ਵੱਧ ਸੈਨਿਕਾਂ ਨੇ ਬਰਤਾਨਵੀ ਭਾਰਤੀ ਫੌਜ ਵਿੱਚ ਸਵੈਇੱਛਕ ਤੌਰ 'ਤੇ ਸੇਵਾਵਾਂ ਦਿੱਤੀਆਂ, ਜੋ ਇਤਿਹਾਸ ਦੀ ਸਭ ਤੋਂ ਵੱਡੀ ਸਵੈਸੇਵੀ ਫੌਜ ਸੀ।

ਬ੍ਰਾਇਟਨ ਵਿੱਚ ਰਾਇਲ ਪੈਵੇਲੀਅਨ ਇੰਡੀਅਨ ਹਸਪਤਾਲ ਜੋ ਇਹਨਾਂ ਲੜਾਈਆਂ ਵਿੱਚ ਜ਼ਖਮੀਆਂ ਦੀ ਦੇਖਭਾਲ ਕਰਦਾ ਸੀ, ਨੂੰ ਵੀ ਛੱਤਰੀ ਯਾਦਗਾਰ ਦੁਆਰਾ ਚਿੰਨ੍ਹਿਤ ਕੀਤਾ ਗਿਆ ਹੈ, ਜਿੱਥੇ ਹਿੰਦੂਆਂ ਅਤੇ ਸਿੱਖਾਂ ਦਾ ਸਸਕਾਰ ਕੀਤਾ ਗਿਆ ਸੀ।

ਯਾਦਗਾਰ ਲਈ ਹੋਰ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਕਮੇਟੀ ਸਥਾਨਕ ਹਥਿਆਰਬੰਦ ਬਲਾਂ ਦੇ ਕਰਮਚਾਰੀਆਂ ਅਤੇ ਸਾਬਕਾ ਸੈਨਿਕਾਂ, ਅਣਵੰਡੇ ਭਾਰਤੀ ਸਾਬਕਾ ਸੇਵਾ ਸੰਘ ਅਤੇ ਵਿਸ਼ਾਲ ਦੱਖਣੀ ਏਸ਼ੀਆਈ ਭਾਈਚਾਰੇ ਦੇ ਨੇਤਾਵਾਂ ਨਾਲ ਵੀ ਗੱਲਬਾਤ ਕਰੇਗੀ।


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**ਫ਼ੋਨ ਨੰਬਰ: 01332 372851**


# ਯੂ ਕੇ ਵਿੱਚ ਦੋ ਭਾਰਤੀ ਵਿਦਿਆਰਥੀਆਂ ਦੀ ਡੁੱਬਣ ਕਾਰਨ ਮੌਤ


ਚਾਣਕਿਆ ਬਾਲੂਸੇਠੀ ਅਤੇ ਜਤਿੰਦਰਾਨਾਥ ਜੀਤੂ ਕਾਰੂਤੂਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਯੂ ਕੇ ਦੀ ਡੰਡੀ ਯੂਨੀਵਰਸਿਟੀ ਵਿੱਚ ਪੜ੍ਹ ਰਹੇ 2 ਭਾਰਤੀ ਮੂਲ ਦੇ ਵਿਦਿਆਰਥੀਆਂ ਦੀ ਸਕਾਟਲੈਂਡ ਵਿੱਚ ਇੱਕ ਝਰਨੇ ਵਿੱਚ ਡੁੱਬਣ ਕਾਰਨ ਮੌਤ ਹੋਣ ਦੀ ਖ਼ਬਰ ਮਿਲੀ ਹੈ। ਮ੍ਰਿਤਕਾਂ ਦੀ ਪਹਿਚਾਣ ਆਂਧਰਾ ਪ੍ਰਦੇਸ਼ ਦੇ ਜਤਿੰਦਰਾਨਾਥ ਜੀਤੂ ਕਾਰੂਤੂਰੀ (26) ਅਤੇ ਚਾਣਕਿਆ ਬਾਲੂਸੇਠੀ (22) ਵਜੋਂ ਹੋਈ ਹੈ। ਦੋਵਾਂ ਨੇ ਡੰਡੀ ਯੂਨੀਵਰਸਿਟੀ ਵਿੱਚ ਜਨਵਰੀ 2023 ਵਿੱਚ ਪੜ੍ਹਾਈ ਸ਼ੁਰੂ ਕੀਤੀ ਸੀ। ਸਕਾਟਲੈਂਡ ਪੁਲਸ ਨੇ ਕਿਹਾ ਕਿ 'ਬੁੱਧਵਾਰ, 17 ਅਪ੍ਰੈਲ ਨੂੰ ਸ਼ਾਮ ਕਰੀਬ 7 ਵਜੇ, ਸਾਨੂੰ ਬਲੇਅਰ ਐਥੋਲ ਦੇ ਨੇੜੇ ਲਿਨ ਆਫ਼ ਟਮੇਲ ਝਰਨੇ ਦੇ ਪਾਣੀ ਵਿੱਚ 22 ਅਤੇ 26 ਸਾਲ ਦੀ ਉਮਰ ਦੇ 2 ਨੌਜਵਾਨਾਂ ਦੇ ਡਿੱਗਣ ਦੀ ਰਿਪੋਰਟ ਮਿਲੀ ਸੀ। ਐਮਰਜੈਂਸੀ ਸੇਵਾਵਾਂ ਨੂੰ ਮੌਕੇ ਤੋਂ 2 ਨੌਜਵਾਨਾਂ ਦੀਆਂ ਲਾਸ਼ਾਂ ਪਾਣੀ ਵਿੱਚੋਂ ਬਰਾਮਦ ਹੋਈਆਂ ਹਨ।' ਬੁਲਾਰੇ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਦੇ 2 ਵਿਦਿਆਰਥੀ "ਇੱਕ ਮੰਦਭਾਗੀ ਘਟਨਾ ਵਿੱਚ ਡੁੱਬ ਗਏ" ਅਤੇ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।

ਈਡਨਬਰਗ ਵਿੱਚ ਭਾਰਤੀ ਕੌਂਸਲੇਟ ਜਨਰਲ ਪੀੜਤਾਂ ਦੇ ਪਰਿਵਾਰਾਂ ਨਾਲ ਸੰਪਰਕ ਵਿੱਚ ਹੈ ਅਤੇ ਕੌਂਸਲਰ ਅਧਿਕਾਰੀ ਨੇ ਇੱਕ ਵਿਦਿਆਰਥੀ ਦੇ ਯੂ ਕੇ ਰਹਿੰਦੇ ਰਿਸ਼ਤੇਦਾਰ ਨਾਲ ਵੀ ਮੁਲਾਕਾਤ ਕੀਤੀ ਹੈ। ਹਾਈ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਹੈ, 'ਡੰਡੀ ਯੂਨੀਵਰਸਿਟੀ ਨੇ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ ਹੈ। 19 ਅਪ੍ਰੈਲ ਨੂੰ ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਨੂੰ ਭਾਰਤ ਵਾਪਸ ਭੇਜਣ ਦੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ।'


## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵੱਲੋਂ ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵੱਲੋਂ ਖਾਲਸਾ ਪੰਥ ਦਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸੁਸਾਇਟੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਸਿੱਖ ਧਰਮ ਵਿੱਚ ਇਸਦਾ ਖ਼ਾਸ ਮਹੱਤਵ ਇਸ ਲਈ ਹੈ ਕਿ ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਵੱਲੋਂ ਉਸਾਰੇ ਗਏ ਸਿੱਖੀ ਦੇ ਮਹਿਲ ਨੂੰ ਅੰਤਿਮ ਰੂਪ ਦੇ ਕੇ ਖਾਲਸੇ ਦੀ ਸਾਜਨਾ ਕੀਤੀ। ਏਸੇ ਤਹਿਤ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵਿਖੇ ਖਾਲਸਾ ਸਾਜਨਾ ਦਿਵਸ, ਵਿਸ਼ਵ ਸਿੱਖ ਦਸਤਾਰ ਦਿਵਸ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਸਹਿਜ ਪਾਠ ਦੇ ਭੋਗ ਉਪਰੰਤ ਗਿਆਨੀ ਬਲਵਿੰਦਰ ਸਿੰਘ ਪੱਟੀ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਗਿਆਨੀ ਅੰਮ੍ਰਿਤਪਾਲ ਸਿੰਘ ਲੁਧਿਆਣਾ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਤੋਂ ਗੁਰੂ ਅੰਗਦ ਥਾਪ ਕੇ ਆਪ ਗੁਰੂ ਨੂੰ ਨਮਸ਼ਕਾਰ ਕੀਤੀ ਅਤੇ ਆਪੇ ਗੁਰੂ ਚੇਲੇ ਦੀ ਪ੍ਰੰਪਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਦੇ ਕੇ ਪੰਜ ਪਿਆਰੇ ਥਾਪੇ ਅਤੇ ਆਪ ਉਹਨਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।



ਸਮਾਗਮ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਇਸ ਮੌਕੇ ਬੱਚਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਾਰੇ ਪ੍ਰਬੰਧ ਨੂੰ ਯੋਗ ਢੰਗ ਨਾਲ ਚਲਾਉਣ ਵੇਲੇ ਸ: ਗੁਰਬਚਨ ਸਿੰਘ ਅਟਵਾਲ, ਹਰਬੰਸ ਸਿੰਘ ਕੁਲਾਰ, ਅਵਤਾਰ ਸਿੰਘ ਬੁੱਟਰ, ਜੋਰਾ ਸਿੰਘ ਖੰਗੂੜਾ, ਜਸਵੰਤ ਸਿੰਘ, ਬਹਾਦਰ ਸਿੰਘ, ਗੁਰਦੀਪ ਸਿੰਘ ਥਿੰਦ, ਅਮਰਜੀਤ ਸਿੰਘ ਢਿੱਲੋਂ, ਜਸਪ੍ਰੀਤ ਸਿੰਘ, ਪਰਵਿੰਦਰ ਸਿੰਘ, ਸੁਰਜੀਤ ਸਿੰਘ, ਰਜਿੰਦਰ ਸਿੰਘ ਰਾਏ, ਗਿਆਨੀ ਬਲਵਿੰਦਰ ਸਿੰਘ ਪੱਟੀ, ਪਰਮਿੰਦਰ ਸਿੰਘ, ਗੁਰਪ੍ਰੀਤ ਸਿੰਘ ਅਤੇ ਹੋਰ ਸੰਗਤਾਂ ਹਾਜ਼ਿਰ ਸਨ।

# ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਆਪਣੇ ਦਫ਼ਤਰ ਵਿੱਚ ਮਨਾਈ ਵਿਸਾਖੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਆਪਣੇ ਸਰਕਾਰੀ ਰਿਹਾਇਸ਼ 10 ਡਾਊਨਿੰਗ ਸਟ੍ਰੀਟ ਵਿਖੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਸਬੰਧ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ। ਬੀਤੇ ਕੱਲ ਸਮਾਗਮ ਦੀ ਸ਼ੁਰੂਆਤ ਮੌਕੇ ਪ੍ਰਧਾਨ ਮੰਤਰੀ ਨੇ ਬੋਲੇ ਸੌ ਨਿਹਾਲ ਨਾਲ ਕੀਤੀ ਅਤੇ ਸਮਾਪਤੀ ਪੰਜਾਬੀ ਵਿੱਚ ਵਿਸਾਖੀ ਦੀਆਂ ਵਧਾਈਆਂ ਦੇ ਕੇ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਸਾਹਿਬ ਵੱਲੋਂ ਚਲਾਏ ਲੰਗਰ ਦੀ ਪ੍ਰਥਾ ਅੱਜ ਵਿਸ਼ਵ ਭਰ ਚੱਲ ਰਹੀ ਹੈ। ਉਹਨਾ ਕਿਹਾ ਕਿ ਮੇਰੇ ਨਾਨਕੇ ਅਤੇ ਦਾਦਕੇ ਪੰਜਾਬ ਤੋਂ ਹਨ, ਜੋ ਸਿੱਖੀ ਨਾਲ ਜੁੜੇ ਹੋਏ ਸਨ। ਜਿਸ ਕਰਕੇ ਮੈਨੂੰ ਅੱਜ ਵੀ ਯਾਦ ਹੈ ਕਿ ਮੈਂ ਗੁਰਦੁਆਰਾ ਸਾਹਿਬ ਦੋ ਦੋ ਵਾਰ ਪ੍ਰਸ਼ਾਦ ਲਿਆ ਕਰਦਾ ਸੀ। ਉਹਨਾ ਯੂ ਕੇ ਵਿੱਚ ਸਿੱਖਾਂ ਵੱਲੋਂ ਪਾਏ ਯੋਗਦਾਨ ਦੀ ਵੀ ਪ੍ਰਸੰਸਾ ਕੀਤੀ। ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਦਾ ਵਿਸ਼ੇਸ਼ ਜਿਕਰ ਕੀਤਾ। ਇਸ ਮੌਕੇ ਬੱਚਿਆਂ ਨੇ ਗੁਰਬਾਣੀ ਕੀਰਤਨ ਵੀ ਗਾਇਨ ਕੀਤਾ। ਸਮਾਗਮ ਵਿੱਚ ਭਾਈ ਸਾਹਿਬ ਭਾਈ ਮਹਿੰਦਰ ਸਿੰਘ, ਕਾਰੋਬਾਰੀ ਤਜਿੰਦਰ ਸਿੰਘ ਸੇਖੋਂ, ਸਾਬਕਾ ਐਮ ਪੀ ਪੋਲ ਉੱਪਲ, ਨਵਦੀਪ ਸਿੰਘ, ਨਰਪਿੰਦਰ ਕੌਰ ਮਾਨ, ਗਗਨਦੀਪ ਸਿੰਘ ਆਦਿ ਸਮੇਤ ਯੂ ਕੇ ਭਰ ਤੋਂ ਸਿੱਖ ਸਖਸ਼ੀਅਤਾਂ ਹਾਜ਼ਰ ਸਨ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸੰਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 18TH MAY 2024 IN ILFORD
An opportunity to meet a number of other like-minded singletons under one roof & maybe meet a potential partner
Tickets: Non-members: £45.00
Members/Non-Members (Early Bird booking by 30/4/24) - £40.00
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਢਾਈ ਸਾਲ ਦੀ ਬੱਚੀ ਨੂੰ ਜ਼ਿੰਦਾ ਦਫ਼ਨਾਉਣ ਵਾਲੀ ਔਰਤ ਨੂੰ ਮੌਤ ਦੀ ਸਜ਼ਾ

## ✪ ਘਿਨਾਉਣੇ ਅਪਰਾਧ ਲਈ ਰਹਿਮ ਦੀ ਅਪੀਲ ਸਵੀਕਾਰ ਨਹੀਂ-ਅਦਾਲਤ

ਲੁਧਿਆਣਾ-ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਦਾਲਤ ਨੇ ਬੀਤੇ ਦਿਨੀਂ ਇਕ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਢਾਈ ਸਾਲ ਦੀ ਬੱਚੀ ਨੂੰ ਜ਼ਿੰਦਾ ਦਫ਼ਨਾਉਣ ਵਾਲੀ ਔਰਤ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਜੱਜ ਸ੍ਰੀ ਮਨੀਸ਼ ਸਿੰਗਲ ਵਲੋਂ ਸੁਣਾਏ ਗਏ ਫ਼ੈਸਲੇ ਵਿਚ ਸਖ਼ਤ ਟਿੱਪਣੀਆਂ ਵੀ ਕੀਤੀਆਂ ਹਨ। ਜਾਣਕਾਰੀ ਅਨੁਸਾਰ ਲੁਧਿਆਣਾ ਦੀ ਦਿਲ ਕੰਬਾਊ ਘਟਨਾ ਨੇ ਸ਼ਹਿਰ ਵਾਸੀਆਂ ਨੂੰ ਤਿੰਨ ਸਾਲ ਪਹਿਲਾਂ ਹਿਲਾ ਕੇ ਰੱਖ ਦਿੱਤਾ ਸੀ, ਜਦੋਂ ਸਥਾਨਕ ਸ਼ਿਮਲਾਪੁਰੀ ਵਿਚ ਪੁਲਿਸ ਮੁਲਾਜ਼ਮ ਹਰਪ੍ਰੀਤ ਸਿੰਘ ਅਤੇ ਕਿਰਨ ਕੌਰ ਦੀ ਢਾਈ ਸਾਲ ਦੀ ਮਾਸੂਮ ਬੱਚੀ ਦਿਲਰੋਜ਼ ਨੂੰ ਨਿੱਜੀ ਰੰਜਿਸ਼ ਕਾਰਨ ਉਸਦੇ ਗੁਆਂਢ ਵਿਚ ਰਹਿਣ ਵਾਲੀ ਔਰਤ ਨੀਲਮ ਨੇ ਬੜੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ। ਜੱਜ ਵਲੋਂ ਇਕ ਹਫ਼ਤਾ ਪਹਿਲਾਂ ਹੀ ਨੀਲਮ ਨੂੰ ਦੋਸ਼ੀ ਕਰਾਰ ਦੇ ਦਿੱਤਾ ਸੀ। ਅੱਧਾ ਘੰਟਾ ਸੁਣਵਾਈ ਹੋਈ ਅਤੇ ਐਡਵੋਕੇਟ ਘੁੰਮਣ ਵਲੋਂ ਤੋਂ ਜੱਜ ਸਾਹਿਬ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ।

ਫ਼ੈਸਲਾ ਸੁਣਾਉਣ ਤੋਂ ਪਹਿਲਾਂ ਜੱਜ ਵਲੋਂ ਨੀਲਮ ਤੋਂ ਸਫ਼ਾਈ ਵਿਚ ਕੁਝ ਕਹਿਣ ਬਾਰੇ ਕਿਹਾ ਪਰ ਨੀਲਮ ਕੁਝ ਨਹੀਂ ਬੋਲੀ ਅਤੇ ਉਸਨੇ ਨਾਂਹ ਵਿਚ ਸਿਰ ਹਿਲਾ ਦਿੱਤਾ। ਜੱਜ ਨੇ ਫ਼ੈਸਲੇ ਵਿਚ ਕਿਹਾ ਕਿ ਇਹ ਘਿਨਾਉਣਾ ਅਪਰਾਧ ਕਿਸੇ ਵੀ ਮੁਆਫ਼ੀ ਦੇ ਯੋਗ ਨਹੀਂ ਅਤੇ ਨਾ ਹੀ ਇਸ ਮਾਮਲੇ ਵਿਚ ਕੋਈ ਰਹਿਮ ਦੀ ਅਪੀਲ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ। ਫ਼ੈਸਲੇ ਦੌਰਾਨ ਅਦਾਲਤ ਵਿਚ ਮਿਰਤਕ ਬੱਚੀ ਦੇ ਪਿਤਾ ਹਰਪ੍ਰੀਤ, ਮਾਤਾ ਕਿਰਨ ਅਤੇ ਦਾਦਾ ਸ਼ਮਿੰਦਰ ਸਿੰਘ ਤੋਂ ਇਲਾਵਾ ਹੋਰ ਰਿਸ਼ਤੇਦਾਰ ਵੀ ਮੌਜੂਦ ਸਨ। ਫ਼ੈਸਲਾ ਸੁਣਨ ਉਪਰੰਤ ਮਿਰਤਕ ਬੱਚੀ ਦਿਲਰੋਜ਼ ਦੀ ਮਾਤਾ ਅਤੇ ਉਸਦੇ ਪਿਤਾ ਰੋਣ ਲੱਗ ਪਏ। ਉਨ੍ਹਾਂ ਫ਼ੈਸਲੇ 'ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਜੱਜ ਵਲੋਂ ਸੁਣਾਏ ਗਏ ਫ਼ੈਸਲੇ ਵਿਚ ਧਾਰਾ 302 ਤਹਿਤ ਫਾਂਸੀ ਦੀ ਸਜ਼ਾ ਧਾਰਾ 364 ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਦਕਿ ਧਾਰਾ 201 ਦੇ ਤਹਿਤ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਹੈ। ਮ੍ਰਿਤਕ ਬੱਚੀ ਦਾ ਪਿਤਾ ਪੰਜਾਬ ਪੁਲਿਸ ਵਿਚ ਬਤੌਰ ਕਾਂਸਟੇਬਲ ਡਿਊਟੀ ਨਿਭਾ ਰਿਹਾ ਹੈ। ਕਾਨੂੰਨ ਮੁਤਾਬਿਕ ਇਸ ਫ਼ੈਸਲੇ ਖ਼ਿਲਾਫ਼ ਦੋਸ਼ੀ ਨੀਲਮ ਇਕ ਮਹੀਨੇ ਦੇ ਅੰਦਰ ਹਾਈਕੋਰਟ ਵਿਚ ਅਪੀਲ ਦਾਇਰ ਕਰ ਸਕੇਗੀ ਅਦਾਲਤ ਵਲੋਂ ਉਸ ਨੂੰ ਫ਼ੈਸਲੇ ਦੀਆਂ ਕਾਪੀਆਂ ਮੁਹੱਈਆ ਕਰਵਾਉਣ ਦੇ ਹੁਕਮ ਵੀ ਦਿੱਤੇ।

### ਵਹਿਸ਼ੀਆਨਾ ਤਰੀਕੇ ਨਾਲ ਮਾਰਿਆ ਸੀ ਦਿਲਰੋਜ਼ ਨੂੰ

ਘਟਨਾ ਵਾਲੇ ਦਿਨ 28 ਜਨਵਰੀ, 2021 ਨੂੰ ਦਿਲਰੋਜ਼ ਆਪਣੇ ਘਰ ਦੇ ਬਾਹਰ ਖੇਡ ਰਹੀ ਸੀ ਕਿ ਨੀਲਮ ਉਸ ਨੂੰ ਚੀਜ਼ ਦਿਵਾਉਣ ਦਾ ਕਹਿ ਕੇ ਆਪਣੇ ਨਾਲ ਸਕੂਟਰ 'ਤੇ ਲੈ ਗਈ ਤੇ ਘਰ ਤੋਂ ਪੰਜ ਕਿੱਲੋਮੀਟਰ ਦੂਰ ਜਲੰਧਰ ਬਾਈਪਾਸ ਨੇੜੇ ਲੈ ਆਈ, ਜਿਥੇ ਇਕ ਖ਼ਾਲੀ ਪਏ ਪਲਾਟ ਵਿਚ ਟੋਆ ਪੁੱਟ ਕੇ ਉਸਨੇ ਦਿਲਰੋਜ਼ ਨੂੰ ਉੱਥੇ ਜ਼ਿੰਦਾ ਹੀ ਦਫ਼ਨਾ ਦਿੱਤਾ।



ਸਿੱਟੇ ਵਜੋਂ ਦਿਲਰੋਜ਼ ਦੀ ਮੌਤ ਹੋ ਗਈ ਸੀ ਜਦੋਂ ਦੇਰ ਸ਼ਾਮ ਤੱਕ ਬੱਚੀ ਬਾਰੇ ਕੁੱਝ ਪਤਾ ਨਾ ਲੱਗਾ ਤਾਂ ਹਰਪ੍ਰੀਤ ਅਤੇ ਬੱਚੀ ਦੇ ਦਾਦਾ ਸ਼ਮਿੰਦਰ ਸਿੰਘ ਨੇ ਇਸ ਸੰਬੰਧੀ ਪੁਲਿਸ ਨੂੰ ਸੂਚਿਤ ਕੀਤਾ।

ਸੂਚਨਾ ਮਿਲਦੇ ਹੀ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਿਸ ਵਲੋਂ ਘਰ ਦੇ ਨੇੜੇ ਲੱਗੇ ਸੀ. ਸੀ. ਟੀਵੀ ਕੈਮਰਿਆਂ ਦੀ ਫੁਟੇਜ ਖੰਘਾਲੀ ਗਈ ਤਾਂ ਫੁਟੇਜ ਵਿਚ ਨੀਲਮ ਬੱਚੀ ਨੂੰ ਆਪਣੇ ਨਾਲ ਲਿਜਾਂਦੀ ਦਿਖਾਈ ਦੇ ਰਹੀ ਸੀ। ਪੁਲਿਸ ਨੇ ਨੀਲਮ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਸਖ਼ਤੀ ਨਾਲ ਪੁੱਛ ਪੜਤਾਲ ਕਰਨ 'ਤੇ ਨੀਲਮ ਨੇ ਦੱਸਿਆ ਕਿ ਉਸ ਨੇ ਬੱਚੀ ਦਿਲਰੋਜ਼ ਨੂੰ ਖ਼ਾਲੀ ਪਲਾਟ ਵਿਚ ਜ਼ਿੰਦਾ ਦਫ਼ਨਾ ਦਿੱਤਾ ਹੈ। ਪੁਲਿਸ ਨੇ ਉਸਦੀ ਨਿਸ਼ਾਨਦੇਹੀ 'ਤੇ ਬੱਚੀ ਦੀ ਲਾਸ਼ ਬਾਹਰ ਕੱਢ ਲਈ ਤੇ ਉਸ ਖ਼ਿਲਾਫ਼ ਕੇਸ ਦਰਜ ਕਰਨ ਉਪਰੰਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

### ਦੋਸ਼ੀ ਨੀਲਮ ਨੇ ਕੀ ਕਬੂਲਿਆ

ਪੁਲਿਸ ਨੇ ਚਾਰਜਸ਼ੀਟ ਵਿੱਚ ਕਿਹਾ ਗਿਆ ਹੈ, "ਨੀਲਮ ਨੇ ਆਪਣੇ ਕਬੂਲਨਾਮੇ ਵਿੱਚ ਪੁਲਿਸ ਨੂੰ ਦੱਸਿਆ ਕਿ ਦਿਲਰੋਜ਼ ਦਾ ਪਿਤਾ ਹਰਪ੍ਰੀਤ ਸਿੰਘ, ਜੋ ਪੁਲਿਸ ਵਿੱਚ ਨੌਕਰੀ ਕਰਦਾ ਸੀ, ਆਪਣੇ ਬੱਚਿਆਂ ਲਈ ਨਵੀਆਂ ਚੀਜ਼ਾਂ ਲਿਆਉਂਦਾ ਸੀ। ਉਨ੍ਹਾਂ ਨੂੰ ਦੇਖ ਕੇ ਮੇਰੇ ਬੱਚੇ ਵੀ ਮੇਰੇ ਤੋਂ ਅਜਿਹੀਆਂ ਚੀਜ਼ਾਂ ਦੀ ਮੰਗ ਕਰਦੇ ਸਨ, ਪਰ ਮੈਂ ਆਪਣੇ ਬੱਚੇ ਦੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਦੀ, ਜਿਸ ਨਾਲ ਮੇਰੇ ਅੰਦਰ ਹੀਣ ਭਾਵਨਾ ਪੈਦਾ ਹੋ ਗਈ।"

ਨੀਲਮ ਨੇ ਅੱਗੇ ਕਿਹਾ, "ਉਹ 28 ਨਵੰਬਰ, 2021 ਨੂੰ ਦੁਪਹਿਰ ਸਮੇਂ ਦਿਲਰੋਜ਼ ਕੌਰ ਨੂੰ ਅਗਵਾ ਕਰਕੇ ਲੁਧਿਆਣਾ ਜਲੰਧਰ ਜੀਟੀ ਰੋਡ 'ਤੇ ਲੈ ਕੇ ਗਈ। ਉੱਥੇ ਦਿਲਰੋਜ਼ ਨੂੰ ਇੱਕ ਸੁੰਨਸਾਨ ਪਲਾਟ ਵਿੱਚ ਦਫ਼ਨਾ ਦਿੱਤਾ। ਦਿਲਰੋਜ਼ ਨੂੰ ਪੁਲਿਸ ਨੇ ਲੱਭ ਲਿਆ ਸੀ ਅਤੇ ਉਸ ਨੂੰ ਇੱਕ ਨਿੱਜੀ ਹਸਪਤਾਲ ਲੈ ਗਈ ਪਰ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਲੁਧਿਆਣਾ ਪੁਲਿਸ ਨੇ ਭਾਰਤੀ ਦੰਡਾਵਲੀ ਦੀ ਧਾਰਾ 364 (ਜਾਨ ਦੇ ਇਰਾਦੇ ਨਾਲ ਅਗਵਾ) ਦੇ ਤਹਿਤ ਇਹ ਮਾਮਲਾ ਸ਼ਿਮਲਾਪੁਰੀ ਪੁਲਿਸ ਸਟੇਸ਼ਨ ਵਿੱਚ ਦਰਜ ਕੀਤਾ ਸੀ। ਬੱਚੇ ਦੀ ਮੌਤ ਤੋਂ ਬਾਅਦ, ਆਈਪੀਸੀ ਦੀ ਧਾਰਾ 302 (ਹੱਤਿਆ ਦੀ ਸਜ਼ਾ) ਐੱਫਆਈਆਰ ਵਿੱਚ ਦਰਜ ਕੀਤੀ ਗਈ ਸੀ। ਇਹ ਕੇਸ ਦਿਲਰੋਜ਼ ਦੇ ਦਾਦਾ ਸ਼ਮਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ।


### ਨੀਲਮ ਦੇ ਪੁੱਤ ਨੇ ਵੀ ਦਿੱਤੀ ਸੀ ਜਾਣਕਾਰੀ

ਲੜਕੀ ਦੇ ਲਾਪਤਾ ਹੋਣ ਤੋਂ ਬਾਅਦ ਮਾਂ ਨੇ ਦੋਸ਼ੀ ਨੀਲਮ ਨੂੰ ਫੋਨ ਕੀਤਾ ਸੀ। ਸਾਲ 2021 ਨਵੰਬਰ ਦੀ ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਦੇ ਮੁਤਾਬਕ, ਪੀੜਤਾ ਦੀ ਮਾਂ, ਕਿਰਨ ਨੇ ਕਿਹਾ ਸੀ, "ਮੈਂ ਦਿਲਰੋਜ਼ ਨੂੰ ਅੰਦਰ ਆਉਣ ਆਵਾਜ਼ ਮਾਰ ਰਹੀ ਸੀ ਅਤੇ ਕੁਝ ਦੇਰ ਸੌਣ ਲਈ ਕਹਿ ਰਹੀ ਸੀ। ਜਦੋਂ ਉਸ ਨੇ ਕੋਈ ਜਵਾਬ ਨਹੀਂ ਦਿੱਤਾ ਤਾਂ ਮੈਂ ਉਸਨੂੰ ਲੈਣ ਗਈ, ਪਰ ਉਹ ਕਿਤੇ ਨਹੀਂ ਮਿਲੀ। ਕਿਰਨ ਨੇ ਅੱਗੇ ਕਿਹਾ ਸੀ ਕਿ ਨੀਲਮ ਦੇ ਇੱਕ ਪੁੱਤਰ ਨੇ ਮੈਨੂੰ ਦੱਸਿਆ ਕਿ ਉਸਦੀ ਮਾਂ ਦਿਲਰੋਜ਼ ਨੂੰ ਆਪਣੇ ਸਕੂਟਰ 'ਤੇ ਲੈ ਗਈ ਸੀ।

ਉਨ੍ਹਾਂ ਦੱਸਿਆ ਕਿ, "ਮੈਂ ਨੀਲਮ ਨੂੰ ਫ਼ੋਨ ਕੀਤਾ, ਉਸ ਨੂੰ ਦਿਲਰੋਜ਼ ਦਾ ਧਿਆਨ ਰੱਖਣ ਲਈ ਕਿਹਾ। ਪਰ ਨੀਲਮ ਨੇ ਕਿਹਾ ਕਿ ਦਿਲਰੋਜ਼ ਉਸ ਦੇ ਨਾਲ ਨਹੀਂ ਸੀ। ਇਸ ਤੋਂ ਬਾਅਦ ਮੈਂ ਉਸ ਨੂੰ ਲੱਭਦੀ ਰਹੀ। ਬਾਅਦ ਵਿੱਚ ਸੜਕ 'ਤੇ ਖੇਡ ਰਹੇ ਹੋਰ ਬੱਚਿਆਂ ਨੇ ਕਿਹਾ ਕਿ ਉਨ੍ਹਾਂ ਨੇ ਦਿਲਰੋਜ਼ ਨੂੰ ਨੀਲਮ ਨਾਲ ਦੇਖਿਆ ਸੀ, ਜਿਸ ਤੋਂ ਬਾਅਦ ਅਸੀਂ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਮੁਤਾਬਕ ਨੀਲਮ ਅਤੇ ਉਸ ਦੇ ਮਾਤਾ-ਪਿਤਾ ਨੇ ਆਪਣਾ ਘਰ ਵੇਚ ਦਿੱਤਾ ਸੀ ਅਤੇ ਨਵੀਂ ਜਗ੍ਹਾ 'ਤੇ ਰਹਿਣ ਲੱਗੇ ਸਨ। ਵਾਰਦਾਤ ਵਾਲਾ ਦਿਨ ਉਨ੍ਹਾਂ ਦਾ ਪੁਰਾਣੇ ਘਰ ਵਿੱਚ ਆਖਰੀ ਦਿਨ ਸੀ।

# ਆਸ਼ਕੀ ਵਿਚ ਫਸਿਆ ਉਦਾਸੀ ਡੇਰੇ ਦਾ ਮੁੱਖ ਸੇਵਾਦਾਰ !

## ✪ ਸੇਵਾ ਕਰਨ ਆਉਂਦੀ ਔਰਤ ਨੇ ਪ੍ਰੇਮ ਜਾਲ ਵਿਚ ਫਸਾ ਕੇ ਬਾਬਾ ਠੱਗਿਆ



ਮੋਗਾ-ਥਾਣਾ ਧਰਮਕੋਟ ਅਧੀਨ ਪੈਂਦੇ ਪਿੰਡ ਭਿੰਡਰ ਵਿਚ ਇਕ ਧਾਰਮਿਕ ਡੇਰੇ ਦੇ ਮੁੱਖ ਸੇਵਾਦਾਰ ਨੂੰ ਇਕ ਔਰਤ ਵੱਲੋਂ ਆਪਣੇ ਪਤੀ ਅਤੇ ਕੁਝ ਹੋਰਾਂ ਨਾਲ ਕਥਿਤ ਮਿਲੀਭੁਗਤ ਕਰ ਕੇ ਬਲੈਕਮੇਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਉਕਤ ਔਰਤ ਨੇ ਪਹਿਲਾਂ ਉਸ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਇਆ ਤੇ ਫਿਰ ਉਸ ਦੀ ਆਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੀ ਧਮਕੀ ਦੇ ਕੇ 10 ਲੱਖ ਰੁਪਏ ਮੰਗੇ। ਪੁਲਸ ਨੇ ਜਾਂਚ ਤੋਂ ਬਾਅਦ ਔਰਤ ਸਮੇਤ ਚਾਰ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ ਹੈ।

ਇਸ ਮਾਮਲੇ ਸਬੰਧੀ ਮੋਗਾ ਧਰਮਕੋਟ ਦੇ ਥਾਣਾ ਮੁਖੀ ਇੰਸਪੈਕਟਰ ਨਵਦੀਪ ਸਿੰਘ ਭੱਟੀ ਨੇ ਦੱਸਿਆ ਕਿ ਬਲਦੇਵ ਸਿੰਘ ਨਾਂ ਦੇ ਇਕ ਵਿਅਕਤੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਮੋਗਾ ਦੇ ਪਿੰਡ ਲੋਹਗੜ੍ਹ ਵਿਚ ਸਥਿਤ ਡੇਰਾ ਬਾਬਾ ਰਾਮ ਦਿਆਲ ਸਮਾਧਾ ਤਹਿਲ ਦਾਸ ਉਦਾਸੀਨ ਡੇਰਾ ਸ੍ਰੀ ਚੰਦ ਮਹਾਰਾਜ ਜੀ ਵਿਚ ਮੁੱਖ ਸੇਵਾਦਾਰ ਦੇ ਤੌਰ 'ਤੇ ਡੇਰਾ ਚਲਾਉਂਦਾ ਸੀ। ਇਸੇ ਡੇਰੇ ਵਿਚ ਅਲਕਾ ਨਾਂ ਦੀ ਔਰਤ ਪਿਛਲੇ ਕੁਝ ਦਿਨਾਂ ਤੋਂ ਸੇਵਾ ਕਰਦੀ ਸੀ। ਕੁੱਝ ਦਿਨਾਂ ਤੋਂ ਉਕਤ ਔਰਤ ਨੇ ਬਲਦੇਵ ਸਿੰਘ ਨੂੰ ਆਪਣੇ ਜਾਲ ਵਿਚ ਫਸਾ ਲਿਆ ਅਤੇ ਫ਼ੋਨ 'ਤੇ ਅਸ਼ਲੀਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਉਨ੍ਹਾਂ ਅੱਗੇ ਦੱਸਿਆ ਕਿ ਫ਼ੋਨ 'ਤੇ ਹੋਈ ਗੱਲਬਾਤ ਰਿਕਾਰਡ ਕਰ ਕੇ ਔਰਤ ਨੇ ਆਪਣੇ ਪਤੀ ਅਜਮੇਰ ਸਿੰਘ, ਜਗਦੇਵ ਸਿੰਘ, ਸੁਰਜੀਤ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਮੁੱਖ ਸੇਵਾਦਾਰ ਬਲਦੇਵ ਸਿੰਘ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਉਹ ਉਸ ਤੋਂ 10 ਲੱਖ ਰੁਪਏ ਦੀ ਮੰਗ ਕਰਨ ਲੱਗੇ ਅਤੇ ਪੈਸੇ ਨਾ ਦੇਣ ਤੇ ਫੋਨ ਤੇ ਹੋਈ ਗੱਲਬਾਤ ਦੀ ਰਿਕਾਰਡਿੰਗ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੀ ਧਮਕੀ ਦਿੱਤੀ।

ਉਨ੍ਹਾਂ ਨੇ ਬਲਦੇਵ ਸਿੰਘ ਨਾਲ 3 ਲੱਖ 50 ਹਜ਼ਾਰ ਰੁਪਏ ਵਿਚ ਸਮਝੌਤੇ ਦੀ ਗੱਲ ਕੀਤੀ, ਪਰ 3 ਲੱਖ 50 ਹਜ਼ਾਰ ਰੁਪਏ ਲੈਣ ਤੋਂ ਬਾਅਦ ਵੀ ਮੁਲਜ਼ਮਾਂ ਨੇ ਬਲਦੇਵ ਸਿੰਘ ਨੂੰ ਡਰਾ ਧਮਕਾ ਕੇ 70 ਹਜ਼ਾਰ ਰੁਪਏ ਹੋਰ ਵਸੂਲ ਲਏ। ਬਲਦੇਵ ਸਿੰਘ ਦੀ ਸ਼ਿਕਾਇਤ 'ਤੇ ਜਾਂਚ ਕਰਨ ਉਪਰੰਤ ਅਲਕਾ, ਅਜਮੇਰ ਸਿੰਘ, ਜਗਦੇਵ ਸਿੰਘ, ਸੁਰਜੀਤ ਸਿੰਘ ਨੂੰ ਥਾਣਾ ਧਰਮਕੋਟ ਵਿਚ ਮਾਮਲਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ।

# ਲੋਕ ਸਭਾ ਚੋਣਾਂ ਵਿਚ ਵਾਤਾਵਰਨ ਪ੍ਰਦੂਸ਼ਣ ਅਤੇ ਜ਼ਮੀਨ ਦੋਜ ਪਾਣੀ ਕਿਉਂ ਨਹੀਂ ਬਣ ਰਹੇ ਮੁੱਖ ਮੁੱਦੇ ?

ਵਿਸ਼ੇਸ਼ ਰਿਪੋਟ

## ✪ ਸਿਆਸੀ ਧਿਰਾਂ ਵਾਤਾਵਰਨ ਦੇ ਮੁੱਦੇ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨ-ਫੂਲਕਾ
## ✪ ਲੋਕਪੱਖੀ ਸਿਆਸਤ ਨੂੰ ਉਭਾਰਨ ਲਈ ਬੁੱਧੀਜੀਵੀ ਤੇ ਕਿਸਾਨ ਸੰਸਥਾਵਾਂ ਅਗੇ ਆਉਣ

ਪੰਜਾਬ ਦੀ ਵੱਡੀ ਸਮੱਸਿਆ ਵਾਤਾਵਰਨ ਪ੍ਰਦੂਸ਼ਣ ਅਤੇ ਦਿਨੋ-ਦਿਨ ਧਰਤੀ ਹੇਠਲੇ ਪਾਣੀ ਦੀ ਨਿੱਘਰਦੀ ਜਾ ਰਹੀ ਪੱਧਰ ਦੀ ਹੈ। ਖਾਦਾਂ, ਕੀਟਨਾਸ਼ਕਾਂ ਅਤੇ ਨਦੀਨ-ਨਾਸ਼ਕ ਦੀ ਲਗਾਤਾਰ ਹੋ ਰਹੀ ਵਧੇਰੇ ਵਰਤੋਂ ਨਾਲ ਪੰਜਾਬ ਇਕ ਲੁਪਤ ਹੋਣ ਵਾਲੀ ਸੱਭਿਅਤਾ ਲੱਗਣ ਲੱਗ ਪਿਆ ਹੈ। ਪੰਜਾਬ ਦੇ ਕਈ ਪਿੰਡ ਅਜਿਹੇ ਹਨ। ਜਿੱਥੇ ਪੀਣਯੋਗ ਪਾਣੀ ਨਾ ਹੋਣ ਕਾਰਨ ਪ੍ਰਦੂਸ਼ਿਤ ਪਾਣੀ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਇਨ੍ਹਾਂ ਪਿੰਡਾਂ ਵਿਚਲੀ ਸਮੱਸਿਆ ਸਿਆਸੀ ਪਾਰਟੀਆਂ ਲਈ ਕੋਈ ਮੁੱਦਾ ਨਹੀਂ ਰਹੀ, ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਵਿਕਾਸ ਦੱਸਣ ਵਾਲੀਆਂ ਸਿਆਸੀ ਪਾਰਟੀਆਂ ਵਲੋਂ ਕੈਂਸਰ ਪੀੜਤਾਂ ਦੀ ਕੋਈ ਸਾਰ ਨਹੀਂ ਲਈ ਜਾਂਦੀ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ 'ਚ ਧਰਤੀ ਹੇਠਲਾ ਪਾਣੀ ਸਾਡੇ ਦੁਆਰਾ ਵੱਡੇ ਪੱਧਰ 'ਤੇ ਬੇਲੋੜੀਆਂ ਅਤੇ ਜ਼ਰੂਰਤ ਤੋਂ ਜ਼ਿਆਦਾ ਕੀਤੀਆਂ ਜਾਂਦੀਆਂ ਜ਼ਹਿਰੀਲੀਆਂ ਸਪਰੇਆਂ ਦੀ ਵਰਤੋਂ ਫੈਕਟਰੀਆਂ 'ਚੋਂ ਨਿਕਲਦੇ ਜ਼ਹਿਰੀਲੇ ਗੰਧਲੇ ਪਾਣੀ ਨੂੰ ਧਰਤੀ ਹੇਠ ਸੁੱਟਣ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਗਿਆ ਹੈ ਅਤੇ ਇਸ ਨਾਲ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਜਿਵੇਂ ਗੁਰਦਿਆਂ ਦਾ ਖ਼ਰਾਬ ਹੋਣਾ, ਚਮੜੀ ਰੋਗ, ਫੇਫੜੇ ਰੋਗ ਅਤੇ ਕੈਂਸਰ ਆਦਿ ਵਰਗੀਆਂ ਬਿਮਾਰੀਆਂ ਨਾਲ ਮਨੁੱਖੀ ਜੀਵਨ ਜਕੜਿਆ ਜਾ ਰਿਹਾ ਹੈ। ਹੁਣ ਤਾਂ ਦੇਸ਼ ਦੀਆਂ ਅਤੇ ਵਿਦੇਸ਼



ਦੀਆਂ ਬਹੁਤ ਸਾਰੀਆਂ ਏਜੰਸੀਆਂ ਨੇ ਖ਼ਤਰੇ ਦੀ ਇਹ ਘੰਟੀ ਖੜਕਾਉਣੀ ਸ਼ੁਰੂ ਕਰ ਦਿੱਤੀ ਹੈ ਕਿ ਜੇਕਰ ਖੇਤੀਬਾੜੀ ਅਤੇ ਹੋਰ ਕੰਮਕਾਰਾਂ ਲਈ ਇਸੇ ਤਰ੍ਹਾਂ ਬੇਦਰੇਗੀ ਨਾਲ ਧਰਤੀ ਹੇਠਲਾ ਪਾਣੀ ਟਿਊਬਵੈੱਲਾਂ ਰਾਹੀਂ ਕੱਢਿਆ ਜਾਂਦਾ ਰਿਹਾ ਤਾਂ ਇਥੇ 10 ਤੋਂ 15 ਸਾਲਾਂ ਵਿਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ। ਇਥੇ ਖੇਤੀਬਾੜੀ ਅਤੇ ਸਨਅਤ ਤਾਂ ਕੀ, ਲੋਕਾਂ ਅਤੇ ਪਾਲਤੂ ਪਸ਼ੂਆਂ ਦੇ ਪੀਣ ਲਈ ਵੀ ਪਾਣੀ ਨਸੀਬ ਨਹੀਂ ਹੋਵੇਗਾ। ਅਜਿਹੀ ਸਥਿਤੀ ਵਿਚ ਪੰਜਾਬ ਦਾ, ਇਥੇ ਵਸਦੇ ਲੋਕਾਂ ਦਾ ਕੀ ਬਣੇਗਾ ? ਇਹ ਇਕ ਵੱਡਾ ਤੇ ਚਿੰਤਾ ਵਾਲਾ ਸਵਾਲ ਹੈ। ਉੱਤੋਂ ਸੁਪਰੀਮ ਕੋਰਟ ਵਲੋਂ ਹਰ ਹਾਲਤ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਪੁੱਟਣ ਦਾ ਆਇਆ ਤਾਜ਼ਾ ਫ਼ਰਮਾਨ ਚਿੰਤਾ ਵਿਚ ਹੋਰ ਵੀ ਵਾਧਾ ਕਰਨ ਵਾਲਾ ਹੈ। ਪਰ ਇਹ ਮੁੱਦੇ ਹਾਲੇ ਤਕ ਲੋਕ ਸਭਾ ਚੋਣਾਂ ਵਿਚ ਮੁਖ ਮੁਦੇ ਨਹੀਂ ਬਣੇ।



ਡਾਕਟਰ ਬਲਬੀਰ ਸਿੰਘ ਭੌਰਾ ਅਕਾਲ ਆਈ ਹਸਪਤਾਲ ਜਲੰਧਰ ਦਾ ਕਹਿਣਾ ਹੈ ਕਿ ਸਿਰਫ ਗੱਲ ਇਕੱਲੇ ਪੰਜਾਬ ਦੀ ਹੀ ਕਰ ਲਈਏ ਤਾਂ ਪਿਛਲੇ 70 ਸਾਲਾਂ ਤੋਂ ਦੁਨੀਆ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਫਾਇਦਾ ਪਹੁੰਚਾਉਣ ਲਈ ਪੰਜਾਬ ਦੇ ਲੋਕ ਹਿਤਾਂ ਸਮੇਤ ਵਾਤਾਵਰਨ ਨੂੰ ਵਿਕਾਸ ਦੀ ਥਾਂ ਵਿਨਾਸ਼ ਦੀ ਭੱਠੀ ਵਿਚ ਝੋਕਿਆ ਜਾ ਰਿਹਾ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਸਮੇਤ ਪੂਰੇ ਭਾਰਤ ਅਤੇ ਸੰਸਾਰ ਵਲੋਂ ਅਪਣਾਏ ਗਏ ਮਾਡਲ ਦਾ ਹੀ ਸਿੱਟਾ ਹੈ ਜਿਸ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਅਤੇ ਵੱਧ ਤੋਂ ਵੱਧ ਪਦਾਰਥਾਂ ਦੀ ਖਪਤ ਦੀ ਦੌੜ ਦਾ ਚੱਕਰ ਹੀ ਅਖੌਤੀ ਵਿਕਾਸ ਦਾ ਨਾਂਅ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਇਹ ਮੌਜੂਦਾ ਵਿਕਾਸ ਪੰਜਾਬ ਦੇ ਦਰਿਆਵਾਂ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰ ਰਿਹਾ ਹੈ। ਦਰਿਆ ਪਲੀਤ ਹੋ ਗਏ ਹਨ। ਦਰਿਆਵਾਂ ਵਿਚ ਵਸਦੇ ਜੀਵ-ਜੰਤੂ ਖ਼ਤਮ ਹੋ ਰਹੇ ਹਨ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਸਾਹ ਲੈਣ ਦੇ ਕਾਬਲ ਨਹੀਂ ਰਿਹਾ। ਪੰਜਾਬ 'ਚੋਂ ਬਹੁਤ ਸਾਰੇ ਜੰਗਲ ਤਾਂ ਪਹਿਲਾਂ ਹੀ ਖ਼ਤਮ ਕੀਤੇ ਜਾ ਚੁੱਕੇ ਹਨ, ਪਰ ਹੁਣ ਸੜਕਾਂ ਚੌੜੀਆਂ ਕਰਨ ਦੇ ਬਹਾਨੇ ਪੰਛੀਆਂ ਦਾ ਵਸੇਬਾ ਬਣੇ ਸੜਕਾਂ ਕਿਨਾਰੇ ਲੱਗੇ ਦਰੱਖ਼ਤ ਖ਼ਤਮ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਦਰੱਖ਼ਤਾਂ ਦੀ ਥਾਂ ਨਵੇਂ ਬੂਟੇ ਜਾਂ ਤਾਂ ਲਗਾਏ ਨਹੀਂ ਜਾ ਰਹੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਬਦਲਵੀਂ ਲੋਕਪੱਖੀ ਸਿਆਸਤ ਨੂੰ ਉਭਾਰਨ ਵਾਲੇ ਬੁੱਧੀਜੀਵੀ ਅਤੇ ਕਿਸਾਨ ਸੰਸਥਾਵਾਂ ਨੂੰ ਸਾਹਮਣੇ ਆਉਣਾ ਚਾਹੀਦਾ।

ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਐੱਚਐੱਸ ਫੂਲਕਾ ਨੇ ਕਿਹਾ ਕਿ ਅੱਜ ਪੰਜਾਬ ਦੇ ਸਿਆਸਤਦਾਨਾਂ ਵੱਲੋਂ ਪੰਜਾਬ ਦੀ ਹੋਂਦ ਨਾਲ ਜੁੜੇ ਮੁੱਦਿਆਂ ਨੂੰ ਛੱਡ ਕੇ ਹੋਰਨਾਂ ਮੁੱਦਿਆਂ ਨੂੰ ਚੁੱਕਿਆ ਜਾ ਰਿਹਾ ਹੈ ਜਦੋਂਕਿ ਪੰਜਾਬ ਦੀ ਜ਼ਮੀਨ ਬੰਜਰ ਹੁੰਦੀ ਜਾ ਰਹੀ ਅਤੇ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ। ਇਹ ਦੋਵੇਂ ਮੁੱਦੇ ਪੰਜਾਬ ਦੇ ਸਭ ਤੋਂ ਅਹਿਮ ਮੁੱਦੇ ਹਨ, ਪਰ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਇਨ੍ਹਾਂ ਦੋਵਾਂ ਮੁੱਦਿਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਧਰਤੀ ਹੇਠਲਾ ਪਾਣੀ 500-500 ਫੁੱਟ 'ਤੇ ਪਹੁੰਚ ਗਿਆ ਹੈ ਅਤੇ ਆਉਣ ਵਾਲੇ 10-15 ਸਾਲਾਂ ਵਿੱਚ ਸਾਡੇ ਕੋਲ ਪੀਣ ਲਈ ਪਾਣੀ ਨਹੀਂ ਰਹਿਣਾ। ਇਸ ਸੰਕਟ ਦੇ ਬਾਵਜੂਦ ਰਾਜਸੀ ਪਾਰਟੀਆਂ ਪੰਜਾਬ ਤੇ ਪੰਜਾਬੀਆਂ ਦੀ ਹੋਂਦ ਨਾਲ ਜੁੜੇ ਮੁੱਦਿਆਂ ਨੂੰ ਛੱਡ ਕੇ ਹੋਰਨਾਂ ਮੁੱਦਿਆਂ 'ਤੇ ਬਹਿਸ ਕਰਨ ਲੱਗੀਆਂ ਹੋਈਆਂ ਹਨ।

ਫੂਲਕਾ ਨੇ ਮੰਗ ਕੀਤੀ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਵਾਤਾਵਰਨ ਦੀ ਸੰਭਾਲ ਦੇ ਮੁੱਦੇ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨ ਤਾਂ ਜੋ ਇਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਸਕੇ। ਫੂਲਕਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਅੱਗੇ ਪੰਜਾਬ ਦੀ ਬੰਜਰ ਹੋ ਰਹੀ ਜ਼ਮੀਨ ਤੇ ਧਰਤੀ ਹੇਠਲੇ ਪਾਣੀ ਦੇ ਮੁੱਦੇ ਨੂੰ ਚੁੱਕਣ ਤਾਂ ਜੋ ਇਨ੍ਹਾਂ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ।

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਹਮਾਇਤ ਕਰੇਗੀ

## ✪ ਅਕਾਲੀ ਦਲ ਨੇ ਕਿਹਾ ਕਿ ਕਾਲਕਾ ਐਲਾਨ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਪਾਉਣ ਵਾਂਗ

ਅੰਮ੍ਰਿਤਸਰ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦੇਸ਼ ਵਿੱਚ ਜਿੱਥੇ ਵੀ ਭਾਜਪਾ ਦੇ ਉਮੀਦਵਾਰ ਹਨ ਉਨ੍ਹਾਂ ਦੀ ਮਦਦ ਕਰੇਗੀ ਇਹ ਗੱਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਹੀ ਹੈ। ਇਸਦੇ ਜਵਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਕਾਲਕਾ ਜੀ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਉਪਰਾਲੇ ਕਰਨ ਲਈ ਨਾਮਜ਼ਦ ਕੀਤੀ ਗਈ ਕਮੇਟੀ ਦੇ ਮੈਂਬਰਾਂ ਵਿੱਚੋਂ ਇੱਕ ਹਨ ਅਤੇ ਉਨ੍ਹਾਂ ਨੇ ਭਾਜਪਾ ਨੂੰ ਆਪਣੀ ਖੁੱਲ੍ਹੀ ਹਮਾਇਤ ਦਾ ਐਲਾਨ ਕੀਤਾ।ਕਲੇਰ ਨੇ ਕਿਹਾ ਕਿ ਕੀ ਇਹ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਪਾਉਣ ਵਾਂਗ ਨਹੀਂ ਹੈ, ਕੀ ਮਸਲਾ ਹੱਲ ਹੋ ਗਿਆ ?



ਕਲੇਰ ਨੇ ਸਵਾਲ ਕਰਦਿਆਂ ਕਿਹਾ ਕਿ ਮੇਰੀ ਜਾਣਕਾਰੀ ਅਨੁਸਾਰ ਮੋਦੀ ਸਰਕਾਰ ਨੇ ਅੱਜ ਤੱਕ ਕਮੇਟੀ ਨੂੰ ਮੀਟਿੰਗ ਦਾ ਸਮਾਂ ਵੀ ਨਹੀਂ ਦਿੱਤਾ ?

ਕੀ ਕਾਲਕਾ ਆਪਣੇ ਆਪ ਨੂੰ ਅਕਾਲ ਤਖ਼ਤ ਤੋਂ ਉੱਪਰ ਸਮਝਦੇ ? ਜਾਂ ਉਹ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ?

ਪੰਥ ਸਿਰਫ ਨਿੱਜੀ ਮੁਫਾਦਾਂ ਦੀ ਪ੍ਰਾਪਤੀ ਲਈ ਕੀਤੇ ਇਸ ਧੋਖੇ ਦਾ ਜਵਾਬ ਚਾਹੁੰਦਾ ਹੈ।

ਦੱਸ ਦਈਏ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਹ ਖੁੱਲ ਕੇ ਭਾਜਪਾ ਦੀ ਹਮਾਇਤ ਕਰਨਗੇ। ਉਨ੍ਹਾਂ ਨੇ ਕਿਹਾ ਕਿ ਸਿੱਖ ਮਸਲਿਆਂ ਲਈ ਦੇਸ਼ ਹੋਵੇ ਜਾਂ ਵਿਦੇਸ਼ ਜ਼ਰੂਰਤ ਪਈ 'ਤੇ ਅਸੀਂ ਮਦਦ ਲੈਣ ਲਈ ਭਾਜਪਾ ਤੋਂ ਕੋਈ ਸੰਕੋਚ ਨਹੀ ਕੀਤਾ ਹੈ ਅਤੇ ਨਾ ਹੀ ਕਰਾਂਗੇ। ਉਨ੍ਹਾਂ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਨੂੰ ਨਾਲ ਲੈ ਕੇ ਚੱਲਣਾ ਹੀ ਸਾਡੇ ਲਈ ਬਿਹਤਰ ਹੈ। ਕਾਲਕਾ ਮੁਤਾਬਕ ਦੇਸ਼ ਭਰ ਵਿੱਚ ਜਿੱਥੇ-ਜਿੱਥੇ ਵੀ ਭਾਜਪਾ ਦੇ ਉਮੀਦਵਾਰ ਹੋਣਗੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀਆਂ ਲੋੜਾਂ ਅਨੁਸਾਰ ਜ਼ਿੰਮੇਦਾਰੀਆਂ ਲਗਾ ਕੇ ਹਮਾਇਤ ਕੀਤੀ ਜਾਵੇਗੀ।

# ਹੁਣ ਡਰਾਈਵਰ ਵੀ ਲੜਨਗੇ ਲੋਕ ਸਭਾ ਚੋਣਾਂ

## ✪ ਲੀਡਰਾਂ ਤੋਂ ਅੱਕੇ ਡਰਾਈਵਰਾਂ ਨੇ ਬਣਾਈ 'ਜਨ ਸੇਵਾ ਡਰਾਈਵਰ ਪਾਰਟੀ'

ਬਠਿੰਡਾ-ਲੀਡਰਾਂ ਤੋਂ ਅੱਕੇ ਡਰਾਈਵਰ ਭਾਈਚਾਰੇ ਨੇ ਵੀ ਸਿਆਸੀ ਕੁਸ਼ਤੀ ਲੜਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਆਪਣੀ 'ਜਨ ਸੇਵਾ ਡਰਾਈਵਰ ਪਾਰਟੀ' (ਜੇਡੀਪੀ) ਬਣਾਈ ਹੈ। ਇਸ ਬਾਰੇ ਪਾਰਟੀ ਦੇ ਕੌਮੀ ਪ੍ਰਧਾਨ ਪ੍ਰਵੀਨ ਤਿਵਾੜੀ ਅਤੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਉੱਪਲ ਨੇ ਖੁਲਾਸਾ ਕਰਦਿਆਂ ਕਿਹਾ ਕਿ ਅੱਜ ਤੱਕ ਕਿਸੇ ਵੀ ਸਿਆਸੀ ਧਿਰ ਨੇ ਡਰਾਈਵਰਾਂ ਦੀਆਂ ਮੁਸ਼ਕਿਲਾਂ ਬਾਰੇ ਕੋਈ ਮੁੱਦਾ ਸੰਸਦ ਵਿੱਚ ਨਹੀਂ ਉਠਾਇਆ। ਇਸੇ ਕਰ ਕੇ ਅਸੀਂ ਆਪਣੇ ਹੱਥੀਂ ਆਪਣਾ ਕਾਜ ਸੰਵਾਰਨ ਲਈ ਮਜਬੂਰ ਹੋਏ ਹਾਂ। ਉਨ੍ਹਾਂ ਦੱਸਿਆ ਕਿ ਸਮੁੱਚੇ ਭਾਰਤ ਦੇ ਡਰਾਈਵਰ ਦੇਸ਼ ਦੇ ਅਰਥਚਾਰੇ ਨੂੰ ਚਲਾਉਣ ਲਈ 3200 ਕਰੋੜ ਤੋਂ ਵੱਧ ਦਾ ਕਰ ਸਰਕਾਰ ਨੂੰ ਅਦਾ ਕਰਦੇ ਹਨ ਅਤੇ ਕਰੀਬ 100 ਕਰੋੜ ਰੁਪਏ 'ਰਿਸ਼ਵਤ' ਦੀ ਅਦਾਇਗੀ ਇਸ ਤੋਂ ਵੱਖ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਦੀ ਜੀਡੀਪੀ 'ਚ ਵੀ ਉਹ ਲਗਭਗ 5 ਫ਼ੀਸਦ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਵਿਕਾਸ ਗਤੀ ਨੂੰ ਚੱਲਦਾ ਰੱਖਣ ਲਈ ਡਰਾਈਵਰ ਇੱਕ ਮਜ਼ਬੂਤ ਧੁਰਾ ਹਨ ਪਰ ਇਸ ਦੇ ਬਾਵਜੂਦ ਸਿਆਸਤਦਾਨ ਉਨ੍ਹਾਂ ਦੇ ਮਸਲਿਆਂ ਨੂੰ ਦਰਕਿਨਾਰ ਕਰਦੇ ਰਹੇ ਹਨ। ਆਗੂਆਂ ਨੇ ਦੱਸਿਆ ਕਿ ਫਿਲਹਾਲ ਪੰਜਾਬ ਵਿਚੋਂ 7 ਅਤੇ ਗੁਜਰਾਤ 'ਚੋਂ 3 ਉਮੀਦਵਾਰ ਚੋਣ ਪਿੜ ਵਿੱਚ ਉਤਾਰੇ ਜਾਣਗੇ।



# ‘ਚਮਕੀਲਾ’ ਫ਼ਿਲਮ ਨੂੰ ਲੈਕੇ ਸਿਖਾਂ ਵਿਰੁੱਧ ਸ਼ੋਸ਼ਲ ਮੀਡੀਆ ਉਪਰ ਨਫਰਤੀ ਪ੍ਰਚਾਰ

**ਵਿਸ਼ੇਸ਼ ਰਿਪੋਟ**

✪ ਪ੍ਰਵਾਸੀ ਸਿੱਖਾਂ ਵਿਚ ਰੋਸ, ਕਿਹਾ- ‘ਲੱਚਰਤਾ ਨੂੰ ਉਤਸ਼ਾਹਿਤ ਕਰਕੇ ਸਿੱਖਾਂ ਦੇ ਜ਼ਖ਼ਮਾਂ.ਉਪਰ ਲੂਣ ਛਿੜਕਿਆ

✪ ਸਿਆਣੇ ਖਬੇਪਖੀ ਚਿੰਤਕਾਂ ਤੇ ਸਿਖ ਬੁਧੀਜੀਵੀਆਂ ਨੇ ਚਮਕੀਲਾ ਦੀ ਗਾਇਕੀ ਨੂੰ ਸਮਾਜ ਲਈ ਘਾਤਕ ਦਸਿਆ

ਦੱਸ ਦੇਈਏ ਕਿ ‘ਚਮਕੀਲਾ’ ਫ਼ਿਲਮ 12 ਅਪ੍ਰੈਲ ਨੂੰ ਨੈੱਟਫਲਿਕਸ ’ਤੇ ਰਿਲੀਜ਼ ਹੋਈ ਸੀ। ਇਸ ਫ਼ਿਲਮ ਵਿਚ ਦਿਲਜੀਤ ਦੋਸਾਂਝ ਤੇ ਪਰਿਣੀਤੀ ਚੋਪੜਾ ਮੁੱਖ ਭੂਮਿਕਾ ਨਿਭਾਅ ਰਹੇ ਹਨ। ਫ਼ਿਲਮ ਨੂੰ ਬਾਲੀਵੁੱਡ ਦੇ ਮਸ਼ਹੂਰ ਡਾਇਰੈਕਟਰ ਇਮਤਿਆਜ਼ ਅਲੀ ਨੇ ਡਾਇਰੈਕਟ ਕੀਤਾ ਹੈ। ਪ੍ਰਵਾਸੀ ਸਿੱਖਾਂ ਨੇ ਕਿਹਾ ਕਿ ਪੰਜਾਬੀ ਗਾਇਕ ਅਮਰ ਚਮਕੀਲਾ ਦੀ ਜੀਵਨੀ ’ਤੇ ਫ਼ਿਲਮ ਬਣਾ ਕੇ ਲੱਚਰਤਾ ਨੂੰ ਉਤਸ਼ਾਹਿਤ ਕਰਕੇ ਸਿੱਖਾਂ ਦੇ ਜ਼ਖ਼ਮਾਂ ’ਤੇ ਮੁੜ ਲੂਣ ਛਿੜਕਣ ਦਾ ਕੰਮ ਕੀਤਾ ਗਿਆ ਹੈ ਤੇ ਚਮਕੀਲੇ ਦੇ ਕਤਲ ਨੂੰ ਜਾਤੀਵਾਦੀ ਕਤਲ ਦਸਕੇ ਉਸਨੂੰ ਮਹਾਨਾਇਕ ਤੇ ਸ਼ਹੀਦ ਬਣਾਇਆ ਜਾ ਰਿਹਾ ਹੈ। ਸਾਬਕਾ ਖਾੜਕੂ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਦਾਅਵਾ ਕੀਤਾ ਹੈ ਕਿ ਚਮਕੀਲਾ ਐਂਡ ਪਾਰਟੀ ਦਾ ਕਤਲ ਸਿੱਖ ਸਟੂਡੈਂਟਸ ਫੈਡਰੇਸ਼ਨ (ਭਾਈ ਗੁਰਜੀਤ ਸਿੰਘ ਗਰੁੱਪ) ਅਤੇ ਭਾਈ ਲਾਭ ਸਿੰਘ ਵਾਲੀ ਖਾਲਿਸਤਾਨ ਕਮਾਂਡੋ ਫੋਰਸ ਦੇ ਖਾੜਕੂਆਂ ਨੇ ਕੀਤਾ ਸੀ। ਉਨ੍ਹਾਂ ਕਿਹਾ ਕਿ ਸਿੰਘਾਂ ਨੇ ਕਈ ਵਾਰ ਉਸ ਗਾਇਕ ਨੂੰ ਲੱਚਰ ਗੀਤ ਗਾਉਣ ਤੋਂ ਰੋਕਿਆ ਸੀ। ਚਮਕੀਲੇ ਨੇ ਖਾੜਕੂਆਂ ਤੋਂ ਮੁਆਫ਼ੀ ਵੀ ਮੰਗੀ ਸੀ ਪਰ ਇਸ ਤੇ ਬਾਵਜੂਦ ਲੱਚਰ ਗੀਤ ਗਾਉਣੇ ਜਾਰੀ ਰੱਖੇ। ਡੱਲੇਵਾਲ ਨੇ ਕਿਹਾ ਕਿ ਇਸ ਸਬੰਧੀ ਲੁਧਿਆਣਾ ਦੇ ਇਕ ਇੰਜਨੀਅਰਿੰਗ ਕਾਲਜ ਦੇ ਹੋਸਟਲ ਵਿੱਚ ਮੀਟਿੰਗ ਹੋਈ ਜਿਸ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਖਾਲਿਸਤਾਨ ਕਮਾਂਡੋ ਫੋਰਸ ਦੇ 19 ਸਿੰਘ ਸ਼ਾਮਲ ਸਨ, ਜਿਥੇ ਚਮਕੀਲੇ ਦੇ ਕਤਲ ਦੀ ਯੋਜਨਾ ਤਿਆਰ ਕੀਤੀ ਗਈ। ਡੱਲੇਵਾਲ ਨੇ ਕਿਹਾ, “ਮੈਂ ਤੇ ਭਾਈ ਦੀਪਾ ਚਮਕੀਲੇ ਦੇ ਲੁਧਿਆਣਾ ਸਥਿਤ ਦਫ਼ਤਰ ਗਏ ਪਰ ਚਮਕੀਲਾ ਉਸ ਦਿਨ ਦਫਤਰ ਨਹੀਂ ਮਿਲਿਆ।” ਉਨ੍ਹਾਂ 8 ਮਾਰਚ 1988 ਦੀ ਗੱਲ ਕਰਦਿਆਂ ਦੱਸਿਆ, “ਪਤਾ ਲੱਗਾ ਕਿ ਉਸ ਦਿਨ ਚਮਕੀਲੇ ਦਾ ਅਖਾੜਾ ਜਲੰਧਰ ਜ਼ਿਲ੍ਹੇ ਦੇ ਪਿੰਡ ਮਹਿਸਮਪੁਰ ਵਿਚ ਹੈ। ਭਾਈ ਦੀਪਾ ਇਕ ਸਕੂਟਰ ਉਤੇ ਭਾਈ ਗੁਰਨੇਕ ਸਿੰਘ ਨੇਕਾ ਅਤੇ ਭਾਈ ਸੁਖਦੇਵ ਸਿੰਘ ਸੋਢੀ ਨਾਲ ਹਥਿਆਰਬੰਦ




ਹੋ ਕੇ ਪਿੰਡ ਮਹਿਸਮਪੁਰ ਪਹੁੰਚਿਆ। ਉਥੇ ਚਮਕੀਲਾ ਤੇ ਸਾਥੀ ਵਿਆਹ ਵਾਲੇ ਘਰ ਪ੍ਰੋਗਰਾਮ ਕਰਨ ਲਈ ਕਾਰ ਵਿੱਚੋਂ ਉਤਰਨ ਹੀ ਲੱਗੇ ਸਨ ਕਿ ਭਾਈ ਦੀਪਾ ਤੇ ਭਾਈ ਸੋਢੀ ਨੇ ਗੋਲੀਆਂ ਮਾਰ ਕੇ ਚਮਕੀਲਾ ਤੇ ਅਮਰਜੋਤ ਨੂੰ ਹਲਾਕ ਕਰ ਦਿੱਤਾ। ਦੋ ਸਾਜ਼ੀਆਂ ਦੀ ਵੀ ਥਾਏਂ ਹੀ ਮੌਤ ਹੋ ਗਈ।” ਉਨ੍ਹਾਂ ਦਾਅਵਾ ਕੀਤਾ ਕਿ ਇਸ ਕਤਲ ਜਾਂ ਸਾਜ਼ਿਸ਼ ਵਿਚ ਕੋਈ ਗਾਇਕ ਸ਼ਾਮਲ ਨਹੀਂ ਸੀ।

ਅਮਰੀਕਾ ਤੋਂ ਬੁਧੀਜੀਵੀ ਕੇ ਐਸ ਚੱਠਾ ਨੇ ਚਮਕੀਲਾ ਨੂੰ ਸ਼ਹੀਦ ਬਣਾਉਣ ਤੇ ਇਸ ਕਤਲ ਪਿਛੇ ਖਾੜਕੂ ਧਿਰਾਂ ਤੇ ਜੱਟਾਂ ਨੂੰ ਬਦਨਾਮ ਕਰਨ ਵਿਰੁੱਧ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮਰੀਕਾ ਤੋਂ ਚਮਕੀਲੇ ਦਾ ਕਤਲ ਮਾਰਚ 1988 ਵਿੱਚ ਹੋਇਆ ਸੀ। 1989 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਾਂਸ਼ੀ ਰਾਮ ਜੀ ਦੀ ਅਗਵਾਈ ਹੇਠ ਬਸਪਾ ਨੇ ਖਾੜਕੂ ਧਿਰਾਂ ਦੇ ਸਮਰਥਨ ਵਾਲੇ ਬਾਬਾ ਜੁਗਿੰਦਰ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਤੇ ਸਿਖ ਸਟੂਡੈਂਟਸ ਫੈਡਰੇਸ਼ਨ ਨਾਲ ਗਠਜੋੜ ਕੀਤਾ ਸੀ ਤੇ ਪਹਿਲੀ ਵਾਰ ਬਸਪਾ ਦਾ ਐਮਪੀ ਹਰਭਜਨ ਲਾਖਾ ਜਿੱਤਿਆ ਸੀ। ਜੱਟਾਂ ਸਮੇਤ ਬਹੁਗਿਣਤੀ ਸਿੱਖਾਂ ਨੇ ਬਸਪਾ ਨੂੰ ਵੋਟਾਂ ਪਾਈਆਂ ਤੇ ਬਸਪਾ ਨਾਲ ਜੁੜੇ ਦਲਿਤਾਂ, ਖਾਸ ਕਰਕੇ ਗੈਰ ਸਿੱਖ ਚਮਾਰ ਭਾਈਚਾਰੇ ਨੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੋਟਾਂ ਪਾਈਆਂ। ਇਹੀ ਕੁਝ 1996 ਵਿੱਚ ਬਸਪਾ ਤੇ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਸਮਝੌਤੇ ਵੇਲੇ ਹੋਇਆ ਤੇ ਬਸਪਾ ਦੇ ਤਿੰਨ ਐਮਪੀ ਜਿੱਤੇ।

ਉਨ੍ਹਾਂ ਕਿਹਾ ਕਿ ਹੁਣ ਜਿਹੜਾ ਨੀਮ ਅੰਬੇਦਕਰੀ ਪ੍ਰਚਾਰ ਕਰ ਰਹੇ ਨੇ ਉਸ ਮੁਤਾਬਕ ਇਹ ਸਮਝ ਆਉਂਦਾ ਹੈ ਕਿ ਨਾ ਤਾਂ ਕਾਂਸ਼ੀ ਰਾਮ ਜਾਂ ਲਾਖਾ, ਜਿਹੜੇ ਬਾਅਦ ਵਿੱਚ ਖੰਡੇ ਦੀ ਪਾਹੁਲ ਲੈ ਕੇ ਹਰਭਜਨ ਸਿੰਘ ਲਾਖਾ ਬਣੇ ਤੇ ਨਾ ਹੀ ਕਿਸੇ ਬਸਪਾ ਦੇ ਹੋਰ ਲੀਡਰ ਨੂੰ ਜਾਂ ਸਰਗਰਮ ਦਲਿਤ ਕਾਰਕੁਨ ਨੂੰ ਇਹ ਪਤਾ ਲੱਗਿਆ ਕਿ ਖਾੜਕੂ ਲਹਿਰ ਇੰਨੀ ਜਾਤੀਵਾਦੀ ਸੀ ਕਿ ਅਮਰ ਸਿੰਘ ਚਮਕੀਲੇ ਦਾ ਕਤਲ ਉਸ ਦੀ ਜਾਤ ਕਰਕੇ ਜਾਂ ਉਸ ਤੋਂ ਵੀ ਅੱਗੇ ਅੰਤਰਜਾਤੀ ਵਿਆਹ ਕਰਕੇ ਹੋਇਆ ਸੀ। ਉਨ੍ਹਾਂ ਕਿਹਾ ਕਿ ਇਹ ਫਿਲਮ ਦਲਿਤਾਂ ਤੇ ਸਿਖਾਂ ਵਿਚ ਫੁਟ ਦਾ ਨੈਰੇਟਿਵ ਉਸਾਰਨ ਲਈ ਸਿਖ ਵਿਰੋਧੀਆਂ ਦੀ ਕਾਢ ਹੈ। ਦਿੱਲੀ ਤੇ ਯੂਪੀ ਬੈਠੇ ਨੀਮ-ਅੰਬੇਦਕਰੀਆਂ ਨੂੰ ਤੇ ਉਨ੍ਹਾਂ ਦੇ ਪੰਜਾਬ ਵਿਚਲੇ ਮੌਜੂਦਾ ਚੇਲਿਆਂ ਨੂੰ 36 ਸਾਲ ਬਾਅਦ ਇਲਹਾਮ ਹੋ ਗਿਆ ਕਿ ਚਮਕੀਲੇ ਦਾ ਕਤਲ ਜਾਤੀਵਾਦੀ ਕਾਰਨਾਂ ਕਰਕੇ ਹੋਇਆ। ਉਨ੍ਹਾਂ ਕਿਹਾ ਕਿ ਕੇਂਦਰੀਵਾਦੀ ਤਾਕਤਾਂ ਅਤੇ ਫਿਰਕੂ ਰਾਜਨੀਤੀ ਨੂੰ ਹੁਣ ਵੀ ਖਤਰਾ ਲੋਕਾਂ ਦੇ ਇਕੱਠੇ ਹੋਣ ਤੋਂ ਹੀ ਹੈ। ਫਿਰਕੂ ਤੇ ਜਾਤੀਵਾਦੀ ਫਾਨੇ ਗੱਡਣ ਦਾ ਕੰਮ ਜ਼ੋਰਾਂ ’ਤੇ ਚੱਲ ਰਿਹਾ ਹੈ। ਪੰਜਾਬ ਵਿਚੋਂ ਵੀ ਕਈ ਇਸ ਖੇਡ ਦਾ ਹਿੱਸਾ ਬਣ ਰਹੇ ਨੇ। ਚਮਕੀਲਾ ਫਿਲਮ ਰਾਹੀਂ ਇਹੀ ਨੈਰੇਟਿਵ ਪੇਸ਼ ਕੀਤਾ ਜਾ ਰਿਹਾ ਹੈ।

ਸਿਖ ਚਿੰਤਕਾਂ ਦਾ ਮੰਨਣਾ ਹੈ ਕਿ ਸ਼ੋਸ਼ਲ ਮੀਡੀਆ ਉਪਰ ਚਮਕੀਲੇ ਦੇ ਅਖਾੜੇ ਜਟਾਂ ਨੇ ਲਗਾਏ ਬਹੁਜਨਾਂ ਨੇ ਨਹੀਂ। ਫਿਰ ਇਸ ਕਤਲ ਦੇ ਕਾਰਣ ਪਿਛੇ ਜਾਤੀਵਾਦ ਕਿਥੋਂ ਆ ਗਿਆ ਜੋ ਸਿਖ ਵਿਰੋਧੀ ਨੈਰੇਟਿਵ ਪੇਸ਼ ਕਰ ਰਹੇ ਹਨ। ਇਹ ਸਰਕਾਰ ਦਾ ਹੀਰੋ ਹੋ ਸਕਦਾ ਹੈ ਬਹੁਜਨਾਂ ਦਾ ਨਹੀਂ ਜੋ ਲਚਰਤਾ ਪ੍ਰਦਰਸ਼ਨ ਕਰਕੇ ਪੰਜਾਬੀ ਦੀ ਜਵਾਨੀ ਨੂੰ ਕੁਰਾਹੇ ਪਾਉਣਾ ਚਾਹੁੰਦੇ ਹਨ। ਸਿਖ ਚਿੰਤਕਾਂ ਦਾ ਕਹਿਣਾ ਹੈ ਕਿ ਬਾਬਾ ਕਾਸ਼ੀਰਾਮ ਨੇ ਖੁਦ ਕਿਹਾ ਸੀ ਕਿ ਅਸ਼ਲੀਲ ਗਾਇਕੀ, ਸਭਿਆਚਾਰ ਸਾਡੇ ਬਹੁਜਨਾਂ ਦਾ ਨਹੀਂ, ਸਾਡਾ ਸਭਿਆਚਾਰ ਸੰਤਾਂ ਗੁਰੂਆਂ ਦਾ ਹੈ ਜਿਹਨਾਂ ਸਾਂਝਾ ਸਮਾਜ ਸਿਰਜਿਆ। ਬਹੁਜਨਾਂ ਨੂੰ ਭਰਮਾਉਣ ਲਈ ਹਿੰਸਕ, ਜਾਤੀਵਾਦੀ ਤੇ ਅਸ਼ਲੀਲ ਸਭਿਆਚਾਰ ਨੂੰ ਪ੍ਰਮੋਟ ਕੀਤਾ ਜਾਂਦਾ ਹੈ ਤਾਂ ਜੋ ਸਾਡੀ ਜਵਾਨੀ ਦੀ ਭਟਕਨਾ ਨਾ ਮੁਕੇ। ਸੁਆਲ ਇਹ ਹੈ ਸਰਕਾਰਾਂ ਅਸ਼ਲੀਲ ਤੇ ਹਿੰਸਕ ਗਾਇਕੀ ਉਪਰ ਪਾਬੰਦੀ ਕਿਉਂ ਨਹੀਂ ਲਗਾਉਂਦੀ, ਸਮਾਜ ਬਾਬੇ ਕਾਂਸ਼ੀਰਾਮ ਦੇ ਨਜਰੀਏ ਤੋਂ ਸਮਝੇ। ਇਹ ਗਲ ਭਲੀਭਾਂਤ ਸਮਝ ਪੈ ਜਾਵੇਗੀ। ਬੇਗਮਪੁਰੇ ਦੀ ਮਹਾਨ ਰੂਹਾਨੀ ਸ਼ਾਇਰੀ ਪ੍ਰਗਟ ਕਰਨ ਵਾਲੇ ਸੰਤਗੁਰੂ, ਰਵਿਦਾਸ ਦੇ ਉਲਟ ਇਹ ਖਤਰਨਾਕ ਗਾਇਕੀ ਸਮਾਜ ਲਈ ਘਾਤਕ ਹੈ।

ਖਬੇਪਖੀ ਚਿੰਤਕ ਤਸਕੀਨ ਕਹਿੰਦਾ “ਜਦੋਂ ਚਮਕੀਲਾ ਮਨੋਰੰਜਨ ਉਦਯੋਗ ਦਾ ਹਾਲੇ ਵੀ ਆਦਰਸ਼ ਆਈਕਨ ਹੈ ਤਾਂ ਪੰਜਾਬੀ ਸੱਭਿਆਚਾਰ ਦਾ ਪਤਨ ਹੋਣਾ ਤੈਅ ਹੈ। ਚਮਕੀਲਾ ਅੱਜ ਵੀ ਪੰਜਾਬੀ ਬੰਦੇ ਦਾ ਆਦਰਸ਼ ਗਾਇਕ ਹੈ। ਕੋਈ ਸਵਾਲ ਨਜ਼ਰ ਨਹੀਂ ਆਉਂਦਾ ਕਿ ਨਸ਼ੇ ਨੂੰ ਆਦਰਸ਼ ਬਣਾ ਕੇ ਸਮਾਜਿਕ ਸਰੋਕਾਰਾਂ ਤੋਂ ਹੀਣੇ ਬੰਦੇ ਦੇ ਜੀਨਜ਼ ਵਿਚ ਚਮਕੀਲੇ ਦੇ ਵਿਚਾਰਾਂ ਦਾ ਡੀ ਐਨ ਏ ਹੈ। ਜਿਸ ਨੇ ਜੱਟ ਨੂੰ ਜੱਟਵਾਦੀ/ਵੈਲੀ ਬਣਨ ਦੀ ਗੁੜਤੀ ਦਿੱਤੀ ਹੈ। ਜਿਸਦਾ ਕੰਮ ਕੇਵਲ ਸੈਕਸ, ਹਿੰਸਾ ਤੇ ਨਸ਼ਾ ਹੈ। ਚਮਕੀਲੇ ਦੇ ਗੀਤ ਕਿਸੇ ਤੰਦਰੁਸਤ ਸਮਾਜ ਦੀ ਸਿਰਜਣਾ ਕਰਨ ਦੀ ਬਜਾਏ ਅਜਿਹੇ ਵਿਅਕਤੀ ਦੀ ਸਿਰਜਣਾ ਕਰਦੇ ਹਨ, ਜੋ ਇਖਲਾਕਹੀਣ, ਇਮਾਨਫਰੋਸ਼, ਜ਼ਮੀਰ ਫ਼ਰੋਸ਼, ਮਾਨਵੀ ਮੁੱਲਾਂ ਤੋਂ ਸੱਖਣੀ ਅਨੈਤਿਕ ‘ਮਰਦਾਨਗੀ’ ’ਤੇ ਟਿਕਿਆ ਹੋਇਆ ਕਿਸੇ ਵੀ ਤਹਿਜੀਬ ਤੋਂ ਅਭਿੱਜ ਹੈ। ਚਮਕੀਲੇ ਦੀਆਂ ਫੈਂਟਸੀਆਂ ਵਿਚਲੀ ਔਰਤ ਮਰਦ ਦੀ ਹਰ ਖਾਹਿਸ਼ ਦੀ ਕਾਮ ਪੂਰਤੀ ਕਰਦੀ ਅੱਜ ਦੇ ਯੁੱਗ ਵਾਲੀ ‘ਬੇਬੀਡੋਲ’ ਹੈ, ਜਿਸਨੂੰ ਹਿੰਸਾ ਦੇ ਮਰਦਾਵੇਂ ਦਾਬੇ ਰਾਹੀਂ ਕਾਬੂ ਵਿਚ ਰੱਖਣਾ ਜਗੀਰੂ ਸ਼ਰਤ ਹੈ।

## ਪੰਜਾਬ ਸੰਤਾਪ ਦੌਰਾਨ ਕਈ ਕਲਾਕਾਰਾਂ ਦੇ ਕਤਲ ਹੋਏ

ਪੰਜਾਬ ਦੇ ਸੰਤਾਪ ਦੌਰ ਵਿੱਚ 8 ਮਾਰਚ 1988 ਦੇ ਮਹੀਨੇ ਨੌਜਵਾਨ ਗਾਇਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਸਾਥਣ ਬੀਬਾ ਅਮਰਜੋਤ ਕੌਰ ਤੋਂ ਇਲਾਵਾ ਦੋ ਸਾਜ਼ਿੰਦਿਆਂ ਦਾ ਵੀ ਕਤਲ ਹੋਇਆ। ਚਮਕੀਲੇ ਦੀ ਗਾਇਕੀ ਕਿਸ ਪੱਧਰ ਦੀ ਸੀ, ਵੱਖਰਾ ਮਾਮਲਾ ਹੈ, ਉਸ ਦੀ ਮਕਬੂਲੀਅਤ ਦੀ ਉਨ੍ਹਾਂ ਸਮਿਆਂ ਦੇ ਪੇਂਡੂ ਪੰਜਾਬ ਵਿੱਚ ਤੂਤੀ ਬੋਲਦੀ ਸੀ। ਪੰਜਾਬੀ ਫਿਲਮੀ ਅਦਾਕਾਰ ਵਰਿੰਦਰ ਜਿਸ ਨੇ 12 ਵਰ੍ਹਿਆਂ ਦੇ ਫ਼ਿਲਮੀ ਸਫ਼ਰ ਦੌਰਾਨ 25 ਦੇ ਕਰੀਬ ਮਕਬੂਲ ਪੰਜਾਬੀ ਫ਼ਿਲਮਾਂ ਦਿੱਤੀਆਂ, ਵੀ 6 ਦਸੰਬਰ 1988 ਨੂੰ ਗੋਲੀਆਂ ਦਾ ਸ਼ਿਕਾਰ ਹੋ ਗਿਆ ਸੀ। ਵਰਿੰਦਰ ਦੀ ਫਿਲਮ ‘ਜੱਟ ਤੇ ਜ਼ਮੀਨ’ ਦੀ ਲੁਧਿਆਣਾ ਦੇ ਪਿੰਡ ਤਲਵੰਡੀ ਵਿੱਚ ਸ਼ੂਟਿੰਗ ਚੱਲ ਰਹੀ ਸੀ। ਅਣਪਛਾਤਿਆਂ ਨੇ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ ਸੀ।

ਪੰਜਾਬੀ ਗਾਇਕ ਦਿਲਸ਼ਾਦ ਅਖ਼ਤਰ ਨੂੰ ਵੀ ਇਸੇ ਰਾਹ ਜਾਣਾ ਪਿਆ ਸੀ। ਉਨ੍ਹਾਂ ਦਿਨਾਂ ਵਿੱਚ ਕਾਲਜਾਂ ਤੇ ’ਵਰਸਿਟੀਆਂ ਦੇ ਹੋਸਟਲਾਂ ਵਿੱਚ ਦਿਲਸ਼ਾਦ ਅਖ਼ਤਰ ਦੇ ਗੀਤਾਂ ਦੀ ਧਮਕ ਪੈਂਦੀ ਸੀ। 30 ਵਰ੍ਹਿਆਂ ਦੀ ਉਮਰ ਹੀ ਦਿਲਸ਼ਾਦ ਅਖ਼ਤਰ ਜ਼ਿੰਦਗੀ ਤੋਂ ਹੱਥ ਧੋ ਬੈਠਿਆ ਸੀ। ਗੁਰਦਾਸਪੁਰ ਜ਼ਿਲ੍ਹੇ ਵਿੱਚ ਇੱਕ ਵਿਆਹ ਦੇ ਪ੍ਰੋਗਰਾਮ ਵਿੱਚ ਇੱਕ ਸ਼ਰਾਬੀ ਡੀਐੱਸਪੀ ਨੇ ਏਕੇ 47 ਨਾਲ ਬੁਛਾੜ ਕਰਕੇ ਨੌਜਵਾਨ ਗਾਇਕ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ। ਇਹ ਘਟਨਾ 28 ਜਨਵਰੀ, 1996 ਨੂੰ ਵਾਪਰੀ ਸੀ, ਜਦੋਂ ਸ਼ਰਾਬੀ ਡੀਐਸਪੀ ਨੇ ਜ਼ਿੱਦ ਕੀਤੀ ਕਿ ਦਿਲਸ਼ਾਦ ‘ਨੱਚੀ ਜੋ ਸਾਡੇ ਨਾਲ’ ਗੀਤ ਸੁਣਾਵੇ। ਦਿਲਸ਼ਾਦ ਅਖ਼ਤਰ ਨੇ ਇਸ ਕਰਕੇ ਨਾਂਹ ਕਰ ਦਿੱਤੀ ਕਿ ਉਹ ਕਿਸੇ ਹੋਰ ਗਾਇਕ ਦਾ ਗੀਤ ਨਹੀਂ ਗਾਉਂਦਾ ਕਿਉਂਕਿ ਇਹ ਗੀਤ ਹੰਸ ਰਾਜ ਹੰਸ ਦਾ ਗਾਇਆ ਹੋਇਆ ਸੀ। ਹੋਰ ਕਿੰਨੇ ਹੀ ਗਾਇਕ ਹਮਲਿਆਂ ਦੇ ਸ਼ਿਕਾਰ ਹੋਏ।

## ਫਿਲਮ ‘ਚਮਕੀਲਾ’ ਕਾਰਨ ਮੁੜ ਚਰਚਾ ਦਾ ਵਿਸ਼ਾ ਬਣਿਆ ਪਿੰਡ ਮਹਿਸਮਪੁਰ


ਇਮਤਿਆਜ਼ ਅਲੀ ਦੀ ਫਿਲਮ ‘ਚਮਕੀਲਾ’ ਕਾਰਨ ਪਿੰਡ ਮਹਿਸਮਪੁਰ ਅਤੇ ਇਸ ਫਿਲਮ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲਾ ਦਿਲਜੀਤ ਦੋਸਾਂਝ ਚਰਚਾ ਵਿੱਚ ਹੈ। ਪਿੰਡ ਮਹਿਸਮਪੁਰ ਅਤੇ ਦਿਲਜੀਤ ਦੋਸਾਂਝ ਦਾ ਪਿੰਡ ਦੋਸਾਂਝ ਕਲਾਂ ਦੋਵੇਂ ਪਿੰਡ ਤਹਿਸੀਲ ਫਿਲੌਰ ਵਿੱਚ ਪੈਂਦੇ ਹਨ। ਦਿਲਜੀਤ ਨੇ ਫਿਲਮ ਦੀ ਸ਼ੂਟਿੰਗ ਪਿੰਡ ਮਹਿਸਮਪੁਰ ਵਿੱਚ ਕੀਤੀ। ਪਿੰਡ ਮਹਿਸਮਪੁਰ ਦੇ ਗਰਦਾਵਰ ਸਿੰਘ ਨੇ ਦੱਸਿਆ ਕਿ ਇੱਥੇ 8 ਮਾਰਚ 1988 ਨੂੰ ਸਟੀਫਨ ਦੇ ਵਿਆਹ ਸਮਾਗਮ ਵਿਚ ਚਮਕੀਲਾ ਅਤੇ ਅਮਰਜੋਤ ਨੇ ਗਾਉਣਾ ਸੀ। ਸਟੀਫਨ ਦਾ ਪਰਿਵਾਰ ਕੈਨੇਡਾ ਤੋਂ ਵਿਆਹ ਲਈ ਇੱਥੇ ਆਇਆ ਸੀ। ਪਿੰਡੋਂ ਬਾਹਰ ਖੇਤਾਂ ਵਿੱਚ ਜਿਸ ਚੁਬਾਰੇ ਵਿਚ ਬੈਠ ਕੇ ਇਸ ਜੋੜੀ ਨੇ ਆਖਰੀ ਵਾਰ ਰੋਟੀ ਖਾਧੀ ਸੀ, ਉਸ ਥਾਂ ’ਤੇ 8 ਮਾਰਚ ਵਾਲੇ ਦਿਨ ਕੁੱਝ ਕੁ ਚਮਕੀਲੇ ਨੂੰ ਚਾਹੁਣ ਵਾਲੇ ਲੋਕ ਆਉਂਦੇ ਹਨ। ਜਿਸ ਘਰ ਵਿੱਚ ਵਿਆਹ ਸੀ, ਉਹ ਪਰਿਵਾਰ ਵਿਦੇਸ਼ ਵਿਚ ਰਹਿੰਦਾ ਹੈ। ਸ਼ੂਟਿੰਗ ਕਰਨ ਵੇਲੇ ਇਸ ਘਰ ਨੂੰ ਲੋੜ ਮੁਤਾਬਕ ਰੰਗ ਦਿੱਤਾ ਗਿਆ। 1988 ਦੌਰਾਨ ਪਿੰਡ ਮੁਠੱਡਾ ਖੁਰਦ ਤੋਂ ਪਿੰਡ ਮਹਿਸਮਪੁਰ ਨੂੰ ਜਾਣ ਵਾਲਾ ਇਹ ਰਸਤਾ ਕੱਚਾ ਸੀ। ਫਿਲਮ ਦੇ ਸੀਨ ਮੁਤਾਬਕ ਇਸ ਰਸਤੇ ਨੂੰ ਕੱਚਾ ਦਿਖਾਉਣ ਲਈ ਪੱਕੀ ਸੜਕ ’ਤੇ ਮਿੱਟੀ ਪਾ ਦਿੱਤੀ ਗਈ ਸੀ। ਪਿੰਡ ਮੁਠੱਡਾ ਕਲਾਂ ਦਾ ਇੱਕ ਵਿਅਕਤੀ ਹਾਲੇ ਵੀ ਇਸ ਘਟਨਾ ਦਾ ਗਵਾਹ ਹੈ, ਜਿਹੜਾ ਕਿ ਗੋਲੀਆਂ ਦੀ ਆਵਾਜ਼ ਸੁਣ ਕੇ ਸਦਮੇ ਵਿਚ ਚਲਾ ਗਿਆ ਸੀ। ਅੱਜ ਵੀ ਉਹ ਘਟਨਾ ਨੂੰ ਯਾਦ ਕਰ ਲੈਂਦਾ ਹੈ ਤਾਂ ਬਿਨਾਂ ਲੋੜ ਤੋਂ ਬੋਲਦਾ ਰਹਿੰਦਾ ਅਤੇ ਆਲੇ ਦੁਆਲੇ ਘੁੰਮਦਾ ਰਹਿੰਦਾ ਹੈ।

# 40-40 ਲੱਖ ਖ਼ਰਚ ਕੇ ਆਪਣੇ ਪਰਿਵਾਰ ਸਮੇਤ ਇੰਗਲੈਂਡ ਆਏਂ ਲੋਕ ਸਬੰਧਤ ਫਰਮ ਵੱਲੋਂ ਕੰਮ ਨਾ ਦਿੱਤੇ ਜਾਣ ਕਾਰਨ ਕਸੂਤੇ ਫਸੇ

**✪ ਵਾਪਿਸ ਪੰਜਾਬ ਜਾਣ ਲਈ ਟਿਕਟਾਂ ਖ਼ਰੀਦਣ ਲਈ ਵੀ ਨਹੀਂ ਹਨ ਪੈਸੇ ✪ ਸ਼ੀਤਲ ਸਿੰਘ ਗਿੱਲ ਨੇ ਠੱਗੀ ਦਾ ਸ਼ਿਕਾਰ ਹੋਏ ਲੋਕਾਂ ਦਾ ਮਸਲਾ ਭਾਰਤੀ ਹਾਈ ਕਮਿਸ਼ਨਰ ਲੰਡਨ ਕੋਲ਼ ਉਠਾਇਆ**

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਕੇਅਰ ਹਾਊਮ ਦੇ ਵਰਕਰ ਵੀਜੇ ਤੇ ਇੰਗਲੈਂਡ ਆਏਂ ਵੱਡੀ ਗਿਣਤੀ ਚ ਪਰਿਵਾਰਾਂ ਸਮੇਤ ਲੋਕ ਇਸ ਵੇਲੇ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ, ਕਿਉਂਕਿ ਵਰਕ ਵੀਜੇ ਤੇ ਇੰਗਲੈਂਡ ਆਏਂ ਲੋਕਾਂ ਜਿਨ੍ਹਾਂ ਚ ਬਹੁਗਿਣਤੀ ਲੜਕੀਆਂ ਦੀ ਹੈ, ਸਬੰਧਤ ਹੇਅਰ ਹੋਮ ਵੱਲੋਂ ਕੰਮ ਨਾ ਦਿੱਤੇ ਜਾਣ ਕਾਰਨ ਆਪਣੇ ਬੱਚਿਆਂ ਅਤੇ ਪਤੀ ਸਮੇਤ ਤੰਗੀ ਦੇ ਦਿਨ ਬਤੀਤ ਕਰਨ ਲਈ ਮਜਬੂਰ ਹਨ।ਇਸੇ ਤਰ੍ਹਾਂ ਏਜੰਟ ਦੀ ਠੱਗੀ ਦਾ ਸ਼ਿਕਾਰ ਹੋਈ ਆਪਣੇ ਦੋ ਬੱਚਿਆਂ ਅਤੇ ਪਤੀ ਸਮੇਤ 40 ਲੱਖ ਦੇ ਕਰੀਬ ਖ਼ਰਚ ਕੇ ਇੰਗਲੈਂਡ ਆਈ ਅੰਮ੍ਰਿਤਸਰ ਜ਼ਿਲ੍ਹੇ ਦੀ ਇਕ ਲੜਕੀ ਨੇ ਦੱਸਿਆ ਕਿ ਉਹ ਆਪਣਾਂ ਸਾਰਾ ਗਰਿਣਾ ਗੱਟਾ ਵੇਚ ਕੇ ਅਤੇ ਜ਼ਮੀਨ ਗਿਰਵੀ ਰੱਖ ਕੇ ਆਪਣੇ ਅਤੇ ਆਪਣੇ ਪਰਿਵਾਰ ਦੇ ਵਧੀਆ ਭਵਿੱਖ ਲਈ ਤਿੰਨ ਮਹੀਨੇ ਪਹਿਲਾਂ ਇੰਗਲੈਂਡ ਆਏ ਸਨ, ਅਤੇ ਉਸ ਵੇਲੇ ਸਬੰਧਤ ਏਜੰਟ ਵੱਲੋਂ ਉਨ੍ਹਾਂ ਦਾ ਵਰਕ ਪਰਮਿਟ ਵੀਜਾ ਇਹ ਕਹਿ ਕੇ ਲਗਵਾਈਆਂ ਸੀ ਕਿ ਸਬੰਧਤ ਕੇਅਰ ਹੋਮ ਤੁਹਾਨੂੰ ਕੰਮ ਦੇਵੇਗਾ, ਪ੍ਰੰਤੂ ਜਦ ਅਸੀਂ ਇਥੇ ਆ ਕੇ ਸਬੰਧਤ ਕੇਅਰ ਹੋਮ ਨਾਲ ਕੰਮ ਲਈ ਸੰਪਰਕ ਕੀਤਾ ਤਾਂ ਕੇਅਰ ਹੋਮ ਨੇ ਇਹ ਕਹਿ ਕੇ ਕੰਮ ਦੇਣ ਤੋਂ ਨਾਂਹ ਕਰ ਦਿੱਤੀ ਕਿ ਸਾਡੀ ਸਿਰਫ਼ ਤੁਹਾਨੂੰ ਵੀਜ਼ਾ ਦਿਵਾਉਣ ਤੱਕ ਦੀ ਗੱਲ ਤੈਅ ਹੋਈ ਸੀ। ਉਕਤ ਲੜਕੀ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਜਿਥੇ ਮੈਂ ਅਤੇ ਮੇਰਾ ਪਤੀ ਇਥੇ ਕਿਸੇ ਰਿਸ਼ਤੇਦਾਰ ਦੇ ਘਰ ਰਹਿ ਕੇ ਦਿਨ ਕੱਟ ਰਹੇ ਉਥੇ ਹੁਣ ਮੇਰੇ ਬੱਚਿਆਂ ਦਾ ਸਕੂਲ ਨਾ ਜਾਣ ਕਰਕੇ ਭਵਿੱਖ ਖਰਾਬ ਹੋ ਰਿਹਾ ਹੈ। ਪੀੜਤ ਲੜਕੀ ਨੇ ਦੱਸਿਆ ਕਿ ਸਾਡੇ ਕੋਲ ਹੁਣ ਵਾਪਸ ਇੰਡੀਆ ਜਾਣ ਲਈ ਟਿਕਟ ਖ਼ਰੀਦਣ ਲਈ ਵੀ ਕੁਝ ਨਹੀਂ ਬਚਿਆ। ਇਸ ਸਬੰਧੀ ਜਦ ਇੰਮੀਗ੍ਰੇਸ਼ਨ ਮਾਮਲਿਆਂ ਦੇ ਮਾਹਿਰ ਅਤੇ ਇੰਡੀਅਨ ਵਰਕਰਜ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਏਜੰਟਾ ਦੀ ਠੱਗੀ ਦਾ ਸ਼ਿਕਾਰ ਹੋਏ ਇੱਕ ਨਹੀਂ ਬਹੁਗਿਣਤੀ ਪਰਿਵਾਰ ਹਨ, ਸ. ਗਿੱਲ ਨੇ ਦੱਸਿਆ ਕਿ ਯੂ.ਕੇ ਹੌਮ ਆਫਿਸ ਦੇ ਅੰਕੜਿਆਂ ਮੁਤਾਬਕ ਸਾਲ 2023 ਹੇਅਰ ਹੋਮਾਂ ਵੱਲੋਂ 3 ਲੱਖ 52 ਹਜ਼ਾਰ ਦੇ ਕਰੀਬ ਵੀਜੇ ਜਾਰੀ ਕੀਤੇ ਗਏ ਸਨ, ਜਿਨ੍ਹਾਂ ਚ ਬਹੁਗਿਣਤੀ ਭਾਰਤੀਆਂ ਦੀ ਸੀ, ਯੂ ਕੇ ਹੌਮ ਆਫਿਸ ਵੱਲੋਂ ਇਨਕੁਆਰੀ ਤੋਂ ਬਾਅਦ ਇਨ੍ਹਾਂ ਚੌਂ 337 ਕੇਅਰ ਹੋਮ ਦੇ ਲਾਇਸੰਸ ਰੱਦ ਕੀਤੇ ਗਏ ਅਤੇ 569 ਦੇ ਕਰੀਬ ਮੁਅੱਤਲ ਕੀਤੇ ਗਏ ਹਨ। ਸ. ਗਿੱਲ ਨੇ ਦੱਸਿਆ ਕਿ ਯੁ.ਕੇ ਹੋਮ ਆਫਿਸ ਵੱਲੋਂ ਇੱਕ ਅਜਿਹੀ ਵੀ ਫਰਮ ਦਾ ਪਰਦਾਫਾਸ਼ ਕੀਤਾ ਗਿਆ, ਜਿਸ ਦਾ ਕੋਈ ਥਾਂ ਟਿਕਾਣਾ ਹੀ ਨਹੀਂ ਹੈ, ਪਰ ਉਸ ਫਰਮ ਨੇ 275 ਦੇ ਕਰੀਬ ਵੀਜੇ ਜਾਰੀ ਕੀਤੇ ਹਨ। ਇਸੇ ਤਰ੍ਹਾਂ ਇੱਕ ਹੋਰ ਫਰਮ ਨੇ 1234 ਵੀਜੇ ਜਾਰੀ ਕੀਤੇ ਪਰ ਜਦ ਹੋਮ ਆਫਿਸ ਵੱਲੋਂ ਚੈੱਕ ਕੀਤਾ ਗਿਆ ਤਾਂ ਉਥੇ ਸਿਰਫ਼ 4 ਵਰਕਰ ਹੀ ਕੰਮ ਕਰਦੇ ਪਾਏ ਗਏ ਸਨ । ਗਿੱਲ ਨੇ ਦੱਸਿਆ ਕਿ ਇਸੇ ਤਰ੍ਹਾਂ ਹੁਣ ਹੋਰ ਵੀ ਬਹੁਤ ਸਾਰੇ ਕੇਅਰ ਹੋਮਾ ਦੀ ਯੂ.ਕੇ ਹੋਮ ਆਫਿਸ ਛਾਣਬੀਣ ਕਰ ਰਿਹਾ ਹੈ, ਅਤੇ ਜਾਅਲੀ ਪਾਏ ਜਾਣ ਵਾਲਿਆਂ ਦੇ ਲਾਇਸੰਸ ਰੱਦ ਕਰ ਰਿਹਾ ਹੈ। ਪ੍ਰੰਤੂ ਇਨ੍ਹਾਂ ਕੇਅਰ ਹੋਮਾ ਰਾਹੀਂ ਇਥੇ ਆਏ ਲੋਕਾਂ ਨੂੰ 60 ਦਿਨ ਦਾ ਨੋਟਿਸ ਦੇ ਕੇ ਜਾਂ ਤਾਂ ਆਪਣੇ ਦੇਸ਼ ਵਾਪਿਸ ਜਾਣ ਲਈ ਕਿਹਾ ਜਾ ਰਿਹਾ ਹੈ,ਅਤੇ ਜਾਂ ਫਿਰ ਹੋਰ ਕਿਸੇ ਸਹੀ ਫਰਮ ਪਾਸ ਆਪਣਾ ਵਰਕ ਵੀਜ਼ਾ ਤਬਦੀਲ ਕਰਵਾਉਣ ਲਈ ਕਿਹਾ ਜਾ ਰਿਹਾ ਹੈ।

ਸ. ਗਿੱਲ ਨੇ ਦੱਸਿਆ ਕਿ ਜਿਹੜੇ ਲੋਕ ਏਜੰਟਾਂ ਦੇ ਝਾਂਸੇ ਚ ਆ ਕੇ ਵੱਡੀਆਂ ਕਰਮਾਂ ਖ਼ਰਚ ਕੇ ਠੱਗੀ ਦਾ ਸ਼ਿਕਾਰ ਹੋਏ ਹਨ, ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਉਨ੍ਹਾਂ ਵੱਲੋਂ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ ਕੋਲ ਵੀ ਇਹ ਮਸਲਾ ਉਠਾਇਆ ਗਿਆ,ਜਿਸ ਤੇ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ ਨੇ ਭਰੋਸਾ ਦਿੱਤਾ ਕਿ ਆਉਂਦੇ ਦਿਨਾਂ ਵਿੱਚ ਯੂ.ਕੇ ਸਰਕਾਰ ਨਾਲ ਤਾਲਮੇਲ ਕਰਕੇ ਅਜਿਹੇ ਧੋਖੇਬਾਜ਼ ਏਜੰਟਾਂ ਅਤੇ ਫਰਮਾਂ ਖਿਲਾਫ ਸ਼ਿਕੰਜਾ ਕੱਸਿਆ ਜਾਵੇਗਾ। ਭਾਰਤੀ ਹਾਈ ਕਮਿਸ਼ਨਰ ਨੇ ਇਥੇ ਆਉਣ ਵਾਲੇ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਪੂਰੀ ਛਾਣਬੀਣ ਕਰਕੇ ਹੀ ਕਿਸੇ ਏਜੰਟ ਜਾਂ ਫਰਮ ਤੇ ਭਰੋਸਾ ਕਰਨ।




*ਠੱਗੀ ਦਾ ਸ਼ਿਕਾਰ ਹੋ ਕੇ ਯੂ.ਕੇ ਚ ਧੱਕੇ ਖਾਣ ਲਈ ਮਜਬੂਰ ਹੋਏ ਪਰਿਵਾਰਾਂ ਦਾ ਮਸਲਾ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ ਕੋਲ ਉਠਾਉਂਦੇ ਹੋਏ ਸ਼ੀਤਲ ਸਿੰਘ ਗਿੱਲ।*

# ਅਮਰੀਕਾ ਵਿਚ ਲੰਬੇ ਸਮੇ ਤੋਂ ਲੱਖਾਂ ਭਾਰਤੀ ਗਰੀਨ ਕਾਰਡ ਦੀ ਉਡੀਕ ਵਿੱਚ

**✪ ਪ੍ਰਤੀ ਦੇਸ਼ ਨਿਰਧਾਰਤ ਸੀਮਾ ਕਾਰਨ ਪੈਦਾ ਹੋਈ ਸਮੱਸਿਆ**

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵਿਚ ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਪਿਛਲੇ ਲੰਬੇ ਸਮੇ ਤੋਂ ਉਨਾਂ ਲੱਖਾਂ ਭਾਰਤੀਆਂ ਦੀਆਂ ਆਸਾਂ ਉੱਤੇ ਖਰੀ ਨਹੀਂ ਉੱਤਰੀ ਜੋ ਗਰੀਨ ਕਾਰਡ ਦੀ ਉਡੀਕ ਵਿਚ ਹਨ। 10 ਲੱਖ ਤੋਂ ਵਧ ਭਾਰਤੀ ਜਿਨਾਂ ਵਿਚ ਉੱਚ ਪੱਧਰ ਦੇ ਹੁਨਰਮੰਦ ਪੇਸ਼ਾਵਰ ਲੋਕ ਸ਼ਾਮਿਲ ਹਨ, ਦਹਾਕਿਆਂ ਤੋਂ ਗਰੀਨ ਕਾਰਡ ਦੀ ਉਡੀਕ ਵਿਚ ਹਨ।

ਇਹ ਸਮੱਸਿਆ ਹਰ ਦੇਸ਼ ਲਈ ਨਿਰਧਾਰਤ ਹੱਦ ਤੇ ਗਰੀਨ ਕਾਰਡਾਂ ਦਾ ਸਲਾਨਾ ਕੋਟਾ ਘੱਟ ਹੋਣ ਕਾਰਨ ਪੈਦਾ ਹੋਈ ਹੈ। ਫਾਰਬਸ ਮੈਗਜ਼ੀਨ ਦੀ ਰਿਪੋਰਟ ਅਨੁਸਾਰ 12 ਲੱਖ ਭਾਰਤੀ ਜਿਨਾਂ ਵਿਚ ਉਨਾਂ ਦੇ ਆਸ਼ਰਤ ਵੀ ਸ਼ਾਮਿਲ ਹਨ, ਰੁਜ਼ਗਾਰ ਅਧਾਰਤ ਪਹਿਲੀ, ਦੂਜੀ ਤੇ ਤੀਸਰੀ ਗਰੀਨ ਕਾਰਡ ਸ਼੍ਰੇਣੀ ਵਿਚ ਗਰੀਨ ਕਾਰਡਾਂ ਦੀ ਉਡੀਕ ਵਿਚ ਹਨ।

ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਨਾਲ ਸਬੰਧਤ ਨੈਸ਼ਨਲ ਫਾਊਂਡੇਸ਼ਨ ਫਾਰ ਅਮੈਰੀਕਨ ਪਾਲਸੀ ਅਨੁਸਾਰ ਪਹਿਲੀ ਤਰਜੀਹੀ ਸ਼੍ਰੇਣੀ ਜਿਸ ਨੂੰ ਈ ਬੀ-1 ਵੀ ਕਿਹਾ ਜਾਂਦਾ ਹੈ, ਵਿਚ ਕੁਲ 143497 ਭਾਰਤੀਆਂ ਨੂੰ ਗਰੀਨ ਕਾਰਡ ਨਹੀਂ ਮਿਲਿਆ। ਇਸ ਸ਼੍ਰੇਣੀ ਵਿਚ ਅਸਧਾਰਨ ਸਮਰਥਾ ਵਾਲੇ ਪ੍ਰੋਫੈਸਰ, ਖੋਜੀ ਤੇ ਬਹੁ ਰਾਸ਼ਟਰੀ ਅਧਿਕਾਰੀ ਜਾਂ ਮੈਨੇਜਰ ਸ਼ਾਮਿਲ ਹਨ।

ਰੁਜ਼ਗਾਰ ਅਧਾਰਤ ਦੂਸਰੀ ਤਰਜੀਹੀ ਸ਼੍ਰੇਣੀ ਜਿਸ ਨੂੰ ਈ ਬੀ-2 ਵੀ ਕਿਹਾ ਜਾਂਦਾ ਹੈ, ਵਿਚ 419392 ਭਾਰਤੀ ਤੇ ਏਨੇ ਹੀ ਉਨਾਂ 'ਤੇ ਨਿਰਭਰ ਭਾਰਤੀ ਸ਼ਾਮਿਲ ਹਨ।

ਕੁਲ ਮਿਲਾ ਕੇ ਇਸ ਸ਼ੇਣੀ ਵਿਚ 838784 ਭਾਰਤੀਆਂ ਨੂੰ ਗਰੀਨ ਕਾਰਡ ਦੀ ਉਡੀਕ ਹੈ। ਇਸ ਸ਼੍ਰੇਣੀ ਵਿਚ ਐਡਵਾਂਸ ਡਿਗਰੀ ਵਾਲੇ ਤੇ ਸਾਇੰਸ, ਆਰਟਸ ਤੇ ਬਿਜਨਸ ਵਿਚ ਵਿਸ਼ੇਸ਼ ਮੁਹਾਰਤ ਰਖਣ ਵਾਲੇ ਲੋਕ ਸ਼ਾਮਿਲ ਹਨ।

ਰੁਜ਼ਗਾਰ ਅਧਾਰਤ ਤੀਸਰੀ ਤਰਜੀਹੀ ਸ਼੍ਰੇਣੀ ਵਿਚ 138581 ਭਾਰਤੀ ਸ਼ਾਮਿਲ ਹਨ, ਜੋ ਗਰੀਨ ਕਾਰਡ ਦੀ ਉਡੀਕ ਵਿਚ ਹਨ। ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਦੇ 2020 ਦੇ ਅੰਕੜਿਆਂ ਅਨੁਸਾਰ ਈ ਬੀ-2 ਸ਼੍ਰੇਣੀ ਵਿਚ ਭਾਰਤੀਆਂ ਜਿਨਾਂ ਨੂੰ ਗਰੀਨ ਕਾਰਡ ਨਹੀਂ ਮਿਲਿਆ, ਦੀ ਗਿਣਤੀ ਵਿਚ ਪਿਛਲੇ 3 ਸਾਲਾਂ ਦੌਰਾਨ 40% ਵਾਧਾ ਹੋਇਆ ਸੀ।

ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਤਰਾਂ ਹੀ ਚੱਲਦਾ ਰਿਹਾ ਤਾਂ ਭਵਿੱਖ ਵਿਚ ਇਹ ਗਿਣਤੀ ਬਹੁਤ ਜਿਆਦਾ ਹੋ ਜਾਵੇਗੀ। ਹੋ ਸਕਦਾ ਹੈ ਕਿ ਬਹੁਤ ਸਾਰਿਆਂ ਨੂੰ ਆਪਣੀ ਇਸ ਜਿੰਦਗੀ ਵਿਚ ਗਰੀਨ ਕਾਰਡ ਨਸੀਬ ਹੀ ਨਾ ਹੋਵੇ।

# ਸਿੱਖ ਨੌਜਵਾਨਾਂ ਨੇ ਨਿਵੇਕਲਾ ਅਤੇ ਸ਼ਲਾਘਾਯੋਗ ਉਪਰਾਲਾ ਕਰਦਿਆਂ ਦੂਸਰੀਆਂ ਕਮਿਊਨਿਟੀਆਂ ਦੇ ਲੋਕਾਂ ਨੂੰ ਖਾਲਸੇ ਦੇ ਸ਼ਾਨਾਮੱਤੇ ਇਤਿਹਾਸ ਤੋਂ ਕਰਵਾਇਆ ਜਾਣੂ

**✪ ਵੱਡੀ ਗਿਣਤੀ ਚ ਵੱਖ ਵੱਖ ਕਮਿਊਨਿਟੀਆਂ ਦੇ ਲੋਕਾਂ ਨੇ ਖਾਲਸੇ ਦੇ ਇਤਿਹਾਸ ਬਾਰੇ ਜਾਨਣ ਲਈ ਵਿਖਾਈ ਦਿਲਚਸਪੀ ✪ ਲੈਸਟਰ ਦੇ ਟਾਊਨ ਸੈਂਟਰ 'ਚ ਸਟੈਚੂਆ ਉਪਰ ਖਾਲਸੇ ਦਾ ਬਾਣਾ ਪਹਿਨਾ ਕੇ, ਕੀਰਤਨ ਕਰਕੇ ਅਤੇ ਗਤਕੇ ਦੇ ਜੌਹਰ ਵਿਖਾ ਕੇ ਗੋਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ**



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਸਿੱਖ ਨੌਜਵਾਨਾਂ ਵੱਲੋਂ ਇੱਕ ਨਿਵੇਕਲਾ ਅਤੇ ਸ਼ਲਾਘਾਯੋਗ ਉਪਰਾਲਾ ਕਰਦਿਆਂ ਦੂਸਰੀਆਂ ਕਮਿਊਨਿਟੀਆਂ ਦੇ ਲੋਕਾਂ ਨੂੰ ਖਾਲਸੇ ਦੇ ਪਹਿਰਾਵੇ ਅਤੇ ਸਿੱਖੀ ਦੇ ਵਡਮੁੱਲੇ ਇਤਿਹਾਸ ਦੀ ਬਹੁਤ ਹੀ ਵਧੀਆ ਢੰਗ ਨਾਲ ਜਾਣਕਾਰੀ ਦੇਣ ਲਈ ਲੈਸਟਰ ਦੇ ਟਾਊਨ ਸੈਂਟਰ ਦੇ ਮਾਲ ਕੰਪਲੈਕਸ ਚ ਸਟੈਚੂਆ ਉਪਰ ਖਾਲਸੇ ਦਾ ਬਾਣਾ ਪਹਿਨਾ ਕੇ ਅਤੇ ਖਾਲਸੇ ਦਾ ਸਮੁੱਚਾ ਇਤਿਹਾਸ ਲਿਖ ਕੇ ਅਤੇ ਟੀ. ਵੀ ਸਕਰੀਨ ਤੇ ਚਲਾ ਕੇ 14 ਦਿਨ ਲਗਾਤਾਰ ਇਸ ਮਾਲ ਕੰਪਲੈਕਸ ਵਿੱਚ ਰੋਜ਼ਾਨਾ ਆਉਣ ਵਾਲੇ 15 ਹਜ਼ਾਰ ਦੇ ਕਰੀਬ ਵੱਖ ਵੱਖ ਕਮਿਊਨਿਟੀਆਂ ਦੇ ਲੋਕਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਇਸੇ ਸਬੰਧ ਵਿੱਚ ਸਥਾਨਕ ਟਾਊਨ ਸੈਂਟਰ ਚ ਕੀਰਤਨ ਕਰਕੇ ਅਤੇ ਗਤਕੇ ਦੇ ਕਰਤੱਵ ਦਿਖਾ ਕੇ ਵੱਡੀ ਗਿਣਤੀ ਚ ਵੱਖ ਵੱਖ ਭਾਈਚਾਰੇ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਸਬੰਧੀ ਗੱਲਬਾਤ ਕਰਦਿਆਂ ਨੌਜੁਆਨ ਦਿਲਬਾਗ ਸਿੰਘ ਨੇ ਦੱਸਿਆ ਕਿ ਸਾਡਾ ਖਾਲਸਾ ਪੰਥ ਮਜ਼ਲੂਮਾਂ ਦੀ ਰੱਖਿਆ ਕਰਨ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਗਈ ਲੰਗਰ ਦੀ ਮਰਿਆਦਾ ਕਰਕੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਧ ਵੱਖ ਕਮਿਊਨਿਟੀਆਂ ਵੱਲੋਂ ਜਾਣਿਆ ਜਾਂਦਾ ਹੈ, ਪ੍ਰੰਤੂ ਅਸੀਂ ਖਾਲਸੇ ਦੇ ਪਹਿਰਾਵੇ ਬਾਣੇ ਤੋਂ ਵੱਖ ਵੱਖ ਕਮਿਊਨਿਟੀਆਂ ਦੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਇਹ ਉਪਰਾਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਨਾਲ ਸਾਡੇ ਵੱਲੋਂ ਗੁਰੂ ਮਹਾਰਾਜ ਵੇਲੇ ਤੋਂ ਪ੍ਰਚੱਲਤ ਗਤਕਾ, ਕੀਰਤਨ, ਅਤੇ ਉਸ ਵੇਲੇ ਯੁੱਧਾਂ ਵਿਚ ਵਰਤੇ ਜਾਂਦੇ ਸ਼ਸਤਰਾਂ ਤੋਂ ਵੀ ਦੂਸਰੀਆਂ ਕਮਿਊਨਿਟੀਆਂ ਦੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਗਤਕੇ ਦੇ ਜੌਹਰ ਦਿਖਾਏ ਗਏ ਅਤੇ ਖੁੱਲੇ ਹਾਲ ਚ ਕੀਰਤਨ ਕਰਕੇ ਅਤੇ ਸ਼ਸਤਰਾਂ ਦੀ ਪ੍ਰਦਰਸ਼ਨੀ ਲਗਾ ਕੇ ਵੱਖ ਵੱਖ ਭਾਈਚਾਰੇ ਦੇ ਲੋਕਾਂ ਨੂੰ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਉਪਰਾਲਾ ਕੀਤਾ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਵਿਚ ਵੱਖ ਵੱਖ ਕਮਿਊਨਿਟੀਆਂ ਦੇ ਲੋਕਾਂ ਨੇ ਖਾਲਸੇ ਦੇ ਇਤਿਹਾਸ ਬਾਰੇ ਜਾਨਣ ਲਈ ਦਿਲਚਸਪੀ ਵਿਖਾਈ।

# 140 ਕਰੋੜ ਭਾਰਤੀਆਂ ਦੀ ਅਗਨ ਪ੍ਰੀਖਿਆ ਲੋਕ ਸਭਾ ਚੋਣ 2024 ਤੇ ਜਮਹੂਰੀਅਤ ਦੀ ਰਾਖੀ ਬਨਾਮ ਮੋਦੀ ਸਰਕਾਰ

ਗਿਆਨੀ ਕੇਵਲ ਸਿੰਘ
9592093472



ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਦਾਅਵੇ ਵਾਲੇ ਭਾਰਤ ਦੀ ਸੰਘੀ ਸਰਕਾਰ ਲਈ 2024 ਦਾ ਚੋਣ ਦੰਗਲ ਭਖ ਗਿਆ ਹੈ। ਲੋਕਤੰਤਰ ਜਿਸ ਦੇ ਅਰਥ ਭਾਰਤੀ ਸੰਵਿਧਾਨ ਵਿਚ "ਲੋਕਾਂ ਦੀ ਸਰਕਾਰ, ਲੋਕਾਂ ਰਾਹੀਂ, ਲੋਕਾਂ ਲਈ" ਦੇ ਹਨ। ਸੰਨ 1950 ਤੋਂ ਸੰਵਿਧਾਨ ਲਾਗੂ ਦੱਸਿਆ ਜਾ ਰਿਹਾ ਹੈ। ਪਹਿਲਾਂ ਪਹਿਲ ਸੂਬਾਈ ਰਾਜਨੀਤਕ ਧਿਰਾਂ ਸੂਬਿਆਂ ਲਈ ਚੋਣ ਸਰਗਰਮੀ ਦਾ ਵੱਡਾ ਹਿੱਸਾ ਰਹੀਆਂ ਹਨ। ਕੇਵਲ ਰਾਸ਼ਟਰੀ ਕਾਂਗਰਸ ਹੀ ਦੇਸ਼ ਵਿਆਪੀ ਰਾਜਸੀ ਧਿਰ ਸੀ ਪ੍ਰਮੁੱਖ ਰੂਪ ਵਿਚ ਬਾਕੀ ਸਭ ਵਧੇਰੇ ਕਰਕੇ ਸੂਬਿਆਂ ਤੱਕ ਹੀ ਰਾਜਨੀਤੀ ਕਰਦੀਆਂ ਧਿਰਾਂ ਰਹੀਆਂ। ਸੰਘੀ ਢਾਂਚੇ ਦੀ ਮਜ਼ਬੂਤੀ ਲਈ ਭਾਰਤੀ ਕੇਂਦਰੀ ਸੱਤਾ ਵਾਲਿਆਂ ਕਦੀ ਵੀ ਇਮਾਨਦਾਰੀ ਨਹੀਂ ਦਿਖਾਈ। ਲਗਾਤਾਰ ਸੂਬਿਆਂ ਨੂੰ ਕਮਜ਼ੋਰ ਕਰਨ ਤੇ ਖੇਤਰੀ ਸਿਆਸੀ ਧਿਰਾਂ ਨੂੰ ਖਤਮ ਕਰਨ ਵਾਸਤੇ ਕੰਮ ਹੋਇਆ ਹੈ। ਖੇਤਰੀ ਸੂਬਾਈ ਰਾਜਸੀ ਧਿਰਾਂ ਵੀ ਬਹੁਤੀਆਂ ਕੇਂਦਰੀ ਸੱਤਾ ਦੀ ਲਾਲਸਾ ਕਾਰਨ ਸੂਬਿਆਂ ਦੇ ਹੱਕ ਅਧਿਕਾਰਾਂ ਨਾਲ ਖੜ੍ਹੀਆਂ ਨਹੀਂ ਰਹੀਆਂ। ਕੇਂਦਰੀਕਰਨ ਵਾਸਤੇ ਕੇਂਦਰੀ ਹਕੂਮਤ ਦੀ ਹਾਂ ਵਿਚ ਹਾਂ ਭਰਕੇ ਪੈਰਾਂ ਤੇ ਖੁਦ ਕੁਹਾੜਾ ਮਾਰਨ ਤੋਂ ਗੁਰੇਜ਼ ਨਹੀਂ ਕਰ ਸਕੀਆਂ। ਸੂਬਾਈ ਰਾਜਸੀ ਧਿਰਾਂ ਦਾ ਕਮਜ਼ੋਰ ਹੋਣਾ ਵਰਤਮਾਨ ਸਮੇਂ ਦੀਆਂ ਬਹੁਤੀਆਂ ਦੁਸ਼ਵਾਰੀਆਂ ਦਾ ਆਧਾਰ ਬਣਦਾ ਆ ਰਿਹਾ ਹੈ। ਭਾਰਤੀ ਲੋਕਾਂ ਨੂੰ ਹਮੇਸ਼ਾਂ ਸਿਆਸਤਦਾਨਾਂ ਨੇ ਵਰਤਿਆ ਹੈ ਖੁਦ ਭਾਰਤੀ ਲੋਕਾਂ ਨਾਲ ਖੜ੍ਹੇ ਹੋਣ ਤੋਂ ਭੱਜਿਆ ਹੈ। ਭਾਰਤੀ ਲੋਕਾਂ ਨੂੰ ਆਮ ਜ਼ਿੰਦਗੀ ਦੀਆਂ ਬੁਨਿਆਦੀ ਸਹੂਲਤਾਂ ਦੇਣ ਵਾਲੇ ਫਰਜ਼ ਦੀ ਪਾਲਣਾ ਕੇਂਦਰੀ ਹਕੂਮਤਾਂ ਨਹੀਂ ਕਰ ਪਾਈਆਂ। ਵਿੱਦਿਆ ਸਿਹਤ ਤੇ ਰੁਜ਼ਗਾਰ ਹੀ ਮੁੱਖ ਲੋੜਾਂ ਸਨ ਤੇ ਹਨ ਜੋ ਅੱਜ ਤੱਕ ਭਾਰਤੀ ਲੋਕਾਂ ਨੂੰ ਨਹੀਂ ਮਿਲੀਆਂ।

ਸੱਤਾਧਾਰੀਆਂ ਨੇ ਲੋਕ ਸੇਵਕ ਬਣਨ ਦੀ ਥਾਂ ਹਾਕਮ ਹੋਣ ਜਾਂ ਅਖਵਾਉਣ ਵਾਲੀ ਸੋਚ ਨੂੰ ਪਾਲਿਆ ਤੇ ਸੰਭਾਲਿਆ ਹੈ। ਪਿੰਡ ਦੀ ਪੰਚਾਇਤ ਤੋਂ ਲੈ ਕੇ ਸੂਬਾ ਤੇ ਕੇਂਦਰ ਤੱਕ ਅਧਿਕਾਰ ਵੰਡਣ ਦੀ ਥਾਂ ਖੋਹਣ ਵਾਲੀ ਬਿਰਤੀ ਭਾਰੂ ਆ ਰਹੀ ਹੈ। ਗਵਾਂਢੀ ਮੁਲਕਾਂ ਨਾਲ ਸਬੰਧ ਸੁਖਾਵੇਂ ਬਣਾਉਣ ਲਈ ਵੀ ਠੀਕ ਨੀਤੀਆਂ ਨਹੀਂ ਅਪਣਾਈਆਂ ਗਈਆਂ। ਹਥਿਆਰਾਂ ਦੀ ਪ੍ਰਮੁੱਖਤਾ ਨੂੰ ਪਹਿਲ ਦੇਣੀ ਗਲਤ ਧਾਰਨਾ ਦਾ ਘਾਤਕ ਰਸਤਾ ਫੜਿਆ। ਸੱਤਾ ਦੀ ਮਾਰੂ ਭੁੱਖ ਭਾਰਤੀ ਸਿਆਸਤਦਾਨ ਵਿਚ ਬਹੁਤ ਤੇਜ਼ੀ ਨਾਲ ਵਧੀ ਹੈ। ਖਾਨਦਾਨੀ ਰੁਝਾਨ ਦਾ ਸਿਆਸਤਦਾਨਾਂ ਵਿਚ ਵਧਣਾ ਵੀ ਵਰਤਮਾਨ ਦੇ ਨਿਘਾਰ ਦਾ ਵੱਡਾ ਕਾਰਨ ਰਿਹਾ ਹੈ। ਚੋਣਾਂ ਮੌਕੇ ਵਰਤਮਾਨ ਸਮੇਂ ਦੇਸ਼ ਦੇ ਹਾਲਾਤ ਅਤਿ ਨਾ ਖੁਸ਼ਗਵਾਰ ਹਨ। ਸੱਤਾਧਾਰੀ ਧਿਰ ਪਿਛਲੇ 10 ਸਾਲਾਂ ਤੋਂ ਲੋਕ ਪੱਖੀ ਸਰਕਾਰ ਨਾ ਚਲਾ ਕੇ ਆਪਣੇ 70 ਸਾਲ ਪਹਿਲਾਂ ਤੋਂ ਪਰਚਾਰੇ ਜਾ ਰਹੇ ਹਿੰਦੂਤਵੀ ਰਾਜ ਕਲਪਨਾ ਨੂੰ ਸਾਕਾਰ ਕਰਨ ਲਈ ਵਧੇਰੇ ਰੁਚਿਤ ਵੇਖਣ ਲਈ ਮਿਲੀ ਹੈ।

ਭਾਰਤੀਆਂ ਦੇ ਭਾਈਚਾਰੇ ਦੀ ਬਰਾਬਰਤਾ ਨੂੰ ਨਫ਼ਰਤੀ ਢੰਗ ਤਰੀਕਿਆਂ ਨਾਲ ਜ਼ਰ ਜ਼ਰਾ ਕੀਤਾ ਹੈ। ਆਪਸੀ ਸਾਂਝ ਦੀ ਥਾਂ ਦੂਰੀਆਂ ਪੈਦਾ ਕਰਨ ਦੇ ਯਤਨ ਵਧੇਰੇ ਹੋਏ ਹਨ। ਲੋਕ ਹੱਕਾਂ ਤੇ ਮੰਗਾਂ ਨੂੰ ਦੱਬਿਆ ਕੁਚਲਿਆ ਗਿਆ ਹੈ। ਭਾਰਤ ਦੀਆਂ ਵਿਰੋਧੀ ਧਿਰ ਵਾਲੀਆਂ ਸੂਬਾ ਸਰਕਾਰਾਂ ਨੂੰ ਜਿਵੇਂ ਭੰਨਿਆ ਤੋੜਿਆ ਹੈ ਇਸ ਨਾਲ ਲੋਕ ਦਿਲਾਂ ਵਿਚ ਖੌਫ਼ ਪੈਦਾ ਹੋਇਆ ਹੈ। ਜਿਸ ਲੋਕਤੰਤਰ ਨੂੰ ਸੰਸਾਰ ਸਾਹਮਣੇ ਰੱਖ ਕੇ ਕਦੀ ਭਾਰਤ ਦਾ ਸਿਰ ਉੱਚਾ ਹੁੰਦਾ ਸੀ ਉਸ ਦਾ ਅਪਮਾਨ ਸੱਤਾ ਧਿਰ ਨੇ ਬਾਰੰਬਾਰ ਕਰਕੇ ਸੰਸਾਰ ਸਾਹਮਣੇ ਦੇਸ਼ ਨੂੰ ਸ਼ਰਮਿੰਦਾ ਕੀਤਾ ਹੈ।

2018 ਤੋਂ ਗੁਪਤ ਚੋਣ ਚੰਦੇ ਦਾ ਕਾਲਾ ਬਾਜ਼ਾਰੀ ਵਾਲਾ ਘਿਨੌਣਾ ਖੇਲ ਅਰੰਭ ਕੇ ਆਪਣੀ ਸਿਆਸੀ ਜੱਥੇਬੰਦੀ ਲਈ ਜਬਰਦਸਤੀ ਫੰਡ ਲਿਆ ਹੈ?

ਸਵਾਲ ਹੈ ਕੀ ਭਾਰਤੀ ਲੋਕ 2024 ਦੀਆਂ ਚੋਣਾਂ ਵਿਚ ਲੋਕਤੰਤਰ ਲਈ ਵੋਟ ਹੱਕ ਦੀ ਵਰਤੋਂ ਬੇਖੌਫ਼ ਕਰ ਸਕਣਗੇ? ਵਿਰੋਧੀ ਸਿਆਸੀ ਧਿਰਾਂ ਦੀ ਕਾਤਲ ਬਿਰਤੀ ਵਾਲੀ ਸੱਤਾਧਾਰੀ ਧਿਰ ਲੋਕਾਂ ਨੂੰ ਐਸਾ ਕਰਨ ਦੇਵੇਗੀ?

ਕੀ ਵਿਰੋਧੀ ਧਿਰਾਂ ਭਾਰਤੀ ਲੋਕਾਂ ਨੂੰ ਲੋਕਤੰਤਰ ਦੇ ਅਰਥ ਸਮਝਾ ਕੇ ਸਹੀ ਮੁੱਦਿਆਂ ਨੂੰ ਉਨ੍ਹਾਂ ਵਿਚ ਰੱਖ ਸਕਣਗੀਆਂ? ਭਾਰਤ ਅੰਦਰਲੀਆਂ ਸਮਾਜਿਕ, ਰਾਜਨੀਤਕ ਤੇ ਆਰਥਿਕ ਚੇਤਨਾ ਲਈ ਕੰਮ ਕਰ ਰਹੀਆਂ ਜੱਥੇਬੰਦੀਆਂ ਨਿਰਭਉ ਨਿਰਵੈਰ ਨਿਰਪੱਖ ਰਹਿ ਕੇ ਭਾਰਤੀ ਲੋਕਾਂ ਨੂੰ ਆਪਣੇ ਹੱਕਾਂ ਲਈ ਵੋਟ ਅਧਿਕਾਰ ਦੀ ਵਰਤੋਂ ਲਈ ਸਮਝਾ ਤੇ ਭੁਗਤਾ ਸਕਣਗੀਆਂ! ਸਮਾਂ ਮੰਗ ਕਰਦਾ ਹਰ ਜਾਗਰੂਕ ਸ਼ਹਿਰੀ ਧੜਿਆਂ ਤੋਂ ਉਪਰ ਉੱਠ ਕੇ ਲੋਕਤੰਤਰ ਲਈ, ਲੋਕਾਂ ਨੂੰ ਜਗਾਉਣ। ਪਿੰਡਾਂ, ਸ਼ਹਿਰਾਂ , ਕਸਬਿਆਂ ਤੱਕ ਪਹੁੰਚਣਾ ਲਾਜ਼ਮੀ ਹੈ। ਇਹ ਕਿਆਸਰਾਈਆਂ ਲੱਗ ਰਹੀਆਂ ਹਨ ਜੇ ਸੱਤਾਧਾਰੀ ਧਿਰ ਭੈਅ ਭਰਮ ਤੇ ਹੋਰ ਸਾਮ ਦਾਮ ਦੰਡ ਭੇਦ ਰਾਹੀਂ ਮੁੜ ਸੱਤਾ ਤੇ ਆ ਜਾਂਦੀ ਹੈ ਤਾਂ ਭਾਰਤ ਵਿਚ ਲੋਕਤੰਤਰ ਦਾ ਭਵਿੱਖ ਵੱਡੇ ਖਤਰੇ ਦੇ ਮੂੰਹ ਵਿਚ ਜਾ ਵੜੇਗਾ। ਉਮੀਦ ਕਦੇ ਨਹੀਂ ਛੱਡਣੀ ਚਾਹੀਦੀ। ਲੋਕ ਚੇਤਨਾ ਲਈ ਕੰਮ ਹੋਣਾ ਚਾਹੀਦਾ ਹੈ। ਲੋਕ ਚੇਤਨਾ ਤਥਾ ਲੋਕ ਸ਼ਕਤੀ ਮਨ ਚਾਹੇ ਖ਼ੂਬ ਸੂਰਤ ਲੋਕਤੰਤਰੀ ਰਾਜ ਦੀ ਸਥਾਪਨਾ ਕਰ ਲਵੇਗੀ।

ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।

## ਕੱਚੇ ਦੁੱਧ ਵਿੱਚ ਪਾਇਆ ਗਿਆ ਬਰਡ ਫਲੂ ਦਾ ਵਾਇਰਸ

### ✪ ਡਾ: ਡੇਰਿਨ ਡੇਟਵਿਲਰ ਨੇ ਕਿਹਾ ਕਿ ਅਮਰੀਕੀ ਮਾਸ ਅਤੇ ਅੰਡੇ ਤੋਂ ਪਰਹੇਜ਼ ਕਰਨ ✪ ਟੈਕਸਾਸ ਵਿੱਚ ਇੱਕ ਗਾਂ ਦੁਆਰਾ ਏਵੀਅਨ ਇਨਫਲੂਐਂਜ਼ਾ ਨਾਲ ਸੰਕਰਮਿਤ ਮਨੁੱਖ ਦਾ ਪਹਿਲਾ ਮਾਮਲਾ

ਟੈਕਸਾਸ-ਸਿਹਤ ਅਧਿਕਾਰੀਆਂ ਨੇ ਘੋਸ਼ਣਾ ਕੀਤੀ ਕਿ ਕੱਚੇ ਦੁੱਧ ਵਿੱਚ ਬਰਡ ਫਲੂ ਵਾਇਰਸ ਬਹੁਤ ਜ਼ਿਆਦਾ ਮਾਤਰਾ ਵਿੱਚ ਪਾਇਆ ਗਿਆ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਬਰਡ ਫਲੂ, ਜਿਸ ਨੂੰ ਐਚ5ਐਨ1 ਵੀ ਕਿਹਾ ਜਾਂਦਾ ਹੈ, ਕੱਚੇ ਦੁੱਧ ਵਿੱਚ ਪਾਇਆ ਗਿਆ ਹੈ, ਜੋ ਕਿ ਦੁੱਧ ਹੈ ਜੋ ਬੈਕਟੀਰੀਆ ਤੋਂ ਛੁਟਕਾਰਾ ਪਾਉਣ ਲਈ ਮਿਆਰੀ ਪਾਸਚਰਾਈਜ਼ੇਸ਼ਨ ਪ੍ਰਕਿਰਿਆਵਾਂ ਵਿੱਚੋਂ ਨਹੀਂ ਲੰਘਦਾ ਹੈ।



ਅਧਿਕਾਰੀਆਂ ਨੇ ਕਿਹਾ ਕਿ ਪਾਸਚੁਰਾਈਜ਼ਡ ਦੁੱਧ, ਜੋ ਕਿ ਵੱਡੇ ਰਿਟੇਲਰਾਂ ਵਿੱਚ ਮਿਆਰੀ ਹੈ, ਅਜੇ ਵੀ ਸੁਰੱਖਿਅਤ ਹੈ। ਸੀਡੀਸੀ ਦੇ ਅਨੁਸਾਰ, ਪੂਰੇ ਅਮਰੀਕਾ ਵਿੱਚ ਗਾਵਾਂ ਅਤੇ ਮੁਰਗੀਆਂ ਵਿੱਚ ਬਰਡ ਫਲੂ ਵੱਧ ਗਿਆ ਹੈ, ਅੱਠ ਰਾਜਾਂ ਵਿੱਚ 29 ਫਾਰਮਾਂ ਵਿੱਚ ਜਾਨਵਰ ਪ੍ਰਭਾਵਿਤ ਹੋਏ ਹਨ। ਪਿਛਲੇ ਹਫ਼ਤੇ, ਡਾ: ਡੇਰਿਨ ਡੇਟਵਿਲਰ, ਸਾਬਕਾ ਐਫਡੀਏ ਅਤੇ ਯੂਐਸਡੀਏ ਫੂਡ ਸੇਫਟੀ ਸਲਾਹਕਾਰ, ਨੇ ਡੇਲੀਮੇਲ ਡਾਟ ਕਾਮ ਨੂੰ ਦੱਸਿਆ ਕਿ ਅਮਰੀਕੀਆਂ ਨੂੰ ਦੁਰਲੱਭ ਮਾਸ ਅਤੇ ਅੰਡੇ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜਦੋਂ ਕਿ ਪਸ਼ੂਆਂ ਵਿੱਚ ਪ੍ਰਕੋਪ ਜਾਰੀ ਸੀ, ਕਿਉਂਕਿ ਗਲਤ ਤਰੀਕੇ ਨਾਲ ਪਕਾਏ ਗਏ ਜਾਨਵਰਾਂ ਦੇ ਉਤਪਾਦਾਂ ਵਿੱਚ ਵਾਇਰਸ ਅਤੇ ਬੈਕਟੀਰੀਆ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

ਵਿਸ਼ਵ ਸਿਹਤ ਸੰਗਠਨ ਦੇ ਗਲੋਬਲ ਇਨਫਲੂਐਂਜ਼ਾ ਪ੍ਰੋਗਰਾਮ ਦੇ ਮੁਖੀ ਵੇਨਕਿੰਗ ਝਾਂਗ ਨੇ ਕਿਹਾ ਕਿ ਟੈਕਸਾਸ ਵਿੱਚ ਇੱਕ ਗਾਂ ਦੁਆਰਾ ਏਵੀਅਨ ਇਨਫਲੂਐਂਜ਼ਾ ਨਾਲ ਸੰਕਰਮਿਤ ਮਨੁੱਖ ਦਾ ਪਹਿਲਾ ਮਾਮਲਾ ਹੈ। ਪੰਛੀ ਤੋਂ ਗਾਂ ਅਤੇ ਗਾਂ ਤੋਂ ਪੰਛੀਆਂ ਦਾ ਸੰਚਾਰ ਵੀ ਇਹਨਾਂ ਮੌਜੂਦਾ ਪ੍ਰਕੋਪਾਂ ਦੌਰਾਨ ਰਿਕਾਰਡ ਕੀਤਾ ਗਿਆ ਹੈ।

## ਵਿਆਹ ਲਈ ਮਜਬੂਰ ਕਰਨ ਲਈ ਜ਼ਖ਼ਮਾਂ 'ਤੇ ਲਾਈਆਂ ਮਿਰਚਾਂ, ਕੀਤਾ ਬਲਾਤਕਾਰ

### ✪ ਫੇਵੀਕੁਇੱਕ ਨਾਲ ਜੋੜ ਦਿੱਤੇ ਬੁੱਲ੍ਹ ✪ ਪੀੜਤ ਲੜਕੀ ਨੇ ਮੁੰਡੇ ਦੀ ਹੈਵਾਨੀਅਤ ਦਾ ਕਰਾਇਆ ਕੇਸ ਦਰਜ, ਦੋਸ਼ੀ ਗ੍ਰਿਫਤਾਰ

ਗੁਨਾ-ਮੱਧ ਪ੍ਰਦੇਸ਼ ਦੇ ਗੁਨਾ, ਨਾਨਖੇੜੀ ਇਲਾਕੇ ਵਿਚ ਇਕ ਨੌਜਵਾਨ ਅਯਾਨ ਨੇ ਗੁਆਂਢ ਵਿਚ ਰਹਿਣ ਵਾਲੀ ਇਕ ਲੜਕੀ ਨੂੰ ਇਕ ਮਹੀਨੇ ਤੋਂ ਬੰਧਕ ਬਣਾ ਕੇ ਉਸ ਦੀ ਬੈਲਟ ਤੇ ਪਾਣੀ ਦੀ ਪਾਈਪ ਨਾਲ ਕੁੱਟਮਾਰ ਕੀਤੀ। ਤੇ ਜ਼ਮੀਨ ਤੇ ਜਾਇਦਾਦ ਆਪਣੇ ਨਾਂ ਕਰਵਾਉਣ ਦਾ ਦਬਾਅ ਪਾਇਆ। ਉਸ ਦਾ ਜ਼ੁਲਮ ਇਥੇ ਹੀ ਖ਼ਤਮ ਨਹੀਂ ਹੋਇਆ। ਉਸ ਨੇ ਲੜਕੀ ਦੇ ਜ਼ਖ਼ਮਾਂ 'ਤੇ ਮਿਰਚਾਂ ਲਗਾ ਦਿੱਤੀਆਂ। ਜਦੋਂ ਉਸ ਨੇ ਚੀਕਾਂ ਮਾਰੀਆਂ ਤਾਂ ਉਸ ਨੇ ਫੇਵੀਕੁਇੱਕ ਨੂੰ ਉਸ ਦੇ ਬੁੱਲ੍ਹਾਂ 'ਤੇ ਲਗਾ ਦਿੱਤਾ। ਲੜਕੀ ਦੀਆਂ ਅੱਖਾਂ ਤੇ ਮੂੰਹ ਖ਼ੂਨ ਨਾਲ ਲੱਥਪੱਥ ਸਨ। ਇਸ ਸਬੰਧੀ ਪੀੜਤਾ ਦੀ ਮਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਮਾਂ ਉਸ ਨੂੰ ਪੁਲਸ ਕੋਲ ਲੈ ਗਈ। ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਤੁਰੰਤ ਜ਼ਿਲਾ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਲੜਕੀ ਨੇ ਪੁਲਸ ਨੂੰ ਦੱਸਿਆ ਕਿ ਅਯਾਨ ਨੇ ਉਸ ਨਾਲ ਬਲਾਤਕਾਰ ਵੀ ਕੀਤਾ। ਪੁਲਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਪਤੀ ਨਾਲ ਲਿਵ ਇਨ ਵਿਚ ਰਹਿੰਦੀ ਪ੍ਰੇਮਿਕਾ ਨੂੰ ਪਤਨੀ ਨੇ ਕੁੱਟ ਕੱਢਿਆ

### ✪ ਪੀੜਤ ਔਰਤ ਦੀ ਸ਼ਿਕਾਇਤ ਉਪਰਕੇਸ ਦਰਜ਼


ਅੰਮ੍ਰਿਤਸਰ-ਵੇਰਕਾ ਥਾਣੇ ਅਧੀਨ ਪੈਂਦੇ ਪਿੰਡ ਧੁਪਸੜੀ ਵਿਚ ਇਕ ਔਰਤ ਨੇ ਆਪਣੇ ਪਤੀ ਦੀ ਪ੍ਰੇਮਿਕਾ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਔਰਤ ਰਾਜਵੰਤ ਕੌਰ ਨੇ ਦੋਸ਼ ਲਾਇਆ ਕਿ ਉਹ ਪਿਛਲੇ 10 ਸਾਲਾਂ ਤੋਂ ਅਮਰ ਮਸੀਹ ਨਾਂ ਦੇ ਨੌਜਵਾਨ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿਚ ਰਹਿ ਰਹੀ ਹੈ। ਅਮਰ ਪਹਿਲਾਂ ਤੋਂ ਵਿਆਹਿਆ ਹੈ। 5 ਸਾਲ ਪਹਿਲਾਂ ਉਸ ਨੂੰ ਅਮਰ ਦੀ ਸੱਚਾਈ ਬਾਰੇ ਪਤਾ ਚੱਲਿਆ ਤਾਂ ਉਸ ਨੇ ਅਮਰ ਮਸੀਹ ਤੋਂ ਕਿਨਾਰਾ ਕਰ ਲਿਆ ਜੋ ਉਸ ਨੂੰ ਗਵਾਰਾ ਨਾ ਹੋਇਆ। ਉਹ ਉਸਨੂੰ ਵਾਰ-ਵਾਰ ਤੰਗ ਕਰਦਾ ਰਿਹਾ। ਰਜਵੰਤ ਕੌਰ ਨੇ ਦੋਸ਼ ਲਾਇਆ ਕਿ ਅਮਰ ਮਸੀਹ ਨੇ ਉਸ ਦੇ 15 ਸਾਲਾ ਪੁੱਤਰ ਨੂੰ ਨਸ਼ੇ ਦੀ ਲਤ ਲਗਾਈ। ਉਸ ਨੇ ਦੱਸਿਆ ਕਿ ਹੁਣ ਪਿਛਲੇ 8 ਮਹੀਨੇ ਤੋਂ ਅਮਰ ਸਿੰਘ ਤੇ ਉਸ ਦੀ ਪਤਨੀ ਉਸ ਨੂੰ ਤੰਗ ਕਰ ਰਹੇ ਹਨ। ਦੋਵਾਂ ਨੇ ਜਨਵਰੀ ਮਹੀਨੇ ਉਸ ਨੂੰ ਤੇ ਉਸ ਦੇ ਪੁੱਤਰ ਨੂੰ ਅਗਵਾ ਵੀ ਕਰ ਲਿਆ ਸੀ। ਪਰ ਕੁਝ ਹੀ ਦੇਰ ਵਿਚ ਉਹ ਕਿਸੇ ਤਰ੍ਹਾਂ ਦੋਵਾਂ ਦੇ ਚੁੰਗਲ ਵਿਚੋਂ ਨਿਕਲ ਗਏ ਸਨ। ਹੁਣ ਬੀਤੇ ਦਿਨੀਂ ਅਮਰ ਤੇ ਉਸ ਦੀ ਪਤਨੀ ਨੇ ਰਸਤੇ ਵਿਚ ਰੋਕ ਕੇ ਇੱਟਾਂ-ਪੱਥਰਾਂ ਨਾਲ ਹਮਲਾ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਦੂਜੇ ਪਾਸੇ ਥਾਣਾ ਵੇਰਕਾ ਦੇ ਇੰਸਪੈਕਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਪੀੜਤ ਔਰਤ ਦੀ ਸ਼ਿਕਾਇਤ ਉਪਰ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਭਾਰਤ ਵਿਚ ਬੇਰੁਜ਼ਗਾਰੀ ਦੀ ਵਧ ਰਹੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਰਹੇ ਨੇ ਮੋਦੀ

## ✪ ਬੇਰੁਜ਼ਗਾਰੀ ਦੀ ਦਰ 2000-2012 ਦੌਰਾਨ 2-3 ਪ੍ਰਤੀਸ਼ਤ ਸੀ, 2012-2019 ਦੌਰਾਨ ਵੱਧ ਕੇ 5.8 ਪ੍ਰਤੀਸ਼ਤ 'ਤੇ ਪਹੁੰਚੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਨਿਊਜ਼ ਏਜੰਸੀ ਨੂੰ ਇਕ ਘੰਟਾ 17 ਮਿੰਟ ਦਾ ਵੀਡੀਓ ਇੰਟਰਵਿਊ ਦਿੱਤਾ। ਇਸ ਵਿਚ ਉਨ੍ਹਾਂ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ। ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਅਗਲੇ ਏਜੰਡੇ 'ਤੇ ਚਰਚਾ ਕੀਤੀ। ਫਿਰ ਵੀ ਇਸ ਇੰਟਰਵਿਊ ਵਿੱਚ ਕਈ ਅਹਿਮ ਮੁੱਦੇ ਸਾਹਮਣੇ ਨਹੀਂ ਆਏ। ਬੇਰੁਜ਼ਗਾਰੀ ਵਰਗੀ ਵਧ ਰਹੀ ਸਮੱਸਿਆ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ




ਹਾਲਾਂਕਿ ਇੱਕ ਥਿੰਕ ਟੈਂਕ ਦੁਆਰਾ ਕੀਤੇ ਗਏ ਵਿਆਪਕ ਪ੍ਰੀ-ਪੋਲ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਬੇਰੁਜ਼ਗਾਰੀ ਅਤੇ ਮਹਿੰਗਾਈ ਇਸ ਸਮੇਂ ਵੋਟਰਾਂ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਦੋ ਸਭ ਤੋਂ ਵੱਡੀਆਂ ਸਮੱਸਿਆਵਾਂ ਹਨ।

ਇਹ ਹੋਰ ਗੱਲ ਹੈ ਕਿ ਵਿਰੋਧੀ ਪਾਰਟੀਆਂ ਵੀ ਇਨ੍ਹਾਂ ਮੁੱਦਿਆਂ 'ਤੇ ਵੋਟਰਾਂ ਦੇ ਮਨਾਂ ਵਿਚ ਜ਼ਿਆਦਾ ਭਰੋਸੇਯੋਗਤਾ ਕਾਇਮ ਨਹੀਂ ਕਰ ਸਕੀਆਂ ਹਨ। ਪਰ ਇਹ ਸਿਰਫ਼ ਚੋਣਾਂ ਬਾਰੇ ਨਹੀਂ ਹੈ। ਇਹ ਮੁੱਦਾ ਭਾਰਤ ਦੇ ਭਵਿੱਖ ਨਾਲ ਸਿੱਧਾ ਜੁੜਿਆ ਹੋਇਆ ਹੈ। ਇਸ ਮਹੀਨੇ, ਵਿਸ਼ਵ ਬੈਂਕ ਨੇ ਚੇਤਾਵਨੀ ਦਿੱਤੀ ਸੀ ਕਿ ਭਾਰਤ, ਹੋਰ ਦੱਖਣੀ ਏਸ਼ੀਆਈ ਦੇਸ਼ਾਂ ਵਾਂਗ, ਆਪਣੀ ਤੇਜ਼ੀ ਨਾਲ ਵੱਧ ਰਹੀ ਕੰਮਕਾਜੀ ਉਮਰ ਦੀ ਆਬਾਦੀ ਲਈ ਲੋੜੀਂਦੀਆਂ ਨੌਕਰੀਆਂ ਨਹੀਂ ਪੈਦਾ ਕਰ ਰਿਹਾ ।

ਦੇਸ਼ ਵਿੱਚ ਮੌਜੂਦਾ ਬੇਰੁਜ਼ਗਾਰੀ ਦੀ ਸਥਿਤੀ ਨੂੰ ਸਮਝਣ ਲਈ ਹੁਣੇ ਜਾਰੀ 'ਇੰਡੀਆ ਐਂਪਲਾਇਮੈਂਟ ਰਿਪੋਰਟ-2024 ਧਿਆਨ ਦੇਣ ਯੋਗ ਹੈ।

ਇਸ ਰਿਪੋਰਟ ਵਿਚ 2000-2022 ਦੇ ਦੋ ਦਹਾਕਿਆਂ ਦੌਰਾਨ ਬੇਰੁਜ਼ਗਾਰੀ ਦੇ ਵੱਖ-ਵੱਖ ਪਹਿਲੂਆਂ ਅਤੇ ਸਮੱਸਿਆਵਾਂ ਦਾ ਵਿਸਤਾਰ ਸਹਿਤ ਅਧਿਐਨ ਕੀਤਾ ਗਿਆ ਹੈ। ਇਹ ਆਮ ਕਿਹਾ ਜਾਂਦਾ ਰਿਹਾ ਹੈ ਕਿ ਜਦੋਂ ਆਰਥਿਕ ਵਿਕਾਸ ਦਰ ਉੱਚੀ ਹੋਵੇਗੀ ਤਾਂ ਰੁਜ਼ਗਾਰ ਦੇ ਲੋੜੀਂਦੇ ਮੌਕੇ ਆਪਣੇ ਆਪ ਪੈਦਾ ਹੋ ਜਾਣਗੇ ਪਰ ਅਜਿਹਾ ਨਹੀਂ ਹੋਇਆ। ਸਾਲ 2000 ਤੋਂ 2012 ਦਰਮਿਆਨ ਵਿਕਾਸ ਦੀ ਦਰ ਤਾਂ ਪ੍ਰਤੀ ਸਾਲ 6.2 ਪ੍ਰਤੀਸ਼ਤ ਰਹੀ ਪਰ ਰੁਜ਼ਗਾਰ ਦੀ ਸਾਲਾਨਾ ਦਰ ਕੇਵਲ 1.6 ਪ੍ਰਤੀਸ਼ਤ ਹੀ ਰਹੀ। ਇਸੇ ਤਰ੍ਹਾਂ 2012 ਤੋਂ 2019 ਦੇ ਸਮੇਂ ਦੌਰਾਨ ਆਰਥਿਕ ਵਿਕਾਸ ਦੀ ਦਰ ਵਿੱਚ ਹੋਰ ਸੁਧਾਰ ਹੋ ਕੇ ਇਹ 6.7 ਪ੍ਰਤੀਸ਼ਤ ਸਾਲਾਨਾ ਹੋ ਗਈ ਪਰ ਰੁਜ਼ਗਾਰ ਦੇ ਮੌਕੇ ਸਾਲਾਨਾ ਮਹਿਜ਼ 0.01 ਪ੍ਰਤੀਸ਼ਤ ਹੀ ਵਧੇ। ਇਹ ਤੱਥ ਦੱਸਦੇ ਹਨ ਕਿ ਆਰਥਿਕ ਵਿਕਾਸ ਅਤੇ ਰੁਜ਼ਗਾਰ ਦੀ ਦਰ ਦਾ ਆਪਸ ਵਿੱਚ ਕੋਈ ਸਬੰਧ ਨਹੀਂ ਹੈ। ਦੇਸ਼ ਵਿੱਚ ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਦਰ 2000-2012 ਦੇ ਸਮੇਂ ਵਿੱਚ ਮਹਿਜ਼ 2-3 ਪ੍ਰਤੀਸ਼ਤ ਸੀ ਜਿਹੜੀ 2012-2019 ਦੇ ਸਮੇਂ ਵਿੱਚ ਕਾਫ਼ੀ ਜ਼ਿਆਦਾ ਵੱਧ ਕੇ 5.8 ਪ੍ਰਤੀਸ਼ਤ 'ਤੇ ਪਹੁੰਚ ਗਈ; ਮਗਰੋਂ ਥੋੜ੍ਹੀ ਘਟ ਕੇ 2022 ਵਿੱਚ 4.1 ਪ੍ਰਤੀਸ਼ਤ ਹੋ ਗਈ। ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਉੱਚੀ ਦਰ ਹੋਣ ਦਾ ਮੁੱਖ ਕਾਰਨ ਕਿਰਤ ਸ਼ਕਤੀ ਦੇ ਵਾਧੇ ਦੇ ਮੁਕਾਬਲੇ ਰੁਜ਼ਗਾਰ ਦੇ ਮੌਕਿਆਂ ਵਿੱਚ ਘੱਟ ਵਾਧਾ ਹੋਣਾ ਹੈ।

ਭਾਰਤ ਵਿੱਚ 2022 ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚ ਨੌਜਵਾਨ ਬੇਰੁਜ਼ਗਾਰਾਂ ਦਾ ਹਿੱਸਾ 82.9 ਪ੍ਰਤੀਸ਼ਤ ਸੀ। ਇਵੇਂ ਹੀ ਕੁੱਲ ਬੇਰੁਜ਼ਗਾਰਾਂ ਵਿੱਚ ਪੜ੍ਹੇ ਲਿਖੇ ਨੌਜਵਾਨਾਂ ਦਾ ਹਿੱਸਾ 2000 ਵਿੱਚ 54.2 ਪ੍ਰਤੀਸ਼ਤ ਤੋਂ ਵਧ ਕੇ 2022 ਵਿੱਚ 65.7 ਪ੍ਰਤੀਸ਼ਤ ਹੋ ਗਿਆ। ਦੱਸਣਾ ਬਣਦਾ ਹੈ ਕਿ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਬਾਲਗ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੇ ਮੁਕਾਬਲੇ ਜ਼ਿਆਦਾ ਹੈ।

ਨਤੀਜੇ ਵਜੋਂ ਅੱਜ ਵੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੀ ਲੋੜ ਹੈ। ਪਰ ਨਿੱਜੀਕਰਨ ਨਾਲ ਇਹ ਮੌਕੇ ਵੀ ਤੇਜ਼ੀ ਨਾਲ ਸੁੰਗੜ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਦੀ 1.4 ਅਰਬ ਆਬਾਦੀ ਵਿੱਚੋਂ ਅੱਧੇ ਤੋਂ ਵੱਧ ਦੀ ਉਮਰ 30 ਸਾਲ ਤੋਂ ਘੱਟ ਹੈ। ਇਹਨਾਂ ਲੋਕਾਂ ਦੀ ਮੁੱਖ ਚਿੰਤਾ ਸਥਿਰ ਰੁਜ਼ਗਾਰ ਦੀ ਹੈ ਤਾਂ ਜੋ ਉਹ ਆਪਣਾ ਘਰ ਚਲਾਉਣ ਲਈ ਕਾਫ਼ੀ ਕਮਾਈ ਕਰ ਸਕਣ। ਪਰ ਅਜਿਹੇ ਮੌਕੇ ਆਬਾਦੀ ਦੇ ਬਹੁਤ ਛੋਟੇ ਹਿੱਸੇ ਨੂੰ ਹੀ ਉਪਲਬਧ ਹਨ।

ਇਸ ਮੋਰਚੇ 'ਤੇ ਨਿਰਾਸ਼ਾ ਇਸ ਪੱਧਰ ਉਪਰ ਹੈ ਕਿ ਗਾਜ਼ਾ ਯੁੱਧ ਸ਼ੁਰੂ ਹੋਣ ਤੋਂ ਬਾਅਦ ਜਦੋਂ ਭਾਰਤ ਸਰਕਾਰ ਨੇ ਇਜ਼ਰਾਈਲ ਨਾਲ ਸਮਝੌਤਾ ਕੀਤਾ ਅਤੇ ਉਥੇ ਕਾਮੇ ਭੇਜਣ ਦੀ ਯੋਜਨਾ ਬਣਾਈ ਤਾਂ ਜੰਗ ਦੇ ਮਾਹੌਲ ਵਿਚ ਵੀ ਉਥੇ ਜਾਣ ਲਈ ਭੀੜ ਇਕੱਠੀ ਹੋ ਗਈ। ਲੋਕਾਂ ਨੂੰ ਇਹ ਕਹਿੰਦੇ ਸੁਣਿਆ ਗਿਆ ਕਿ 'ਇੱਥੇ ਭੁੱਖੇ ਮਰਨ ਨਾਲੋਂ ਤਾਂ ਕੁਝ ਕਮਾ ਕੇ ਮਰਨਾ ਚੰਗਾ ਹੈ।'

ਚੋਣਾਂ ਵਿੱਚ ਬੇਰੁਜ਼ਗਾਰੀ ਦੇ ਮੁੱਦੇ ਨੂੰ ਨਜ਼ਰਅੰਦਾਜ਼ ਕਰਨਾ ਬਹੁਤ ਵੱਡਾ ਜੋਖਮ ਉਠਾਉਣਾ ਹੈ। ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਕੋਈ ਦੇਸ਼ ਭਾਵੇਂ ਕਿੰਨਾ ਵੀ ਵੱਡਾ ਅਰਥਚਾਰਾ ਕਿਉਂ ਨਾ ਬਣ ਜਾਵੇ, ਜੇਕਰ ਕਰੋੜਾਂ ਨੌਜਵਾਨ ਬੇਰੁਜ਼ਗਾਰ ਰਹਿੰਦੇ ਹਨ ਤਾਂ ਇਸ ਨਾਲ ਦੇਸ ਤੇ ਲੋਕਾਂ ਦਾ ਕੋਈ ਭਲਾ ਨਹੀਂ ਹੋਵੇਗਾ।

# 80 ਫੀਸਦੀ ਭਾਰਤੀ 'ਹਿੰਦੂ ਰਾਸ਼ਟਰ' ਦੇ ਹੱਕ ਵਿੱਚ ਨਹੀਂ, ਸਗੋਂ ਧਾਰਮਿਕ ਬਹੁਲਵਾਦ ਦੇ ਹੱਕ ਵਿੱਚ

## ✪ ਸੀਐਸਡੀਐਸ-ਲੋਕਨੀਤੀ ਨੇ ਜਾਰੀ ਕੀਤਾ ਤਾਜ਼ਾ ਸਰਵੇਖਣ ✪ ਲੋਕਨੀਤੀ ਨੇ ਇਹ ਸਰਵੇਖਣ ਅੰਗਰੇਜ਼ੀ ਅਖਬਾਰ ਦ ਹਿੰਦੂ ਲਈ ਕਰਵਾਇਆ

ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਇਸ ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ ਦੇ ਯਤਨਾਂ ਦੇ ਬਾਵਜੂਦ ਭਾਰਤ ਦੇ ਲਗਭਗ 80 ਫੀਸਦੀ ਲੋਕ ਮੰਨਦੇ ਹਨ ਕਿ ਭਾਰਤ ਸਭ ਦਾ ਹੈ ਨਾ ਕਿ ਸਿਰਫ਼ ਹਿੰਦੂਆਂ ਦਾ। ਭਾਵ ਹਿੰਦੂਤਵ ਦੇ ਸਿਆਸੀ ਪ੍ਰਚਾਰ ਦੇ ਉਲਟ ਉਹ ਧਾਰਮਿਕ ਬਹੁਲਵਾਦ ਦੇ ਸਮਰਥਕ ਹਨ। ਇਹ ਨਤੀਜਾ ਸੀਐਸਡੀਐਸ-ਲੋਕਨੀਤੀ ਦਾ ਤਾਜ਼ਾ ਸਰਵੇਖਣ ਹੈ। ਵਿਕਾਸਸ਼ੀਲ ਸਮਾਜਾਂ ਦੇ ਅਧਿਐਨ ਲਈ ਇੱਕ ਵੱਕਾਰੀ ਕੇਂਦਰ ਵਜੋਂ ਮਸ਼ਹੂਰ ਸੀ ਐਸ ਡੀ ਐਸ-ਲੋਕਨੀਤੀ -ਲੋਕਨੀਤੀ ਦੇ 19 ਰਾਜਾਂ ਵਿੱਚ ਕੀਤੇ ਗਏ ਇਸ ਸਰਵੇਖਣ ਵਿੱਚ ਜ਼ਿਆਦਾਤਰ ਲੋਕਾਂ ਨੇ ਧਾਰਮਿਕ ਬਹੁਲਵਾਦ ਨੂੰ ਆਪਣਾ ਸਮਰਥਨ ਦਿੱਤਾ। ਲੋਕਨੀਤੀ ਨੇ ਇਹ ਸਰਵੇਖਣ ਅੰਗਰੇਜ਼ੀ ਅਖ਼ਬਾਰ ਦ ਹਿੰਦੂ ਲਈ ਕਰਵਾਇਆ ਸੀ।



ਦਿ ਹਿੰਦੂ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਧਾਰਮਿਕ ਬਹੁਲਵਾਦ ਦਾ ਬਹੁਤ ਪੁਰਾਣਾ ਇਤਿਹਾਸ ਹੈ। ਅੱਜ ਵੀ ਭਾਰਤ ਦੇ ਬਹੁਤੇ ਲੋਕਾਂ ਵਿੱਚ ਧਾਰਮਿਕ ਬਹੁਲਵਾਦ ਦੀ ਭਾਵਨਾ ਜ਼ਿੰਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਵੇਖਣ ਵਿੱਚ ਸ਼ਾਮਲ 79 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਸਾਰੇ ਧਰਮ ਬਰਾਬਰ ਹਨ, ਕੋਈ ਵਿਸ਼ੇਸ਼ ਧਰਮ ਉਚਾ ਨੀਵਾਂ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਅਜਿਹੇ ਵਿਚਾਰ ਰੱਖਣ ਵਾਲਿਆਂ ਵਿੱਚ ਹਿੰਦੂਆਂ ਦੀ ਗਿਣਤੀ ਵੱਡੀ ਹੈ ਅਤੇ ਹਾਲਾਂਕਿ ਉਨ੍ਹਾਂ ਨੂੰ ਲਾਮਬੰਦ ਕਰਕੇ ਆਰਐਸਐਸ-ਭਾਜਪਾ ਹਿੰਦੂ ਰਾਸ਼ਟਰ ਦੇ ਵਿਚਾਰ ਦਾ ਪ੍ਰਚਾਰ ਕਰ ਰਹੀ ਹੈ। ਭਾਰਤ ਵਿੱਚ 10 ਵਿੱਚੋਂ 8 ਲੋਕ ਧਾਰਮਿਕ ਬਹੁਲਵਾਦ ਦਾ ਸਮਰਥਨ ਕਰਦੇ ਹਨ। ਲੋਕਾਂ ਦਾ ਮੰਨਣਾ ਹੈ ਕਿ ਭਾਰਤ ਇੱਕ ਅਜਿਹਾ ਦੇਸ਼ ਹੋਣਾ ਚਾਹੀਦਾ ਹੈ ਜਿੱਥੇ ਸਾਰੇ ਲੋਕ ਆਪਣੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰ ਸਕਣ। ਹਾਲਾਂਕਿ 11 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਭਾਰਤ ਸਿਰਫ ਹਿੰਦੂਆਂ ਦਾ ਦੇਸ਼ ਹੈ। ਜਦੋਂ ਕਿ 10 ਫੀਸਦੀ ਲੋਕਾਂ ਨੇ ਕੋਈ ਫੈਸਲਾ ਨਹੀਂ ਦਿੱਤਾ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ ਜਾਂ ਸਾਰੇ ਧਰਮਾਂ ਦਾ।

ਰਿਪੋਰਟ ਮੁਤਾਬਕ ਬਜ਼ੁਰਗਾਂ ਤੋਂ ਵੱਧ ਨੌਜਵਾਨ ਮੰਨਦੇ ਹਨ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ। ਪਰ ਬਜ਼ੁਰਗਾਂ ਦੀ ਗਿਣਤੀ ਵੀ ਘੱਟ ਨਹੀਂ, 73 ਫੀਸਦੀ ਬਜ਼ੁਰਗਾਂ ਦਾ ਮੰਨਣਾ ਹੈ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ। ਜਦੋਂ ਕਿ 81 ਫੀਸਦੀ ਨੌਜਵਾਨ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ।

ਰਿਪੋਰਟ ਮੁਤਾਬਕ 73 ਫੀਸਦੀ ਅਨਪੜ੍ਹ ਲੋਕਾਂ ਦੇ ਮੁਕਾਬਲੇ 83 ਫੀਸਦੀ ਪੜ੍ਹੇ-ਲਿਖੇ ਲੋਕ ਭਾਰਤ ਨੂੰ ਸਾਰੇ ਧਰਮਾਂ ਦਾ ਦੇਸ਼ ਮੰਨਦੇ ਹਨ। ਇਸ ਤੋਂ ਇਲਾਵਾ ਸ਼ਹਿਰੀ ਮਾਹੌਲ ਵਿਚ ਰਹਿਣ ਵਾਲੇ ਲੋਕ ਪੇਂਡੂ ਮਾਹੌਲ ਵਿਚ ਰਹਿਣ ਵਾਲੇ ਲੋਕਾਂ ਨਾਲੋਂ ਧਾਰਮਿਕ ਬਹੁਲਵਾਦ ਦੇ ਪੱਖ ਵਿਚ ਜ਼ਿਆਦਾ ਹਨ।

ਲੋਕਨੀਤੀ 1997 ਵਿੱਚ ਸਥਾਪਿਤ ਸੀ ਐਸ ਡੀ ਐਸ (ਸੈਂਟਰ ਫਾਰ ਦ ਸਟੱਡੀ ਆਫ਼ ਡਿਵੈਲਪਿੰਗ ਸੋਸਾਇਟੀਜ਼) ਦਾ ਇੱਕ ਖੋਜ ਪ੍ਰੋਗਰਾਮ ਹੈ ਜਿਸ ਦੇ ਤਹਿਤ ਵੱਖ-ਵੱਖ ਸਰਵੇਖਣਾਂ ਰਾਹੀਂ ਸਮਾਜ ਦੀ ਗਤੀਸ਼ੀਲਤਾ ਅਤੇ ਤਬਦੀਲੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਜਿਥੋਂ ਤੱਕ ਸੰਘ ਮੁਖੀ ਵਲੋਂ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਕਰਾਰ ਦੇਣ ਦੀ ਗੱਲ ਹੈ, ਉਨ੍ਹਾਂ ਦੇ ਮਨ ਵਿਚ "ਹਿੰਦੂ" ਦੀ ਪਰਿਭਾਸ਼ਾ ਕੀ ਹੈ, ਇਸ ਬਾਰੇ ਹਿੰਦੂਤਵੀ ਜਾ ਸੰਘੀ ਨੇਤਾ ਤੇ ਬੁਧੀਜੀਵੀ ਕਦੇ ਵੀ ਕੋਈ ਸੰਤੁਸ਼ਟੀਜਨਕ ਵਿਆਖਿਆ ਨਹੀਂ ਕਰ ਸਕੇ। ਇੰਡੀਆ ਨੂੰ ਸਿਰਫ ਇਕ ਧਰਮ ਨਾਲ ਜੋੜਨਾ ਇਕ ਵੱਡੀ ਜ਼ਿਆਦਤੀ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 25 ਅਪ੍ਰੈਲ ਤੋਂ ਬੁੱਧਵਾਰ 01 ਮਈ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਪਹਿਲੇ ਕੁਝ ਦਿਨ ਕਾਰਜ ਖੇਤਰ ਵਿੱਚ ਜ਼ਿਆਦਾ ਰੁੱਝੇ ਰਹੋਗੇ। ਨਵੇਂ ਕੰਮ ਦੀ ਸਕੀਮ ਵੀ ਬਣ ਸਕਦੀ ਹੈ। ਪਤਨੀ ਅਤੇ ਪਰਿਵਾਰ ਸਬੰਧੀ ਸੁੱਖਾਂ ਵਿੱਚ ਵਾਧਾ ਹੋਵੇਗਾ। ਘਰੇਲੂ ਕੰਮ ਨਿਪਟਾਉਣ ਦੀ ਜਲਦਬਾਜ਼ੀ ਵਿੱਚ ਪ੍ਰੇਸ਼ਾਨੀ ਹੋਵੇਗੀ। ਹਮੇਸ਼ਾ ਪ੍ਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹੋ ਅਤੇ ਹਮੇਸ਼ਾ ਉਸ ਦਾ ਸ਼ੁਕਰਾਨਾ ਕਰੋ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਬਿਨਾਂ ਕਿਸੇ ਕਾਰਨ ਗੁੱਸਾ, ਉਤੇਜਨਾ ਜਾਂ ਫਜ਼ੂਲ ਦੀ ਭੱਜ–ਦੌੜ ਰਹੇਗੀ। ਉਲਝਣਾਂ ਦੇ ਬਾਵਜੂਦ ਗੁਜ਼ਾਰੇ ਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਕਿਸੇ ਪਿਆਰੇ ਬੰਧੂ ਨਾਲ ਮੁਲਾਕਾਤ ਹੋਵੇਗੀ। ਸਿਹਤ ਸਬੰਧੀ ਥੋੜ੍ਹੀ ਪ੍ਰੇਸ਼ਾਨੀ ਰਹਿ ਸਕਦੀ ਹੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ, ਜੋਤਸ਼ੀ ਜਾਂ ਅਖੌਤੀ ਬਾਬਿਆਂ ਦੇ ਚੁੰਗਲ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਇਸ ਹਫ਼ਤੇ ਧਨ ਪ੍ਰਾਪਤੀ ਦੇ ਸਾਧਨ ਬਣਨਗੇ, ਪਰ ਗੁਜ਼ਾਰੇਯੋਗ ਹੋਣਗੇ। ਵਧੇਰੇ ਮਿਹਨਤ ਅਤੇ ਕੋਸ਼ਿਸ਼ ਕਰਨ 'ਤੇ ਤਰੱਕੀ ਦੇ ਮੌਕੇ ਮਿਲਣਗੇ। ਸੁੱਖ–ਸਾਧਨਾਂ 'ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਕਿਸੇ ਨਾਲ ਝਗੜਾ ਹੋ ਸਕਦਾ ਹੈ।ਪਰਿਵਾਰਕ ਉਲਝਣਾਂ ਬਣੀਆਂ ਰਹਿਣਗੀਆਂ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਸਿਹਤ ਵਿੱਚ ਗੜਬੜ ਅਤੇ ਆਮਦਨ ਦੇ ਸਾਧਨਾਂ ਵਿੱਚ ਰੁਕਾਵਟਾਂ ਪੈਣਗੀਆਂ। ਖਰਚ ਵੀ ਵਧੇਰੇ ਹੋਣਗੇ। ਗੁੱਸਾ ਅਤੇ ਉਤੇਜਨਾ ਜ਼ਿਆਦਾ ਰਹੇਗੀ। ਸੰਤਾਨ ਸਬੰਧੀ ਬਹੁਤ ਜ਼ਿਆਦਾ ਮਿਹਨਤ ਤੇ ਪਰਿਵਾਰਕ ਮਦਦ ਦੀ ਲੋੜ ਪਵੇਗੀ। ਮਾਤਾ ਪਿਤਾ ਨੂੰ ਗੁਰੂ–ਘਰ ਜਰੂਰ ਲੈ ਕੇ ਜਾਉ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਣ ਦੇ ਯੋਗ ਹਨ। ਅਚਾਨਕ ਧਨ ਦਾ ਖਰਚ ਵੀ ਜ਼ਿਆਦਾ ਹੋਵੇਗਾ। ਵਧੇਰੇ ਮੁਸ਼ਕਿਲਾਂ ਨਾਲ ਹੀ ਗੁਜ਼ਾਰੇ ਯੋਗ ਆਮਦਨ ਦੇ ਵਸੀਲੇ ਬਣਨਗੇ। ਘਰੇਲੂ ਜੀਵਨ ਵਿੱਚ ਵੀ ਫਜ਼ੂਲ ਦਾ ਤਣਾਅ ਬਣਿਆ ਰਹੇਗਾ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਧਨ ਲਾਭ ਦੇ ਨਾਲ–ਨਾਲ ਖਰਚੇ ਵੀ ਵਧੇਰੇ ਹੋਣਗੇ। ਪਰਿਵਾਰ ਵਿੱਚ ਫਜ਼ੂਲ ਦਾ ਤਣਾਅ ਅਤੇ ਉਲਝਣਾਂ ਰਹਿਣਗੀਆਂ। ਕਾਰੋਬਾਰ/ਨੌਕਰੀ ਵਿੱਚ ਤਰੱਕੀ ਅਤੇ ਅੱਗੇ ਵੱਧਣ ਦੇ ਮੌਕੇ ਮਿਲਣਗੇ, ਪਰ ਉਨ੍ਹਾਂ ਦਾ ਉਚਿਤ ਲਾਭ ਨਹੀਂ ਮਿਲੇਗਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਸਿਹਤ ਸਬੰਧੀ ਪ੍ਰੇਸ਼ਾਨੀਆਂ ਦਾ ਸਾਹਮਣਾ ਰਹੇਗਾ। ਵਾਹਨ ਅਤੇ ਮਨੋਰੰਜਨ ਆਦਿ ਦੇ ਕੰਮਾਂ ਵਿੱਚ ਧਨ ਦਾ ਖਰਚ ਜ਼ਿਆਦਾ ਹੋਵੇਗਾ। ਫਜ਼ੂਲ ਦੀ ਭੱਜ–ਦੌੜ, ਭਾਈ–ਬੰਧੂਆਂ ਨਾਲ ਤਣਾਅ ਅਤੇ ਆਰਥਿਕ ਖੇਤਰ ਵਿੱਚ ਕਿਸੇ ਖਾਸ ਤੋਂ ਧੋਖਾ ਮਿਲਣ ਦੀ ਸੰਭਾਵਨਾ ਬਣੀ ਰਹੇਗੀ। ਘਰ 'ਚ ਸ਼ਰਾਬ ਦੀ ਵਰਤੋਂ ਨਾ ਕਰੋ, ਸ਼ਾਂਤੀ ਆਵੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਕਾਰਜ ਖੇਤਰ ਵਿੱਚ ਕਈ ਤਰ੍ਹਾਂ ਦੇ ਉਤਰਾਵ–ਚੜ੍ਹਾਵ ਅਤੇ ਸੰਘਰਸ਼ ਦੇ ਬਾਵਜੂਦ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਕੁਝ ਯੋਜਨਾਵਾਂ ਵਿੱਚ ਰੁਕਾਵਟਾਂ, ਫਜ਼ੂਲ ਦਾ ਵਾਦ–ਵਿਵਾਦ, ਝਗੜਾ, ਭੱਜ–ਦੌੜ ਰਹੇਗੀ। ਕੁਝ ਰੁਕੇ ਕੰਮਾਂ ਬਣਨਗੇ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ, ਮਨ ਸ਼ਾਂਤ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਜ਼ਿਆਦਾ ਸੰਘਰਸ਼ਪੂਰਨ ਹਾਲਾਤਾਂ ਵਿੱਚੋਂ ਗੁਜ਼ਰਨਾ ਪਵੇਗਾ। ਵਪਾਰ/ਨੌਕਰੀ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਘਰੇਲੂ ਉਲਝਣਾਂ ਉੱਭਰਦੀਆਂ ਸਿਮਟਦੀਆਂ ਰਹਿਣਗੀਆਂ। ਪਿਤਾ/ਪੁੱਤਰ ਵਿੱਚ ਮਨ ਮੁਟਾਵ ਰਹੇਗਾ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਦੇ ਯੋਗ ਹਨ। ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਸੰਘਰਸ਼ ਭਰੇ ਹਾਲਾਤਾਂ ਦੇ ਬਾਵਜੂਦ ਕਾਰੋਬਾਰ ਵਿੱਚ ਧਨ ਲਾਭ ਅਤੇ ਅਹੁਦੇ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਸਥਾਨ ਬਦਲਾਵ ਵੀ ਹੋ ਸਕਦਾ ਹੈ। ਵਪਾਰਕ ਖੇਤਰਾਂ ਵਿੱਚ ਰੁਝੇਵੇਂ ਵੱਧਣਗੇ। ਵਿਵਾਹਿਕ ਜੀਵਨ ਵਿੱਚ ਵਿਚਾਰਕ ਮੱਤਭੇਦ ਕਾਰਨ ਕਲੇਹ–ਕਲੇਸ਼ ਹੋ ਸਕਦਾ ਹੈ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਪੰਜਾਬੀ ਜਾਂ ਧਾਰਮਿਕ ਕਿਤਾਬਾਂ ਲੈ ਕੇ ਦਿਉ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਵਧੇਰੇ ਸੰਘਰਸ਼ ਤੋਂ ਬਾਅਦ ਧਨ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਭਾਈ–ਬੰਧੂਆਂ ਦਾ ਸਹਿਯੋਗ, ਉਤਸ਼ਾਹ ਅਤੇ ਮਨੋਬਲ ਵਿੱਚ ਵਾਧਾ ਹੋਵੇਗ। ਧਰਮ–ਕਰਮ ਵਿੱਚ ਰੁਝਾਨ ਅਤੇ ਕੁਝ ਵਿਗੜੇ ਕੰਮ ਬਣਨਗੇ। ਧਾਰਮਿਕ ਕੰਮ ਕਰਨ ਦਾ ਮੌਕਾ ਮਿਲੇਗਾ। ਆਪਣੇ ਵਿਰੋਧੀ ਜਾਂ ਦੁਸ਼ਮਣ ਨਾਲ ਵੀ ਪਿਆਰ ਨਾਲ ਪੇਸ਼ ਆਵੋ, ਮਨ ਸ਼ਾਂਤ ਰਹੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਇਸ ਹਫਤੇ ਕਿਸੇ ਵੀ ਕੰਮ ਵਿੱਚ ਮਨ ਨਹੀਂ ਲੱਗੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਕਾਰੋਬਾਰੀ ਖੇਤਰ ਵਿੱਚ ਕਈ ਉਤਾਰ–ਚੜ੍ਹਾਵ ਅਤੇ ਬਦਲਾਅ ਦੇ ਯੋਗ ਹਨ। ਨੌਕਰੀ ਵਿੱਚ ਅਫਸਰਾਂ ਨਾਲ ਸੰਯਮ ਨਾਲ ਵਿਹਾਰ ਕਰਨਾ ਹੀ ਫਾਇਦੇਮੰਦ ਰਹੇਗਾ। ਮਨ ਅੰਦਰ ਸਿਰਫ ਪ੍ਰਮਾਤਮਾਂ ਨੂੰ ਯਾਦ ਕਰੋ।

## ਹਾਸੇ ਦੀ ਪਟਾਰੀ

**ਮਹਿੰਦਰ** (ਕਪਿਲ ਨੂੰ), ਮੈਂ ਹੋਟਲ ਵਿੱਚ ਨਾਸ਼ਤਾ ਕਰਨ ਗਿਆ, ਸਾਰੀਆਂ ਸੀਟਾਂ 'ਤੇ ਕਪਲਜ਼ ਬੈਠੇ ਸਨ, ਬੈਠਣ ਲਈ ਜਗ੍ਹਾ ਹੀ ਨਹੀਂ ਸੀ।

ਕਪਿਲ, ਤਾਂ ਸੀਟ ਕਿਵੇਂ ਮਿਲੀ?

ਮਹਿੰਦਰ, ਮੈਂ ਜੇਬ ਵਿੱਚੋਂ ਫੋਨ ਕੱਢਿਆ ਅਤੇ ਜ਼ੋਰ ਨਾਲ ਬੋਲਿਆ – ਤੇਰੀ ਗਾਰਲਫਰੈਂਡ ਇਥੇ ਦੂਜੇ ਨਾਲ ਬੈਠੀ ਹੈ, ਤੂੰ ਜਲਦੀ ਆ ਜਾ। ਕਸਮ ਨਾਲ ਅੱਧੀਆਂ ਕੁੜੀਆਂ ਗਾਇਬ ਹੋ ਗਈਆਂ।

**ਕੱਲ੍ਹ** ਇਕ ਪਤਨੀ ਨੇ ਆਪਣੇ ਪਤੀ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ, ਜ਼ਿਆਦਾ ਹੁਸ਼ਿਆਰ ਨਾ ਬਣੋ, ਜਿੰਨਾਂ ਦਿਮਾਗ ਤੁਹਾਡੇ ਕੋਲ ਹੈ, ਉਨਾ ਤਾਂ ਮੇਰਾ ਹਮੇਸ਼ਾ ਖਰਾਬ ਰਹਿੰਦਾ ਹੈ।

*---*---*

**ਰਾਕੇਸ਼,** ਯਾਰ ਮੈਂ ਜਿਹੜਾ ਵੀ ਕੰਮ ਕਰਦਾ ਹਾਂ, ਮੇਰੀ ਘਰਵਾਲੀ ਵਿੱਚ ਆ ਜਾਂਦੀ ਹੈ।

ਅਮਨ, ਤੂੰ ਟਰੱਕ ਚਲਾ ਕੇ ਦੇਖ, ਸ਼ਾਇਦ ਕਿਸਮਤ ਸਾਥ ਦੇ ਦੇਵੇ।

*---*---*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS....................................................................
.......................................................POST CODE..................................
TEL............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ–ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼–ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

## ਕਰਾਈਮ ਨਿਊਜ਼

### ਸੈਲੂਨ ਮਾਲਕ ਦਾ ਬੇਰਹਿਮੀ ਨਾਲ ਕਤਲ ਕਰਕੇ ਖਾਲੀ ਪਲਾਟ ਵਿਚ ਸੁਟਿਆ

**✪ ਸਿਰ ਦਾ ਅੰਦਰਲਾ ਹਿੱਸਾ ਖੋਖਲਾ ਕੀਤਾ ਤੇ ਦੋਵੇਂ 2 ਹੱਥ ਵੀ ਵੱਢੇ**



ਪਠਾਨਕੋਟ-ਖਾਨਪੁਰ-ਮਨਵਾਲ ਸਥਿਤ ਝੁੰਬਰ ਥਾਂ 'ਤੇ ਇੱਕ ਖ਼ਾਲੀ ਪਲਾਟ ਵਿੱਚ ਦੁਪਹਿਰ ਦੌਰਾਨ ਅੱਧੀ ਦਰਜਨ ਦੇ ਕਰੀਬ ਹਮਲਾਵਰਾਂ ਨੇ ਇੱਕ ਸੈਲੂਨ ਮਾਲਕ ਪੰਕਜ ਉਰਫ਼ ਪੰਕੂ ਵਾਸੀ ਕੋਠੇ ਮਨਵਾਲ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਹਮਲਾਵਰਾਂ ਨੇ ਮ੍ਰਿਤਕ ਦੇ ਸਿਰ 'ਤੇ ਇੰਨੇ ਜ਼ਿਆਦਾ ਵਾਰ ਕੀਤੇ ਸਨ ਕਿ ਸਿਰ ਦਾ ਅੰਦਰਲਾ ਹਿੱਸਾ ਖੋਖਲਾ ਹੋ ਚੁੱਕਾ ਸੀ ਤੇ ਦੋਵੇਂ 2 ਹੱਥ ਵੀ ਵੱਢ ਦਿੱਤੇ, ਜੋ ਲਟਕ ਰਹੇ ਸੀ। ਪੰਕਜ ਦੇ ਨਾਲ ਹੋਰ ਨੌਜਵਾਨ ਵਿੱਕੀ ਵੀ ਸੀ, ਜੋ ਵਾਲ-ਵਾਲ ਬਚ ਗਿਆ। ਹਮਲੇ ਬਾਅਦ ਪੰਕਜ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ। ਉਥੇ ਉਸ ਦੀ ਮੌਤ ਹੋ ਗਈ। ਮੌਕੇ 'ਤੇ ਮੌਜੂਦ ਮ੍ਰਿਤਕ ਦੇ ਸਹਿਯੋਗੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਕੁਝ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਹੈ।

**-ਮਾਮਲਾ ਸਲਮਾਨ ਦੇ ਘਰ ਗੋਲੀਆਂ ਚਲਾਉਣ ਦਾ -**

# ਹਰਿਆਣਾ ਤੋਂ ਗ੍ਰਿਫ਼ਤਾਰ ਕੀਤਾ ਇਕ ਹੋਰ ਗੈਂਗਸਟਰ

ਨਵੀਂ ਦਿੱਲੀ-ਮੁੰਬਈ ਵਿਚ ਬਾਲੀਵੁੱਡ ਅਭਿਨੇਤਾ ਸਲਮਾਨ ਖ਼ਾਨ ਦੇ ਘਰ ਦੇ ਬਾਹਰ ਗੋਲੀਬਾਰੀ ਦੇ ਮਾਮਲੇ ਵਿਚ ਹਰਿਆਣਾ 'ਵਿਚ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਰਿਪੋਰਟ ਮੁਤਾਬਕ, ਸ਼ੱਕੀ ਗ੍ਰਿਫ਼ਤਾਰ ਕੀਤੇ ਗਏ ਦੋ ਦੋਸ਼ੀਆਂ ਵਿਚੋਂ ਇਕ ਨਾਲ ਸਬੰਧਿਤ ਸੀ ਅਤੇ ਸਾਰੇ ਘਟਨਾ ਤੋਂ ਪਹਿਲਾਂ ਅਤੇ ਬਾਅਦ ਵਿਚ ਲਗਾਤਾਰ ਸੰਪਰਕ ਵਿਚ ਸਨ। ਅਧਿਕਾਰੀ ਨੇ ਕਿਹਾ ਕਿ ਮੰਨਿਆ ਜਾ ਰਿਹਾ ਹੈ ਕਿ ਹਿਰਾਸਤ ਵਿਚ ਲਿਆ ਗਿਆ ਸ਼ੱਕੀ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਤੋਂ ਨਿਰਦੇਸ਼ ਲੈ ਰਿਹਾ ਸੀ। ਅਨਮੋਲ ਬਿਸ਼ਨੋਈ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਸੀ। ਪੁਲਸ ਨੇ ਕਿਹਾ ਕਿ ਜਾਂਚ 'ਚ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਵਿਅਕਤੀਆਂ ਨੂੰ ਕੰਮ 'ਤੇ ਰੱਖਣ ਵਿਚ ਲਾਰੈਂਸ ਬਿਸ਼ਨੋਈ ਗੈਂਗ ਦੀ ਭੂਮਿਕਾ ਦਾ ਸੰਕੇਤ ਮਿਲਿਆ ਹੈ।

ਦੋ ਸ਼ੱਕੀਆਂ, 24 ਸਾਲਾ ਵਿੱਕੀ ਸਾਹਬ ਗੁਪਤਾ ਅਤੇ 21 ਸਾਲਾ ਸਾਗਰ ਸ੍ਰੀਜੋਗਿੰਦਰ ਪਾਲ ਨੂੰ ਬੀਤੇ ਦਿਨੀਂ ਗੁਜਰਾਤ ਦੇ ਭੁਜ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅਧਿਕਾਰੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਬਿਹਾਰ ਦੇ ਰਹਿਣ ਵਾਲੇ ਸਨ ਅਤੇ ਹਿਰਾਸਤ



ਵਿਚ ਲਏ ਗਏ ਸ਼ੱਕੀਆਂ ਨੂੰ ਆਪਣੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਸਨ ਅਤੇ ਇੰਟਰਨੈਟ ਦੀ ਵਰਤੋਂ ਕਰਕੇ ਕਾਲ ਕਰਦੇ ਸਨ। ਅਧਿਕਾਰੀ ਨੇ ਦੱਸਿਆ ਕਿ ਅਪਰਾਧ ਕਰਨ ਤੋਂ ਬਾਅਦ, ਪਾਲ ਅਤੇ ਗੁਪਤਾ ਮੁੰਬਈ ਤੋਂ ਭੁਜ ਲਈ ਰਵਾਨਾ ਹੋ ਗਏ ਸਨ, ਜਦੋਂ ਕਿ ਮੁਲਜ਼ਮਾਂ ਨੇ ਸੂਰਤ ਦੇ ਨੇੜੇ ਗੱਲਬਾਤ ਲਈ ਵਰਤ ਰਹੇ ਮੋਬਾਈਲ ਫੋਨ ਦਾ ਸਿਮ ਕਾਰਡ ਬਦਲ ਦਿੱਤਾ। ਰਿਪੋਰਟ ਮੁਤਾਬਕ, ਗ੍ਰਿਫਤਾਰ ਦੋਸ਼ੀ ਪਾਲ ਅਤੇ ਗੁਪਤਾ ਨੂੰ ਸਲਮਾਨ ਦੇ ਘਰ ਗੋਲੀਆਂ ਚਲਾਉਣ ਲਈ ਕਰੀਬ 1 ਲੱਖ ਰੁਪਏ ਦਿੱਤੇ ਗਏ ਸਨ ਅਤੇ ਕੰਮ ਤੋਂ ਬਾਅਦ ਹੋਰ ਪੈਸੇ ਦੇਣ ਦਾ ਵਾਅਦਾ ਕੀਤਾ ਗਿਆ ਸੀ।

### ਬੰਬੀਹਾ ਗੈਂਗ ਨਾਲ ਸਬੰਧਿਤ ਦੋ ਗੈਂਗਸਟਰ ਨਜਾਇਜ਼ ਅਸਲੇ ਸਣੇ ਫੜੇ



ਮੁਕਤਸਰ ਸਾਹਿਬ-ਐਸਆਈ ਕੁਲਬੀਰ ਚੰਦ ਇੰਚਾਰਜ ਸੀਆਈਏ ਮਲੋਟ ਟੀਮ ਅਤੇ ਏਜੀਟੀਐੱਫ ਟੀਮ ਵੱਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ ਗੈਂਗਸਟਰ ਬੰਬੀਹਾ ਗਰੁੱਪ ਨਾਲ ਸਬੰਧ ਰੱਖਦੇ ਦੋ ਗੈਂਗਸਟਰਾਂ ਅਨਮੋਲਦੀਪ ਸਿੰਘ ਮਾਨ ਵਾਸੀ ਆਧਨੀਆ ਤੇ ਗੁਰਮੀਤ ਸਿੰਘ ਪਿੰਡ ਅਬੁਲ ਖੁਰਾਣਾ ਨੂੰ ਇੱਕ ਅਲਟੋ ਕਾਰ ਅਤੇ ਦੋ ਪਿਸਟਲ 32 ਬੋਰ 10 ਰੋਂਦ ਸਮੇਤ ਗ੍ਰਿਫਤਾਰ ਕੀਤਾ ਹੈ।

# ਨਾਜਾਇਜ਼ ਮਾਈਨਿੰਗ ਬਾਰੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪਾਈਆਂ ਝਾੜਾਂ

## ✪ ਪੰਜਾਬ ਸਰਕਾਰ ਨੇ ਦੱਸਿਆ ਕਿ ਪਿਛਲੇ 10 ਸਾਲਾਂ ਵਿਚ 797 ਕਥਿਤ ਮੁਲਜ਼ਮ ਬਰੀ ਹੋਏ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮ 'ਤੇ ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਹਲਫ਼ਨਾਮਾ ਦਾਇਰ ਕਰਕੇ ਅਦਾਲਤ ਨੂੰ ਦੱਸਿਆ ਕਿ ਪਿਛਲੇ 10 ਸਾਲਾਂ ਵਿਚ ਨਾਜਾਇਜ਼ ਮਾਈਨਿੰਗ ਦੇ 797 ਕਥਿਤ ਮੁਲਜ਼ਮ ਬਰੀ ਹੋ ਗਏ। ਪੰਜਾਬ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੇ ਅਦਾਲਤ ਵਿਚ ਇਹ ਜਾਣਕਾਰੀ ਦਿੱਤੀ। ਦਰਅਸਲ ਰੋਪੜ ਵਿਚ ਨਾਜਾਇਜ਼ ਮਾਈਨਿੰਗ ਦੇ ਇਕ ਮਾਮਲੇ ਵਿਚ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਹਾਈ ਕੋਰਟ ਨੇ ਵੱਧਦੇ ਮਾਈਨਿੰਗ ਮਾਮਲਿਆਂ 'ਤੇ ਸਖ਼ਤ ਰੁਖ ਅਪਣਾਉਂਦਿਆਂ ਪਿਛਲੇ 10 ਸਾਲਾਂ ਵਿਚ ਨਾਜਾਇਜ਼ ਮਾਈਨਿੰਗ ਦੇ ਦਰਜ ਮਾਮਲਿਆਂ ਦਾ ਵੇਰਵਾ ਪੇਸ਼ ਕਰਨ ਦੇ ਹੁਕਮ ਦਿੱਤੇ ਸਨ।

ਗ੍ਰਹਿ ਸਕੱਤਰ ਨੇ ਅਦਾਲਤ ਵਿਚ ਇਹ ਜਾਣਕਾਰੀ ਨਹੀਂ ਦਿੱਤੀ ਕਿ ਪਿਛਲੇ 10 ਸਾਲਾਂ ਵਿਚ ਕਿੰਨੇ ਮਾਮਲੇ ਦਰਜ ਕੀਤੇ ਗਏ ਹਨ। ਗ੍ਰਹਿ ਸਕੱਤਰ ਨੇ ਆਪਣੇ ਹਲਫਨਾਮੇ ਵਿਚ ਅਦਾਲਤ ਨੂੰ ਦੱਸਿਆ ਕਿ 2016 ਵਿਚ ਸਰਕਾਰ ਨੇ ਇਕ ਹੁਕਮ ਜਾਰੀ ਕਰਕੇ ਇਹ ਫੈਸਲਾ ਲਿਆ ਸੀ ਕਿ ਜੇਕਰ ਮਾਈਨਿੰਗ ਮਾਮਲੇ ਵਿਚ ਕੋਈ ਮੁਲਜ਼ਮ ਬਰੀ ਹੁੰਦਾ ਹੈ ਤਾਂ ਉਸ ਮਾਮਲੇ ਵਿਚ ਜਾਂਚ ਅਧਿਕਾਰੀ ਖ਼ਿਲਾਫ਼ ਵਿਭਾਗ ਦੀ ਸਟੈਂਡਿੰਗ ਕਮੇਟੀ ਵਲੋਂ ਕਾਰਵਾਈ ਕੀਤੀ ਜਾਵੇਗੀ। ਹਲਫ਼ਨਾਮੇ ਵਿਚ ਹੈਰਾਨ ਕਰਨ ਵਾਲੀ ਇਹ ਜਾਣਕਾਰੀ ਵੀ ਦਿੱਤੀ ਗਈ ਕਿ 797 ਕਥਿਤ ਮੁਲਜ਼ਮ ਬਰੀ ਹੋਣ ਤੋਂ ਬਾਅਦ ਕੇਵਲ ਦੋ ਜਾਂਚ ਅਧਿਕਾਰੀਆਂ 'ਤੇ ਕਾਰਵਾਈ ਕੀਤੀ ਗਈ, ਬਾਕੀ 795 ਮਾਮਲਿਆਂ ਵਿਚ ਕੋਈ ਕਾਰਵਾਈ ਨਹੀਂ ਕੀਤੀ ਗਈ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਅਪ੍ਰੈਲ 2024 ਵਿਚ ਸਰਕਾਰ ਨੇ ਇਕ ਹੁਕਮ ਜਾਰੀ ਕਰਕੇ ਇਹ ਵੀ ਫੈਸਲਾ ਲਿਆ ਕਿ ਜੇਕਰ ਜਾਂਚ ਅਧਿਕਾਰੀ ਖ਼ਿਲਾਫ਼ ਸਟੈਂਡਿੰਗ ਕਮੇਟੀ ਕੋਈ ਕਾਰਵਾਈ ਨਹੀਂ ਕਰਦੀ ਤਾਂ ਸਟੈਂਡਿੰਗ ਕਮੇਟੀ ਦੇ ਮੈਂਬਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਹਲਫ਼ਨਾਮੇ ਵਿਚ ਇਕ ਗੱਲ ਇਹ ਵੀ ਦੱਸੀ ਗਈ ਕਿ ਜਿਨ੍ਹਾਂ ਮਾਮਲਿਆਂ ਵਿਚ ਕਥਿਤ ਮੁਲਜ਼ਮ ਬਰੀ ਹੁੰਦੇ ਹਨ, ਉਨ੍ਹਾਂ ਦੀ ਜਾਣਕਾਰੀ ਸਟੈਂਡਿੰਗ ਕਮੇਟੀ ਨੂੰ ਨਹੀਂ ਦਿੱਤੀ ਜਾ ਰਹੀ, ਜਿਸ ਕਾਰਨ ਜਾਂਚ ਅਧਿਕਾਰੀ ਬਚ ਜਾਂਦੇ ਹਨ। ਹਾਈ ਕੋਰਟ ਨੇ ਸਾਰੇ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਸੁਣਵਾਈ ਜੁਲਾਈ ਮਹੀਨੇ ਤੱਕ ਮੁਲਤਵੀ ਕਰ ਦਿੱਤੀ ਹੈ। ਰੋਪੜ ਵਿਚ ਨਾਜਾਇਜ਼ ਮਾਈਨਿੰਗ ਦੇ ਇਕ ਮਾਮਲੇ ਵਿਚ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਹਾਈ ਕੋਰਟ ਨੇ ਵੱਧਦੇ ਮਾਈਨਿੰਗ ਮਾਮਲਿਆਂ 'ਤੇ ਸਖ਼ਤ ਰੁਖ ਅਪਣਾਉਂਦਿਆਂ ਪੰਜਾਬ ਸਰਕਾਰ ਨੂੰ ਫਟਕਾਰ ਲਗਾਈ ਸੀ ਤੇ ਨਾਜਾਇਜ਼ ਮਾਈਨਿੰਗ ਦੀ ਜ਼ਮੀਨੀ ਪੱਧਰ 'ਤੇ ਜਾਂਚ ਲਈ ਕੋਰਟ ਕਮਿਸ਼ਨ ਨਿਯੁਕਤ ਕੀਤਾ ਹੈ। ਪਟੀਸ਼ਨਕਰਤਾ ਕੁਲਵੀਰ ਸਿੰਘ ਨੇ ਨਾਜਾਇਜ਼ ਮਾਈਨਿੰਗ ਦੇ ਮਾਮਲੇ ਵਿਚ ਦਰਜ ਐਫ. ਆਈ. ਆਰ. ਵਿਚ ਜ਼ਮਾਨਤ ਦੇਣ ਦੀ ਹਾਈ ਕੋਰਟ ਨੂੰ ਅਪੀਲ ਕੀਤੀ ਸੀ।

ਪੰਜਾਬ ਸਰਕਾਰ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਸੀ ਕਿ ਰੋਪੜ ਵਿਚ ਨਾਜਾਇਜ਼ ਮਾਈਨਿੰਗ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ ਅਤੇ ਅਜਿਹੇ ਵਿਚ ਪਟੀਸ਼ਨਕਰਤਾ ਨੂੰ ਜ਼ਮਾਨਤ ਨਹੀਂ ਦਿੱਤੀ ਜਾਣੀ ਚਾਹੀਦੀ। ਅਦਾਲਤ ਨੂੰ ਦੱਸਿਆ ਗਿਆ ਕਿ ਪਿਛਲੇ ਸਾਲ ਨਾਜਾਇਜ਼ ਮਾਈਨਿੰਗ ਦੀਆਂ 118 ਐਫ. ਆਈ. ਆਰਜ਼. ਦਰਜ ਕੀਤੀਆਂ ਗਈਆਂ ਸਨ। ਇਸ ਸਥਿਤੀ 'ਤੇ ਹਾਈ ਕੋਰਟ ਨੇ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਨਾਜਾਇਜ਼ ਮਾਈਨਿੰਗ ਨੂੰ ਰੋਕਣਾ ਬੇਹੱਦ ਜ਼ਰੂਰੀ ਹੈ।

### ਪੀਜੀਆਈ ਦੇ ਬਾਹਰ ਔਰਤ ਕੈਦੀ ਨੂੰ ਨਸ਼ੀਲਾ ਪਦਾਰਥ ਦੇ ਕੇ ਦੋ ਕੈਦੀਆਂ ਨੇ ਕੀਤਾ ਬਲਾਤਕਾਰ

ਜੀਂਦ-ਪੀਜੀਆਈ ਰੋਹਤਕ ਕੈਂਪਸ ਵਿਚ ਖੜ੍ਹੀ ਜੇਲ੍ਹ ਵੈਨ ਵਿਚ ਦੋ ਕੈਦੀਆਂ ਵੱਲੋਂ ਨਸ਼ੀਲੇ ਪਦਾਰਥ ਦੇ ਇਕ ਮਾਮਲੇ ਵਿੱਚ 15 ਸਾਲ ਦੀ ਸਜ਼ਾ ਕੱਟ ਰਹੀ ਔਰਤ ਕੈਦੀ ਨਾਲ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਔਰਤ ਕੈਦੀ ਨੇ ਦੱਸਿਆ ਕਿ ਉਸ ਦਾ ਪੀਜੀਆਈ ਰੋਹਤਕ ਵਿੱਚ ਮਨੋਵਿਗਿਆਨੀ ਡਾਕਟਰ ਤੋਂ ਇਲਾਜ ਚੱਲ ਰਿਹਾ ਹੈ। 20 ਫਰਵਰੀ ਨੂੰ ਉਸ ਨੂੰ ਜੇਲ੍ਹ ਵੈਨ ਵਿੱਚ ਪੀਜੀਆਈ ਰੋਹਤਕ ਲਿਜਾਇਆ ਗਿਆ। ਇਸੇ ਵੈਨ ਵਿਚ ਮਨੀਸ਼ ਅਤੇ ਸਤੀਸ਼ ਵਾਸੀ ਪਿੰਡ ਧਨੌਰੀ ਵੀ ਸਨ। ਪੁਲਿਸ ਮੁਲਾਜ਼ਮਾਂ ਨੇ ਵੈਨ ਨੂੰ ਪੀਜੀਆਈ ਕੈਂਪਸ ਵਿੱਚ ਖੜ੍ਹੀ ਕਰ ਦਿੱਤੀ ਅਤੇ ਆਪਣੇ ਦਸਤਾਵੇਜ਼ ਤਿਆਰ ਕਰਵਾਉਣ ਲਈ ਅੰਦਰ ਚਲੇ ਗਏ। ਇਸ ਦੌਰਾਨ ਕੈਦੀ ਮਨੀਸ਼ ਅਤੇ ਸਤੀਸ਼ ਨੇ ਨਸ਼ੀਲਾ ਪਦਾਰਥ ਮਿਲਾ ਕੇ ਕੋਲਡ ਡਰਿੰਕ ਉਸ ਨੂੰ ਪਿਲਾ ਦਿੱਤੀ। ਕੋਲਡ ਡਰਿੰਕ ਪੀਂਦੇ ਹੀ ਉਹ ਬੇਹੋਸ਼ ਹੋ ਗਈ। ਜਿਸ ਤੋਂ ਬਾਅਦ ਦੋਹਾਂ ਨੇ ਜਬਰ ਜਨਾਹ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਜੇਲ੍ਹ ਪ੍ਰਸ਼ਾਸਨ ਨੇ ਔਰਤ ਕੈਦੀ ਦੀ ਲਿਖਤੀ ਸ਼ਿਕਾਇਤ ਸਿਵਲ ਲਾਈਨ ਥਾਣੇ ਨੂੰ ਦਿੱਤੀ ਪਰ ਘਟਨਾ ਸਥਾਨ ਪੀਜੀਆਈ ਰੋਹਤਕ ਹੋਣ ਕਾਰਨ ਜ਼ੀਰੋ ਐੱਫਆਈਆਰ ਦਰਜ ਕਰਕੇ ਜਾਂਚ ਲਈ ਰੋਹਤਕ ਪੁਲਿਸ ਨੂੰ ਭੇਜ ਦਿੱਤੀ ਗਈ। ਇਹ ਔਰਤ ਸਾਲ 2017 ਵਿੱਚ ਚਾਰ ਕਿੱਲੋ 490 ਗ੍ਰਾਮ ਚਰਸ ਸਮੇਤ ਫੜੀ ਗਈ ਸੀ। ਅਪ੍ਰੈਲ 2021 ਵਿੱਚ, ਜੀਂਦ ਅਦਾਲਤ ਨੇ ਉਸਨੂੰ 15 ਸਾਲ ਦੀ ਸਜ਼ਾ ਸੁਣਾਈ ਸੀ। ਉਦੋਂ ਤੋਂ ਉਹ ਜੇਲ੍ਹ ਵਿੱਚ ਹੈ।

# ਅਜੇ ਦੇਵਗਨ-ਪ੍ਰਿਯਾਮਣੀ ਸਟਾਰਰ ਦੀ ਫਿਲਮ 'ਮੈਦਾਨ' ਦਾ ਦਮ ਨਿਕਲਿਆ

## ✪ ਹੁਣ ਤੱਕ ਵਿਦੇਸ਼ੀ ਬਾਜ਼ਾਰ ਵਿਚ ਸਿਰਫ 6 ਕਰੋੜ ਰੁਪਏ ਦਾ ਕਾਰੋਬਾਰ ਕੀਤਾ



ਨਵੀਂ ਦਿੱਲੀ-ਅਜੇ ਦੇਵਗਨ ਲਈ ਸਾਲ 2024 ਦੀ ਸ਼ੁਰੂਆਤ ਬਹੁਤ ਚੰਗੀ ਰਹੀ ਸੀ। ਉਸ ਦੀ ਸਾਲ ਦੀ ਪਹਿਲੀ ਰਿਲੀਜ਼ ਫਿਲਮ 'ਸ਼ੈਤਾਨ' ਨੇ ਬਾਕਸ ਆਫਿਸ 'ਤੇ ਕਾਫੀ ਚੰਗਾ ਕਾਰੋਬਾਰ ਕੀਤਾ ਸੀ। ਸ਼ੈਤਾਨ ਦੀ ਰਿਲੀਜ਼ ਤੋਂ ਇਕ ਮਹੀਨੇ ਬਾਅਦ, ਅਜੇ ਦੇਵਗਨ ਈਦ ਦੇ ਖਾਸ ਮੌਕੇ 'ਤੇ ਆਪਣੇ ਪ੍ਰਸ਼ੰਸਕਾਂ ਵਿਚਕਾਰ ਵਾਪਸ ਆਏ।

ਇਸ ਵਾਰ ਉਨ੍ਹਾਂ ਦੀ ਫਿਲਮ 'ਮੈਦਾਨ' ਦਾ ਮੁਕਾਬਲਾ ਸਿਨੇਮਾਘਰਾਂ 'ਚ ਫਿਲਮ 'ਬੜੇ ਮੀਆਂ ਛੋਟੇ ਮੀਆਂ' ਨਾਲ ਹੋਇਆ। ਹਾਲਾਂਕਿ, ਇਸ ਵਾਰ ਅਕਸ਼ੈ ਕੁਮਾਰ ਨਾਲ ਪੰਗਾ ਅਜੇ ਦੇਵਗਨ ਲਈ ਮਹਿੰਗਾ ਸਾਬਤ ਹੋਇਆ। ਚੰਗੇ ਰਿਵਿਊ ਦੇ ਬਾਵਜੂਦ, ਉਸਦੀ ਫਿਲਮ ਨਾ ਸਿਰਫ ਭਾਰਤ ਵਿੱਚ ਬਲਕਿ ਵਿਸ਼ਵ ਭਰ ਵਿੱਚ ਚੰਗੀ ਕਮਾਈ ਕਰਨ ਲਈ ਸੰਘਰਸ਼ ਕਰ ਰਹੀ ਹੈ।

ਸ਼ੈਤਾਨ ਨੇ ਜਿਸ ਤਰ੍ਹਾਂ ਨਾਲ ਸ਼ੁਰੂਆਤ ਕੀਤੀ ਸੀ, ਉਸ ਨੂੰ ਦੇਖ ਕੇ ਲੱਗਦਾ ਸੀ ਕਿ ਅਜੇ ਦੇਵਗਨ ਦੀ ਫਿਲਮ ਵੀ ਬਾਕਸ ਆਫਿਸ 'ਤੇ ਚੰਗਾ ਕਲੈਕਸ਼ਨ ਕਰੇਗੀ, ਪਰ ਹੁਣ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਮੈਦਾਨ ਨਾ ਸਿਰਫ ਘਰੇਲੂ ਬਾਕਸ ਆਫਿਸ 'ਤੇ ਸਗੋਂ ਦੁਨੀਆ ਭਰ 'ਚ ਵੀ ਕਛੂਏ ਦੀ ਰਫਤਾਰ ਨਾਲ ਅੱਗੇ ਵੱਧ ਰਹੀ ਹੈ। ਇਹ ਫਿਲਮ ਸੱਤ ਦਿਨਾਂ ਵਿੱਚ ਵੀ ਦੁਨੀਆ ਭਰ ਵਿੱਚ 50 ਕਰੋੜ ਰੁਪਏ ਦਾ ਅੰਕੜਾ ਪਾਰ ਨਹੀਂ ਕਰ ਸਕੀ ਹੈ।

Sakanlik.com ਦੀ ਰਿਪੋਰਟ ਮੁਤਾਬਕ ਫਿਲਮ ਦਾ ਦੁਨੀਆ ਭਰ 'ਚ ਹੁਣ ਤੱਕ ਸਿਰਫ 39 ਕਰੋੜ ਰੁਪਏ ਦਾ ਕਾਰੋਬਾਰ ਹੋਇਆ ਹੈ ਅਤੇ ਫਿਲਮ ਜਿਸ ਤਰ੍ਹਾਂ ਅੱਗੇ ਵਧ ਰਹੀ ਹੈ, ਉਸ ਨੂੰ ਦੇਖਦੇ ਹੋਏ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਫਿਲਮ ਦਾ ਦੁਨੀਆ ਭਰ 'ਚ ਕਾਰੋਬਾਰ ਸੀਮਤ ਹੋ ਜਾਵੇਗਾ। ਸਿਰਫ 50 ਕਰੋੜ ਰੁਪਏ ਤੱਕ।

ਮੈਦਾਨ ਵਰਲਡਵਾਈਡ ਕਲੈਕਸ਼ਨ
ਦੁਨੀਆ ਭਰ ਵਿੱਚ 39 ਕਰੋੜ ਰੁਪਏ
ਵਿਦੇਸ਼ੀ 6.75 ਕਰੋੜ ਰੁਪਏ
ਓਵਰਸੀਜ਼ ਵਿਚ ਮੈਦਾਨ ਦੀ ਮਾੜੀ ਹਾਲਤ

ਅਜੇ ਦੇਵਗਨ-ਪ੍ਰਿਯਾਮਣੀ ਸਟਾਰਰ 'ਮੈਦਾਨ' ਨੇ ਹੁਣ ਤੱਕ ਵਿਦੇਸ਼ੀ ਬਾਜ਼ਾਰ 'ਚ ਸਿਰਫ 6 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਹੈ। ਵਿਦੇਸ਼ਾਂ ਵਿੱਚ ਇਸ ਫਿਲਮ ਦੀ ਐਡਵਾਂਸ ਬੁਕਿੰਗ ਬਹੁਤ ਚੰਗੀ ਸ਼ੁਰੂ ਹੋਈ ਸੀ, ਪਰ ਜਲਦੀ ਹੀ ਫਿਲਮ ਦਾ ਦਮ ਨਿਕਲ ਗਿਆ।

ਤੁਹਾਨੂੰ ਦੱਸ ਦੇਈਏ ਕਿ ਮੈਦਾਨ ਭਾਰਤੀ ਫੁੱਟਬਾਲ ਟੀਮ ਦੇ ਕੋਚ ਸਈਦ ਅਬਦੁਲ ਰਹੀਮ ਦੇ ਜੀਵਨ ਤੋਂ ਪ੍ਰੇਰਿਤ ਕਹਾਣੀ ਹੈ। ਦਰਸ਼ਕਾਂ ਨੇ ਇਸ ਫਿਲਮ ਲਈ ਅਜੇ ਦੇਵਗਨ ਦੀ ਵੀ ਕਾਫੀ ਤਾਰੀਫ ਕੀਤੀ। ਉਨ੍ਹਾਂ ਦੇ ਇਸ ਕਿਰਦਾਰ ਨੂੰ ਦਰਸ਼ਕਾਂ ਨੇ ਉਨ੍ਹਾਂ ਦੇ ਕਰੀਅਰ ਦਾ ਹੁਣ ਤੱਕ ਦਾ ਸਭ ਤੋਂ ਵਧੀਆ ਕਿਰਦਾਰ ਦੱਸਿਆ।

# ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ-ਅੰਮ੍ਰਿਤਸਰ ਲੋਕ ਸਭਾ ਤੋਂ ਭਾਜਪਾ ਦੇ ਉਮੀਦਵਾਰ ਅਤੇ ਪੰਥਕ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਪਹੁੰਚ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਬੰਦ ਕਮਰਾ ਮੁਲਾਕਾਤ ਕੀਤੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਵਾਪਸੀ 'ਤੇ ਸੰਧੂ ਨੇ ਕਿਹਾ ਕਿ ਗੁਰੂ ਰਾਮਦਾਸ ਦੀ ਇਹ ਵਰੋਸਾਈ ਨਗਰੀ ਅੰਮ੍ਰਿਤਸਰ ਸਿਫ਼ਤੀ ਦਾ ਘਰ ਹੈ ਅਤੇ ਉਨ੍ਹਾਂ ਜਥੇਦਾਰ ਨੂੰ ਗੁਰੂ ਨਗਰੀ ਅੰਮ੍ਰਿਤਸਰ ਦੇ ਵਿਕਾਸ ਲਈ ਪ੍ਰਧਾਨ ਮੰਤਰੀ ਮੋਦੀ ਤੋਂ ਵਿਸ਼ੇਸ਼ ਪੈਕੇਜ ਲੈ ਕੇ ਆਉਣ ਤੇ ਇੰਦੌਰ ਦੀ ਤਰ੍ਹਾਂ ਇੱਥੋਂ ਦੀ ਸਾਫ਼-ਸਫ਼ਾਈ ਅਤੇ ਸੁੰਦਰ ਬਣਾਉਣ ਵਲ ਵਿਸ਼ੇਸ਼ ਧਿਆਨ ਦੇਣ ਬਾਰੇ ਆਪਣੇ ਏਜੰਡੇ ਤੋਂ ਜਾਣੂ ਕਰਵਾਇਆ।

# ਪਰਵਾਸੀ ਪੰਜਾਬੀਆਂ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਲਈ 8 ਕਰੋੜ ਰੁਪਏ ਭੇਂਟ ਕੀਤੇ

ਬੰਗਾ-ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ 40ਵਾਂ ਸਥਾਪਨਾ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਦੀ 40ਵੀਂ ਸਥਾਪਨਾ ਲਈ ਵਧਾਈ ਦਿੰਦਿਆਂ ਟਰੱਸਟ ਦੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਆਮ ਲੁਕਾਈ ਲਈ ਰਿਆਇਤੀ ਦਰਾਂ 'ਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉੱਦਮ ਨੂੰ ਸਿਜਦਾ ਕੀਤਾ।



ਕੈਨੇਡੀਅਨ ਹਾਈ ਕਮਿਸ਼ਨ ਸਟੀਅਰਟ ਵੀਲਰ ਨੇ ਹਸਪਤਾਲ ਦੇ ਚਾਲੀ ਸਾਲ ਦੇ ਸਫ਼ਲ ਸਫ਼ਰ ਲਈ ਵਧਾਈ ਦਿੱਤੀ ਅਤੇ ਹਸਪਤਾਲ ਦੇ ਬਾਨੀ ਬਾਬਾ ਬੁੱਧ ਸਿੰਘ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ। ਸਮਾਗਮ ਦੇ ਆਰੰਭ ਵਿਚ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਐਂਡ ਮੈਡੀਕਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਮਹਿਮਾਨਾਂ ਅਤੇ ਹਾਜ਼ਰੀਨ ਦਾ ਨਿੱਘਾ ਸਵਾਗਤ ਕੀਤਾ ਅਤੇ ਹਸਪਤਾਲ ਦੇ ਚਾਲੀ ਸਾਲ ਦੇ ਸਫ਼ਰ ਬਾਰੇ ਚਾਨਣਾ ਪਾਇਆ। ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਪਰਵਾਸੀ ਪੰਜਾਬੀਆਂ ਦੇ ਦਿਲਾਂ ਵਿੱਚ ਢਾਹਾਂ ਕਲੇਰਾਂ ਵਿੱਚ ਚੱਲ ਰਹੇ ਸੇਵਾ ਕਾਰਜਾਂ ਲਈ ਕਾਫ਼ੀ ਸਤਿਕਾਰ ਹੈ। ਉਨ੍ਹਾਂ ਦੱਸਿਆ ਕਿ ਅੱਜ ਵੱਡੀ ਗਿਣਤੀ ਵਿਚ ਪਰਵਾਸੀ ਪੰਜਾਬੀ ਸ਼ਾਮਲ ਹੋਏ ਹਨ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਪ੍ਰਾਜੈਕਟਾਂ ਲਈ 8 ਕਰੋੜ ਤੋਂ ਵੱਧ ਕੀਮਤ ਦੀਆਂ ਮੈਡੀਕਲ ਸੇਵਾਵਾਂ ਲਈ ਮਾਇਕ ਸਹਿਯੋਗ ਦੇਣ ਦਾ ਅਹਿਦ ਕੀਤਾ ਗਿਆ ਹੈ। ਸਮਾਗਮ ਵਿੱਚ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਡਾ. ਮਹਿਲ ਸਿੰਘ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ, ਡਾ. ਤੇਜਿੰਦਰ ਕੌਰ ਧਾਲੀਵਾਲ ਸਾਬਕਾ ਚੇਅਰਪਰਸਨ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਰਾਣਾ ਗੁਰਜੀਤ ਸਿੰਘ ਵਿਧਾਇਕ ਕਪੂਰਥਲਾ ਨੇ ਵਿਚਾਰ ਰੱਖੇ।

# ਭਾਰਤੀ ਕਿਸਾਨ ਯੂਨੀਅਨ ਵਲੋਂ ਭਾਜਪਾ ਤੇ ਆਰਐੱਸਐੱਸ ਦੇ ਪ੍ਰਚਾਰ ਉਪਰ ਰੋਕ

## ✪ ਕਈ ਪਿੰਡਾਂ ਵਿਚ ਬੀਜੇਪੀ ਅਤੇ ਆਰਐੱਸਐੱਸ ਦੇ 'ਬਾਈਕਾਟ' ਦੇ ਫ਼ਲੈਕਸ ਲਗਾਏ

ਬਠਿੰਡਾ-ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਨੇ ਜ਼ਿਲ੍ਹਾ ਬਠਿੰਡਾ ਦੇ ਕਈ ਪਿੰਡਾਂ ਵਿਚ ਬੀਜੇਪੀ ਅਤੇ ਆਰਐੱਸਐੱਸ ਦੇ 'ਬਾਈਕਾਟ' ਦੇ ਫ਼ਲੈਕਸ ਲਾ ਦਿੱਤੇ ਹਨ। ਫ਼ਲੈਕਸਾਂ ਦੀ ਸ਼ੁਰੂਆਤੀ ਇਬਾਰਤ ਹੈ 'ਵੜਨ ਨਹੀਂ ਦੇਣੇ ਪਿੰਡੀਂ ਉਹ, ਜਾਣ ਨਹੀਂ ਦਿੰਦੇ ਦਿੱਲੀ ਜੋ'। ਚੋਣਾਂ ਦੇ ਭਖੇ ਦੌਰ ਵਿੱਚ ਅਜਿਹੀ ਨਾ-ਮਿਲਵਰਤਣ ਲਹਿਰ ਭਾਜਪਾ ਆਗੂਆਂ ਲਈ ਇਕ ਚੁਣੌਤੀ ਬਣ ਸਕਦੀ ਹੈ।



ਫੂਲ ਟਾਊਨ ਅਤੇ ਨੰਦਗੜ੍ਹ ਕੋਟੜਾ ਵਿੱਚ ਅਜਿਹੇ ਬੈਨਰ ਯੂਨੀਅਨ ਦੇ ਬਲਾਕ ਰਾਮਪੁਰਾ ਦੇ ਪ੍ਰਧਾਨ ਗੋਰਾ ਦੀ ਅਗਵਾਈ ਵਿਚ ਜਨਤਕ ਥਾਵਾਂ 'ਤੇ ਲਾਏ ਗਏ। ਗੋਰਾ ਸਿੰਘ ਨੇ ਦੱਸਿਆ ਕਿ ਇਨ੍ਹਾਂ ਚੋਣਾਂ 'ਚ ਨਿਹੱਥੇ ਕਿਸਾਨਾਂ ਉੱਪਰ ਜੋ ਕਥਿਤ ਜਬਰ ਭਾਜਪਾ ਨੇ ਕੀਤਾ ਹੈ, ਉਸ ਦਾ ਹਿਸਾਬ ਲਿਆ ਜਾਵੇਗਾ। ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਢਿੱਲੋਂ ਦਾ ਕਹਿਣਾ ਸੀ ਕਿ 'ਦਿੱਲੀ ਕੂਚ ਕਰੋ' ਦੇ ਨਾਅਰੇ ਨਾਲ ਲੰਘੀ 13 ਫਰਵਰੀ ਨੂੰ ਜਦੋਂ ਪੰਜਾਬ ਦੇ ਕਿਸਾਨ ਆਪਣੀ ਮੰਜ਼ਿਲ ਵੱਲ ਵਧ ਰਹੇ ਸਨ ਤਾਂ ਰਸਤੇ 'ਚ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਹਰਿਆਣੇ ਦੀ ਬੀਜੇਪੀ ਸਰਕਾਰ ਨੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕਿਆ। ਉਨ੍ਹਾਂ ਕਿਹਾ ਕਿ ਦੋਵੇਂ ਅੰਤਰਰਾਜੀ ਹੱਦਾਂ 'ਤੇ ਧਾਰਾ 144 ਲਾ ਕੇ ਨਿਹੱਥੇ ਕਿਸਾਨਾਂ ਉੱਪਰ ਅੱਥਰੂ ਗੈਸ ਦੀ ਵਰਖਾ ਕਰਕੇ ਅਨੇਕਾਂ ਕਿਸਾਨ ਜ਼ਖ਼ਮੀ ਕਰ ਦਿੱਤੇ ਗਏ। ਇਸੇ ਦੌਰਾਨ ਪਿੰਡ ਬੱਲ੍ਹੋ ਦੇ ਨੌਜਵਾਨ ਸ਼ੁਭਕਰਨ ਸਿੰਘ ਦੇ ਮੱਥੇ ਵਿਚ ਸਿੱਧੀ ਗੋਲੀ ਮਾਰ ਕੇ, ਉਸ ਨੂੰ ਸ਼ਹੀਦ ਕਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਜਦੋਂ ਹਰਿਆਣੇ ਅਤੇ ਕੇਂਦਰ ਦੀਆਂ ਭਾਜਪਾ ਸਰਕਾਰਾਂ ਵੱਲੋਂ ਕਿਸਾਨਾਂ 'ਤੇ ਬੇਤਹਾਸ਼ਾ ਜਬਰ ਢਾਹ ਕੇ, ਦਿੱਲੀ ਨਹੀਂ ਜਾਣ ਦਿੱਤਾ ਤਾਂ ਹੁਣ ਵੋਟਾਂ ਲੈਣ ਆਏ ਭਾਜਪਾਈਆਂ ਨੂੰ ਕਿਸਾਨ ਵੀ ਆਪਣੇ ਪਿੰਡਾਂ ਵਿਚ ਨਹੀਂ ਵੜਨ ਦੇਣਗੇ।

# THE PANJAB TIMES' NEW FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



# ਪੰਜਾਬ ਟਾਈਮਜ਼ ਦਾ ਨਵਾਂ ਫੀਚਰ - ਟਵੀਟਸ ਆਫ ਦਾ ਵੀਕ

ਸ਼੍ਰੋਮਣੀ ਅਕਾਲੀ ਦਲ ਪੰਥਕ ਲਹਿਰ ਦਾ ਰਾਜਨੀਤਕ ਫਲਸਫਾ ਮੀਰੀ-ਪੀਰੀ, ਸਰਬਤ ਦੇ ਭਲੇ ਅਧਾਰਤ ਮਾਨਵ-ਵਾਦ ਅਤੇ 'ਪੰਜਾਬ ਵਸਦਾ ਗੁਰਾਂ ਦੇ ਨਾਂ ਤੇ' ਹੈ। ਕਾਂਗਰਸ ਦਾ ਬਹੁ-ਵਾਦ ਅਧਾਰਤ ਗਾਂਧੀਵਾਦੀ ਤੇ 'ਸੈਕੂਲਰ ਸਮਾਜਵਾਦ,' ਹੈ। ਭਾਜਪਾ ਦਾ ਸਨਾਤਨ ਧਰਮ ਅਤੇ ਬਹੁਵਾਦ ਅਧਾਰਤ ਹਿੰਦੂਤਵਾ ਹੈ। ਆਮ ਆਦਮੀ ਪਾਰਟੀ ਦਾ ਤਤਕਾਲੀ ਮੌਕਾਪ੍ਰਸਤੀ ਅਧਾਰਤ ਲੋਕ-ਲੋੜਾਂ ਦੀ ਸੌਦਾਗਰੀ ਹੈ। ਸਮਕਾਲੀ ਮੌਕਿਆਂ ਦੀ ਸ਼ਕਤੀ-ਸਿਆਸਤ ਕਰਨ ਸਵਾਏ, ਇਹ ਪਾਰਟੀਆਂ ਪੰਜਾਬ, ਪੰਜਾਬੀ, ਪੰਜਾਬੀਅਤ ਤੇ ਸਿੱਖ-ਪੰਥਕ ਮਸਲਿਆ ਬਾਰੇ ਕਿਉਂ ਚਿੰਤਤ ਹੋਣਗੀਆਂ?

.................................................

ਸੌ ਵਰਿਆਂ ਤੋਂ ਹੀ ਕੁਝ ਸਿੱਖ, ਪੰਥਕ ਸੰਸਥਾਵਾਂ ਜਾਣੀਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਤੇ ਸ਼੍ਰੋਮਣੀ ਅਕਾਲੀ ਦਲ ਵਿਚੋਂ ਸਿਖਲਾਈ ਲੈ ਕੇ, ਸੰਪਰਕ ਤੇ ਪਹਿਚਾਣ ਬਣਾ ਕੇ, ਕਾਂਗਰਸ ਤੇ ਕਮਿਊਨਿਸਟਾਂ ਵਲ ਜਾਂਦੇ ਰਹੇ ਹਨ, ਜਾਂ ਵੱਖਰੇ ਧੜੇ ਬਣਾਉਂਦੇ ਰਹੇ ਹਨ। ਹੁਣ ਵੀ ਪੰਥ ਤੇ ਪੰਜਾਬ ਨਾਲ ਖੜੋਂਣ ਵਜਾਏ, ਮੌਕਾਪ੍ਰਸਤ ਭਾਜਪਾ ਤੇ ਆਪ ਵਲ ਜਾ ਹੇ ਹਨ।

.................................................

ਪੰਜਾਬ ਵਿਚ ਬਹੁਤੇ ਸਿੱਖ ਪੰਥਕ ਹਨ। ਨਰਾਜ਼ਗੀਆਂ ਭਾਵੇਂ ਅਜੇ ਵੀ ਹੋਂਣ ਪਰ ਐਤਕੀਂ, ਵੋਟਾਂ ਮੁੜ ਸ਼੍ਰੋਮਣੀ ਅਕਾਲੀ ਦਲ ਨੂੰ ਪਾਉਂਣਗੇ। ਵਖਰੇ ਕੌਮਵਾਦੀ ਤੇ ਤਿੱਖੇ ਸਿਆਸਤੀ ਝੁਕਾਅ ਵਾਲੇ ਕੁਝ ਸਿੱਖ, ਸ਼੍ਰੋ.ਅ.ਦ (ਅੰਮ੍ਰਿਤਸਰ) ਵਲ ਜਾਂਣਗੇ। ਬਾਕੀ ਦੇ ਕਾਂਗਰਸ, ਕਮਿਊਨਿਸਟ, ਆਮ ਆਦਮੀ, ਭਾਜਪਾ, ਬਸਪਾ ਨਾਲ ਬਝੇ ਹੋਏ ਤੇ ਲੋੜਾਂ-ਗਰਜਾਂ ਵਾਲੇ ਇਧਰ ਭੁਗਤਣਗੇ।

.................................................

ਤਕਰੀਰਬਨ ਸਭ ਰਾਜਸੀ ਪਾਰਟੀਆਂ 2024 ਦੀਆਂ ਲੋਕ-ਸਭਾ ਚੋਣਾਂ ਘੱਟੋ ਘੱਟ ਪੰਜਾਬ ਵਿਚ, ਆਪੋ-ਆਪਣੇਂ ਦਮ ਤੇ ਲੜ ਰਹੀਆਂ ਹਨ। ਭਾਵੇਂ ਪੈਸੇ, ਪਾਵਰ, ਜੋੜ-ਤੋੜ ਅਤੇ ਪ੍ਰਾਪੇਗੰਡਾ ਪੱਖੋਂ ਸਥਿਤੀ ਬਰਾ-ਬਰਤਾ ਵਾਲੀ ਨਹੀਂ। ਫਿਰ ਵੀ ਕੁਝ ਹੱਦ ਤੱਕ ਐਤਕੀਂ ਹਰ ਪਾਰਟੀ, ਆਉਂਦੀਆ ਦੋ-ਤਿਨ ਚੋਣਾਂ ਲਈ ਆਪਣਾਂ ਅਸਲ ਅਧਾਰ ਜਾਂਣ ਲੈਣਗੀਆਂ।

.................................................

Mainly Sikh-Panth and Dalits of Punjabi heritage take pride in having strong regional political identity and focus. Democratic and federal sentiments are being promoted again by Shiromani Akali Dal movement and only SAD can provide authentic vision and strategy... This is what brought back ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ and others back to the mainstream ਸ਼੍ਰੋਮਣੀ ਅਕਾਲੀ ਦਲ - The question is how effectively ਸੁਖਬੀਰ ਸਿੰਘ ਬਾਦਲ and various Akali leaders can work together in a multipolar and highly centralised politics affecting Punjabis. A new political order would have to be developed, the voting trends in 2024 and the general election outcomes will indicate where Punjab and Punjabis stand on these and other issues impacting on their stability, security and wellbeing.

.........................................

BJP-NDA, Congress led India Block including Amm Admi Party manifesto should be examined in terms of Punjab demands including settlements of the Punjab's capital city of Chandigarh, Punjabi speaking areas, royalty and returns on water resources, safeguarding of minority identities e.g Sikhs and others.

....................................

No farmers no food, has become a global focus. The sustainability of family farming, livelihood for farm workers, sustainability of food security...all depends on ensuring not only minimum support price for produce, but also assured marketing mechanisms...

....................................

In Punjab, many Punjabi farmers are moving to urban areas or sending their children abroad to get education, skills training and ultimately to get employment, work or business. But to achieve their goals they are relying on selling or mortgaging their inherited rural land and assets. Punjabis are being failed by systemic corruption by much of the political and administrative class. However, at the last analysis, it is up to the voters to vote in honest, sincere, committed to public good candidates in the 2024 general election. The baseline for all Punjabis should be to assess and vote candidates, who are more likely to safeguard and develop per-capita income, good healthcare, good provision of education, skills, better housing, environmental improvements and travel facilities.

..................................

Punjab CM Bhagwant Mann showed his emotional side after visiting his boss Arvind Kejriwal in Tihar Jail, Delhi. Shouldn't he also visit Bandi Singhs in jails, many of whom are held beyond the completion of their terms? They are political prisoners, unlike AAP politicians in custody, who are under investigation due to various allegations of malpractice.

.................................

# THE SURPRISE HAS ARRIVED!

The director of the George Washington University School of Medicine maintains that the brain of an elderly person is much more practical than is commonly believed. At this age, the interaction of the left and right hemispheres of the brain becomes harmonious, which expands our creative possibilities. That is why among people over the age of 60 you can find many personalities who have just started their creative activities.

Of course, the brain is no longer as fast as it was in youth. However, it gains in flexibility. Therefore, with age, we are more likely to make the right decisions and less exposed to negative emotions. The peak of human intellectual activity occurs around the age of 70, when the brain begins to work in full force.

Over time, the amount of myelin in the brain increases, a substance that facilitates the rapid passage of signals between neurons. Due to this, intellectual abilities increase by 300% compared to the average. Also interesting is the fact that after 60 years a person can use 2 hemispheres at the same time. This allows you to solve much more complex problems.

Professor Monchi Uri, from the University of Montreal, believes that the elderly brain chooses the path that consumes less energy, eliminates the unnecessary and leaves only the right options to solve the problem. A study was conducted in which different age groups participated. The young people were very confused while passing the tests, while those over 60 years old made the right decisions. Now, let's look at the characteristics of the brain between the ages of 60 and 80. They are really pink.

*CHARACTERISTICS OF THE BRAIN OF AN OLDER PERSON.*

*1.* The neurons of the brain do not die, as everyone around you says. The connections between them simply disappear if one does not engage in mental work.

*2.* Distraction and forgetfulness arise due to an overabundance of information. Therefore, you do not need to focus your whole life on unnecessary trifles.

*3.* From the age of 60, a person when making decisions does not use only one hemisphere of the brain, like young people, but both.

*4. Conclusion:* if a person leads a healthy lifestyle, is mobile, has viable physical activity and is fully mentally active, *intellectual abilities DO NOT decline with age, they simply GROW,* reaching a peak at the age of 80-90 years.

*HEALTHY TIPS:*

*1)* Don't be afraid of old age. *2)* Strive to develop intellectually. *3)* Learn new crafts, make music, learn to play musical instruments, paint pictures! Dance! *4)* Take an interest in life, meet and communicate with friends, make plans for the future, travel as best you can. *5)* Don't forget to go to shops, cafes, shows. *6)* Don't shut up alone, it's destructive for anyone.*7)* Be positive, always live with the thought: following: *_"all good things are still ahead of me!"

*S*OURCE: _New England Journal of Medicine._*

Please pass this information along to your 60, 70 and 80 year old family and friends so they can be proud of their age.

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਹੇ ਮੂਰਖ ! ਤੂੰ ਕਿਉਂ (ਵਿਲਕ ਰਿਹਾ ਹੈਂ, ਜਿਵੇਂ) ਸੁਪਨੇ ਦੇ ਅਸਰ ਹੇਠ ਬੋਲ ਰਿਹਾ ਹੈਂ ? (ਤੈਨੂੰ ਇਹ ਸੂਝ ਨਹੀਂ ਕਿ) ਤੂੰ ਪਰਮਾਤਮਾ ਦੇ ਹੁਕਮ ਵਿਚ (ਪਿਛਲੇ) ਸੰਜੋਗ ਅਨੁਸਾਰ (ਇਹਨਾਂ ਮਾਂ ਪਿਉ ਆਦਿਕ ਸੰਬੰਧੀਆਂ ਨਾਲ) ਮਿਲ ਕੇ (ਜਗਤ ਵਿਚ) ਆਇਆ ਹੈਂ (ਜਿਤਨਾ ਚਿਰ ਇਹ ਸੰਜੋਗ ਕਾਇਮ ਹੈ ਉਤਨਾ ਚਿਰ ਹੀ ਇਹਨਾਂ ਸੰਬੰਧੀਆਂ ਨਾਲ ਮੇਲ ਰਹਿ ਸਕਦਾ ਹੈ)1।ਰਹਾਉ। "ਕਾ ਕੀ ਮਾਈ ਕਾ ਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ॥1॥ ਕਾਹੇ ਕਉ ਮੂਰਖ ਭਖਲਾਇਆ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥1॥ ਰਹਾਉ ॥ ਅੰਗ 188"। ਜੇ ਕੋਈ ਗੁਰਮੁਖਿ ਕੋਈ ਇਸ਼ਾਰਾ ਜਾਂ ਬੁਝਾਉਣੀ ਦਿੰਦਾ ਭੀ ਹੈ (ਕਿ ਇਥੇ ਸਦਾ ਨਹੀਂ ਬਹਿ ਰਹਿਣਾ, ਫਿਰ) ਉਹ ਗੱਲਾਂ ਅੱਖੀਂ ਵੇਖ ਭੀ ਲੈਂਦਾ ਹੈ (ਕਿ ਸਭ ਤੁਰੇ ਜਾ ਰਹੇ ਹਨ) ਪਰ ਜੇ ਕੋਈ ਮੂਰਖ ਤੇ ਲੋਭੀ ਹੋਵੇ ਤਾਂ ਅਜੇਹੀ ਕੋਈ ਆਖੀ ਹੋਈ ਗੱਲ ਬਿਲਕੁਲ ਨਹੀਂ ਸੁਣਦਾ; ਭਾਵ ਮੂਰਖ ਤੇ ਲੋਭੀ ਆਦਮੀ ਗੁਰਮਤਿ ਦੀ ਗੱਲ ਨਹੀਂ ਸੁਣਦਾ । "ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥ ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥2॥ ਅੰਗ 218" । ਉਹ ਆਦਮੀ ਮੂਰਖ, ਅੰਨ੍ਹਾ ਤੇ ਅਗਿਆਨੀ ਹੈ ਜੋ ਧਨ ਤੇ ਜ਼ਮੀਨ ਜਾਇਦਾਦ ਦਾ ਹੰਕਾਰ ਕਰਦਾ ਹੈ! "ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥ ਅੰਗ 278" ।

ਸਤਿਗੁਰੂ ਜੀ ਸਮਝਾਉਂਦੇ ਹਨ ਕਿ ਹੇ ਮੂਰਖ ਮਨ! ਧਨ ਤੇਰੇ ਨਾਲ ਨਹੀਂ ਜਾਏਗਾ, ਤੂੰ ਕਿਉਂ ਇਸ ਨੂੰ ਚਿੰਬੜੀ ਬੈਠਾ ਹੈਂ? "ਸੰਗਿ ਨ ਚਾਲਸਿ ਤੇਰੈ ਧਨਾ ॥ ਤੂੰ ਕਿਆ ਲਪਟਾਵਹਿ ਮੂਰਖ ਮਨਾ ॥ ਅੰਗ 288" । ਮੂਰਖ (ਮਨ) ਦੁਖ ਮਿਲਣ ਤੇ ਕਿਉਂ ਵਿਲਕਦਾ (ਰੋਂਦਾ ਪਿੱਟਦਾ) ਹੈ; (ਇਹ ਨਹੀਂ ਸਮਝਦਾ) ਕਿ ਪਿਛਲੇ ਬੀਜੇ (ਕੀਤੇ) ਕਰਮਾਂ ਦਾ ਫ਼ਲ ਆਪ ਹੀ ਖਾਣਾ ਪੈਂਦਾ ਹੈ । "ਮਨ ਮੂਰਖ ਕਾਹੇ ਬਿਲਲਾਈਐ ॥ ਪੁਰਬ ਲਿਖੇ ਕਾ ਲਿਖਿਆ ਪਾਈਐ ॥ ਅੰਗ 283" । ਅੰਞਾਣਾ ਮੂਰਖ ਅੰਨ੍ਹਾ ਬੰਦਾ ਨਹੀਂ ਜਾਣਦਾ ਕਿ (ਇਸ ਮਾਤ ਲੋਕ) ਪੇਕੇ ਘਰ ਵਿਚ ਚਾਰ ਦਿਨ (ਭਾਵ ਥੋੜੇ ਦਿਨ) ਹੀ ਰਹਿਣਾ ਹੈ, (ਇਕ ਦਿਨ ਪਰਲੋਕ ਰੂਪ) ਸਹੁਰੇ ਘਰ (ਜ਼ਰੂਰ) ਜਾਣਾ ਹੈ । "ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥1॥ ਅੰਗ 333" । ਸਤਿਗੁਰੂ ਜੀ ਉਸ ਬ੍ਰਾਹਮਣ ਨੂੰ ਮੂਰਖ ਆਖਦੇ ਹਨ ਜੋ ਹੋਰਨਾਂ ਨੂੰ ਧਰਮ ਉਪਦੇਸ਼ ਕਰਦਾ ਹੈ ਪਰ ਆਪ ਨਹੀਂ ਸਮਝਦਾ; ਐਸਾ ਬ੍ਰਾਹਮਣ ਕਿਤੇ ਵੀ ਕਾਮਯਾਬ ਨਹੀਂ ਹੁੰਦਾ ਅਤੇ ਉਸਨੂੰ ਉਪਦੇਸ਼ ਕਰਦੇ ਹਨ ਕਿ ਪ੍ਰਭੂ ਨੂੰ ਹਿਰਦੇ ਵਿਚ ਯਾਦ ਰੱਖ ਜੋ ਕਿ ਤੇਰੇ ਨਾ਼ਲ ਰਹਿੰਦਾ ਹੈ, ਤੇਰੀਆਂ ਸਾਰੀਆਂ ਕਰਤੂਤਾਂ ਦੇਖਦਾ ਹੈ ਤੇ ਤੇਰੀਆਂ ਸਾਰੀਆਂ ਗੱਲਾਂ ਸੁਣਦਾ ਹੈ । "ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥3॥ ਮੂਰਖ ਬਾਮਣ ਪ੍ਰਭੂ ਸਮਾਲਿ ॥ ਦੇਖਤ ਸੁਨਤ ਤੇਰੈ ਹੈ ਨਾਲਿ ॥ ਅੰਗ 372" । ਉਹ ਮਨੁੱਖ ਮੂਰਖ ਹੈ ਜਿਸ ਨੂੰ ਅੱਖਾਂ ਨਾਲ (ਪ੍ਰਭੂ) ਨਹੀਂ ਦਿਸਦਾ, ਜਿਸ ਦੀ ਜੀਭ ਵਿਚ ਨਾਮ ਰਸ ਨਹੀਂ ਆਇਆ, ਜੋ ਗੁਰੂ ਦੇ ਦੱਸੇ ਉਪਦੇਸ਼ ਨੂੰ ਨਹੀਂ ਸਮਝਦਾ। ਉਹ ਮਨੁੱਖ ਵਿਹੂਲੀ ਮਾਇਆ ਵਿਚ ਮਸਤ ਹੋ ਕੇ ਜਗਤ ਨਾਲ ਝਗੜਾ ਕਰਦਾ ਹੈ । "ਮੂਰਖੁ ਹੋਇ ਨ ਆਖੀ ਸੂਝੈ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥6॥ ਅੰਗ 414" । ਮੂਰਖ, ਗੰਵਾਰ ਆਦਮੀ ਹੋਰਨਾਂ ਨਾ਼ਲ ਵਲ-ਛਲ ਕਰ ਕੇ ਆਪਣਾ ਪੇਟ ਭਰਦਾ ਹੈ । ਇਹ ਭੁੱਲ ਜਾਂਦਾ ਹੈ ਕਿ ਹਰੀ ਦਾਤਾਰ ਸਭ ਜੀਵਾਂ ਨੂੰ ਸਭ ਕੁਛ ਦੇ ਰਿਹਾ ਹੈ । "ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ ॥ ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥ ਅੰਗ 461" । ਹਉਮੈ ਵਿਚ ਬੰਦਾ ਮੂਰਖ ਹੁੰਦਾ ਹੈ ਤੇ ਹਉਮੈ ਵਿਚ ਹੀ ਸਿਆਣਾ ਹੁੰਦਾ ਹੈ ਅਤੇ (ਹਉਮੈ ਵਿਚ) ਇਸਨੂੰ ਮੋਖ ਮੁਕਤੀ ਦੀ ਸਮਝ ਨਹੀਂ ਪੈਂਦੀ। "ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥ ਅੰਗ 466" । ਮੂਰਖ ਮਨੁਖ ਸਦਾ ਥਿਰ ਪ੍ਰਭੂ ਨੂੰ ਨਹੀਂ ਜਾਣਦੇ, ਆਪਣੇ ਮਨ ਦੇ ਮਗਰ ਲੱਗ ਕੇ ਉਹ ਆਪਣਾ ਜਨਮ ਵਿਅਰਥ ਗੁਆ ਲੈਂਦੇ ਹਨ । ਉਹ ਦੁਨੀਆਂ 'ਚ ਕਿਉਂ ਆਏ? ਭਾਵ ਵਿਅਰਥ ਹੀ ਆਏ । "ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥ ਵਿਚਿ ਦੁਨੀਆ ਕਾਹੇ ਆਇਆ ॥8॥ ਅੰਗ 467" । ਸਤਿਗੁਰੂ ਜੀ ਉਸ ਪੰਡਿਤ ਨੂੰ ਵੀ ਮੂਰਖ ਆਖਦੇ ਹਨ ਜੋ ਕਿ ਚਲਾਕੀਆਂ ਕਰਦੇ ਹਨ, ਦਲੀਲਾਂ ਦਿੰਦੇ ਹਨ ਤੇ ਮਾਇਆ ਇਕੱਠੀ ਕਰਨ ਵਿਚ ਜੁੱਟੇ ਹੋਏ ਹਨ । "ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥ ਅੰਗ 469" । ਸਤਿਗੁਰੂ ਜੀ ਮੂਰਖ ਨਾ਼ਲ ਝਗੜਾ ਨਾ ਕਰਨ ਦਾ ਉਪਦੇਸ਼ ਕਰਦੇ ਹਨ। "ਮੂਰਖੈ ਨਾਲਿ ਨ ਲੁਝੀਐ ॥19॥ ਅੰਗ 473" । ਫਿਕਾ ਬੋਲਣ ਵਾਲ਼ੇ ਨੂੰ ਮੂਰਖ ਆਖਿਆ ਜਾਂਦਾ ਹੈ ਤੇ ਉਸਦੇ (ਪ੍ਰਭੂ ਦਰਗਹ ਵਿਚ) ਜੁਤੀਆਂ ਪੈਂਦੀਆ ਹਨ ।


"ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥1॥ ਅੰਗ 473" । ਉਹ ਮੂਰਖ ਹੈ ਜੋ ਆਪਣੇ ਆਪ ਨੂੰ ਨਹੀਂ ਪਛਾਣਦਾ ਤੇ ਸੱਚੇ ਪ੍ਰਭੂ ਨਾ਼ਲ ਪਿਆਰ ਨਹੀਂ ਰੱਖਦਾ । "ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥4॥ ਅੰਗ 492" । ਜਿਹੜਾ ਆਪਣੇ ਆਪ ਨੂੰ ਗਣਾਉਂਦਾ (ਵੱਡਾ ਕਹਾਉਂਦਾ) ਹੈ ਉਹ ਮੂਰਖ ਤੇ ਗਵਾਰ ਹੈ । "ਨਾਨਕ ਜੇ ਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ ॥1॥ ਅੰਗ 516" । ਮੂਰਖ ਆਪਣੇ ਆਪ ਨੂੰ ਵੱਡਾ ਅਖਵਾ ਕੇ ਜੰਮਦੇ ਮਰਦੇ ਰਹਿੰਦੇ ਹਨ ਤੇ ਖੁਆਰ ਹੁੰਦੇ ਹਨ । "ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥ ਅੰਗ 589" । ਪ੍ਰਭੂ ਸਭ ਨੂੰ ਆਪਣੇ ਹੁਕਮ ਵਿਚ ਰੱਖਦਾ ਹੈ, ਪਰ ਮੂਰਖ ਆਪਣੇ ਆਪ ਨੂੰ ਗਿਣਾਉਂਦਾ ਹੈ, ਭਾਵ ਆਪਣੇ ਆਪ ਨੂੰ ਕਰਤਾ ਸਮਝਣ ਲੱਗ ਪੈਂਦਾ ਹੈ । "ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥1॥ ਅੰਗ 1241" । ਮੂਰਖ ਆਪਣੇ ਆਪ ਨੂੰ ਗਿਣਾਉਂਦਾ ਹੈ (ਭਾਵ ਵੱਡਾ ਜ਼ਾਹਿਰ ਕਰਦਾ ਹੈ) ਪਰ ਪ੍ਰਭੂ ਦੀ ਪ੍ਰੇਮਾ ਭਗਤੀ ਦੀ ਸਹੀ ਕਾਰ) ਸਮਝ ਨਹੀਂ ਸਕਦਾ । "ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥ ਅੰਗ 1343" । ਹਰ ਚੀਜ਼ ਪ੍ਰਭੂ ਦੇ ਹੁਕਮ ਵਿਚ ਹੀ ਆਉਂਦੀ ਹੈ ਤੇ ਉਸਦੇ ਹੁਕਮ ਵਿਚ ਹੀ ਚਲੀ ਜਾਂਦੀ ਹੈ, ਜੇ ਕੋਈ ਮੂਰਖ ਆਪਣੇ ਆਪ ਨੂੰ ਕਰਨਹਾਰ ਸਮਝ ਲੈਂਦਾ ਹੈ ਤਾਂ ਉਹ ਅੰਨ੍ਹਾ (ਅਗਿਆਨੀ) ਹੈ ਤੇ ਅੰਨ੍ਹਿਆਂ ਵਾਲ਼ੇ ਕੰਮ ਕਰਦਾ ਹੈ । "ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥ ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥ ਅੰਗ 556" । ਅੰਨ੍ਹੇ ਮੂਰਖ ਗਵਾਰ ਨੇ ਸਤਿਗੁਰੂ ਦੀ ਸੇਵਾ (ਸ਼ਬਦ ਵਿਚਾਰ) ਨਹੀਂ ਕੀਤੀ, ਮਾਇਆ ਮੋਹ ਕਾਰਨ ਬਹੁਤ ਦੁਖੀ ਹੋਇਆ ਤੇ ਜਲਦਾ ਹੋਇਆ ਹਾੜੇ ਕੱਢਦਾ ਹੈ ਪਰ ਜਿਹਨਾਂ ਕਰਕੇ ਸਤਿਗੁਰੂ ਨੂੰ ਵਿਸਾਰਿਆ ਉਹ ਅੰਤ ਸਮੇਂ ਸਾਥ ਨਹੀਂ ਦਿੰਦੇ । "ਸਤਿਗੁਰੁ ਨ ਸੇਵਿਓ ਮੂਰਖ ਅੰਧ ਗਵਾਰਿ॥ ਦੂਜੈ ਭਾਇ ਬਹੁਤੁ ਦੁਖੁ ਲਾਗਾ ਜਲਤਾ ਕਰੇ ਪੁਕਾਰ ॥ ਜਿਨ ਕਾਰਣਿ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ ॥ ਅੰਗ 556" । ਸਤਿਗੁਰਾਂ ਨੇ ਮਾਇਆ ਮੋਹ 'ਚ ਪਰਮੇਸ਼ਰ ਨੂੰ ਭੁੱਲੇ ਹੋਏ ਮਾਇਆ ਦੇ ਵਪਾਰ 'ਚ ਲੱਗੇ ਹੋਏ ਪੰਡਿਤਾਂ ਨੂੰ ਮੂਰਖ ਆਖਿਆ ਹੈ ।

ਬਾਕੀ ਅਗਲੇ ਹਫ਼ਤੇ ਪੜ੍ਹੋ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ। ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk


## ਕੈਨੇਡਾ 'ਚ ਘਰ ਲੈਣ ਵਾਲਿਆਂ ਲਈ ਜ਼ਰੂਰੀ ਖ਼ਬਰ, ਜ਼ਮੀਨ ਖ਼ਰੀਦਣ 'ਤੇ 2027 ਤੱਕ ਲੱਗੀ ਪਾਬੰਦੀ

ਓਟਾਵਾ : ਕੈਨੇਡਾ ਸਰਕਾਰ ਨੇ ਵਿਦੇਸ਼ੀ ਨਿਵੇਸ਼ਕਾਂ 'ਤੇ ਦੇਸ਼ ਵਿਚ ਜਾਇਦਾਦ ਖ਼ਰੀਦਣ 'ਤੇ ਲਾਈ ਪਾਬੰਦੀ ਵਿਚ ਦੋ ਹੋਰ ਸਾਲਾਂ ਦਾ ਵਾਧਾ ਕਰ ਦਿੱਤਾ ਹੈ। ਇਹ ਪਾਬੰਦੀ 1 ਜਨਵਰੀ, 2023 ਤੋਂ ਪਹਿਲਾਂ ਤੋਂ ਲਾਗੂ ਹੋ ਗਈ ਸੀ ਤੇ ਹੁਣ ਇਸ ਨੂੰ 1 ਜਨਵਰੀ, 2027 ਤੱਕ ਵਧਾ ਦਿੱਤਾ ਗਿਆ ਹੈ। ਸਰਕਾਰ ਨੇ ਇਹ ਐਲਾਨ ਵਿੱਤੀ ਵਰ੍ਹੇ 2024-25 ਦੇ ਸਾਲਾਨਾ ਬਜਟ ਦੀਆਂ ਤਜਵੀਜ਼ਾਂ ਚ ਕੀਤਾ ਸੀ।ਹੁਣ ਕੈਨੇਡਾ 'ਚ ਕੋਈ ਵੀ ਵਿਦੇਸ਼ੀ ਨਿਵੇਸ਼ਕ ਕੰਪਨੀ ਤੇ ਵਿਅਕਤੀ ਮੁਨਾਫ਼ਾ ਕਮਾਉਣ ਲਈ ਰਿਹਾਇਸ਼ੀ ਜਾਇਦਾਦ ਨਹੀਂ ਖ਼ਰੀਦ ਸਕੇਗਾ। ਕੈਨੇਡੀਅਨ ਨਾਗਰਿਕਾਂ ਤੇ ਪੀਆਰ ਪ੍ਰਾਪਤ ਵਿਦੇਸ਼ੀਆਂ 'ਤੇ ਇਸ ਪਾਬੰਦੀ ਦਾ ਕੋਈ ਅਸਰ ਨਹੀਂ ਪਵੇਗਾ। ਇਸ ਤੋਂ ਇਲਾਵਾ ਸਰਕਾਰ ਨੇ ਮੁਸਲਿਮ ਭਾਈਚਾਰੇ ਲਈ ਹਲਾਲ ਮਾਰ-ਗੇਜ ਯੋਜਨਾ ਵੀ ਸ਼ੁਰੂ ਕੀਤੀ ਹੈ। ਹਲਾਲ ਮਾਰਗੇਜ ਇਸਲਾਮਿਕ ਸ਼ਰੀਅਤ ਮੁਤਾਬਕ ਤਿਆਰ ਕੀਤਾ ਗਿਆ ਹੈ, ਜਿਸ ਅਧੀਨ ਵਿਆਜ ਲੈਣ-ਦੇਣ ਤੇ ਮੁਕੰਮਲ ਪਾਬੰਦੀ ਹੈ। ਸੋਸ਼ਲ ਮੀਡੀਆ 'ਤੇ ਇਸ ਯੋਜਨਾ ਦਾ ਇਹ ਆਖ ਕੇ ਵਿਰੋਧ ਵੀ ਹੋ ਰਿਹਾ ਹੈ ਕਿ ਅਜਿਹਾ ਐਲਾਨ ਸਿਰਫ਼ ਸਮਾਜ ਦੇ ਇੱਕ ਵਰਗ ਨੂੰ ਲਾਭ ਪਹੁੰਚਾਉਣ ਲਈ ਕੀਤਾ ਗਿਆ ਹੈ।

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**


**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**




**ਫੋਨ : 07853 317 891**

Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-48**

# ਕੋਸੀ ਧੁੱਪ ਦਾ ਨਿੱਘ




**ਸਾਮਰਾਜਵਾਦੀ ਤਾਕਤਾਂ, ਜਿਹਨਾਂ ਕੋਲ਼ ਆਧੁਨਿਕ ਹਥਿਆਰ, ਟੈਂਕ ਤੇ ਪੂਰੀ ਟਰੇਂਡ ਫ਼ੌਜ ਸੀ, ਪਰ ਇਸ ਸਭ ਦੇ ਬਾਵਜੂਦ ਇਹਨਾਂ ਸਿਰਲੱਥ ਯੋਧਿਆਂ ਨੇ ਸਾਮਰਾਜਵਾਦ ਨੂੰ ਗੋਡਿਆਂ ਭਾਰ ਕਰੀ ਰੱਖਿਆ..! ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਮਰਾਜਵਾਦ ਨੇ ਧੋਖੇ ਨਾਲ਼ ਪੂਰੀ ਦੁਨੀਆਂ ਵਿੱਚ ਜੰਗਾਂ ਛੇੜ ਕੇ ਜੰਗਾਂ ਜਿੱਤੀਆਂ ਸੀ...! ਜਦੋਂ ਯੂਰਪ ਦੇ ਸਾਮਰਾਜਵਾਦੀ ਦੇਸ਼ਾਂ ਨੇ ਆਪਣੀਆਂ ਆਧੁਨਿਕ ਫ਼ੌਜਾਂ ਨੂੰ ਏਸ਼ੀਆ ਅਤੇ ਅਫ਼ਰੀਕਾ ਦੇ ਮੁਲਕਾਂ ਨੂੰ ਗ਼ੁਲਾਮ ਬਣਾਉਣ ਲਈ ਭੇਜਿਆ, ਤਾਂ ਆਮ ਲੋਕ ਇਸ ਲੁੱਟ ਦੇ ਵਿਰੁੱਧ ਯੋਧੇ ਬਣ ਕੇ ਆ ਨਿੱਤਰੇ..! ਇਹਨਾਂ ਸਿਰਲੱਥ ਯੋਧਿਆਂ ਨੇ ਇਤਿਹਾਸ ਵਿੱਚ ਆਪਣੇ ਲੋਕਾਂ ਤੇ ਆਪਣੀ ਮਾਂ-ਭੂਮੀ ਦੀ ਰੱਖਿਆ ਲਈ ਲਗਾਤਾਰ ਜੂਝਣ ਦੀ ਮਿਸਾਲ ਪੇਸ਼ ਕੀਤੀ, ਆਪਣੇ ਲੋਕਾਂ ਨੂੰ ਬੇਇਨਸਾਫ਼ੀ, ਜ਼ੁਲਮ ਤੇ ਗ਼ੁਲਾਮੀ ਵਿਰੁੱਧ ਇੱਕਮੁੱਠ ਕੀਤਾ ਤੇ ਸਾਮਰਾਜੀਆਂ ਨੂੰ ਵੱਡਾ ਚੈਲਿੰਜ ਦਿੱਤਾ..! ਇਹਨਾਂ ਮਹਾਨ ਯੋਧਿਆਂ ਵਿੱਚੋਂ ਇੱਕ ਮਹਾਂ ਬਹਾਦਰ ਯੋਧਾ, ਲਿਬੀਆ ਦਾ ਨਾਇਕ ਓਮਰ ਮੁਖ਼ਤਾਰ ਸੀ...!"**

## ਕਾਂਡ 19

-"ਉਹਨੂੰ ਸਾਡੇ ਮੱਥੇ ਤਾਂ ਲਾ...!"

-"ਮੱਥੇ ਤਾਂ ਲਾ ਦਿਊਂਗਾ, ਪਰ ਦੁਹਾਈ ਐ ਮੇਰੀ, ਉਹਨੂੰ ਕੋਈ ਮੰਦਾ ਬਚਨ ਨਾ ਬੋਲਿਓ..! ਸਹੁੰ ਢਾਂਡੀ ਦੀ ਜਮਾਂ ਈ ਦਰਵੇਸ਼ ਬੰਦੈ..!"

-"ਮਖਿਆ ਨਹੀਂ ਬੋਲਦਾ, ਕਿਉਂ ਚਿੰਤਾ ਕਰਦੈਂ...?"

ਚੌਂਕੀਦਾਰ ਜਾ ਕੇ ਕੌਰੇ ਨੂੰ ਲੈ ਆਇਆ।

ਕੌਰਾ ਅੱਧ ਕੁ ਦਾ ਹੋ ਕੇ ਹੱਥ ਜੋੜੀ ਠਾਣੇਦਾਰ ਸਾਹਮਣੇ ਪੇਸ਼ ਹੋਇਆ।

ਸੰਖੇਪ ਕਾਰਵਾਈ ਤੋਂ ਬਾਅਦ ਸਰਪੰਚ ਅਤੇ ਕੌਰੇ ਨੂੰ ਜੀਪ ਵਿੱਚ ਬਿਠਾ ਠਾਣੇਦਾਰ ਸਿੱਧਾ ਹਸਪਤਾਲ਼ ਪਹੁੰਚ ਗਿਆ। ਉਸ ਨੇ ਨੰਬਰਦਾਰ ਦੇ ਮੁੰਡੇ ਦੇ ਬਿਆਨ ਕਲਮਬੱਧ ਕੀਤੇ ਅਤੇ ਫਿਰ ਸਬੰਧਿਤ ਡਾਕਟਰ ਨਾਲ਼ ਗੁਫ਼ਤਗੂ ਕੀਤੀ। ਗੰਡਾਸੇ ਦਾ ਟੱਕ ਡੂੰਘਾ ਹੋਣ ਕਾਰਨ ਕੇਸ ਛੱਬੀ ਦਾ ਬਣਦਾ ਸੀ।

-"ਜੇ ਗੱਲ ਹੱਥੋਂ ਜਾਂਦੀ ਦਿਸੀ ਤਾਂ ਗੱਲ ਆਬਦੇ ਹੱਥ ਲੈ-ਲੀਂ ਸਰਪੈਂਚਾ..! ਓਹ ਜਾਣੇ ਖਰਚਾ ਕਰ ਦਿਆਂਗੇ, ਪਰ ਮੁੰਡਾ ਨਾ ਬੱਝ-ਜੇ...!" ਕੌਰੇ ਨੇ ਸਰਪੈਂਚ ਦੇ ਕੰਨ ਕੋਲ਼ ਹੋ ਕੇ ਮੁਰਦਈ ਅਵਾਜ਼ ਵਿੱਚ ਕਿਹਾ।

-"ਮੈਂ ਦੇਖਗਾਂ ਬੈਠਾ..! ਚਿੰਤਾ ਕਾਹਦੀ ਕਰਦੈਂ ਕੌਰਿਆ...?"

ਦੂਰੋਂ ਆਉਂਦੇ ਠਾਣੇਦਾਰ ਨੂੰ ਦੇਖ ਕੇ ਕੌਰਾ ਮੁੜ ਬੋਲਿਆ।

-"ਹੁਣ ਸਾਰਾ ਮਾਮਲਾ ਤੇਰੇ ਹੱਥ 'ਚ ਐ ਸਰਪੈਂਚਾ, ਮਰਵਾ ਦੇ ਚਾਹੇ ਖਲਾਸੀ ਕਰਵਾ ਦੇ...!"

-"ਫ਼ਿਕਰ ਨਾ ਕਰ...!"

-"ਫੱਟ ਤਾਂ ਬਹੁਤੇ ਈ ਡੂੰਘੇ ਐ, ਪਤੰਦਰ ਨੇ ਮਾਰਨ ਲੱਗੇ ਨੇ ਭੋਰਾ ਕਿਰਕ ਨੀ ਕੀਤੀ...!" ਠਾਣੇਦਾਰ ਬੋਲਿਆ।

-"ਕੌਰਾ ਆਪਣਾ ਖ਼ਾਸ ਬੰਦਾ ਐ ਠਾਣੇਦਾਰ ਸਾਅਬ, ਆਪਾਂ ਇਹਦੀ ਪਿੱਠ ਨੀ ਲੱਗਣ ਦੇਣੀ...!"

ਉਹ ਜੀਪ ਵਿੱਚ ਬੈਠ ਠਾਣੇ ਆ ਗਏ।

ਕੌਰੇ ਨੂੰ ਸਰਪੈਂਚ ਨੇ ਬਾਹਰ ਬਿਠਾ ਦਿੱਤਾ ਅਤੇ ਆਪ ਦਫ਼ਤਰ ਅੰਦਰ ਚਲਿਆ ਗਿਆ।

-"ਮਾੜੀ ਮੋਟੀ ਜੇਬ ਵੀ ਢਿੱਲੀ ਕਰਵਾ, ਇਹ ਤਾਂ ਮਾਂਊਂ ਜਿਆ ਬਣਿਆਂ ਸਰਾਧ ਖਾਣ ਆਲ਼ਿਆਂ ਵਾਂਗੂੰ ਨਾਲ਼ ਤੁਰਿਆ ਫ਼ਿਰਦੈ...!"

-"ਸਾਮੀਂ ਠੀਕ ਐ, ਜੇਬ ਵੀ ਢਿੱਲੀ ਕਰੂ, ਪਰ ਛੱਬੀ ਦਾ ਨਾ ਬਣਨ ਦਿਓ...! ਨਾਲ਼ੇ ਓਹ ਨੰਬਰਦਾਰ ਆਪਣਾ ਵਿਰੋਧੀ ਐ, ਇਲੈਕਸ਼ਨ ਵੇਲ਼ੇ ਆਪਣੇ ਨਾਲ਼ ਖਹਿੰਦਾ ਹੁੰਦੈ..!"

-"ਮੂੰਹ ਤਾਂ ਸੁੰਘ ਕਿੰਨੀ ਕੁ ਮਾਰ ਖਾਊ...!"

-"ਤੁਸੀਂ ਦੱਸੋ ਤਾਂ ਸਹੀ, ਮਨਾਉਣਾ ਮੇਰਾ ਕੰਮ..!"

-"ਮਨਾਉਣ ਨੂੰ ਅਸੀਂ ਵਿਚੋਲੇ ਥੋੜ੍ਹੋ ਆਂ...? ਜੇ ਓਵੇਂ ਨਾ ਮੰਨੂੰ, ਅਸੀਂ ਦੂਜੇ ਪਾਸਿਓਂ ਧਲ਼ਿਆਰਾ ਪਾ ਲੈਣੈ...! ਸਾਡੀ ਤਾਬ ਝੱਲਣੀ ਕਿਹੜਾ ਸੌਖੀ ਐ ਸਰਪੈਂਚਾ...? ਅਸੀਂ ਤਾਂ ਐਹੋ ਜਿਆ ਖੱਭਾ ਪਾਵਾਂਗੇ, ਮੁੜ ਕੇ ਨਿਕਲਣ ਜੋਕਰਾ ਨੀ ਰਹਿਣਾ..!"

-"ਓਹ ਬਾਬਾ ਗੁਰੂ ਤੁਸੀਂ ਤਾਂ ਬਿਨਾ ਗੱਲੋਂ ਦਬਕਾੜੇ ਮਾਰੀ ਜਾਨੇ ਐਂ, ਤੁਸੀਂ ਗਿਣਤੀ ਤਾਂ ਦੱਸੋ...?"

-"ਪੰਜ ਡਾਕਟਰ ਦਾ ਤੇ ਪੰਦਰਾਂ ਮੇਰਾ...! ਪੂਰਾ ਵੀਹ..!"

-"ਫੇਰ ਰੱਸੇ ਲਹਿ ਜਾਣਗੇ...?"

-"ਰੱਸੇ ਕਾਹਦੇ ਲਹਿਣੇ ਆਂ...? ਨੰਬਰਦਾਰ ਦੇ ਨਿਆਣਾ ਪਾ ਕੇ ਰਾਜ਼ੀਨਾਵਾਂ ਕਰਵਾ ਦਿਆਂਗੇ, ਜੇ ਬਾਹਲ਼ਾ ਤੀਂਘੜਿਆ, ਫੇਰ ਚਾਰ ਗਾਲ਼ਾਂ ਵਾਹ ਦਿਆਂਗੇ...!"

ਸਰਪੈਂਚ ਬਾਹਰ ਆ ਗਿਆ।

-"ਕੌਰਿਆ, ਵੀਹ ਹਜ਼ਾਰ ਦਾ ਪ੍ਰਬੰਧ ਕਰ, ਕੇਸ ਖਾਰਜ ਐ...!"

-"ਸਵੇਰੇ ਆ ਕੇ ਦੇਜੂੰ ਸਰਪੈਂਚਾ, ਹੁਣ ਤਾਂ ਆੜ੍ਹਤੀਆ ਵੀ ਦੁਕਾਨ ਬੰਦ ਕਰ ਗਿਆ ਹੋਊ...! ਤੈਨੂੰ ਪਤੈ ਬਈ ਜੱਟ ਕੋਲ਼ੇ ਘਰੇ ਤਾਂ ਪੈਸਾ ਹੁੰਦਾ ਨੀ...!"

-"ਸਵੇਰੇ ਸਹੀ...! ਆਜਾ ਅੰਦਰ ਆ ਕੌਰਿਆ...!" ਠਾਣੇਦਾਰ ਨੇ ਅਵਾਜ਼ ਮਾਰੀ। ਉਹ ਹੁਣ ਪੂਰੇ ਰੁਕ ਵਿੱਚ ਬੋਲਣ ਲੱਗ ਪਿਆ ਸੀ। ਇੱਕ ਸਰਪੈਂਚ ਨੇ ਉਸ ਨੂੰ ਦੱਸ ਦਿੱਤਾ ਸੀ ਕਿ ਕੌਰਾ ਬੇਅੰਤ ਸਾਊ ਇਨਸਾਨ ਸੀ। ਇਸ ਲਈ ਠਾਣੇਦਾਰ ਵੀ ਉਸ ਨੂੰ ਮਾੜਾ ਬਚਨ ਨਹੀਂ ਬੋਲਿਆ ਸੀ।

ਕੌਰਾ ਅੰਦਰ ਚਲਿਆ ਗਿਆ।

-"ਸਵੇਰੇ ਆਪ ਈ ਆਜੀਂ ਮੇਰਾ ਵੀਰ..! ਹੁਣ ਸਾਡੇ ਤੋਂ ਗੇੜੇ ਨਾ ਮਰਵਾਈਂ...!"

-"ਮਖਿਆ ਜੀ ਦੁਪਿਹਰ ਤੋਂ ਪਹਿਲਾਂ ਥੋਡੇ ਚਰਨਾਂ 'ਚ ਢੇਰੀ ਕੀਤੇ ਲਓ...!"

ਸਰਪੈਂਚ ਅਤੇ ਕੌਰਾ ਠਾਣੇ ਤੋਂ ਬਾਹਰ ਆ ਗਏ। ਅਗਲੇ ਦਿਨ ਸਵੇਰੇ ਦਸ ਕੁ ਵਜੇ ਕੌਰੇ ਨੇ ਵੀਹ ਹਜ਼ਾਰ ਰੁਪਏ ਠਾਣੇਦਾਰ ਦੇ ਅੱਗੇ ਲਿਆ ਰੱਖੇ। ਠਾਣੇਦਾਰ ਬਾਗੋ-ਬਾਗ ਸੀ। ਉਸ ਨੇ ਕੌਰੇ ਲਈ ਚਾਹ ਮੰਗਵਾ ਕੇ ਦਿੱਤੀ ਅਤੇ ਆਪਣੇ ਕੋਲ਼ ਬਿਠਾ ਲਿਆ।

-"ਜੁਆਨੀ ਅੰਨ੍ਹੀਂ ਹੁੰਦੀ ਐ ਕੌਰਾ ਸਿਆਂ..! ਗਲਤੀਆਂ ਫਲਤੀਆਂ ਮੁੰਡਿਆਂ ਖੁੰਡਿਆਂ ਤੋਂ ਹੋ ਈ ਜਾਂਦੀਐਂ, ਘਬਰਾਈਂ ਬਿਲਕੁਲ ਨਾ..! ਜੇ ਕੋਈ ਅਵਾ ਤਵਾ ਬੋਲੇ, ਚਾਰ ਮਾਰੀਂ ਫ਼ਰਾਂ 'ਚ ਤੇ ਮੁੜ ਕੇ ਆਜੀਂ ਸਾਡੇ ਕੋਲ਼ੇ, ਫ਼ੇਰ ਦੇਖ ਅਸੀਂ ਗੋਡੇ ਕੁੱਟਦੇ..! ਹੁਣ ਤੂੰ ਬੇਫ਼ਿਕਰ ਹੋ ਕੇ ਘਰ ਨੂੰ ਜਾਹ ਤੇ ਐਸ਼ ਕਰ ...!"

## ਕਾਂਡ 20

ਬਖਤੌਰ ਦਾ ਮੁੰਡਾ ਬਚਿੱਤਰ ਬੜਾ ਹੀ ਸਲੱਗ ਅਤੇ ਬੁੱਧੀਮਾਨ ਨਿਕਲਿਆ ਸੀ। ਉਹ ਕਾਮਰੇਡ ਦੀ ਦੇਖ ਰੇਖ ਹੇਠ ਪੜ੍ਹ ਰਿਹਾ ਸੀ। ਕਾਮਰੇਡ ਵੀ ਉਸ ਨੂੰ ਜੀਅ-ਜਾਨ ਨਾਲ਼ ਸੁਚੱਜੇ ਰਾਹ ਪਾ ਰਿਹਾ ਸੀ। ਉਹ ਉਸ ਨੂੰ ਵੱਖੋ-ਵੱਖ ਯੋਧਿਆਂ ਦੇ ਕਿੱਸੇ ਸੁਣਾਉਂਦਾ। ਇੱਕ ਦਿਨ ਜਦ ਕਾਮਰੇਡ ਬਖਤੌਰ ਦੇ ਘਰ ਆਇਆ ਤਾਂ ਬਖਤੌਰ ਦੇ ਮੁੰਡੇ ਬਚਿੱਤਰ ਨੇ ਸੁਆਲ ਕੀਤਾ, "ਮਾਮਾ ਜੀ, ਓਮਰ ਮੁਖ਼ਤਾਰ ਕੌਣ ਸੀ...?" ਬਚਿੱਤਰ ਆਪਣੇ ਬਾਪ ਬਖਤੌਰ ਦੀ ਰੀਸ ਨਾਲ਼ ਕਾਮਰੇਡ ਨੂੰ "ਮਾਮਾ ਜੀ" ਆਖ ਕੇ ਹੀ ਬੁਲਾਉਂਦਾ ਸੀ।

-"ਤੂੰ ਓਮਰ ਮੁਖ਼ਤਾਰ ਦਾ ਨਾਂ ਕਿੱਥੋਂ ਸੁਣ ਲਿਆ...?"

-"ਸਾਡੀ ਯੂਨੀ ਵਿੱਚ ਇੱਕ ਲਿਬੀਆ ਦਾ ਮੁੰਡਾ ਪੜ੍ਹਦੈ, ਓਹ ਕਦੇ-ਕਦੇ ਓਮਰ ਮੁਖ਼ਤਾਰ ਦਾ ਜ਼ਿਕਰ ਬੜੇ ਮਾਣ ਨਾਲ਼ ਕਰਦਾ ਹੁੰਦੈ..! ਆਈ ਐਮ ਸੋ ਐਕਸਾਈਟਡ ਅਬਾਊਟ ਹਿੰਮ..!"

-"ਲੈ ਫ਼ੇਰ ਬਚਿੱਤਰ ਸਿਆਂ, ਅੱਜ ਤੈਨੂੰ ਮੈਂ ਓਮਰ ਮੁਖਤਾਰ ਦੀ ਵਿੱਥਿਆ ਸੁਣਾਊਂਗਾ...! ਓਮਰ ਮੁਖ਼ਤਾਰ ਦਾ ਪੂਰਾ ਨਾਂ ਓਮਰ ਅਲ-ਮੁਖ਼ਤਾਰ ਸੀ ਤੇ ਉਸ ਯੋਧੇ ਦਾ ਜਨਮ 20 ਅਗਸਤ 1858 ਨੂੰ ਲਿਬੀਆ ਦੇਸ਼ ਦੇ ਕਸਬੇ ਜ਼ਾਬਾਇਆਤ ਜ਼ਾਨਜ਼ੂਰ ਵਿੱਚ ਹੋਇਆ ਸੀ...!"

-"............!"

-"ਸੋਲਾਂ ਸਤੰਬਰ 1931 ਨੂੰ ਸਾਮਰਾਜਵਾਦੀ ਤਾਕਤਾਂ ਨੇ ਲਿਬੀਆ ਵਿੱਚ 73 ਸਾਲਾ ਮਹਾਨ ਲਿਬੀਆ ਦੇ ਯੋਧੇ ਓਮਰ ਮੁਖ਼ਤਾਰ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਸੀ...!"

-"ਉਹਦਾ ਕਸੂਰ ਕੀ ਸੀ ਜੀ...?" ਬਚਿੱਤਰ ਕਹਾਣੀ ਪੂਰੀ ਰੁਚੀ ਨਾਲ਼ ਸੁਣ ਰਿਹਾ ਸੀ।

-"ਸਾਰੀ ਗਾਥਾ ਈ ਦੱਸਦੈਂ ਸ਼ੇਰਾ..! ਜਿਹੜੇ ਆਪਣੇ ਦੇਸ਼ ਲਈ ਲੜਦੇ ਸੀ, ਓਮਰ ਮੁਖ਼ਤਾਰ ਉਹਨਾਂ ਸਾਰੇ ਯੋਧਿਆਂ ਲਈ ਇੱਕ ਇਤਿਹਾਸਕ ਨਾਇਕ ਮਾਡਲ ਸੀ, ਜੋ ਲੁਟੇਰਾ ਸਾਮਰਾਜਵਾਦ ਵਿਰੁੱਧ ਆਪਣੇ ਦੇਸ਼ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਸੀ..! ਅਸਲ ਵਿੱਚ ਸਾਨੂੰ ਅੱਜ ਉਸ ਮਹਾਨ ਬਜ਼ੁਰਗ ਯੋਧੇ ਬਾਰੇ ਜਾਨਣ ਦੀ ਜ਼ਰੂਰਤ ਐ, ਜਿਸ ਨੇ ਨਾਜ਼ੀਵਾਦ ਦੇ ਖ਼ਿਲਾਫ਼ ਵੀਹ ਸਾਲ ਹਥਿਆਰਬੰਦ ਯੁੱਧ ਵਿੱਢਿਆ, ਗੁਰੀਲਾ ਜੰਗ ਲੜੀ ਤੇ ਆਪਣੇ ਲੋਕਾਂ ਲਈ ਜੂਝਦਿਆਂ ਸ਼ਹਾਦਤ ਪਾਈ...!"

-".............!" ਬਚਿੱਤਰ ਮੰਤਰ ਮੁਗਧ ਹੋਇਆ ਸੁਣ ਰਿਹਾ ਸੀ।

-"ਸਾਮਰਾਜਵਾਦੀ ਤਾਕਤਾਂ, ਜਿਹਨਾਂ ਕੋਲ਼ ਆਧੁਨਿਕ ਹਥਿਆਰ, ਟੈਂਕ ਤੇ ਪੂਰੀ ਟਰੇਂਡ ਫ਼ੌਜ ਸੀ, ਪਰ ਇਸ ਸਭ ਦੇ ਬਾਵਜੂਦ ਇਹਨਾਂ ਸਿਰਲੱਥ ਯੋਧਿਆਂ ਨੇ ਸਾਮਰਾਜਵਾਦ ਨੂੰ ਗੋਡਿਆਂ ਭਾਰ ਕਰੀ ਰੱਖਿਆ..! ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਮਰਾਜਵਾਦ ਨੇ ਧੋਖੇ ਨਾਲ਼ ਪੂਰੀ ਦੁਨੀਆਂ ਵਿੱਚ ਜੰਗਾਂ ਛੇੜ ਕੇ ਜੰਗਾਂ ਜਿੱਤੀਆਂ ਸੀ...! ਜਦੋਂ ਯੂਰਪ ਦੇ ਸਾਮਰਾਜਵਾਦੀ ਦੇਸ਼ਾਂ ਨੇ ਆਪਣੀਆਂ ਆਧੁਨਿਕ ਫ਼ੌਜਾਂ ਨੂੰ ਏਸ਼ੀਆ ਅਤੇ ਅਫ਼ਰੀਕਾ ਦੇ ਮੁਲਕਾਂ ਨੂੰ ਗ਼ੁਲਾਮ ਬਣਾਉਣ ਲਈ ਭੇਜਿਆ, ਤਾਂ ਆਮ ਲੋਕ ਇਸ ਲੁੱਟ ਦੇ ਵਿਰੁੱਧ ਯੋਧੇ ਬਣ ਕੇ ਆ ਨਿੱਤਰੇ..! ਇਹਨਾਂ ਸਿਰਲੱਥ ਯੋਧਿਆਂ ਨੇ ਇਤਿਹਾਸ ਵਿੱਚ ਆਪਣੇ ਲੋਕਾਂ ਤੇ ਆਪਣੀ ਮਾਂ-ਭੂਮੀ ਦੀ ਰੱਖਿਆ ਲਈ ਲਗਾਤਾਰ ਜੂਝਣ ਦੀ ਮਿਸਾਲ ਪੇਸ਼ ਕੀਤੀ, ਆਪਣੇ ਲੋਕਾਂ ਨੂੰ ਬੇਇਨਸਾਫ਼ੀ, ਜ਼ੁਲਮ ਤੇ ਗ਼ੁਲਾਮੀ ਵਿਰੁੱਧ ਇੱਕਮੁੱਠ ਕੀਤਾ ਤੇ ਸਾਮਰਾਜੀਆਂ ਨੂੰ ਵੱਡਾ ਚੈਲਿੰਜ ਦਿੱਤਾ..! ਇਹਨਾਂ ਮਹਾਨ ਯੋਧਿਆਂ ਵਿੱਚੋਂ ਇੱਕ ਮਹਾਂ ਬਹਾਦਰ ਯੋਧਾ, ਲਿਬੀਆ ਦਾ ਨਾਇਕ ਓਮਰ ਮੁਖ਼ਤਾਰ ਸੀ...!"

-"ਓਮਰ ਮੁਖ਼ਤਾਰ ਇੱਕ ਅਧਿਆਪਕ ਸੀ..! 1895 ਵਿੱਚ ਉਹ ਸੁਡਾਨ ਚਲਿਆ ਗਿਆ..! ਉਸ ਨੇ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਮਹਿੰਦੀ ਸੁਡਾਨੀਆਂ ਦੀ ਲਹਿਰ ਵਿੱਚ ਹਿੱਸਾ ਲਿਆ, ਪਰ ਇਸ ਲਹਿਰ ਦੀ ਅਸਫ਼ਲਤਾ ਤੋਂ ਬਾਅਦ ਉਹ ਦੁਬਾਰਾ ਲਿਬੀਆ ਵਾਪਸ ਆ ਗਿਆ..! ਫ਼ੇਰ 1911 ਵਿੱਚ ਇਟਲੀ ਨੇ ਉਸਮਾਨੀ ਹਕੂਮਤ ਦਾ ਮੁਕਾਬਲਾ ਕੀਤਾ ਤੇ ਲਿਬੀਆ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ..! ਓਮਰ ਮੁਖ਼ਤਾਰ ਨੇ ਲਿਬੀਆ ਦੇ ਕਬੀਲਿਆਂ ਦੇ ਯੋਧਿਆਂ ਦੀ ਮੱਦਦ ਨਾਲ਼ ਇਟਾਲੀਅਨ ਸਾਮਰਾਜੀਆਂ ਵਿਰੁੱਧ ਹਥਿਆਰਬੰਦ ਯੁੱਧ ਦਾ ਬਿਗਲ ਵਜਾ ਦਿੱਤਾ

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

# ਦਲ ਬਦਲੂ ਅਤੇ ਦਲ ਬਦਲ ਵਿਰੋਧੀ ਕਾਨੂੰਨ

ਗੁਰਮੀਤ ਸਿੰਘ ਪਲਾਹੀ
-9815802070



ਦੇਸ਼ ਵਿੱਚ ਦਲ ਬਦਲਣ ਦੀ ਖੇਡ 60 ਸਾਲ ਪੁਰਾਣੀ ਹੈ। ਅਸਲ ਵਿੱਚ ਦਲ ਬਦਲ 'ਸਿਆਸੀ ਦਿਲ' ਬਦਲਣ ਦੀ ਨਿਵੇਕਲੀ ਖੇਡ ਹੈ। ਇਹ ਕਦੇ ਇੱਕ ਪਾਰਟੀ ਵਿੱਚ ਆਦਰ-ਮਾਣ-ਸਨਮਾਣ ਨਾ ਮਿਲਣ ਤੋਂ ਨਿਰਾਸ਼ ਹੋਣ ਉਤੇ ਹੁੰਦਾ ਹੈ ਅਤੇ ਕਦੇ "ਮਨ ਦੀ ਅਵਾਜ਼" ਸੁਨਣ 'ਤੇ। ਤਾਕਤ ਦੀ ਹਵਾ ਜਿਸ ਪਾਸੇ ਵੱਲ ਵੱਗਦੀ ਹੈ, ਦਲ ਬਦਲ ਵੀ ਉਸ ਪਾਰਟੀ ਵੱਲ ਵੱਧ ਹੁੰਦਾ ਹੈ। ਭਾਰਤ ਵਿੱਚ ਇਹ ਕਿਸੇ ਵੇਲੇ ਕਾਂਗਰਸ ਵੱਲ ਵੱਧ ਹੁੰਦਾ ਸੀ, ਹੁਣ ਭਾਜਪਾ ਵੱਲ ਜਿਆਦਾ ਹੈ।

ਦੇਸ਼ ਦੇ ਚੋਣ ਮਹਾਂਕੁੰਭ ਦਾ ਦ੍ਰਿਸ਼ ਇਸ ਵਰ੍ਹੇ ਨਿਰਾਲਾ ਹੈ। ਥੋਕ ਦੇ ਭਾਅ ਹੋ ਰਿਹਾ ਦਲ ਬਦਲ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਰਿਹਾ ਹੈ। ਇਕ ਵਿਸ਼ਲੇਸ਼ਣ ਅਨੁਸਾਰ ਸਾਲ 2024 ਦੀਆਂ ਚੋਣਾਂ 'ਚ ਭਾਜਪਾ ਦਾ ਹਰ ਚੌਥਾ ਉਮੀਦਵਾਰ ਦਲ ਬਦਲੂ ਹੈ। ਭਾਜਪਾ ਹੁਣ ਤੱਕ 417 ਉਮੀਦਵਾਰ ਐਲਾਨ ਚੁੱਕੀ ਹੈ। ਇਹਨਾ ਵਿਚੋਂ 116 (28 ਫੀਸਦੀ) ਉਹ ਉਮੀਦਵਾਰ ਹਨ, ਜੋ ਸਿਆਸੀ ਧਿਰ ਬਦਲ ਕੇ ਭਾਜਪਾ ਵੱਲ ਆਏ ਹਨ। ਇਹਨਾ 116 ਵਿਚੋਂ 37 ਕਾਂਗਰਸ ਵਿਚੋਂ ਆਏ ਹਨ।

ਇਸੇ ਤਰ੍ਹਾਂ 2016 ਤੋਂ 2020 ਦੇ ਦੌਰਾਨ ਐਮ. ਪੀ. ਅਤੇ ਐਮ ਐਲ ਏ ਵਿਚੋਂ ਸਿਆਸੀ ਧਿਰਾਂ ਬਦਲਣ ਦੀ ਰਿਪੋਰਟ ਸਾਹਮਣੇ ਆਈ ਸੀ ਜਿਸ ਅਨੁਸਾਰ 405 ਵਿਧਾਇਕਾਂ ਅਤੇ 16 ਪਾਰਲੀਮੈਂਟ ਦੇ ਮੈਂਬਰਾਂ ਨੇ ਪਾਰਟੀ ਬਦਲੀ ਸੀ। ਦਲ ਬਦਲ ਕਰਨ ਵਾਲੇ 182 ਵਿਧਾਇਕ ਅਤੇ 10 ਐਮ.ਪੀ, ਭਾਜਪਾ 'ਚ ਸ਼ਾਮਲ ਹੋਏ।

ਜਦੋਂ ਕਦੇ ਕਾਂਗਰਸ ਦਾ ਸੂਰਜ ਚਮਕਦਾ ਸੀ, ਉਸ ਵੇਲੇ ਕਾਂਗਰਸ ਨੂੰ ਇਸ ਦਾ ਫਾਇਦਾ ਹੋਇਆ। ਸਾਲ 1957 ਤੋਂ 1967 ਦਰਮਿਆਨ 419 ਵਿਧਾਇਕ ਕਾਂਗਰਸ ਵਿੱਚ ਸ਼ਾਮਲ ਹੋਏ ਸਨ।

ਦਲ ਬਦਲ ਦੇ ਰੌਚਕ ਕਿੱਸਿਆਂ ਦਾ ਵਰਨਣ ਕਰਨਾ ਬਹੁਤ ਹੀ ਜ਼ਰੂਰੀ ਹੈ। ਮਹਾਂਰਾਸ਼ਟਰ ਵਿੱਚ 7 ਮਾਰਚ 1978 ਨੂੰ ਬਸੰਤ ਦਾਦਾ ਪਾਟਿਲ ਦੀ ਅਗਵਾਈ 'ਚ ਸਰਕਾਰ ਸੱਤਾ ਵਿੱਚ ਆਈ। 18 ਜੁਲਾਈ 1978 ਨੂੰ ਸ਼ਰਦ ਪਵਾਰ (ਦੇਸ਼ ਦੇ ਪ੍ਰਸਿੱਧ ਸਿਆਸੀ ਨੇਤਾ) ਦੁਪਿਹਰ ਵੇਲੇ ਵਿਧਾਨ ਸਭਾ 'ਚ ਪਾਟਿਲ ਸਰਕਾਰ ਦੇ ਹੱਕ 'ਚ ਕਸੀਦੇ ਪੜ੍ਹਦੇ ਨਜ਼ਰ ਆਏ, ਪਰੰਤੂ ਸ਼ਾਮ ਹੁੰਦਿਆਂ ਹੀ ਉਹ ਰਾਜ ਭਵਨ ਪੁੱਜੇ ਅਤੇ ਉਥੇ ਜਾਕੇ ਬਗਾਵਤ ਦੀ ਚਿੱਠੀ ਗਵਰਨਰ ਨੂੰ ਪੇਸ਼ ਕੀਤੀ ਅਤੇ ਫਿਰ ਖੁਦ ਮੁੱਖ ਮੰਤਰੀ ਬਣ ਗਏ।

ਹਰਿਆਣਾ ਵਿੱਚ ਭਜਨ ਲਾਲ ਨੇ ਸਿਆਸਤ ਕਾਂਗਰਸੀ ਵਜੋਂ ਸ਼ੁਰੂ ਕੀਤੀ, ਪ੍ਰੰਤੂ 1977 ਵਿੱਚ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ। ਹਰਿਆਣਾ ਦੀ ਦੇਵੀ ਲਾਲ ਸਰਕਾਰ ਵਿੱਚ ਉਹ ਮੰਤਰੀ ਬਣ ਗਏ। ਸਾਲ 1980 ਵਿੱਚ ਇੰਦਰਾ ਗਾਂਧੀ ਦੀ ਕੇਂਦਰ 'ਚ ਸੱਤਾ ਵਾਪਿਸੀ ਸਮੇਂ ਉਹ ਪੂਰੇ ਮੰਤਰੀ ਮੰਡਲ ਸਮੇਤ ਕਾਂਗਰਸ ਵਿੱਚ ਸ਼ਾਮਲ ਹੋ ਗਏ। (ਕੀ ਇਹ ਹਿਰਦੇ ਪ੍ਰੀਵਰਤਨ ਸੀ ਜਾਂ ਗੱਦੀ ਦੀ ਭੁੱਖ ?)

ਦਲ ਬਦਲ ਕਰਨ ਵਾਲਿਆਂ ਲਈ ਅਕਸਰ "ਆਇਆ ਰਾਮ, ਗਿਆ ਰਾਮ" ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ 'ਚ "ਗਿਆ ਰਾਮ" ਹਰਿਆਣਾ ਦੇ ਹਸਨਪੁਰ ਵਿਧਾਨ ਸਭਾ ਖੇਤਰ (ਹੁਣ ਹੋਡਲ) ਵਿੱਚ ਐਮ. ਐਲ. ਏ. ਸਨ, ਉਹਨਾ ਦੇ ਚੋਣ ਜਿੱਤਣ ਤੋਂ ਬਾਅਦ 15 ਦਿਨਾਂ 'ਚ ਚਾਰ ਵੇਰ ਆਪਣਾ ਦਲ ਬਦਲਿਆ। 1967 ਵਿੱਚ ਪਹਿਲੀ ਵੇਰ ਹਰਿਆਣਾ ਵਿਧਾਨ ਸਭਾ ਚੋਣਾਂ ਹੋਈਆਂ। ਇਸ ਵਿੱਚ 16 ਆਜ਼ਾਦ ਐਮ. ਐਲ. ਏ ਚੁਣੇ ਗਏ, ਇਹਨਾ ਵਿੱਚ ਗਿਆ ਰਾਮ ਇੱਕ ਸੀ। ਉਹ ਕਾਂਗਰਸ ਤੋਂ ਟਿਕਟ ਨਾ ਮਿਲਣ ਕਾਰਨ ਬਾਗੀ ਹੋ ਗਿਆ ਸੀ। ਪਰ ਫਿਰ ਚੋਣ ਜਿੱਤ ਕੇ ਕਾਂਗਰਸ 'ਚ ਸ਼ਾਮਲ ਹੋ ਗਿਆ। ਜਦ ਕਾਂਗਰਸ ਨੇ 48 ਸੀਟਾਂ ਲੈ ਕੇ ਵਜਾਰਤ ਬਣਾਈ, ਪਰ ਇਹ ਵਜਾਰਤ 10 ਦਿਨਾਂ ਬਾਅਦ ਹੀ ਡਿੱਗ ਪਈ। ਗਿਆ ਰਾਮ ਨੇ 12 ਵਿਧਾਇਕਾਂ ਨਾਲ ਰਲ ਕੇ ਪਾਰਟੀ ਛੱਡ ਦਿੱਤੀ ਅਤੇ ਯੁਨਾਈਟਿਡ ਫਰੰਟ 'ਚ ਸ਼ਾਮਲ ਹੋ ਗਏ। ਫਿਰ ਕੁਝ ਘੰਟਿਆਂ 'ਚ ਹੀ ਗਿਆ ਰਾਮ ਦਾ ਮਨ ਬਦਲ ਗਿਆ ਤੇ ਉਹ ਕਾਂਗਰਸ ਵਿੱਚ ਆ ਗਏ। ਪਰ ਕਾਂਗਰਸ ਵਿੱਚ ਉਹ ਸਿਰਫ਼ 9 ਘੰਟੇ ਟਿਕੇ ਅਤੇ ਕਾਂਗਰਸ ਛੱਡਕੇ ਮੁੜ ਯੂਨਾਈਟਿਡ ਫਰੰਟ 'ਚ ਚਲੇ ਗਏ। ਕਮਾਲ ਦੀ ਗੱਲ ਤਾਂ ਇਹ ਕਿ ਉਹਨਾ ਨੇ ਇੱਕ ਦਿਨ ਵਿੱਚ ਤਿੰਨ ਵੇਰ ਦਲ ਬਦਲਣ ਦਾ ਤਮਾਸ਼ਾ ਕੀਤਾ। ਕੁਝ ਦਿਨਾਂ ਬਾਅਦ ਫਿਰ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਕਾਂਗਰਸ ਵਾਪਿਸੀ ਤੋਂ ਬਾਅਦ ਮੌਕੇ ਦੇ ਪ੍ਰਭਾਵਸ਼ਾਲੀ ਨੇਤਾ ਰਾਓ ਬਰੇਂਦਰ ਸਿੰਘ ਨੇ ਉਹਨਾ ਨੂੰ ਪ੍ਰੈੱਸ ਕਾਨਫਰੰਸ 'ਚ ਪੇਸ਼ ਕੀਤਾ ਤੇ ਕਿਹਾ "ਗਿਆ ਰਾਮ ਹੁਣ ਆਇਆ ਰਾਮ ਹੈ" ਇਸ ਤੋਂ ਬਾਅਦ ਭਾਰਤੀ ਸਿਆਸਤ ਵਿੱਚ ਦਲ ਬਦਲੂਆਂ ਦੇ ਲਈ "ਆਇਆ ਰਾਮ ਗਿਆ ਰਾਮ" ਦਾ ਮੁਹਾਵਰਾ ਬਣ ਗਿਆ।

ਸਾਲ 2014 ਤੋਂ ਹੁਣ ਤੱਕ ਕਾਂਗਰਸ ਦੇ 50 ਤੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਨੇਤਾ ਜਿਹਨਾ ਵਿੱਚ 15 ਮੁੱਖ ਮੰਤਰੀ, ਇੰਨੇ ਹੀ ਕੇਂਦਰੀ ਮੰਤਰੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਜਾਂ ਅਹੁਦੇਦਾਰ, ਜਾਂ ਤਾਂ ਕਿਸੇ ਹੋਰ ਪਾਰਟੀ ਵਿੱਚ ਜਾ ਚੁੱਕੇ ਹਨ ਜਾਂ ਨਵੀਂ ਪਾਰਟੀ ਬਣਾ ਚੁੱਕੇ ਹਨ। ਇਹਨਾ ਵਿੱਚ ਐਸ. ਐਮ. ਕ੍ਰਿਸ਼ਨਨ, ਗੁਲਾਮ ਨਬੀ ਆਜ਼ਾਦ, ਕੈਪਟਨ ਅਮਰਿੰਦਰ ਸਿੰਘ, ਨਰਾਇਣ ਦੱਤ ਤਿਵਾੜੀ (ਸਵ:) ਅਸ਼ੋਕ ਚੌਹਾਨ, ਪੇਮਾ ਖਾਂਡੂ, ਕਿਰਣ ਰੈਡੀ, ਵਿਜੈ ਬਹੁਗੁਣਾ, ਦਿਗੰਬਰ ਕਾਮਤ, ਰਵੀ ਨਾਇਕ, ਨਰਾਇਣ ਰਾਏ, ਮੁਕੁਲ ਸੰਗਮਾ ਸ਼ਾਮਲ ਹਨ। ਇਹਨਾ ਵਿੱਚੋਂ ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ ਅਤੇ ਫਿਰ ਨਵੀਂ ਪਾਰਟੀ "ਡੈਮੋਕਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ ਦਾ ਗਠਨ ਕੀਤਾ।



ਇਹ ਦਲ ਬਦਲੀ ਵਿਰੋਧੀ ਕਾਨੂੰਨੀ ਦੀ ਦੁਰਵਰਤੋਂ ਦੀਆਂ ਉਦਾਹਰਨਾਂ ਹਨ। ਦਲ ਬਦਲੀ ਵਿਰੋਧੀ ਕਾਨੂੰਨ ਤਾਂ ਇਸ ਕਰਕੇ ਲਿਆਂਦਾ ਗਿਆ ਸੀ ਕਿ ਭਾਰਤੀ ਲੋਕ ਤੰਤਰ ਮਜ਼ਬੂਤ ਹੋਵੇ ਤੇ ਕੁਝ ਸਵਾਰਥੀ ਲੋਕ ਲੋਕਤੰਤਰ ਦਾ ਮਜ਼ਾਕ ਨਾ ਬਣਾ ਦੇਣ ਜਿਵੇਂ ਕਿ ਹਕੂਮਤ ਪ੍ਰਾਪਤੀ ਲਈ ਇਸ ਸਮੇਂ ਵੀ ਹੋ ਰਿਹਾ ਹੈ। ਲੋਕਤੰਤਰਿਕ ਪ੍ਰਕਿਰਿਆ ਵਿੱਚ ਤਾਂ ਸਿਆਸੀ ਦਲਾਂ ਦੀ ਭੂਮਿਕਾ ਅਹਿਮ ਹੁੰਦੀ ਹੈ ਉਹ ਸਿਧਾਂਤਕ ਤੌਰ 'ਤੇ, ਸਮੂਹਿਕ ਰੂਪ ਵਿੱਚ ਲੋਕ-ਹਿੱਤ ਵਿੱਚ ਫ਼ੈਸਲੇ ਲੈ ਕੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ। ਪਰੰਤੂ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਿਆਸੀ ਦਲ ਲੋਕਾਂ ਦੇ ਵੋਟਾਂ 'ਚ ਦਿੱਤੇ ਫ਼ੈਸਲੇ ਦੀ ਅਣਦੇਖੀ ਕਰਨ ਲਗ ਪਏ ਸਨ

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਪੂਰਾ ਪਰਿਵਾਰ, ਪਿਛਲੇ ਸੌ ਸਾਲ ਤੋਂ ਕਾਂਗਰਸ ਨਾਲ ਜੁੜਿਆ ਕਾਂਗਰਸੀ ਨੇਤਾ ਗੁਰਬੰਤਾ ਸਿੰਘ ਦਾ ਚੌਧਰੀ ਪਰਿਵਾਰ, ਧੁਰੰਤਰ ਕਾਂਗਰਸੀ ਨੇਤਾ ਬਲਰਾਮ ਜਾਖੜ ਦਾ ਪੁੱਤਰ ਸੁਨੀਲ ਜਾਖੜ, (ਜੋ ਸੂਬਾ ਕਾਂਗਰਸ ਦਾ ਪ੍ਰਧਾਨ ਰਿਹਾ) ਅਨੇਕਾਂ ਮੈਂਬਰ ਪਾਰਲੀਮੈਂਟ ਸਮੇਤ ਪੰਜਾਬ ਦੇ ਧੱਕੜ ਕਾਂਗਰਸੀ ਨੇਤਾ ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਦਾ ਪੋਤਾ ਰਵਨੀਤ ਬਿੱਟੂ ਵੀ ਇਸ ਲਿਸਟ ਵਿੱਚ ਸ਼ਾਮਲ ਹਨ।

ਦੇਸ਼ ਦੇ ਹੋਰ ਸੂਬਿਆਂ ਨਾਲੋਂ ਵੱਧ ਹਰਿਆਣਾ ਦਲ ਬਦਲੂਆਂ ਦਾ ਕੇਂਦਰ ਰਿਹਾ ਹੈ। ਸਾਲ 1967 ਤੋਂ 1983 ਦੇ ਵਿਚਕਾਰ ਸੂਬੇ ਵਿੱਚ 2700 ਤੋਂ ਵੀ ਜ਼ਿਆਦਾ ਵੇਰ ਦਲ ਬਦਲ ਹੋਇਆ। ਅਨੇਕਾਂ ਦਲ ਬਦਲੂ ਮੁੱਖ ਮੰਤਰੀ ਦੀ ਕੁਰਸੀ ਤੱਕ ਪਹੁੰਚੇ।

ਹਰਿਆਣਾ ਵਿੱਚ ਇੰਨੇ ਵੱਡੇ ਪੈਮਾਨੇ ਤੇ ਦਲ ਬਦਲ ਨੇ ਇਸ ਸਬੰਧ ਵਿੱਚ ਕਿਸੇ ਕਾਨੂੰਨ ਦੀ ਲੋੜ ਮਹਿਸੂਸ ਕੀਤੀ ਅਤੇ ਅਖ਼ੀਰ ਕਾਫ਼ੀ ਕੋਸ਼ਿਸ਼ਾਂ ਬਾਅਦ ਸਾਲ 1985 ਵਿੱਚ 52ਵੀਂ ਸੰਵਾਧਾਨਿਕ ਸੋਧ ਨਾਲ ਦਲ ਬਦਲੀ ਕਾਨੂੰਨ ਲਾਗੂ ਹੋ ਗਿਆ। ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ (ਸਪੁੱਤਰ ਇੰਦਰਾ ਗਾਂਧੀ) ਸਨ, ਜੋ 400 ਪਾਰਲੀਮੈਂਟਾਂ ਸੀਟਾਂ ਜਿੱਤ ਗਏ ਹਨ। ਇਸ ਗੱਲ ਦਾ ਖ਼ਦਸ਼ਾ ਪਾਲੀ ਬੈਠੇ ਸਨ ਕਿ ਉਹਨਾ ਦੀ ਪਾਰਟੀ 'ਚ ਭੰਨ-ਤੋੜ ਨਾ ਹੋ ਜਾਏ। ਇਸੇ ਕਰਕੇ ਉਹਨਾ ਨੇ ਦਲ ਬਦਲ ਰੋਕੂ ਕਾਨੂੰਨ ਬਣਾਉਣ ਲਈ ਤੇਜੀ ਵਰਤੀ।

1985 ਦੇ ਇਸ ਕਾਨੂੰਨ ਵਿੱਚ ਪ੍ਰਾਵਾਧਾਨ ਕੀਤਾ ਗਿਆ ਕਿ ਜੇਕਰ ਕੋਈ ਐਮ. ਐਲ. ਏ., ਐਮ. ਪੀ., ਆਪਣੀ ਪਾਰਟੀ ਛੱਡਕੇ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੁੰਦਾ ਹੈ ਤਾਂ ਉਸਦੀ ਸਦਨ ਵਿੱਚ ਮੈਂਬਰੀ ਖ਼ਤਮ ਹੋ ਜਾਏਗੀ। ਪਰ ਜੇਕਰ ਉਸ ਪਾਰਟੀ ਦੇ ਇੱਕ ਤਿਹਾਈ ਮੈਂਬਰ ਵੱਖਰਾ ਗੁੱਟ ਬਣਾਕੇ ਪਾਰਟੀ ਛੱਡਦੇ ਹਨ ਤਾਂ ਇਹ ਕਾਨੂੰਨ ਲਾਗੂ ਨਹੀਂ ਹੋਏਗਾ।

ਸਾਲ 2003 ਵਿੱਚ ਇਸ ਕਾਨੂੰਨ 'ਚ ਸੋਧ ਕਰ ਦਿੱਤੀ ਗਈ, ਜਿਸ ਅਨੁਸਾਰ ਇਹ ਗਿਣਤੀ ਦੋ ਤਿਹਾਈ ਕਰ ਦਿੱਤੀ ਗਈ। ਜਿਸ ਨਾਲ ਇਸ ਕਾਨੂੰਨ ਦੀ ਪ੍ਰਸੰਗਕਿਤਾ ਬਹੁਤ ਘੱਟ ਗਈ ਹੈ। ਹੁਣ ਨੇਤਾ, ਸਦਨ ਵਿਚੋਂ ਆਪਣੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੰਦੇ ਹਨ, ਦੂਜੀ ਪਾਰਟੀ ਵਿੱਚ ਨਹੀਂ ਜਾਂਦੇ, ਸਗੋਂ ਸਾਂਝੇ ਤੌਰ 'ਤੇ ਅਸਤੀਫ਼ਾ ਦੇਕੇ ਉਸ ਪਾਰਟੀ ਦਾ ਸਦਨ ਵਿੱਚੋਂ ਬਹੁਮਤ ਨੂੰ ਖ਼ਤਮ ਕਰ ਦਿੰਦੇ ਹਨ। ਸਾਲ 2018 'ਚ ਮੱਧ ਪ੍ਰਦੇਸ਼ ਵਿੱਚ ਵੀ ਇੰਜ ਹੀ ਵਾਪਰਿਆ।

2018 ਵਿੱਚ ਮੱਧ ਪ੍ਰਦੇਸ਼ ਦੇਸ਼ 'ਚ ਕਮਲ ਨਾਥ ਨੇ 114 ਸੀਟਾਂ ਜਿੱਤਕੇ ਸਰਕਾਰ ਬਣਾਈ। ਭਾਜਪਾ ਨੂੰ 109 ਸੀਟਾਂ ਮਿਲੀਆਂ। ਕਾਂਗਰਸ ਦੇ 22 ਵਿਧਾਇਕਾਂ ਨੇ ਅਸਤੀਫ਼ਾ ਦੇ ਦਿੱਤਾ। ਕਾਂਗਰਸ ਵਜ਼ਾਰਤ ਘੱਟ ਗਿਣਤੀ 'ਚ ਰਹਿ ਗਈ। ਭਾਜਪਾ ਦੀਆਂ ਸੀਟਾਂ ਕਾਂਗਰਸ ਨਾਲੋਂ ਵਧ ਗਈਆਂ। ਭਾਜਪਾ ਦੇ ਸ਼ਿਵਰਾਜ ਸਿੰਘ ਚੌਹਾਨ ਨੂੰ ਸਰਕਾਰ ਬਨਾਉਣ ਦਾ ਮੌਕਾ ਮਿਲ ਗਿਆ। ਫਿਰ ਅਸਤੀਫਾ ਦੇ ਚੁੱਕੇ 22 ਕਾਂਗਰਸੀ ਵਿਧਾਇਕਾਂ ਨੇ ਭਾਜਪਾ ਵਲੋਂ ਚੋਣ ਲੜੀ ਤੇ ਮੁੜ ਭਾਜਪਾ ਦੇ ਵਿਧਾਇਕ ਵਜੋਂ ਜਿੱਤਕੇ ਸਦਨ 'ਚ ਆ ਗਏ।

ਇਸੇ ਸਾਲ ਕਰਨਾਟਕ 'ਚ 224 ਮੈਂਬਰੀ ਸਦਨ ਵਿਚੋਂ ਕਾਂਗਰਸ 80, ਜਨਤਾ ਦਲ (ਸ) 37 ਅਤੇ ਭਾਜਪਾ ਨੇ 104 ਸੀਟਾਂ ਜਿੱਤੀਆਂ। ਕਾਂਗਰਸ ਤੇ ਜਨਤਾ ਦਲ (ਸ) ਦੇ ਗੱਠਜੋੜ ਨੇ ਸਰਕਾਰ ਬਣਾਈ। ਕੁਝ ਮਹੀਨਿਆਂ ਬਾਅਦ ਕਾਂਗਰਸ ਦੇ 13 ਅਤੇ ਜਨਤਾ ਦਲ ਦੇ 4 ਵਿਧਾਇਕ ਅਸਤੀਫ਼ਾ ਦੇ ਗਏ, ਵਜ਼ਾਰਤ ਟੁੱਟ ਗਈ। ਭਾਜਪਾ ਨੇ ਮੁੜ ਕੁਝ ਆਜ਼ਾਦ ਮੈਂਬਰਾਂ ਦੀ ਸਹਾਇਤਾ ਨਾਲ ਵਜ਼ਾਰਤ ਬਣਾ ਲਈ।

ਇਹ ਦਲ ਬਦਲੀ ਵਿਰੋਧੀ ਕਾਨੂੰਨੀ ਦੀ ਦੁਰਵਰਤੋਂ ਦੀਆਂ ਉਦਾਹਰਨਾਂ ਹਨ। ਦਲ ਬਦਲੀ ਵਿਰੋਧੀ ਕਾਨੂੰਨ ਤਾਂ ਇਸ ਕਰਕੇ ਲਿਆਂਦਾ ਗਿਆ ਸੀ ਕਿ ਭਾਰਤੀ ਲੋਕ ਤੰਤਰ ਮਜ਼ਬੂਤ ਹੋਵੇ ਤੇ ਕੁਝ ਸਵਾਰਥੀ ਲੋਕ ਲੋਕਤੰਤਰ ਦਾ ਮਜ਼ਾਕ ਨਾ ਬਣਾ ਦੇਣ ਜਿਵੇਂ ਕਿ ਹਕੂਮਤ ਪ੍ਰਾਪਤੀ ਲਈ ਇਸ ਸਮੇਂ ਵੀ ਹੋ ਰਿਹਾ ਹੈ। ਲੋਕਤੰਤਰਿਕ ਪ੍ਰਕਿਰਿਆ ਵਿੱਚ ਤਾਂ ਸਿਆਸੀ ਦਲਾਂ ਦੀ ਭੂਮਿਕਾ ਅਹਿਮ ਹੁੰਦੀ ਹੈ ਉਹ ਸਿਧਾਂਤਕ ਤੌਰ 'ਤੇ, ਸਮੂਹਿਕ ਰੂਪ ਵਿੱਚ ਲੋਕ-ਹਿੱਤ ਵਿੱਚ ਫ਼ੈਸਲੇ ਲੈ ਕੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ।

ਪਰੰਤੂ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਿਆਸੀ ਦਲ ਲੋਕਾਂ ਦੇ ਵੋਟਾਂ 'ਚ ਦਿੱਤੇ ਫ਼ੈਸਲੇ ਦੀ ਅਣਦੇਖੀ ਕਰਨ ਲਗ ਪਏ ਸਨ ਅਤੇ ਵਿਧਾਇਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਜੋੜ-ਤੋੜ ਕਰਕੇ ਸਰਕਾਰਾਂ ਡੇਗਣ ਦੇ ਰਾਹ ਪੈ ਗਏ।

ਬਾਕੀ ਹਿਸਾ ਸਫਾ 30 ਤੇ ਪੜ੍ਹੋ →

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



# ਮੈਂ ਤੰਦਰੁਸਤ ਕਿਵੇਂ ਹੋਇਆ ?

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ – 14**



**ਇਸ ਗੱਲ ਦਾ ਮੈਂ ਪਹਿਲਾਂ ਵੀ ਜਿਕਰ ਕਰ ਆਇਆ ਹਾਂ ਕਿ ਸਿਹਤ ਸੰਭਾਲ ਵਾਸਤੇ ਕਸਰਤ ਅਤੇ ਖਾਣ ਪੀਣ ਵਿਚਕਾਰ ਸੰਤੁਲਨ ਦਾ ਹੋਣਾ ਬਹੁਤ ਜ਼ਰੂਰੀ ਹੈ । ਜੇਕਰ ਵਧੇਰੇ ਖਾਓਗੇ ਤੇ ਕਸਰਤ ਨਹੀਂ ਕਰੋਗੇ ਤਾਂ ਸਾਡਾ ਸਰੀਰ ਐਨਰਜੀ ਦੀ ਬਜਾਏ ਚਰਬੀ ਦੀ ਫੈਕਟਰੀ ਬਣਕੇ ਰਹਿ ਜਾਵੇਗਾ, ਪੇਟ ਦਾ ਡਾਇਆ ਮੀਟਰ ਵਧਦਾ ਜਾਵੇਗਾ, ਬੱਖੀਆਂ ਵਿਚ ਚਰਬੀ ਦੇ ਸਰਹਾਣੇ ਬਣ ਜਾਣਗੇ ਤੇ ਸਰੀਰ ਢਿਲਕ ਢਿਲਾ ਹੋ ਕੇ ਬਿਮਾਰੀਆਂ ਨੂੰ ਖੁੱਲਮ ਖੁੱਲ੍ਹਾ ਸੱਦਾ ਦੇਣ ਲੱਗ ਪਵੇਗਾ । ਇਸੇ ਤਰਾਂ ਜੇਕਰ ਕਸਰਤ ਵਧੇਰੇ ਕੀਤੀ ਜਾਵੇਗੀ ਤੇ ਆਪਣੀ ਖੁਰਾਕ ਨੂੰ ਉਸ ਦੇ ਮੁਤਾਬਿਕ ਸੰਤੁਲਿਤ ਨਹੀਂ ਕੀਤਾ ਜਾਵੇਗਾ ਤਾਂ ਫਿਰ ਕਮਜ਼ੋਰੀ ਵਧਦੀ ਜਾਵੇਗੀ ।**

ਸਾਡਾ ਸਰੀਰ ਪੈਸੇ ਬਣਾਉਣ ਵਾਲੀ ਮਸ਼ੀਨ ਨਹੀਂ ਬਲਕਿ ਇਸ ਤੋਂ ਕਿਤੇ ਵਧਕੇ ਅਨਮੋਲ ਹੈ । ਅਸੀਂ ਪੈਸੇ ਕਮਾਉਣ ਦੇ ਚੱਕਰ ਵਿਚ ਪੈ ਕੇ ਜਾਂ ਇੰਜ ਕਹਿ ਲਓ ਕਿ ਫਸਕੇ ਆਪਣੀ ਸਰੀਰਕ ਤੰਦਰੁਸਤੀ ਦਾ ਸੱਤਿਆਨਾਸ ਆਪਣੇ ਹੱਥੀਂ ਹੀ ਕਰ ਲੈਂਦੇ ਹਾਂ । ਦਿਨ ਰਾਤ, ਸੌਂਦੇ ਜਾਗਦੇ ਤੇ ਤੁਰਦੇ ਫਿਰਦੇ ਅਸੀਂ ਸਰੀਰਕ ਤੇ ਮਾਨਸਿਕਤਾ ਬੇਮੇਲਤਾ ਦੀ ਸਥਿਤੀ ਵਿਚੋਂ ਵਿਚਰਦੇ ਰਹਿੰਦੇ ਹਾਂ । ਸਾਡਾ ਸਰੀਰ ਕਿੱਤੇ ਹੁੰਦਾ ਹੈ ਤੇ ਮਨ ਕਿੱਤੇ ਹੋਰ ਹੁੰਦਾ ਹੈ । ਅਸੀਂ ਸਰੀਰਕ ਤੌਰ ‘ਤੇ ਕੁੱਝ ਹੋਰ ਕਰਦੇ ਹਾਂ ਤੇ ਮਾਨਸਿਕ ਤੌਰ ‘ਤੇ ਕੁੱਝ ਹੋਰ । ਇਸ ਤਰਾਂ ਦੇ ਹਾਲਾਤਾਂ ਵਿਚ ਅਸੀਂ ਨਾ ਹੀ ਸਰੀਰ ਅਤੇ ਨਾ ਹੀ ਮਨ ਦੀ ਸੰਭਾਲ ਕਰਦੇ ਹਾਂ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਰੀਰ ਤੇ ਮਨ ਦੋਵੇਂ ਹੀ ਜਲਦੀ ਫੱਟੜ ਹੋ ਜਾਂਦੇ ਹਨ ।

ਦੂਜੇ ਪਾਸੇ ਅਸੀਂ ਆਪਣੀਆਂ ਮੋਟਰ ਕਾਰਾਂ ਦੀ ਸਾਂਭ ਸੰਭਾਲ ਹੱਦੋਂ ਵੱਧ ਕਰਦੇ ਹਾਂ, ਥੋਹੜੀ ਜਿਹਾ ਘੱਟਾ ਪੈ ਜਾਣ ‘ਤੇ ਧੋਅ ਧਾਆਈ ਕਰਦੇ ਹਾਂ, ਛੋਟੇ ਮੋਟੇ ਨੁਕਸ ਨੂੰ ਠੀਕ ਕਰਾਉਣ ਵਾਸਤੇ ਆਪਣਾ ਵਾਹਨ ਮਕੈਨਿਕ ਕੋਲ ਲੈ ਜਾਂਦੇ ਹਨ, ਪਰ ਆਪਣੇ ਸਰੀਰ ਦੇ ਸਬੰਧ ਵਿਚ ਅਜਿਹਾ ਕੁੱਝ ਵੀ ਨਹੀਂ ਕਰਦੇ, ਜੇਕਰ ਕਰਦੇ ਤਾਂ ਉਹ ਹੈ ਅਣਗਹਿਲੀ! ਬਿਮਾਰੀ ਦੇ ਆਪੇ ਹੀ ਠੀਕ ਹੋ ਜਾਣ ਦੀ ਇੰਤਜਾਰ । ਇੰਤਜਾਰ ਨਾਮ ਦੀ ਇਹ ਅਣਗਹਿਲੀ ਇਕ ਸਧਾਰਣ ਰੋਗ ਨੂੰ ਵੀ ਕਈ ਵਾਰ ਗੰਭੀਰ ਬਣਾ ਦਿੰਦੀ ਹੈ, ਸਰਦੀਆਂ ਵਿਚ, ਸਰਦੀ ਲੱਗ ਜਾਣ ਨਾਲ ਖੰਘ ਖਾਂਸੀ ਤਾਂ ਆਮ ਹੀ ਹੋ ਜਾਂਦੀ ਹੈ, ਪਰ ਜੇਕਰ ਇਸ ਦਾ ਉਪਚਾਰ ਨਾ ਕੀਤਾ ਜਾਵੇ ਤਾਂ ਇਹ ਵਿਗੜਕੇ ਨਮੋਨੀਆ ਵੀ ਬਣ ਸਕਦੀ ਹੈ । ਸਰੀਰ ਦੇ ਬਾਹਰ ਲੱਗੀ ਸੱਟ ਤਾਂ ਦੇਖੀ ਜਾ ਸਕਦੀ ਹੈ, ਪਰ ਸਰੀਰ ਦੇ ਅੰਦਰ ਨਾੜੀਤੰਤਰ ਅਤੇ ਮਾਨਸਿਕਤਾ ਵਿਚ ਕੀ ਚੱਲ ਰਿਹਾ ਹੈ , ਇਸ ਨੂੰ ਸਮਝ ਸਕਣਾ ਹਰ ਇਕ ਦੇ ਬਸ ਦੀ ਗੱਲ ਨਹੀਂ ਹੁੰਦੀ । ਇਸੇ ਤਰਾਂ ਇਕ ਖੁਲ੍ਹਾ ਜਖਮ ਕਦੇ ਵੀ ਸੈਪਟਿਕ ਹੋ ਕੇ ਬਹੁਤ ਸਾਰੀਆਂ ਸਰੀਰਕ ਸਰੀਰਕ ਪੇਚੀਦਗੀਆਂ ਦਾ ਕਾਰਨ ਬਣ ਜਾਂਦਾ ਹੈ ।

ਇਸ ਗੱਲ ਦਾ ਮੈਂ ਪਹਿਲਾਂ ਵੀ ਜਿਕਰ ਕਰ ਆਇਆ ਹਾਂ ਕਿ ਸਿਹਤ ਸੰਭਾਲ ਵਾਸਤੇ ਕਸਰਤ ਅਤੇ ਖਾਣ ਪੀਣ ਵਿਚਕਾਰ ਸੰਤੁਲਨ ਦਾ ਹੋਣਾ ਬਹੁਤ ਜਰੂਰੀ ਹੈ । ਜੇਕਰ ਵਧੇਰੇ ਖਾਓਗੇ ਤੇ ਕਸਰਤ ਨਹੀਂ ਕਰੋਗੇ ਤਾਂ ਸਾਡਾ ਸਰੀਰ ਐਨਰਜੀ ਦੀ ਬਜਾਏ ਚਰਬੀ ਦੀ ਫੈਕਟਰੀ ਬਣਕੇ ਰਹਿ ਜਾਵੇਗਾ, ਪੇਟ ਦਾ ਡਾਇਆ ਮੀਟਰ ਵਧਦਾ ਜਾਵੇਗਾ, ਬੱਖੀਆਂ ਵਿਚ ਚਰਬੀ ਦੇ ਸਰਹਾਣੇ ਬਣ ਜਾਣਗੇ ਤੇ ਸਰੀਰ ਢਿਲਕ ਢਿਲਾ ਹੋ ਕੇ ਬਿਮਾਰੀਆਂ ਨੂੰ ਖੁੱਲਮ ਖੁੱਲ੍ਹਾ ਸੱਦਾ ਦੇਣ ਲੱਗ ਪਵੇਗਾ । ਇਸੇ ਤਰਾਂ ਜੇਕਰ ਕਸਰਤ ਵਧੇਰੇ ਕੀਤੀ ਜਾਵੇਗੀ ਤੇ ਆਪਣੀ ਖੁਰਾਕ ਨੂੰ ਉਸ ਦੇ ਮੁਤਾਬਿਕ ਸੰਤੁਲਿਤ ਨਹੀਂ ਕੀਤਾ ਜਾਵੇਗਾ ਤਾਂ ਫਿਰ ਕਮਜੋਰੀ ਵਧਦੀ ਜਾਵੇਗੀ ।

ਹੁਣ ਸਵਾਲ ਪੈਦਾ ਇਹ ਹੁੰਦਾ ਹੈ ਕਿ ਆਪਣੀ ਸੋਨੇ ਵਰਗੀ ਸਿਹਤ ਬਰਕਰਾਰ ਕਿਵੇਂ ਰੱਖੀ ਜਾਵੇ । ਉਂਜ ਤਾਂ ਇਸ ਸਵਾਲ ਦਾ ਲਗਭਗ ਉੱਤਰ ਮੈਂ ਹਥਲੇ ਲੇਖ ਦੀ ਪਿਛਲੀ ਚਰਚਾ ਵਿਚ ਦੇ ਹੀ ਆਇਆ ਹਾਂ, ਪਰ ਇਥੇ ਥੋਹੜਾਂ ਹੋਰ ਵਿਸਥਾਰ ਨਾਲ ਦੱਸਣ ਦੀ ਕੋਸ਼ਿਸ਼ ਕਰਾਂਗਾ ।

ਉਕਤ ਸਵਾਲ ਦਾ ਅਸਾਨ ਉੱਤਰ ਲੱਭਣ ਲਈ ਸਾਨੂੰ ਆਪਣੇ ਆਪ ਨੂੰ ਇਹ ਸਵਾਲ ਪੁੱਛਣ ਦੀ ਲੋੜ ਹੈ ਕਿ ਦਿਨ ਦੇ ਚੌਵੀ ਘੰਟਿਆਂ ਵਿਚ ਅਸੀਂ ਆਪਣੀ ਤੰਦਰੁਸਤੀ ਨੂੰ ਬਣਾਈ ਰੱਖਣ ਵਾਸਤੇ ਕਿੰਨਾ ਕੁ ਸਮਾਂ ਦਿੰਦੇ ਹਾਂ ? ਆਪਣੇ ਆਪ ਨੂੰ ਪੁੱਛੇ ਗਏ ਇਸ ਸਵਾਲ ਦਾ ਸਾਡੇ ਵਿਚੋਂ ਬਹੁਤਿਆਂ ਦਾ ਉੱਤਰ ਏਹੀ ਹੋਵੇਗਾ ਕਿ ਜਿੰਦਗੀ ਦੇ ਬਹੁ ਰੁਝੇਵਿਆਂ ਕਾਰਨ ਸਾਨੂੰ ਇਸ ਤਰਾਂ ਕਰਨ ਦਾ ਸਮਾਂ ਹੀ ਨਹੀ ਮਿਲਦਾ । ਇਸ ਉਕਤ ਸਵਾਲ ਵਿਚੋਂ ਹੀ ਇਕ ਹੋਰ ਸਵਾਲ ਪੈਦਾ ਹੋ ਜਾਂਦਾ ਕਿ ਫਿਰ ਬਿਮਾਰ ਹੋਣ ਤੋਂ ਬਾਅਦ ਕਈ ਕਈ ਦਿਨ ਹਸਪਤਾਲ ਰਹਿਣ ਦਾ ਸਮਾਂ ਕਿਵੇਂ ਮਿਲ ਜਾਂਦਾ ਹੈ ? ਹੁਣ ਜਦੋ ਉਕਤ ਦੋਹਾਂ ਸਵਾਲਾਂ ਨੂੰ ਗੁਣਾ ਘਟਾਓ ਕਰਾਂਗੇ ਤਾਂ ਫਿਰ ਗੱਲ ਦੀ ਸਮਝ ਆ ਜਾਵੇਗੀ ਕਿ ਇਸ ਯੁੱਗ ਵਿਚ ਵਸਦੇ ਬਹੁਤੇ ਲੋਕ , ਆਪਣੇ ਰਿਸ਼ਤੇਦਾਰਾਂ ਦੇ ਤਾਂ ਛੱਡੋ, ਉਹ ਆਪਣੇ ਆਪ ਦੇ ਵੀ ਸਕੇ ਨਹੀਂ ! ਇਹ ਗੱਲ ਅਜ ਦੇ ਜਮਾਨੇ ਵਿਚ ਆਮ ਹੀ ਕਹਿੰਦੇ ਹੋਏ ਸੁਣਦੇ ਹਾਂ ਹੈ ਅਜੋਕਾ ਮਨੁੱਖ ਸੁਆਰਥੀ ਹੋ ਗਿਆ ਹੈ, ਪਰ ਆਪਣੀ ਸਿਹਤ ਦੇ ਮਾਮਲੇ ਵਿਚ ਉਹ ਅੱਜ ਵੀ ਉਕਤ ਤੋਂ ਉਲਟ ਵਿਚਰ ਰਿਹਾ ਹੈ ।

ਮੇਰੀਆਂ ਉਕਤ ਗੱਲਾਂ ਬੇਸ਼ੱਕ ਤੁਹਾਨੂੰ ਅਟਪਟੀਆਂ ਲੱਗਣ, ਪਰ ਜਿੰਨਾ ਚਿਰ ਬੈਠਕੇ ਠੰਢੇ ਦਿਮਾਗ ਨਾਲ ਸੋਚਦੇ ਨਹੀਂ, ਉਂਨਾ ਚਿਰ ਨਾ ਹੀ ਇਹ ਗੱਲਾਂ ਸਮਝ ਲੱਗਣੀਆ ਹਨ ਤੇ ਨਾ ਹੀ ਸਾਡੀ ਸਰੀਰਕ ਤੰਦਰੁਸਤੀ ਦੀਆਂ ਸੰਭਾਵਨਾਵਾਂ ਪੈਦਾ ਹੋਣੀਆਂ ਹਨ । ਸੋਹਣੇ ਲੱਗਣ ਵਾਸਕੇ ਮੂੰਹ ਦੀ ਕੂਚਾ ਕਾਚੀ ਏਨੀ ਜਰੂਰੀ ਨਹੀਂ ਹੁੰਦੀ, ਜਿੰਨੀ ਸਮੁੱਚੀ ਸਿਹਤ ਅਤੇ ਸਰੀਰ ਦੇ ਹਰ ਅੰਗ ਦੀ ਸੁੰਦਰਤਾ ਜਰੂਰੀ ਹੁੰਦੀ ਹੈ ।

ਸਿੱਧਾ ਜੁਹਾ ਫਾਰਮੂਲਾ ਹੈ, ਜੇਕਰ ਅਸੀਂ ਸਿਰਫ ਆਪਣੇ ਮੂੰਹ ਦੀ ਪਾਲਿਸ਼ ਵਗੈਰਾ ਕਰਨ ‘ਤੇ ਵੀਹ ਪੰਝੀ ਮਿੰਟ ਦਾ ਸਮਾਂ ਲਗਾ ਸਕਦੇ ਹਾਂ ਤਾਂ ਓਸੇ ਸਮੇ ਵਿਚ ਨੇਮ ਨਾਲ ਕੋਈ ਐਕਸਰਸਾਈਜ ਕਰਕੇ ਸਮੁੱਚੇ ਸਰੀਰ ਨੂੰ ਹੀ ਸੋਹਣਾ ਤੇ ਫੱਬਤ ਵਾਲਾ ਕਿਓਂ ਨਹੀ ਬਣਾ ਸਕਦੇ ? ਬਰਤਾਨੀਆ ਦਾ ਸਿਹਤ ਮਹਿਕਮਾ (NHS) ਕਹਿੰਦਾ ਹੈ ਕਿ ਬਿਮਾਰੀਆਂ ਤੋਂ ਬਚਣ ਵਾਸਤੇ ਅਤੇ ਤੰਦਰੁਸਤੀ ਬਰਕਰਾਰ ਰੱਖਣ ਵਾਸਤੇ 20x4 ਦੇ ਫਾਰਮੂਲੇ ਭਾਵ ਹਫਤੇ ਦੇ ਸੱਤਾਂ ਵਿਚੋਂ ਚਾਰ ਦਿਨ ਰੋਜਾਨਾ ਵੀਹ ਮਿੰਟ ਵੀਹ ਮਿੰਟ ਐਕਸਰਸਾਈਜ ਕਰੋ ਤਾਂ ਸਾਡਾ ਸਰੀਰ ਲੰਮਾ ਸਮਾਂ ਨਿਰੋਗ, ਤੰਦਰੁਸਤ ਤੇ ਰਿਸ਼ਟ ਪੁਸ਼ਟ ਰਹੇਗਾ ।

ਮੇਰੀ ਜਾਚੇ ਇਹ ਕੋਈ ਬਹੁਤਾ ਔਖਾ ਕੰਮ ਨਹੀਂ, ਹਾਂ ਪਹਿਲਾਂ ਪਹਿਲ ਸ਼ੁਰੂ ਵਿਚ ਥੋਹੜੀ ਮੁਸ਼ਕਲ ਜਰੂਰ ਆਵੇਗੀ, ਪਰ ਜਦੋਂ ਹੌਲੀ ਹੌਲੀ ਇਸ ਨੂੰ ਮੈਨੇਜ ਕਰ ਵਓਗੇ ਤੇ ਰੋਟੀਨ ਬਣ ਜਾਵੇਗੀ, ਫਿਰ ਸਿਹਤ ਵੀ ਪਹਿਲਾਂ ਨਾਲੋਂ ਚੰਗੀ ਤੇ ਐਨਰਜੈਟਿਕ ਮਹਿਸੂਸ ਹੋਣ ਲੱਗੇਗੀ ਤੇ ਕਸਰਤ ਕਰਨਾ ਵੀ ਚੰਗਾ ਲੱਗਣ ਲੱਗ ਜਾਏਗਾ। ਸੋ ਲੋਕਾਂ ਨੂੰ ਸੋਹਣੇ ਦਿੱਸਣ ਦੀ ਬਜਾਏ ਨੂੰਹ ਹੀ ਨਹੀਂ ਬਲਕਿ ਸਾਰਾ ਸਰੀਰ ਹੀ ਦਰਸ਼ਨੀ ਬਣਾਓ, ਦੂਜਿਆਂ ਨੂੰ ਹੋਰ ਵੀ ਸੋਹਣੇ ਤੇ ਅਕਰਸ਼ਤ ਲੱਗੋਗੇ ।

ਮੈਂ, ਬਰਤਾਨੀਆ ਦੇ ਸਿਹਤ ਮਹਿਕਮੇ ਵਾਲੇ ਉਕਤ ਫਾਰਮੂਲੇ ਤੋਂ ਪਰੇਰਿਤ ਹੋ ਕੇ ਹੀ ਕਸਰਤ ਕਰਨ ਵਾਸਤੇ ਸ਼ੁਰੂ ਹੋਇਆ ਸੀ । ਪਹਿਲਾਂ ਕੁੱਝ ਮਹੀਨੇ ਜਿਮ ਜੁਆਇਨ ਕੀਤਾ, ਫਿਰ ਆਪਣੇ ਘਰ ਦਾ ਇਕ ਕਮਰਾ ਹੀ ਜਿਮ ਬਣਾ ਲਿਆ । ਹੁਣ ਬਿਨ ਨਾਗਾ ਕਸਰਤ ਕਰਦਾ ਹਾਂ, ਸਮੇਂ ਦੀ ਕੋਈ ਬੰਦਿਸ਼ ਨਹੀ, ਜਦ ਵੀ ਮੌਕਾ ਮਿਲਦਾ ਹੈ, ਹਲਕੀ ਫੁਲਕੀ ਐਕਸਰਸਾਈਜ ਕਰ ਲਈਦੀ ਹੈ, ਲ਼ਾਭ ਇਹ ਹੋਇਆ ਕਿ ਬਿਮਾਰੀਆਂ ਤੇ ਛੁਟਕਾਰਾ ਮਿਲ ਗਿਆ, ਸਿਹਤ ਪੂਰੀ ਤਰਾਂ ਤੰਦਰੁਸਤ ਹੋ ਗਈ ਤੇ ਪਹਿਲਾਂ ਨਾਲੋਂ ਦੁਗਣੇ ਚੌਗੁਣੇ ਉਤਸਾਹ ਨਾਲ ਨਿੱਤ ਦੇ ਕੰਮਕਾਰ ਵੀ ਵਧੀਆ ਢੰਗ ਨਾਲ ਬਿਨਾ ਕਿਸੇ ਥਕਾਵਟ ਤੋਂ ਨਿਪਟ ਜਾਂਦੇ ਹਨ ।

ਮੁਕਦੀ ਗੱਲ ਇਹ ਕਿ ਮੇਰੀ ਜਿੰਦਗੀ ਵਿਚ ਇਸ ਛੋਟੀ ਜਿਹੀ ਤਬਦੀਲੀ ਨਾਲ ਬਹੁਤ ਵੱਡਾ ਪਰਿਵਰਤਨ ਆਇਆ ਹੈ, ਜਿੰਦਗੀ ਜੀਊਣ ਦੀ ਚਾਹਤ ਭਰਪੂਰ ਹੋਈ ਹੈ ਤੇ ਮੇਰੇ ਵਾਸਤੇ ਆਪਣੀ ਜਿੰਦਗੀ ਦੇ ਮਾਅਨੇ ਹੀ ਬਦਲ ਗਏ ਹਨ, ਤੁਸੀਂ ਵੀ ਇਸ ਫਾਰਮੂਲੇ ਨੂੰ ਅਜਮਾ ਕੇ ਦੇਖੋ !

——— ਚਲਦਾ

27 ਸਫ਼ੇ ਦੀ ਬਾਕੀ

**ਕਾਂਗਰਸ ਰਾਜ ਵੇਲੇ ਇਹ ਵਰਤਾਰਾ ਸ਼ੁਰੂ ਹੋਇਆ, ਜੋ ਕਿ ਹੁਣ ਚਰਮ ਸੀਮਾਂ ‘ਤੇ ਹੈ।**

**ਜਨਤਾ ਦਾ, ਜਨਤਾ ਲਈ ਅਤੇ ਜਨਤਾ ਰਾਹੀਂ ਸਾਸ਼ਨ ਹੀ ਲੋਕਤੰਤਰ ਹੈ। ਲੋਕਤੰਤਰ ਵਿੱਚ ਜਨਤਾ ਹੀ ਸੱਤਾਧਾਰੀ ਹੁੰਦੀ ਹੈ, ਉਸਦੀ ਪ੍ਰਵਾਨਗੀ ਨਾਲ ਹੀ ਸਾਸ਼ਨ ਚਲਦਾ ਹੈ। ਪਰ ਪਾਰਟੀਆਂ ਵਲੋਂ ਦਲ ਬਦਲੂਆਂ ਦੀ ਮਦਦ ਨਾਲ ਇਸ ਤੱਥ ਨੂੰ ਜਿਵੇਂ ਹੁਣ ਸਮੇਟ ਹੀ ਦਿੱਤਾ ਗਿਆ ਹੈ।ਹੁਣ ਸਥਿਤੀ ਤਾਂ ਇਹ ਹੈ ਕਿ ਸਿਆਸੀ ਦਲਾਂ ‘ਚ ਨੇਤਾਵਾਂ ਦਾ ਸ਼ਖ਼ਸ਼ੀ ਉਭਾਰ ਅਤੇ ਪਰਿਵਾਰਵਾਦ ਭਾਰੂ ਹੋ ਗਿਆ ਹੈ।**

**ਪਾਰਟੀਆਂ ਵਿੱਚ ਉਪਰਲੇ ਦੋ ਚਾਰ ਨੇਤਾ ਹੀ ਪ੍ਰਭਾਵੀ ਰਹਿੰਦੇ ਹਨ। ਸਿਆਸੀ ਦਲ ਲੋਕਤੰਤਰਿਕ ਢੰਗ ਨਾਲ ਨਹੀਂ ਚਲ ਰਹੇ। ਨਾ ਹੀ ਪਾਰਟੀਆਂ ‘ਚ ਲੋਕ ਮਸਲਿਆਂ ਬਾਰੇ ਗੰਭੀਰ ਚਰਚਾ ਹੁੰਦੀ ਹੈ। ਕਹਿਣ ਨੂੰ ਤਾਂ ਦੇਸ਼ ਵਿੱਚ ਸਿਆਸੀ ਲੋਕ, ਲੋਕ ਸੇਵਾ ਦੀ ਗੱਲ ਕਰਦੇ ਹਨ ਪਰ ਇਸ ਸਮੇਂ ਉਹਨਾ ਦੇ ਨਿੱਜੀ ਹਿੱਤ ਭਾਰੂ ਪਏ ਵਿਖਾਈ ਦਿੰਦੇ ਹਨ। ਇਸ ਲਈ ਉਹਨਾ ਦਾ ਇੱਕ ਦਲ ਛੱਡਕੇ ਦੂਜੇ ਦਲ ਵਿੱਚ ਚਲੇ ਜਾਣਾ ਕੋਈ ਵੱਡੀ ਗੱਲ ਨਹੀਂ ਰਹੀ।ਦਲ ਬਦਲ ਦਾ ਮੂਲ ਕਾਰਨ ਕੇਵਲ ਸੱਤਾ ਪ੍ਰਾਪਤੀ, ਆਹੁਦੇ ਦੀ ਭੁੱਖ ਤੱਕ ਸੀਮਤ ਹੋ ਕਿ ਰਹਿ ਗਿਆ ਹੈ। ਸਿਧਾਂਤ ਜਾਂ ਨੀਤੀ ਨਾਲ ਉਹਨਾ ਦਾ ਕੋਈ ਲੈਣਾ-ਦੇਣਾ ਹੀ ਨਹੀਂ ਰਿਹਾ। ਦਲ ਬਦਲ ਨੇ ਜਿਸ ਢੰਗ ਨਾਲ ਸਿਆਸੀ ਕਦਰਾਂ-ਕੀਮਤਾਂ ਅਤੇ ਲੋਕਤੰਤਰ ਨੂੰ ਢਾਅ ਲਾਈ ਹੈ, ਉਸ ਨਾਲ ਲੋਕਾਂ ਦਾ ਸਿਆਸਤਦਾਨਾਂ ‘ਚ ਵਿਸ਼ਵਾਸ਼ ਗੁਆਚ ਗਿਆ ਹੈ।**

**ਹੁਣ ਵਾਲਾ ਦਲ ਬਦਲ ਰੋਕੂ ਕਾਨੂੰਨ ਕੀ ਹੋਰ ਵੀ ਕੋਈ ਦਲ ਬਦਲ ਰੋਕੂ ਕਾਨੂੰਨ, ਉਦੋਂ ਤੱਕ ਸਾਰਥਿਕ ਨਹੀਂ ਹੋਏਗਾ, ਜਦੋਂ ਤੱਕ ਦੇਸ਼ ਦੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਦੀ ਸੋਚ, ਭਾਰਤੀ ਸੰਵਿਧਾਨ ਅਨੁਸਾਰ ਕੰਮ ਕਰਨ ਲਈ ਆਪਣੀ ਵਚਨ ਬੱਧਤਾ ਨਹੀਂ ਦਰਸਾਉਂਦੀ।**

**-ਗੁਰਮੀਤ ਸਿੰਘ ਪਲਾਹੀ**

TAIL PIECE

Dalip Singh Wasan, Advocate
Email: dalipsinghwassan@yahoo.co.in

## Politicians have formed two groups to fight in Parliament-2024 Elections

This time in Elections of Parliament -2024 the people of India shall be at ease to choose one because only two fighting groups are there before them. These groups have made certain promises through their targets. The people have also seen that there is no party of the politicians and they are at liberty to join either of the groups as per their own will. Both the groups have given them their manifestos. The people have heard and rad much about our achieveents attained since independence and this democracy and only Prime Ministers had been claiming about their efforts made and there is no comment or claim from the sides of other members collecting in our Parliament. And this time too people shall be having a Prime Minister and all the members who are called Representatives of the people shall be divided into two parts, Supporters and Oppositions, whree one group shall support all items presented by the PM and the other shall just oppose and voting too shall be as per permanent whip imposedd. In spite of all this traditional process, India shall continue progress and we shall join line of Developed countries till 2047 with large number of poor as a natural curse. In spite of all these situations, this time voting percentage shall rise and is expected crossing 85 per cent. People elected shall actually represent the people or shall work as supporters and opposition, this question shall remain undecided in next tenure of five years.

## Contributions of poor in development and maintaining democracy cannot be denied

After a period of more than seven decades, when we assess our attainments, we ourselves have declared that we shall be in line of



developed countries on completion of one century of independence and democracy. And at teh same time we ourseles have declared that more than 81 rore peope are left poor and number of poor continues rising. When we talk of developments, we cannot deny contributions of poor in constructions, constructions of roads, dams, electricity generation houses, canals, railway lines, running railwy and other transports and other items which are part orf development. Because of low wages, this large number of poor are still below normal life and the government itself is admitting that these poor are being given free ration for decades just to live on for maintaining democracy. About 70 per cent people come out for voting and major portion of voters are from this class of poor. So contribution of poor in maintaing development works and maintaining this democracy cannot be denied. And still there is no constructive step which can root out or reduce poverty from India. Had these poor lot been given proper wages, they too could have started getting their share in this democracy and a developed country. When we call this country owned by people of India, these poor too are owners and masters and must be having equqal status. Let our next Parliament which shall be established by votes of poor classes may decide the fate of poor classes by giving them employment and proper wages so that they too could have the purchasing power whqt they have produced.

## Nominated candidates must speak out what is in their minds

This time in Parliament Elections two main groups are contesting and they have finalized list of candidates covering all the constituencies. The contesting groups have given us their targets and still there is no indication from either side, whether they shall give to their nominated candidates authorirty to make promises to their voters. It still seems that the old tradition shall continue and heads of contesting candidates shall come in teh constituencies and shall request the voters to vote for the nominated candidates just to strengthen their hands. No candidate shall be allowd to speak to the people and shall make promises for his success. No candidate shall assure that he shall work for the constituency from which he shall represent in the Parliament. No candidate shall tell the people of the area that such and such are main problems of the area and he shall place the problem before the Parliament for consideration. Though there had been much shifting of candidates from one group to the other group, but still there is no candidate who could say that he had done such and such works during his past tenure. Achievements of the pst cannot be claimed by one Prime Minister, because themselves have the knowledge. In spite of all big claims none can say taht this and this claim belongs to his period alone. Because of science and technologies we too are heading forward, but still this growing poverty is still a curse and blot on us and still we are feeling ashamed of because of growing number of poor.The candidates are silent because they are not having the status of representatives of the people, but on their strength Prime Minister shall work for them all with their strength. None is authorized to declare that this time he shall work for the people in addition to abe a supporter of the Prime Minister. People of India are still awaiting for the time when they shall have their representatives in the Parliament and in all the legislative houses.

## Multiple shifting could continue for forming absolute majority government

as per news items, there had been much shifting of politicians from one group to the other which shows that all the politicians are one and they join groups as per their will. The groups have become just teams. This new process has taken birth and the candidates shall get liberty themselves. Though there is an Act banning crossing floor yet there are provisions to shift in group. And when absolute majority goverernent is formed, opposition shall lose power and government could turn like dictator. The only solution is that our Parliament and state legislative assemblies must turn party-less and they themselves choose Prime Minister, Chief Ministers and theeir cabinets. Every Bill, Project and scheme should get debate as per conscience and will of each member and even voting too should be without any direct or indirect whips. If sucdh a process is introduced, bette4r results are expected and we shall go ahead to attain real democracy. Instead of establishing an opoosition, let each member present be in a critical mood and must be able to utilize his conscience and will as a true Public Servant. Each member must be proud of that he had brought problems of his area before the August House where he is sitting with votes of the people. Time shall come when all these political groups shall be come items of the past and India shall turn a party-less country.


## Who should sit in Rajaya Sabha-still undecided-question

We established Rajay Sabha because our Constitution had such provisions. But in spite of passing on decades, we could not answer the question from whom people must come in this House. We could not decide till date what should be their qualifications, training, experience and when there is Lok Sabha, what is the need of this Rajaya Sabha. Politicians should not be adjusted in Rajaya Sabha and this house must be spared for experts and retired high officers and are within age group of 60-70 and none should continue in the house after completing 75. These people are pensioners and some more allowances shall serve the purpose. And since this house is not upper house, and only is advisory body, all Bills, Schemes and Projects may come to this house first and the aedvices given by this house be taken into consideration by the Lok Sabha in open debate where members from the supporting side and members from the opposition both must participate with their conscience, wisdom and will. We can give freedom to all in Lok Sabha to vote as per their conscience, wisdom and ill. Here in India often winning political groups too are under the Prime Minister, this one-man rule cannot be taken as democratic and let the nation take up this case open in teh press to come up with democratic spirit. Till this house is open for teh politicians and is given voting power, political wings shall be playing their own will.

# ਪਹਿਲੀ ਮਈ ! ਇਨਕਲਾਬੀ ਸੰਕਲਪ ਦੇ, ਇਤਿਹਾਸਕ ਵਿਰਸੇ ਨੂੰ ਯਾਦ ਰੱਖੀਏ !

**ਪਹਿਲੀ ਮਈ ਲਈ ਵਿਸ਼ੇਸ਼**

**ਜਗਦੀਸ਼ ਸਿੰਘ ਚੋਹਕਾ**



ਪਹਿਲੀ ਮਈ ਮਜ਼ਦੂਰ-ਦਿਵਸ ਦਾ ਦਵੰਦਾਤਮਕਵਾਦੀ ਇਤਿਹਾਸ ਦੁਨੀਆਂ ਦੇ ਕਿਰਤੀ-ਇਤਿਹਾਸ ਦੀਆਂ ਤਿੰਨ ਇਤਿਹਾਸਕ ਵਰ੍ਹੇ-ਗੰਢਾਂ ਦੇ ਰਿਲੇਵੇਂ ਨਾਲ ਜੁੜਿਆ ਹੋਇਆ ਹੈ ! ਪਹਿਲੀ ਇਤਿਹਾਸਕ ਘਟਨਾ ਦਾ ਸੰਬੰਧ ਮਈ-1886 ਨਾਲ ਹੈ ਜਦੋਂ ਅਮਰੀਕਾ ਦੇ ਕਿਰਤੀਆਂ ਨੇ 8-ਘੰਟੇ ਦੇ ਕੰਮ-ਦਿਨ ਲਈ ਸੰਘਰਸ਼ ਵਿਢਿਆ ਸੀ। ਇਸ ਮੁਹਿੰਮ ਦਾ ਇਹ ਸਿਖਰ ਸੀ ਜਦੋਂ ਉਸ ਵੇਲੇ ਦੇ ਪੂੰਜੀਪਤੀ-ਮਾਲਕਾਂ ਅਤੇ ਰਾਜਸਤਾ 'ਤੇ ਕਾਬਜ਼ ਪੂੰਜੀਪਤੀਆਂ ਦੀ ਮਿਲੀ-ਭੁਗਤ ਵਲੋਂ ਹੱਕ ਲਈ ਸੰਘਰਸ਼ ਕਰਦੇ ਕਿਰਤੀਆਂ ਨੂੰ ਦਬਾਉਣ ਲਈ ਸ਼ਿਕਾਗੋ ਸ਼ਹਿਰ ਵਿਖੇ ਹਾਕਮਾਂ ਅਤੇ ਉਸ ਦੀ ਜ਼ਾਬਰ ਪੁਲਿਸ ਨੇ ਗੋਲੀਆ ਚਲਾ ਕੇ ਕਿਰਤੀਆਂ ਨੂੰ ਸ਼ਹੀਦ ਕਰ ਦਿਤਾ ਸੀ। ਸਾਲ 1889 ਨੂੰ ਦੂਸਰੀ ਕੌਮਾਂਤਰੀ ਕਾਂਗਰਸ ਜਿਸ ਨੇ ਪਹਿਲੀ ਮਈ ਨੂੰ ਕੌਮਾਂਤਰੀ ਪੱਧਰ 'ਤੇ ਕਿਰਤੀਆਂ ਨਾਲ ਇਕਮੁੱਠਤਾ ਵਜੋਂ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਸੀ। ਤੀਸਰੀ ਵਰ੍ਹੇ-ਗੰਢ ਸੰਬੰਧੀ 1890 ਨੂੰ ਉਪਰੋਕਤ ਫੈਸਲੇ ਅਨੁਸਾਰ ਕਈ ਦੇਸ਼ਾਂ ਨੇ ਪਹਿਲੀ ਮਈ ਨੂੰ ਮਜ਼ਦੂਰ -ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਦੁਨੀਆਂ ਅੰਦਰ ਪਹਿਲੀ ਮਈ ਨੂੰ ਲੜਾਕੂ ਕਿਰਤੀ-ਰਵਾਇਤਾਂ ਨੂੰ, 'ਸਦਾ ਹੀ ਕਿਰਤੀਆਂ ਦੇ ਸਮਾਜਕ-ਆਰਥਕ ਅਤੇ ਰਾਜਸੀ ਹਿਤਾਂ ਲਈ ਉਪਜੇ ਸੰਘਰਸ਼ਾਂ ਦੀ ਪੂਰਤੀ ਵਜੋਂ ਅੱਗੇ ਵਧਾਉਣ ਲਈ ਅੱਜ ਵੀ ਇਨ੍ਹਾਂ ਨੂੰ ਯਕੀਨੀ ਤੇ ਸਦੀਵੀ ਤੌਰ 'ਤੇ ਹੱਕਾਂ ਲਈ ਯਾਦ ਕੀਤਾ ਜਾਂਦਾ ਹੈ।

ਮਨੁੱਖੀ ਸੰਸਾਰ ਅੰਦਰ ਅਨਿਆਏ, ਸੀਨਾ-ਜੋਰੀ ਅਤੇ ਜ਼ਬਰ ਵਿਰੁੱਧ ਸੰਘਰਸ਼ ਲਗਾਤਾਰ ਪਨਪਦਾ ਅਤੇ ਉਪਜਦਾ ਰਹਿੰਦਾ ਹੈ। ਆਦਿ ਤੋਂ ਹੀ ਉਜ਼ਰਤੀ-ਗੁਲਾਮੀ ਅਤੇ ਕਿਰਤੀ ਸ਼ੋਸ਼ਣ ਮਾਲਕ ਅਤੇ ਕਿਰਤੀ-ਵਰਗ ਵਿਚਕਾਰ ਮੁੱਢ-ਕਦੀਮ ਤੋਂ ਇਕ ਸਦੀਵੀਂ ਵਤੀਰਾ ਤੇ ਅੰਦੋਲਨ ਚਲਿਆ ਜਾ ਰਿਹਾ ਹੈ। ਭਾਵੇਂ ਇਹ ਅੰਦੋਲਨ ਕਈ ਵਾਰੀ ਅਚੇਤ ਹੁੰਦਾ ਹੈ ਅਤੇ ਕਈ ਵਾਰ ਸੁਚੇਤ ਰੂਪ ਰਾਹੀ ਸਾਹਮਣੇ ਵੀ ਆਉਂਦਾ ਹੈ। ਪਰ ਪਹਿਲੀ ਵਾਰ ਅਮਰੀਕਾ ਅੰਦਰ, 'ਦੱਖਣੀ ਰਾਜਾਂ ਦੇ ਵੱਡੇ ਭੂਮੀਪਤੀਆਂ ਵਲੋਂ ਸਿਆਹ-ਫ਼ਾਮ ਗੁਲਾਮਾਂ (ਕਾਲੇ ਲੋਕਾਂ) 'ਤੇ ਜ਼ਬਰ ਅਤੇ ਉਤਰੀ ਰਾਜਾਂ ਦੇ ਸਨਅਤਾਂ ਦੇ ਮਾਲਕ ਪੂੰਜੀਪਤੀਆਂ ਵੱਲੋਂ, 'ਆਪਣੀ ਲੁੱਟ ਲਈ ਉਜ਼ਰਤੀ-ਕਿਰਤੀਆਂ ਦੀ ਗੁਲਾਮੀ ਨੂੰ ਸਦੀਵੀ ਬਣਾਉਣ ਤੇ ਕਾਇਮ ਰੱਖਣ ਲਈ ਇਹ ਇਕ ਆਪਣੀ ਵਰਗੀ-ਸੰਘਰਸ਼ ਦੇ ਰੂਪ ਵਿੱਚ ਅਜਿਹੀ ਟੱਕਰ ਸੀ। ਕਿਰਤੀ-ਵਰਗ ਦੇ ਸ਼ੋਸ਼ਣ ਲਈ, 'ਭੂਮੀਪਤੀਆਂ ਅਤੇ ਪੂੰਜੀਪਤੀਆਂ ਵਿਚਕਾਰ ਕਿਰਤੀ ਦੀ ਲੁੱਟ ਕਰਨ ਲਈ ਅਜਿਹੀ ਖਹਿਬਾਜ਼ੀ ਦਾ ਉਤਪਨ ਹੋਣਾ ਵੀ ਇਕ ਹਾਂ ਪੱਖੀ ਲਾਜ਼ਮੀ ਤਬਦੀਲੀ ਸੀ, ਜਿਸ ਨੇ ਚਾਲਕ ਸ਼ਕਤੀ ਨੂੰ ਵੀ ਜਨਮ ਦਿੱਤਾ ? ਇਹ ਗੁਣਾਂਤਮਕ ਤਬਦੀਲੀ ਹੀ ਅੱਗੋ ਉਜ਼ਰਤੀ-ਕਿਰਤੀਆਂ ਦੇ ਚੰਗੇ ਜੀਵਨ ਲਈ, ਇਤਿਹਾਸਕ ਬਰਾਬਤਾ ਦੇ ਨਿਆਂ ਅਧੀਨ ਸਮਾਜਕ, ਆਰਥਿਕ ਤੇ ਰਾਜਨੀਤਕ ਖੇਤਰ ਅੰਦਰ, ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਕਿਰਤੀ ਅੰਦੋਲਨਾਂ ਨੂੰ ਜਨਮ ਦੇਣ ਲਈ ਹੀ ਸਹਾਇਕ ਬਣੀ। ਜੋ ਆਰਥਿਕ ਗੁਲਾਮੀ ਵਿਰੁਧ ਇਹ ਇਕ ਪਹਿਲਾ ਇਨਕਲਾਬੀ ਕਦਮ ਸੀ ਜਿਸ ਨੇ ਵਰਗ ਸੰਘਰਸ਼ ਨੂੰ ਤੇਜ ਕੀਤਾ ਸੀ।



ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਅਮਰੀਕਾ ਅੰਦਰ ਵਿਕਸਤ ਹੋ ਰਹੇ ਪੂੰਜੀਵਾਦੀ ਸਮਾਜ ਦੇ ਗਰਭ ਅੰਦਰ ਕਿਰਤੀ ਜਮਾਤ ਦੀਆ ਆਰਥਿਕ ਹਾਲਤਾਂ ਦਾ ਖਰਾਬ ਹੋਣਾ ਕੇਵਲ ਬੇਰੁਜ਼ਗਾਰੀ ਦਾ ਕਾਰਨ ਹੀ ਨਹੀਂ ਸੀ ਸਗੋਂ ਹੋਰ ਕਾਰਨ ਵੀ ਸਨ। ਜਿਵੇਂ ਉਜਰਤਾਂ ਵਿੱਚ ਕਟੌਤੀ, ਕੰਮ ਦੀਆਂ ਹਾਲਤਾਂ ਦਾ ਖਰਾਬ ਹੋਣਾ, ਵਧੇਰੇ ਕਿਰਾਏ, ਮਾੜੀਆਂ ਰਿਹਾਇਸ਼ੀ ਹਾਲਤਾਂ, ਰੁਜ਼ਗਾਰ ਦੀ ਅਸਥਿਰਤਾ 'ਤੇ ਅਸਹਿ ਤੌਰ ਉਤੇ ਲੰਮੀਆਂ ਕੰਮ ਦੀਆਂ ਘੜੀਆ ਦਾ ਹੋਣਾ ? ਉਸ ਸਮੇਂ ਨਾ ਤਾਂ ਸਮਾਜਵਾਦੀ ਲਹਿਰ ਏਨੀ ਤਕੜੀ ਸੀ, ਨਾ ਹੀ ਵਿਚਾਰਧਾਰਕ ਤੌਰ 'ਤੇ ਅਤੇ ਨਾ ਹੀ ਜੱਥੇਬੰਦਕ ਤੌਰ 'ਤੇ ਹੀ ਇਕ ਜਾਨ ਲਹਿਰ ਸੀ ! ਕਿਰਤੀ ਤੇ ਟਰੇਡ ਯੂਨੀਅਨ ਲਹਿਰ ਨਾਲੋਂ ਨਿਖੜਕੇ ਸਮਾਜਵਾਦੀ ਲੇਬਰ ਪਾਰਟੀ ਕਿਰਤੀਆਂ ਨੂੰ ਰਾਜਸੀ ਤੌਰ ਉਤੇ ਸਿਖਿਆ ਦੇਣ ਅਤੇ ਉਨ੍ਹਾਂ ਵਿੱਚ ਸਮਾਜਵਾਦੀ ਚੇਤਨਾ ਭਰਨ ਲਈ ਵੀ ਬਹੁਤ ਕੁਝ ਵੀ ਨਾ ਕਰ ਸਕੀ। ਇਸ ਦਾ ਹਵਾਲਾ ਅਲਬਰਟ ਪਾਰਸਨਜ਼ ਵੱਲੋ ਜੀਵਨ ਦੇ ਆਖਰੀ ਵਰ੍ਹੇ ਲਿਖੀ ''ਅਰਾਜਕਤਾਵਾਦ' ਇਸ ਦਾ ਸਿਧਾਂਤ ਤੇ ਇਸ ਦਾ ਵਿਗਿਆਨਕ ਅਧਾਰ ਜੋ 27-ਅਕਤੂਬਰ, 1887 ਨੂੰ ਜੇਲ੍ਹ ਦੌਰਾਨ ਲਿਖੀ ਅਮਰੀਕਾ ਅੰਦਰ ਪੂੰਜੀਵਾਦ ਦਾ ਵਿਕਾਸ ਅਤੇ ਸਨਅਤੀ ਕਿਰਤੀ ਜਮਾਤ ਦੇ ਪਸਾਰ ਨੂੰ ਦਵੰਦਾਤਮਕ ਪਦਾਰਥਵਾਦ ਦੀ ਦਰਿਸ਼ਟੀ ਵੱਜੋ ਰੂਪਮਾਨ ਕਰਦੇ ਹੋਏ ਪੇਸ਼ ਕੀਤਾ ਗਿਆ ਸੀ! ਉਸ ਸਮੇਂ ਕਿਰਤੀ ਲਹਿਰਾਂ ਤੇ ਰੋਸ ਸਾਰੇ ਅਮਰੀਕਾ ਅੰਦਰ ਫੈਲ ਰਿਹਾ ਸੀ।

ਸ਼ਿਕਾਗੋ, ਮਈ 1886 ਦੇ ਕਾਂਡ ਤੋਂ ਪਹਿਲਾ ਅਪ੍ਰੈਲ ਦੇ ਅਖੀਰ ਤਕ ਬਹੁਤ ਸਾਰੀਆਂ ਕਿਰਤੀ ਜੱਥੇਬੰਦੀਆਂ ਨੇ 8-ਘੰਟੇ ਕੰਮ-ਦਿਨ ਜਾਂ ਆਮ ਤੌਰ ਤੇ ਕੰਮ-ਦਿਨ ਨੂੰ ਛੋਟਾ ਕਰਨ ਦੀ ਮੰਗ ਉਠਾਈ। ਪਹਿਲੀ ਮਈ ਨੂੰ ਹੀ ਦਸ-ਹਜ਼ਾਰ ਤੋਂ ਵੱਧ ਕਿਰਤੀਆਂ ਨੇ ਹੜਤਾਲ ਕਰ ਦਿੱਤੀ। ਕੁਝ ਕੰਪਨੀਆਂ ਨੇ ਰਿਆਇਤਾਂ ਵੀ ਦਿਤੀਆਂ, ਪਰ ਸੰਘਰਸ਼ ਜਾਰੀ ਰਿਹਾ। 3-ਮਈ ਨੂੰ ਸ਼ਹਿਰ ਵਿਆਪੀ ਮੁਜਾਹਰਾ ਹੋਣ ਵਾਲਾ ਸੀ। ਮੁਜ਼ਾਹਰੇ ਸਮੇਂ ਪੁਲੀਸ ਨੇ ਹਥਿਆਰਾਂ ਦੀ ਵਰਤੋਂ ਕੀਤੀ। ਕਈ ਕਿਰਤੀ ਸ਼ਹੀਦ ਹੋ ਗਏ। ਅਗਲੇ ਦਿਨ ਰੋਸ ਵੱਜੋ ਕਿਰਤੀ ਗੁਸੇ 'ਚ ਆਮ-ਹੜਤਾਲ ਦੀ ਤਿਆਰੀ ਕਰ ਰਹੇ ਸਨ। ਪੁਲੀਸ ਨੇ ਕਿਰਤੀਆਂ ਤੇ ਹਮਲਾ ਕਰ ਦਿਤਾ ਤੇ ਫੌਜ ਨੇ ਗੋਲੀ ਚਲਾ ਦਿੱਤੀ। ਕਈ ਕਿਰਤੀ ਸ਼ਹੀਦ ਹੋ ਗਏ। ਚਾਰ ਮਈ, 1886 ਨੂੰ ਸ਼ਾਮ ਦੇ 7-ਵਜੇ ਦੋ-ਤਿੰਨ ਹਜ਼ਾਰ ਦੇ ਵਿਚਕਾਰ ਕਿਰਤੀ ''ਹੇਅ ਮਾਰਕਿਟ ਚੌਂਕ' ਵਿੱਚ ਇੱਕਠੇ ਹੋਏ। ਕਿਰਤੀ ਆਗੂ ਸਪਾਈਜ਼, ਪਾਰਸਨਜ਼ ਤੇ ਫੀਲਡਨ ਨੇ ਅਧਿਕਾਰੀਆਂ 'ਤੇ ਮਿਲ ਮਾਲਕਾਂ ਦੀ ਬਰਬਰਤਾ ਅਤੇ ਕਿਰਤੀ ਵਿਰੋਧੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਉਸ ਵੇਲੇ ਨਾ ਤਾਂ ਕਿਰਤੀ ਹਥਿਆਰਬੰਦ ਸਨ ਤੇ ਨਾ ਹੀ ਕੋਈ ਮੁਕਾਬਲੇ ਦਾ ਡਰ ਸੀ। ਰੈਲੀ ਦੌਰਾਨ ਮੀਂਹ ਪੈਣ ਲੱਗ ਪਿਆ ਤੇ ਕਿਰਤੀ ਘਰਾਂ ਵਲ ਜਾ ਰਹੇ ਹਨ, ਆਖਰੀ ਬੁਲਾਰਾ ਫੀਲਡਨ ਸੀ। ਵੱਡੀ ਗਿਣਤੀ ਵਿੱਚ ਮਿਲਟਰੀ (ਪੁਲਿਸ) ਨੇ ਸਟੇਜ ਦੇ ਲਾਗੇ ਜਾ ਕੇ ਪੁਜੀਸ਼ਨਾਂ ਲੈ ਲਈਆ। ਪੁਰ ਅਮਨ ਰੈਲੀ ਖਤਮ ਹੋ ਰਹੀ ਸੀ ਤੇ ਇਕ ਬੰਬ ਉਥੇ ਸੁਟਿਆ ਗਿਆ? ਇਕ ਪੁਲਿਸ ਕਰਮਚਾਰੀ ਮਾਰਿਆ ਗਿਆ ਤੇ ਕੁਝ ਲੋਕ ਜ਼ਖਮੀ ਹੋ ਗਏ। 4-ਮਈ ਦੀ ਬਰਬਰਤਾ, ਬਸ ! ਫਿਰ ਕੀ ਸੀ, ਜਿਵੇਂ ਪੂੰਜੀਪਤੀ ਮਾਲਕਾਂ ਅਤੇ ਪੁਲਿਸ ਦੀ ਯੋਜਨਾ-ਬੰਦੀ ਸੀ, ਪੁਲਿਸ ਵਲੋਂ ਅੰਧਾਧੁੰਦ ਬੜੀ ਬੇਕਿਰਕੀ ਨਾਲ ਕਿਰਤੀਆਂ 'ਤੇ ਗੋਲੀਆਂ ਦਾ ਮੀਂਹ ਵਰਾਹ ਦਿੱਤਾ। ਬਹੁਤ ਸਾਰੇ ਕਿਰਤੀ-ਮਰਦ, ਇਸਤਰੀਆਂ ਅਤੇ ਬੱਚੇ ਸ਼ਹੀਦ ਹੋ ਗਏ ਤੇ ਜਖ਼ਮੀ ਹੋ ਗਏ। ਪੁਲਿਸ ਨੇ ਨਿੱਠ-ਕੇ ਕਿਰਤੀਆਂ ਦਾ ਪਿਛਾ ਕੀਤਾ। ਜਮਹੂਰੀ ਦੇਸ਼ ਕਹਾਉਣ ਵਾਲੇ ਅਮਰੀਕਾ ਅੰਦਰ ਪੁਲਿਸ ਜ਼ਬਰ, ਬਰਬਰਤਾ ਅਤੇ ਮਨ-ਮਰਜ਼ੀ ਦੇ ਤਸ਼ੱਦਦ ਨੇ ''ਹੇਅ-ਮਾਰਕਿਟ ਦੇ ਕਾਂਡ' ਨੂੰ ਸ਼ਹੀਦ ਕਿਰਤੀਆਂ ਦੀ ਯਾਦ ਵਿੱਚ ਮਈ ਦਿਵਸ ਨੂੰ ਕੌਮਾਂਤਰੀ ਕਿਰਤੀ-ਜਮਾਤ ਨਾਲ ਇਕਮੁਠਤਾ ਵਜੋਂ ਅਮਰ ਬਣਾ ਦਿੱਤਾ ? ਕਿਰਤੀਆਂ ਦੇ ਡੁਲ੍ਹੇ ਖੂਨ ਨਾਲ ਉਹਨਾਂ ਦੇ ਸਬਰ ਨੇ, 'ਚਿੱਟੇ ਝੰਡੇ ਨੂੰ ਖੂਨ ਦੇ ਕੇ ਲਾਲ ਸੁਰਖ਼ ਬਣਾ ਦਿੱਤਾ ! ਜੋ ਸ਼ਿਕਾਗੋ ਹੀ ਨਹੀਂ ਅੱਜ ਸਾਰੀ ਦੁਨੀਆਂ ਅੰਦਰ ਕਿਰਤੀ-ਜਮਾਤ ਦੀ ਪ੍ਰਤੀਨਿਧਤਾ ਕਰਕੇ ਕਿਰਤੀ ਕੁਰਬਾਨੀ ਦਾ ਇਹ 'ਲਾਲ ਝੰਡਾਂ' ਇਕ ਪ੍ਰਤੀਕ ਬਣ ਗਿਆ। ਪਾਰਸਨਜ਼ ਨੇ ''ਹੇਅ-ਮਾਰਕਿਟ ਗੋਲੀ ਕਾਂਡ' ਦੇ ਦੁਖਾਂਤ ਨੂੰ ਨੰਗਾ ਕੀਤਾ, 'ਜਿਹੜੇ ਅਦਾਲਤ ਵਿੱਚ ਝੂਠੇ ਗਵਾਹ, ਇਸਤਗਾਸਾ ਅਤੇ ਜੱਜ ਖੇਡ ਰਹੇ ਸਨ ? ਉਸ ਨੇ ਹਾਕਮੀ ਸਾਜਸ਼ ਨੂੰ ਨੰਗਾ ਕਰਦੇ ਦੱਸਿਆ ਕਿ ਇਹ ਮੁਕੱਦਮਾ ਕਿਰਤੀ ਜਮਾਤ ਦੀ ਆਜ਼ਾਦੀ ਵਿਰੁਧ ਇਕ ਸਾਜਸ਼ ਸੀ, ਜਿਸ ਲਈ ਸ਼ਿਕਾਗੋ ਦੇ ਕਰੋੜਾਂਪਤੀ ਕਾਰਖਾਨੇਦਾਰਾਂ ਨੇ ਧਨ ਦਿਤਾ ਸੀ। ਫਾਂਸੀ ਲੱਗਣ ਤੋਂ ਥੋੜੀ ਦੇਰ ਪਹਿਲਾ ਜੇਲ੍ਹ ਵਿੱਚ ਪਾਰਸਨਜ਼ ਨੇ ਆਪਣੀ ਪੁਸਤਕ ਖਤਮ ਕੀਤੀ ਜਿਸ ਵਿੱਚ ਉਸਨੇ ਸਮਾਜ ਦੇ ਵਿਕਾਸ ਬਾਰੇ ਆਪਣੇ ਵਿਚਾਰ ਦੱਸੇ ਸਨ। ਉਸ ਦੀ ਪਤਨੀ ਲੂਸੀ ਪਾਰਸਨਜ਼ ਨੇ, ਜਿਹੜੀ ਕਿ ਇਨਕਲਾਬੀਆਂ ਦੀ ਮਿੱਤਰ ਤੇ ਸਾਥੀ ਸੀ ਨੇ ਅਦਾਲਤ ਵਿੱਚ ਲੋਕਾਂ ਦੇ ਬਿਆਨਾਂ, ਮੁਕੱਦਮੇ ਦੀ ਤਫ਼ਤੀਸ਼ ਤੇ ਰੀਕਾਰਡ ਪ੍ਰਕਾਸ਼ ਕਰਾਏ।

ਸ਼ਿਕਾਗੋ ਦੀਆਂ ਦੁੱਖਦਾਈ ਘਟਨਾਵਾਂ ਦੀ ਖਬਰ ਸਾਰੀ ਦੁਨੀਆਂ ਵਿੱਚ ਫੈਲ ਗਈ ! ਕਿਰਤ ਅਤੇ ਆਜਾਦੀ ਲਈ ਸੰਘਰਸ਼ ਦਾ ਸ਼ਿਕਾਰ ਹੋਏ ਕਿਰਤੀਆਂ ਲਈ ਵਿਆਪਕ ਤੌਰ 'ਤੇ ਹਮਦਰਦੀ ਦੀ ਲਹਿਰ ਉਠ ਖੜੀ ਹੋ ਗਈ ! ਇਲੀ ਨੋਇਜ਼ ਦੇ ਗਵਰਨਰ ਨੂੰ ਕਿਰਤੀਆਂ ਨੂੰ ਦਿਤੀ ਸਜ਼ਾਅ ਦੀ ਮਨਸੂਖੀ ਕਰਨ ਦੀਆਂ ਦਰਖਾਸਤਾਂ ਕਈ ਦੇਸ਼ਾਂ ਦੀਆਂ ਸਖਸ਼ੀਅਤਾਂ ਤੇ ਜੱਥੇਬੰਦੀਆਂ ਵੱਲੋਂ ਭੇਜੀਆਂ ਗਈਆਂ। ਜਿਨ੍ਹਾਂ ਵਿੱਚ ਜਾਰਜ ਬਰਨ-ਾਰਡ ਸ਼ਾਅ, ਫਰਾਂਸ ਦੇ ਡਿਪਟੀਆਂ ਦੀ ਚੈਂਬਰ, ਪੈਰਿਸ ਦੀ ਮਿਊਂਸਪਲ ਕੌਂਸਲ, ਸੇਈਨ ਦੇ ਕੌਂਸਲ, ਫਰਾਂਸ, ਰੂਸ, ਇਟਲੀ ਤੇ ਸਪੇਨ ਦੇ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਸ਼ਾਮਲ ਸਨ। ਖੁਦ ਅਮਰੀਕਾ ਵਿੱਚ ਉਘੇ ਕਨੂੰਨੀ ਮਾਹਿਰਾਂ, ਜਨਤਕ ਆਗੂ, ਹੈਨਰੀ ਡੇਮਾਰਿਸਟ ਲਾਇਡ, ਸੈਨੇਟਰ ਈਮਾਨ ਟਰਨਬੁਲ, ਸਟੀਫਨ ਐਸ, ਗਰੀਗੋਰੀ, ਲੀਮਾਨ ਗੇਜ, ਆਰ.ਜੀ. ਇਨਗਰ ਸੋਲ ਆਦਿ ਸ਼ਾਮਲ ਸਨ। 11-ਨਵੰਬਰ, 1887 ਨੂੰ ਅਲਬਰਟ ਪਾਰਸਨਜ਼, ਅਗਸਤ ਸਪਾਈਸ, ਅਡਾਲਫ਼ ਫਿਸ਼ਰ ਅਤੇ ਜਾਰਜ ਏਂਗਲ ਨੂੰ ਫਾਂਸੀ ਲਾਈ ਗਈ। ਇਨ੍ਹਾਂ ਸੂਰਮਿਆਂ ਨੇ ਆਪਣੇ ਆਖਰੀ ਸ਼ਬਦਾਂ ਰਾਹੀ ਕਿਰਤੀ ਜਮਾਤ ਨੂੰ ਸੰਘਰਸ਼ ਜਾਰੀ ਰੱਖਣ ਲਈ ਜੁਸ਼ੀਲੇ ਸੁਨੇਹੇ ਰਾਹੀ ਯਾਦ ਕੀਤਾ।

ਪਹਿਲੀ ਮਈ ਦੇ ਖੂਨੀ ਕਾਂਡ ਅੰਦਰ ਜ਼ਾਬਰ ਹਾਕਮਾਂ ਨੂੰ ਸੰਸਾਰ ਦਬਾਅ ਅਧੀਨ ਸੈਮੂਐਲ ਫੀਲਡਨ ਤੇ ਮਾਈਕਲ ਸ਼ਾਅਬ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿੱਚ ਤਬਦੀਲ ਕਰਨਾ ਪਿਆ। ਜੇਲ੍ਹ ਅੰਦਰ ਸ਼ਹੀਦ ਹੋਏ ਲੂਈ ਅਤੇ ਫਾਂਸੀ ਲੱਗੇ ਸ਼ਹੀਦ ਆਗੂਆਂ ਨੂੰ ਸ਼ਿਕਾਗੋ ਵਿਖੇ ਵਾਲਧਾਈਮ ਕਬਰਸਤਾਨ ਵਿੱਚ ਪੂਰੇ ਸਨਮਾਨਾਂ ਨਾਲ ਦਫ਼ਨਾਅ ਦਿੱਤਾ ਗਿਆ। ਮਈ ਦੇ ਸ਼ਹੀਦ ਕਿਰਤੀ ਜਮਾਤ ਦੇ ਆਗੂਆਂ ਦੇ ਜਨਾਜ਼ੇ ਵਿੱਚ ਮਜ਼ਦੂਰ ਜਮਾਤ ਨਾਲ ਯਕਜਿਹਤੀ ਪ੍ਰਗਟ ਕਰਨ ਲਈ 25-ਹਜ਼ਾਰ ਤੋਂ ਵੱਧ ਕਿਰਤੀ ਲੋਕਾਂ ਦੇ ਹਜੂਮ ਨੇ ਸਤਿਕਾਰ ਵਜੋਂ ਹਿਸਾ ਲਿਆ ਅਤੇ ਆਪਣੇ ਜਮਾਤੀ ਭਰਾਵਾਂ ਤੇ ਸਾਥੀਆਂ ਨੂੰ ਆਖਰੀ ਅਲਵਿਦਾ ਕਹੀ ! ਬਹੁਤ ਸਾਰੇ ਕਿਰਤੀ ਲੋਕਾਂ ਅਤੇ ਜਮਹੂਰੀ-ਸੋਚ ਵਾਲੇ ਅਮਰੀਕੀ ਇਸ ਗਲ 'ਤੇ ਬਜ਼ਿਦ ਰਹੇ ਕਿ ਮਈ 'ਹੇਅ-ਮਾਰਕਿਟ' ਦੇ ਖੂਨੀ-ਕਾਂਡ 'ਤੇ ਮੁੜ ਕੇਸ ਨਵੇਂ ਸਿਰਿਓਂ ਚਲਾਇਆ ਜਾਵੇ। ਲੋਕ ਦਬਾਅ ਅਧੀਨ 26-ਜੁਲਾਈ,1893 ਨੂੰ ਇਲੀਨੋਇਜ਼ ਦੇ ਨਵੇਂ ਚੁਣੇ ਗਵਰਨਰ ਜਾਹਨ ਪੀ.ਐਟਗੈਲਡ ਨੇ ਫੀਲਡਨ, ਸ਼ਾਅਬ ਤੇ ਨੀਬ ਨੂੰ ਮੁਆਫੀ ਦੇ ਦਿੱਤੀ। ਆਪਣੇ ਐਲਾਨ ਵਿੱਚ ਗਵਰਨਰ ਨੇ ਕਿਹਾ ਇਹ ਲੋਕ ਆਪਣੇ ਸਾਥੀਆਂ ਵਾਂਗ ਨਿਰਦੋਸ਼ ਸਨ ਤੇ ਉਹਨਾਂ ਉਤੇ ਮੁਕੱਦਮੇ ਚਲਾਉਣਾ ਅਦਾਲਤੀ ਜ਼ਾਬਤੇ ਦੀ ਭੱਦੀ ਉਲੰਘਣਾ ਸੀ।

ਹੇਅ ਮਾਰਕਿਟ ਦੇ ਖੂਨੀ ਕਾਂਡ ਵੇਲੇ ਜਦੋਂ ਕਿਰਤੀ ਪੁਰ-ਅਮਨ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਸਨ ਤਾਂ ਅਮਰੀਕਾ ਦੇ ਹੰਕਾਰੀ ਪੂੰਜੀਪਤੀ ਮਿਲ ਮਾਲਕ ਤੇ ਰਾਜਤੰਤਰ ਮਨ-ਮਰਜ਼ੀ ਦੀਆਂ ਕਾਰਵਾਈਆਂ ਰਾਹੀਂ ਹੜਤਾਲੀ ਕਿਰਤੀਆ ਅੰਦਰ ਭੜਕਾਹਟ ਪੈਦਾ ਕਰਕੇ ਵੱਡੇ ਪੱਧਰ 'ਤੇ ਤਸ਼ੱਦਦ ਕਰਨ ਲਈ ਬਹਾਨੇ ਲੱਭ ਰਿਹਾ ਸੀ।

**ਬਾਕੀ ਹਿਸਾ ਸਫਾ 33 ਤੇ ਪੜ੍ਹੋ**

# ਰਹਿਮ ਦਿਲ

ਨਿਰਮਲ ਸਿੰਘ ਕੰਧਾਲਵੀ



ਹਾਦਸਾ ਸਰਪੰਚ ਦੀ ਹਵੇਲੀ ਦੇ ਪਿਛਲੇ ਪਾਸਿਉਂ ਲੰਘਦੀ ਸੜਕ ਉਪਰ ਹੋਇਆ ਸੀ। ਸਰਪੰਚ ਦਾ ਵੱਡਾ ਮੁੰਡਾ ਨਸ਼ੇ 'ਚ ਟੱਲੀ ਹੋ ਕੇ ਆਪਣੇ ਟਿਊਬਵੈੱਲ ਤੋਂ ਚੰਗਾ ਘੁਸਮੁਸਾ ਜਿਹੇ ਹੋਏ ਟਰੈਕਟਰ ਉਪਰ ਆਪਣੀ ਹਵੇਲੀ ਨੂੰ ਆ ਰਿਹਾ ਸੀ। ਟਰੈਕਟਰ ਉਸ ਤੋਂ ਬੇਕਾਬੂ ਹੋਕੇ ਸੜਕ ਦੇ ਦੂਜੇ ਪਾਸੇ ਆਪਣੇ ਹੱਥ ਆ ਰਹੇ ਸਕੂਟਰ ਸਵਾਰ ਮਾਸਟਰ ਕਿਸ਼ਨ ਚੰਦ ਨੂੰ ਦਰੜਦਾ ਹੋਇਆ ਟਾਹਲੀ ਨਾਲ ਵੱਜ ਕੇ ਰੁਕ ਗਿਆ ਸੀ। ਮਾਸਟਰ ਕਿਸ਼ਨ ਚੰਦ ਸਿਰ 'ਚ ਸੱਟ ਲੱਗਣ ਕਰਕੇ ਉਥੇ ਹੀ ਦਮ ਤੋੜ ਗਿਆ। ਸਰਪੰਚ ਨੇ ਹਵੇਲੀ ਦੇ ਬਾਹਰ ਜਦੋਂ ਖੜਾਕਾ ਸੁਣਿਆ ਤਾਂ ਉਹ ਸੜਕ ਵਲ ਨੂੰ ਦੌੜਿਆ, ਉਸ ਨੇ ਦੇਖਿਆ ਕਿ ਸੜਕ ਵਿਚ ਇਕ ਲਾਸ਼ ਤੇ ਟੁੱਟਿਆ ਭੱਜਿਆ ਸਕੂਟਰ ਪਿਆ ਸੀ ਤੇ ਉਹਦੇ ਮੁੰਡੇ ਤੋਂ ਨਸ਼ੇ ਦੀ ਹਾਲਤ ਵਿਚ ਖੜੋ ਵੀ ਨਹੀ ਸੀ ਹੋ ਰਿਹਾ।

ਸਰਪੰਚ ਨੇ ਬੜੀ ਫੁਰਤੀ ਨਾਲ ਟਰੈਕਟਰ ਪਿਛਾਂਹ ਕਰਕੇ ਸੜਕ ਦੇ ਦੂਜੇ ਪਾਸੇ ਕੀਤਾ ਅਤੇ ਮਾਸਟਰ ਕਿਸ਼ਨ ਚੰਦ ਦੀ ਲਾਸ਼ ਨੂੰ ਅਤੇ ਸਕੂਟਰ ਨੂੰ ਧੂਹ ਕੇ ਟਰੈਕਟਰ ਦੇ ਅੱਗੇ ਕਰ ਦਿੱਤਾ ਤਾਂ ਕਿ ਇੰਜ ਜਾਪੇ ਜਿਵੇਂ ਸਕੂਟਰ ਸਵਾਰ ਸੜਕ ਦੇ ਦੂਜੇ ਪਾਸੇ ਜਾ ਕੇ ਟਰੈਕਟਰ ਦੇ ਥੱਲੇ ਆਇਆ ਹੋਵੇ। ਫਿਰ ਉਸ ਨੇ ਅਪਣੇ ਮੁੰਡੇ ਨੂੰ ਬਾਹੋਂ ਫੜਕੇ ਧੂਇਆ ਅਤੇ ਹਵੇਲੀ ਦੇ ਇਕ ਕਮਰੇ 'ਚ ਬੰਦ ਕਰ ਦਿਤਾ।

ਇਤਨੀ ਦੇਰ ਨੂੰ ਹਾਦਸੇ ਵਾਲੀ ਥਾਂ 'ਤੇ ਕਾਫੀ ਲੋਕ ਇੱਕਠੇ ਹੋ ਗਏ। ਥੋੜ੍ਹੀ ਦੂਰ 'ਤੇ ਅੱਡੇ ਵਿਚ ਇਕ ਡਾਕਟਰ ਦੀ ਦੁਕਾਨ ਸੀ। ਇਕ ਬੰਦਾ ਦੌੜ ਕੇ ਡਾਕਟਰ ਨੂੰ ਬੁਲਾ ਲਿਆਇਆ। ਉਸ ਨੇ ਨਬਜ਼ ਦੇਖ ਕੇ ਐਲਾਨ ਕਰ ਦਿਤਾ ਕਿ ਸਕੂਟਰ ਸਵਾਰ ਮਰ ਚੁੱਕਾ ਸੀ।

ਮਾਸਟਰ ਕਿਸ਼ਨ ਚੰਦ ਨੇੜੇ ਦੇ ਪਿੰਡ ਦਾ ਰਹਿਣ ਵਾਲਾ ਸੀ। ਇਕ ਆਦਮੀ ਉਸ ਦੇ ਪਰਵਾਰ ਨੂੰ ਖ਼ਬਰ ਦੇਣ ਲਈ ਭੇਜ ਦਿੱਤਾ ਗਿਆ। ਕੁਝ ਦੇਰ ਬਾਅਦ ਹੀ ਉਸ ਦੀ ਪਤਨੀ ਤੇ ਧੀਆਂ ਵਿਰਲਾਪ ਕਰਦੀਆਂ ਹੋਈਆਂ ਪਹੁੰਚ ਗਈਆਂ। ਤਦ ਤਾਈਂ ਨੇੜਲੀ ਚੌਂਕੀ ਤੋਂ ਪੁਲਿਸ ਵੀ ਪਹੁੰਚ ਚੁੱਕੀ ਸੀ। ਪੁਲਿਸ ਨੇ ਲੋੜੀਂਦੀ ਕਾਰਵਾਈ ਕਰਕੇ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ ਤੇ ਫਿਰ ਪੁਲਿਸ ਵਾਲੇ ਬਣੇ ਸਰਪੰਚ ਦੇ ਮਹਿਮਾਨ।



ਅੰਗਰੇਜ਼ੀ ਸ਼ਰਾਬ ਦੇ ਭਰਵੇਂ ਜਿਹੇ ਹਾੜੇ 'ਚੋਂ ਘੁੱਟ ਭਰਦਿਆਂ ਥਾਣੇਦਾਰ ਨੇ ਪੁੱਛਿਆ, "ਸਰਪੰਚ ਸਾਹਿਬ ਹਾਦਸਾ ਹੋਣ ਵੇਲੇ ਟਰੈਕਟਰ ਕੌਣ ਚਲਾ ਰਿਹਾ ਸੀ?"

ਸਰਪੰਚ ਨੇ ਥਥਲਾਉਂਦਿਆਂ ਕਿਹਾ, "ਟਰੈਕਟਰ ਤਾਂ ਜੀ ਅਪਣਾ ਵੱਡਾ ਕਾਕਾ ਈ ਚਲਾ ਰਿਹਾ ਸੀ।"

"ਹੁਣ ਉਹ ਕਿਥੇ ਐ?" ਥਾਣੇਦਾਰ ਨੇ ਪੁਛਿਆ।

"ਠਾਣੇਦਾਰ ਸਾਹਬ, ਤੁਸੀਂ ਮੁੰਡੇ ਦੀ ਗੱਲ ਛੱਡੋ, ਮੇਰੇ ਨਾਲ ਮੁਕਾਉ ਸਾਰੀ ਗੱਲ, ਆਪਾਂ ਕਿਸੇ ਗੱਲੋਂ ਨਾਬਰ ਆਂ," ਸਰਪੰਚ ਨੇ ਬੜੀ ਅਪਣੱਤ ਦਿਖਾਉਂਦਿਆਂ ਕਿਹਾ।

ਸਰਪੰਚ ਨੂੰ ਕੁੜਿੱਕੀ 'ਚ ਫਸਿਆ ਦੇਖ ਕੇ ਥਾਣੇਦਾਰ ਬੋਲਿਆ।

"ਦੇਖ ਲਉ ਸਰਪੰਚ ਸਾਬ੍ਹ, ਬੰਦੇ ਦੀ ਮੌਤ ਹੋਈ ਐ, ਮੈਂ ਮੌਕਾ ਦੇਖ ਲਿਐ, ਮਰਨ ਵਾਲਾ ਵਿਚਾਰਾ ਤਾਂ ਆਪਣੇ ਹੱਥ ਆ ਰਿਹਾ ਸੀ। ਉਸ ਦਾ ਖ਼ੂਨ ਸੜਕ ਦੇ ਇਸ ਪਾਸੇ ਡੁੱਲ੍ਹਿਆ ਹੋਇਐ ਪਰ ਉਸ ਦੀ ਲਾਸ਼ ਤੇ ਸਕੂਟਰ ਨੂੰ ਧੂਹ ਕੇ ਸੜਕ ਦੇ ਦੂਸਰੇ ਪਾਸੇ ਟਰੈਕਟਰ ਦੇ ਅੱਗੇ ਕੀਤਾ ਗਿਐ," ਥਾਣੇਦਾਰ ਨੇ ਖਚਰੀਆਂ ਜਿਹੀਆਂ ਅੱਖਾਂ ਨਾਲ ਸਰਪੰਚ ਵਲ ਦੇਖਿਆ।

ਸਰਪੰਚ ਦਾ ਰੰਗ ਪੀਲਾ ਪੈ ਗਿਆ ਸੀ। ਉਸ ਨੂੰ ਇਉਂ ਜਾਪਿਆ ਜਿਵੇਂ ਠਾਣੇਦਾਰ ਨੇ ਖੁਦ ਉਸਨੂੰ ਸਕੂਟਰ ਤੇ ਲਾਸ਼ ਧੂੰਦੇ ਨੂੰ ਦੇਖਿਆ ਲਿਆ ਹੋਵੇ।

ਸਰਪੰਚ ਨੂੰ ਡਰਿਆ ਵੇਖਕੇ ਥਾਣੇਦਾਰ ਬੋਲਿਆ, "ਸਰਪੰਚ ਸਾਬ੍ਹ, ਉਪਰ ਤਾਈਂ ਮੂੰਹ ਬੰਦ ਕਰਨਾ ਪੈਣੈ ਸਾਰਿਆਂ ਦਾ। ਥੋਨੂੰ ਤਾਂ ਪਤਾ ਈ ਐ ਅੱਜ ਕਲ ਵੱਡੇ ਅਫ਼ਸਰਾਂ ਦੇ ਮੂੰਹ ਕਿਵੇਂ ਅੱਡੇ ਪਏ ਐ।"

"ਬੱਸ ਹੁਣ ਤਾਂ ਸਭ ਕੁਝ ਥੋਡੇ ਵੱਸ ਈ ਐ, ਸਾਬ੍ਹ ਜੀ, ਜਿਵੇਂ ਕਿਵੇਂ ਵੀ ਸਾਨੂੰ ਇਸ ਸਾੜ੍ਹਸਤੀ 'ਚੋਂ ਕੱਢੋ।" ਸਰਪੰਚ ਨੇ ਘੱਗੀ ਜਿਹੀ ਆਵਾਜ਼ 'ਚ ਕਿਹਾ।

"ਸਰਪੰਚ ਸਾਬ੍ਹ ਕੇਸ ਬਹੁਤ ਸੀਰੀਅਸ ਐ, ਕਾਰਵਾਈ ਤਾਂ ਚੱਲੂ ਪਰ ਜੇ ਤੁਸੀਂ ਕਹੋਂ ਤਾਂ ਕੇਸ ਅਸੀਂ ਇੰਜ ਤਿਆਰ ਕਰਾਂਗੇ ਕਿ ਇਸ 'ਚ ਜਾਨ ਹੀ ਨਾ ਰਹੂ ਤੇ ਮੁੰਡੇ ਤੁਹਾਡੇ ਦਾ ਵਾਲ਼ ਵਿੰਗਾ ਨਾ ਹੋਊ," ਥਾਣੇਦਾਰ ਨੇ ਸ਼ਰਾਬ ਦਾ ਵੱਡਾ ਸਾਰਾ ਘੁੱਟ ਭਰਕੇ ਖਾਲੀ ਗਿਲਾਸ ਮੇਜ਼ 'ਤੇ ਰੱਖਦਿਆਂ ਕਿਹਾ।

"ਤੁਸੀਂ ਜਿਵੇਂ ਕਹੋਗੇ ਉਵੇਂ ਹੀ ਕਰਲਾਂਗੇ ਜੀ, ਪਰ ਇਸ ਸਾੜ੍ਹਸਤੀ ਤੋਂ ਬਚਾਉ ਸਾਨੂੰ," ਸਰਪੰਚ ਨੇ ਲਿਲ੍ਹਕੜੀ ਲਈ।

ਤੇ ਫੇਰ ਕੇਸ ਅਦਾਲਤ ਵਿਚ ਗਿਆ। ਥਾਣੇਦਾਰ ਤੇ ਸਰਪੰਚ ਦੇ ਤਿਆਰ ਕੀਤੇ ਝੂਠੇ ਗਵਾਹਾਂ ਨੇ ਅਦਾਲਤ ਵਿਚ ਗਵਾਹੀ ਦਿੱਤੀ ਕਿ ਉਹਨਾਂ ਨੇ ਹਾਦਸੇ ਤੋਂ ਅੱਧਾ ਘੰਟਾ ਪਹਿਲਾਂ ਹੀ ਮਾਸਟਰ ਕਿਸ਼ਨ ਚੰਦ ਨੂੰ ਸ਼ਰਾਬ ਦੇ ਠੇਕਿਉਂ ਨਿਕਲਦਾ ਦੇਖਿਆ ਸੀ ਤੇ ਉਹ ਬਿਨਾਂ ਲਾਈਟ ਦੇ ਸਕੂਟਰ ਉਪਰ ਆ ਰਿਹਾ ਸੀ ਤੇ ਉਹਦਾ ਸਕੂਟਰ ਵੀ ਝੂਲਦਾ ਜਾਂਦਾ ਸੀ।

ਜਿਸ ਬੰਦੇ ਨੇ ਸਾਰੀ ਉਮਰ ਸ਼ਰਾਬ ਨੂੰ ਕਦੇ ਹੱਥ ਨਹੀਂ ਸੀ ਲਗਾਇਆ, ਪੋਸਟ ਮਾਰਟਮ ਦੀ ਰਿਪੋਰਟ ਨੇ ਉਸਨੂੰ ਸ਼ਰਾਬੀ ਸਾਬਤ ਕਰ ਦਿੱਤਾ ਸੀ।

ਡਾਕਟਰਾਂ ਨੇ ਆਪਣੇ ਪੇਸ਼ੇ ਨਾਲ ਹੀ ਬਲਾਤਕਾਰ ਕਰ ਲਿਆ ਸੀ।

ਜੱਜ ਨੇ ਆਪਣੇ ਫ਼ੈਸਲੇ 'ਚ ਲਿਖਿਆ ਕਿ ਮਰਨੇ ਵਾਲੇ ਨੇ ਅਪਣੀ ਗ਼ਲਤੀ ਨਾਲ ਅਪਣੀ ਜਾਨ ਗੁਆਈ ਹੈ, ਟਰੈਕਟਰ ਚਾਲਕ ਦਾ ਕੋਈ ਕਸੂਰ ਨਹੀਂ ਸੀ। ਅਦਾਲਤ ਨੂੰ ਮਰਨ ਵਾਲੇ ਦੇ ਪਰਵਾਰ ਨਾਲ ਪੂਰੀ ਹਮਦਰਦੀ ਹੈ।

ਜੱਜ ਨੇ ਉਚੇਚੀ ਟਿੱਪਣੀ ਕੀਤੀ, "ਸਰਪੰਚ ਸਾਹਿਬ ਬੜੇ ਰਹਿਮ ਦਿਲ ਇਨਸਾਨ ਹਨ, ਇਹਨਾਂ ਨੇ ਟਰੈਕਟਰ ਦੀ ਮੁਰੰਮਤ ਦਾ ਖ਼ਰਚਾ ਵੀ ਮਰਨੇ ਵਾਲੇ ਦੇ ਪਰਵਾਰ ਸਿਰ ਪਾਉਣ ਤੋਂ ਅਦਾਲਤ ਨੂੰ ਮਨ੍ਹਾਂ ਕਰ ਦਿਤਾ ਹੈ।"

* * * * * * * *

32 ਸਫੇ ਦੀ ਬਾਕੀ

3-ਮਈ 1886 ਨੂੰ ਮੈਕਾਰਮਿਕ ਫੈਕਟਰੀ ਦੇ ਕਿਰਤੀਆਂ 'ਤੇ ਪੁਲੀਸ ਵਲੋਂ ਚਲਾਈ ਗੋਲੀ ਕਾਰਨ 6-ਕਿਰਤੀ ਸ਼ਹੀਦ ਹੋ ਗਏ ਸਨ। ਇਸੇ ਤਰ੍ਹਾਂ ਰੋਸ ਪ੍ਰਗਟ ਕਰਦੇ ਕਿਰਤੀਆਂ 'ਤੇ 4-ਮਈ ਨੂੰ ਚੱਲੀ ਗੋਲੀ ਦੌਰਾਨ ਜਿਹੜੇ ਵੀ ਕਿਰਤੀ ਸ਼ਹੀਦ ਹੋਏ ਸਨ ਉਹਨਾਂ ਲਈ ਵੀ ਹਾਕਮ ਤੇ ਉਸ ਦੀ ਪੁਲੀਸ ਹੀ ਜਿੰਮੇਵਾਰ ਸੀ। ਉਸ ਸੰਬੰਧੀ ਉਸ ਵੇਲੇ ਦਾ ਪ੍ਰੈਸ ਕਿਵੇਂ ਮਾਲਕਾਂ ਪੱਖੀ ਰੋਲ ਅਦਾ ਕਰ ਰਿਹਾ ਸੀ, 'ਸ਼ਿਕਾਗੋ ਟ੍ਰਿਬਿਊਨ ਨੇ ਕਿਰਤੀਆਂ ਦੀ ਮੀਟਿੰਗ ਨੂੰ ''ਅਵਾਰਾ ਹਜੂਮ' ਕਹਿੰਦੇ ਹੋਏ ਲਿਖਿਆ, 'ਕਿ ਜੇ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਨੂੰ ਛੇਤੀ ਤੇ ਪੂਰੀ ਤਰ੍ਹਾਂ ਦਰੜਿਆ ਨਾ ਗਿਆ ਤਾਂ ਸਾਡਾ ਅਮਰੀਕਨ ਸਮਾਜ ਖਤਰੇ 'ਚ ਪੈ ਜਾਵੇਗਾ ? ਇਸ ਤੋਂ ਸਪਸ਼ਟ ਜ਼ਾਹਰ ਹੈ ਕਿ ਅਮਰੀਕੀ ਰਾਜਸਤਾ ਅੰਦਰ ਉਸ ਵੇਲੇ ਹਾਕਮ, ਮਿਲ ਮਾਲਕ ਅਤੇ ਰਾਜਤੰਤਰ ਪੂਰੀ ਤਰ੍ਹਾਂ ਇਕ-ਮਿਕ ਤੇ ਕਿਰਤੀਆਂ ਵਿਰੋਧੀ ਸੀ। ਪਰ ਸ਼ਿਕਾਗੋ ਸ਼ਹਿਰ ਦੇ ਹੇਅ-ਮਾਰਕਿਟ 'ਚ ਡੁੱਲੇ ਕਿਰਤੀਆਂ ਦੇ ਖੂਨ ਕਾਰਨ, ਜੋ ਇਤਿਹਾਸ ਉਸਰਿਆ ਹੈ, ਉਸ ਨੇ ਸਾਰੀ ਦੁਨੀਆਂ ਅੰਦਰ ਇਕ ਨਿਰਣਾਇਕ ਅਸੂਲਾਂ ਨੂੰ ਉਜਾਗਰ ਕਰਦੇ ਹੋਏ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ ਵਰਗ ਨੂੰ ਵੰਗਾਰਿਆ। 1893 ਨੂੰ ਸ਼ਿਕਾਗੋ ਦੇ ਕਿਰਤੀਆਂ ਨੇ ਹੇਅ ਮਾਰਕਿਟ ਦੇ ਸੂਰਮਿਆਂ ਦੀਆਂ ਕਬਰਾਂ ਉਤੇ ਇਕ ਯਾਦਗਾਰੀ ਸਿਲ ਲਾ ਦਿਤੀ ਜੋ ਨਿਆਂ ਲਈ ਆਵਾਜ਼ ਨੂੰ ਸਦੀਵੀ ਬੁਲੰਦ ਕਰਦੀ ਰਹੇਗੀ ? ''ਉਹ ਸਵੇਰਾ (ਦਿਨ) ਜਰੂਰ ਆਵੇਗਾ, ਜਦੋਂ ਸਾਡੀ ਚੁਪ (ਜ਼ਬਰ ਨਾਲ ਬੰਦ ਕੀਤੀ ਜ਼ੁਬਾਨ) ਹੋਰ ਵੀ ਸ਼ਕਤੀਸ਼ਾਲੀ ਹੋਵੇਗੀ ?ਸਾਡੀ ਆਵਾਜ਼ ਜਿਸ ਨੂੰ ਤੁਸੀ ਬੰਦ ਕਰ ਰਹੇ ਹੋ, ਇਕ ਭਾਂਬੜ ਬਣ ਕੇ ਹਰ ਪਾਸੇ ਮੱਚਣਗੇ?

ਕਦੀ ਜਾਗਰਿਤੀ ਅਤੇ ਪੁਨਰ-ਨਿਰਮਾਣ ਦੀ ਲਹਿਰ ਜੋ ਪੱਛਮ ਵੱਲੋ ਪੈਦਾ ਹੋ ਕੇ ਸੰਸਾਰ ਨੂੰ ਰੁਸ਼ਨਾਉਂਦੀਆਂ ਸਨ ! ਪਰ ਪਹਿਲੀ ਮਈ, 1886 ਦੇ ਇਤਿਹਾਸਕ ਮਜ਼ਦੂਰ ਦਿਵਸ ਨੇ ਅਮਰੀਕਾ ਤੋਂ ਤੁਰ ਕੇ ਯੂਰਪ, ਏਸ਼ੀਆ, ਅਫਰੀਕਾ ਤੇ ਆਸਟ੍ਰੇਲੀਆ ਅਤੇ ਸਾਰੀ ਦੁਨੀਆਂ ਦੇ ਕਿਰਤੀਆਂ ਨੂੰ ਜਾਗਰਿਤ ਕੀਤਾ ! ਇਸ ਮਹਾਨ ਘੋਲ ਨੇ ਦੁਨੀਆਂ ਅੰਦਰ ਪੂੰਜੀਪਤੀ ਵਰਗ ਦੀ ਲੁੱਟ-ਖਸੁੱਟ ਵਿਰੁਧ, 'ਲੁੱਟੀ ਜਾਣ ਵਾਲੀ ਸ਼ੋਸ਼ਤ ਕਿਰਤੀ-ਜਮਾਤ ਨੂੰ, 'ਹੱਕਾਂ ਲਈ 'ਤੇ ਅਨਿਆਏ ਵਿਰੁੱਧ ਮਾਲਕਾਂ ਦੇ ਆਹਮੋ-ਸਾਹਮਣੇ ਖੜਾ ਕਰ ਦਿੱਤਾ। ਦੁਨੀਆਂ ਭਰ 'ਚ ਕਿਰਤੀ-ਜਮਾਤ ਅੰਦਰ ਮਈ ਦਿਵਸ ਤੋਂ ਬਾਅਦ ਆਈ ਜਮਾਤੀ-ਜਾਗਰਿਤੀ ਵਾਲੀ ਚੇਤਨਤਾ ਨੇ ਮਨੁੱਖ ਹੱਥੋ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਨੂੰ ਖਤਮ ਕਰਨ, ਹਰ ਜ਼ੁਲਮ, ਜ਼ਬਰ ਤੇ ਜ਼ਹਾਲਤ ਤੋਂ ਮੁਕਤੀ ਦਿਵਾਉਣ ਲਈ ਕਿਰਤੀ-ਵਰਗ ਨੂੰ ਇਕ ਤਕੜਾ ਝੰਜੋੜਾ ਦਿੱਤਾ! ਸ਼ਿਕਾਗੋ ਦੇ ਇਸ ਇਤਿਹਾਸਕ ਵਰਤਾਰੇ ਨੇ ਦੋ-ਸੰਸਾਰ, 'ਮਾਲਕ ਤੇ ਮਜ਼ਦੂਰ ਅਤੇ ਦੋਨਾਂ-ਵਿਚਕਾਰ ਲੁੱਟ-ਖਸੁੱਟ ਵਿਰੁਧ ਸ਼ੋਸ਼ਣ ਵਾਲੇ ਰਾਜ ਦੇ ਖਾਤਮੇ ਵਿਰੁੱਧ ਸੰਘਰਸ਼ਾਂ ਤੇ ਖੁਸ਼ਹਾਲੀ ਵਾਲਾ ਰਾਜ, ਗੁਲਾਮੀ ਦੀ ਥਾਂ ਭਰੱਖਣ ਵਾਲੇ ਸੰਸਾਰ ਦੇ ਸਥਾਪਤੀ ਵਲ ਇਕ ਨਾ ਮਿਟਣ ਵਾਲਾ ਸੰਕਲਪ ਅਤੇ ਮੁਕਤੀ ਵਾਲਾ ਅਸਲੀ ਰਾਹ ਸਾਹਮਣੇ ਲਿਆਂਦਾ! ਇਸ ਵਰਗ-ਸੰਘਰਸ਼ ਵਾਲੇ ਵਰਤਾਰੇ ਨੇ ਹੀ ਪਹਿਲੀ ਵਾਰ ਰੂਸ ਅੰਦਰ (ਸੋਵੀਅਤ ਯੂਨੀਅਨ) ਹੋਏ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ, 1917 ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਨੇ ਸੱਚ ਕਰ ਦਿਖਾਇਆ ਕਿ ਕਿਰਤੀ ਹੀ ਇਸ ਸੰਸਾਰ ਦੇ ਮਾਲਕ ਹਨ !

ਭਾਵੇਂ ਪਹਿਲੇ ਸਮਾਜਵਾਦੀ ਰਾਜ ਪ੍ਰਬੰਧ ਵਾਲਾ ਸੋਵੀਅਤ ਰੂਸ (1917-1991) ਢੈਅ-ਢੇਰੀ ਹੋ ਚੁੱਕਾ ਹੈ। ਪਰ ਜੋ ਪ੍ਰਾਪਤੀਆਂ ਸਮਾਜਵਾਦੀ ਪ੍ਰਭਾਵ ਹੇਠ ਪ੍ਰਾਪਤ ਹੋਈਆਂ ਉਸ ਸੀ ਸਭ ਤੋਂ ਵੱਡੀ ਕਿਰਤੀ-ਵਰਗ ਅੰਦਰ ਆਈ ਜਾਗਰਿਤੀ ਸੀ! ਗੁਲਾਮ ਕੌਮਾਂ ਤੇ ਦੇਸ਼ਾਂ ਦੀ ਆਜਾਦੀ, ਸੰਸਾਰ-ਅਮਨ, ਵਿਗਿਆਨ ਅਤੇ ਟੈਕਨੌਲਜੀ ਖੇਤਰ ਅੰਦਰ ਹੋਈਆਂ ਅਥਾਹ ਪ੍ਰਾਪਤੀਆਂ ਵੀ ਸਭ ਵਰਣਨ-ਯੋਗ ਹਨ। ਇਹ ਚੜ੍ਹਤ ਸਮਾਜਵਾਦੀ ਵਿਚਾਰਾਂ, ਅਮਲਾਂ ਤੇ ਪ੍ਰਭਾਵਾਂ ਦਾ ਹੀ ਸਿੱਟਾ ਸੀ। ਇਸ ਇਨਕਲਾਬੀ ਮਿਸ਼ਨ ਲਈ 1886 ਦੇ ਸ਼ਿਕਾਗੋ ਦੇ ਕਿਰਤੀਆਂ ਵੱਲੋ ਅਪਨਾਇਆ ਕੁਰਬਾਨੀ ਭਰਿਆ ਕਦਮ ਅਤੇ ਏਕਾ ਹੀ ਸੀ ਜਿਸ ਨੇ ਸਮਾਜ ਦੀ ਇਤਿਹਾਸਕ ਅਤੇ ਗੁਣਾਂਤਮਿਕ ਤਾਸੀਰ ਹੀ ਬਦਲ ਦਿੱਤੀ। ਅੱਜ ਭਾਵੇਂ ਦੁਨੀਆਂ ਅੰਦਰ ਪੂੰਜੀਵਾਦ ਕਈ ਰੂਪਾਂ ਰਾਹੀ ਕਿਰਤੀ ਦੀ ਲੁੱਟ ਕਰਨ ਲਈ ਕਈ ਢੰਗ ਤਰੀਕੇ ਵਰਤ ਰਿਹਾ ਹੈ,ਪਰ ਸਮਾਜਵਾਦੀ ਬਲਾਕ ਇਕ ਜੁਟ ਨਾ ਹੋਣ ਦੇ ਬਾਵਜੂਦ ਵੀ ਦੁਨੀਆਂ ਅੰਦਰ ਵਰਗੀ-ਸੰਘਰਸ਼ ਵੀ ਕਈ ਰੂਪਾਂ 'ਚ ਅੱਗੇ ਵਧ ਰਹੇ ਹਨ। ਸੱਜ-ਪਿਛਾਖੜੀ ਰਾਜਨੀਤਕ ਪ੍ਰਭਾਵ ਦੇ ਵਿਰੁਧ ਸਮਾਜਵਾਦੀ ਚੇਤਨਾ ਅਤੇ ਵਰਗ ਸੰਘਰਸ਼ ਵੀ ਅੱਗੇ ਵੱਧ ਰਹੇ ਹਨ। ਨਵੇਂ-ਨਵੇਂ ਰੂਪਾਂ ਵਿੱਚ ਲੋਕ ਸੰਘਰਸ਼ ਵੀ ਪਣਪ ਰਹੇ ਹਨ ਅਤੇ ਹੋ ਰਹੇ ਕਿਰਤੀ ਸ਼ੋਸ਼ਣ ਨੂੰ ਵੰਗਾਰ ਰਹੇ ਹਨ। ਪਹਿਲੀ ਮਈ ਮਨੁੱਖੀ ਸਮਾਜ ਅੰਦਰ ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ-ਖਸੁੱਟ ਵਿਰੁਧ ਸੰਘਰਸ਼ ਦੇ ਸੰਕਲਪ ਦਾ ਦਿਨ ਹੈ! ਮਈ ਦਿਵਸ ਦੀ ਵਿਰਾਸਤ ਦੀ ਮਜ਼ਬੂਤੀ, ਮਨੁੱਖਤਾ ਦੀ ਖੁਸ਼ਹਾਲੀ ਅਤੇ ਸੰਸਾਰ ਅਮਨ ਦੀ ਸਥਾਪਤੀ ਕਰਨ ਲਈ ਇਹ ਦਿਨ ਹੈ! ਸਦੀਆਂ ਤੋਂ ਗਰੀਬੀ-ਗੁਰਬਤ ਦਾ ਹਨ੍ਹੇਰਾ ਢੋਣ ਵਾਲਿਆ ਦੀ ਬੰਦ-ਖਲਾਸੀ ਦਾ ਦਿਨ ਹੈ ! ਜੋ ਕਿਰਤੀਆਂ ਦੀ ਮੁਕਤੀ ਦੇ ਰਾਹ 'ਚ ਸੂਹੀ-ਸਵੇਰ ਦੀ ਰੌਸ਼ਨੀ ਲੈ ਕੇ ਪਹਿਲੀ ਮਈ ਦਾ ਦਿਨ ਹਰ ਸਾਲ ਸਾਡੇ ਲਈ ਆਉਂਦਾ ਹੈ, ਜਗਾਉਂਦਾ ਹੈ ਅਤੇ ਇਨਕਲਾਬੀ ਸੰਕਲਪ ਨੂੰ ਮਜ਼ਬੂਤ ਕਰਦਾ ਹੈ!!! ਦੁਨੀਆ ਭਰ ਦੇ ਕਿਰਤੀਓ, ਇਕ ਹੋ ਜਾਵੋ !!!

91-9217997445
ਜਗਦੀਸ਼ ਸਿੰਘ ਚੋਹਕਾ


# ਲੋਕ ਸਭਾ ਚੋਣਾਂ ਵਿਚ ਭ੍ਰਿਸ਼ਟਾਚਾਰ ਵੱਡਾ ਮੁੱਦਾ ਤੇ ਤਾਜ਼ਾ ਚੋਣ ਸਰਵੇਖਣ

**ਅਭੈ ਕੁਮਾਰ ਦੂਬੇ**



ਅੱਜ ਦੀ ਤਰੀਕ ਵਿਚ ਸਥਿਤੀ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਮੇਰਠ ਦੀ ਸਭਾ ’ਚ ਅਤੇ ਕੁਝ ਹੋਰ ਮੰਚਾਂ ’ਤੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਭ੍ਰਿਸ਼ਟਾਚਾਰ ਦੇ ਮੁੱਦੇ ’ਤੇ ਹੀ ਲੜੀਆਂ ਜਾਣਗੀਆਂ। ਇੰਜ ਲਗਦਾ ਹੈ ਕਿ ਕਰਨਾਟਕ ਦੇ ਚੋਣ ਨਤੀਜਿਆਂ ਦਾ ਮੋਦੀ ਦੇ ਮਨ ’ਤੇ ਡੂੰਘਾ ਅਸਰ ਪਿਆ ਹੈ। ਪਹਿਲੀ ਵਾਰ ਉਸ ਪ੍ਰਦੇਸ਼ ’ਚ ਭਾਜਪਾ ਦੀ ਕਿਸੇ ਸਰਕਾਰ ਦੀ ਭ੍ਰਿਸ਼ਟਾਚਾਰ ਦੇ ਮੁੱਦੇ ’ਤੇ ਬੁਰੀ ਤਰ੍ਹਾਂ ਨਾਲ ਹਾਰ ਹੋਈ ਸੀ। ਮੋਦੀ ਨੇ ਮੰਚ ਤੋਂ ਵਿਰੋਧੀ ਧਿਰ ’ਤੇ 80 ਫ਼ੀਸਦੀ ਭ੍ਰਿਸ਼ਟਾਚਾਰ ਦਾ ਦੋਸ਼ ਲਗਾਇਆ ਸੀ। ਵਿਰੋਧੀ ਧਿਰ ਨੇ ਭਾਜਪਾ ’ਤੇ ‘40 ਫ਼ੀਸਦੀ ਸਰਕਾਰ’ ਭਾਵ 40 ਫ਼ੀਸਦੀ ਕਮਿਸ਼ਨ ਖਾਣ ਵਾਲੀ ਸਰਕਾਰ ਚਲਾਉਣ ਦਾ ਦੋਸ਼ ਲਗਾਇਆ ਸੀ। ਵੋਟਰਾਂ ਨੇ ਵਿਰੋਧੀਆਂ ਦੀਆਂ ਗੱਲਾਂ ’ਤੇ ਭਰੋਸਾ ਕੀਤਾ, ਮੋਦੀ ਦੀਆਂ ਗੱਲਾਂ ’ਤੇ ਨਹੀਂ। ਦੂਜਾ, ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਇਹ ਮਸਲਾ ਅੰਤਰਰਾਸ਼ਟਰੀ ਦਿਲਚਸਪੀ ਦਾ ਵਿਸ਼ਾ ਬਣ ਗਿਆ ਹੈ। ਜਰਮਨੀ, ਅਮਰੀਕਾ ਅਤੇ ਸੰਯੁਕਤ ਰਾਸ਼ਟਰ ਵਲੋਂ ਉਮੀਦ ਜਤਾਈ ਗਈ ਹੈ ਕਿ ਇਸ ਮਾਮਲੇ ’ਚ ਕਾਨੂੰਨੀ ਪ੍ਰਕਿਰਿਆਵਾਂ ਦਾ ਪਾਲਣ ਕੀਤਾ ਜਾਵੇਗਾ। ਕਰਨਾਟਕ ਦੇ ਅਨੁਭਵ ਅਤੇ ਇਨ੍ਹਾਂ ਪ੍ਰਤੀਕਿਰਿਆਵਾਂ ਨੇ ਮੋਦੀ ਨੂੰ ਬਹੁਤ ਚਿੜਾ ਦਿੱਤਾ ਹੈ। ਉਹ ਇਸੇ ਮੁੱਦੇ ’ਤੇ ਆਪਣੀ ਸ੍ਰੇਸ਼ਟਤਾ ਸਾਬਤ ਕਰਨ ’ਚ ਲੱਗੇ ਹੋਏ ਹਨ।

ਏ.ਬੀ.ਪੀ.-ਸੀ. ਵੋਟਰ ਦਾ ਤਾਜ਼ਾ-ਤਰੀਨ ਸਰਵੇਖਣ ਦੱਸਦਾ ਹੈ ਕਿ ਭ੍ਰਿਸ਼ਟਾਚਾਰ ਦੇ ਮਸਲੇ ’ਤੇ ਰਾਏ ਪੂਰੀ ਤਰ੍ਹਾਂ ਨਾਲ ਵੰਡੀ ਹੋਈ ਹੈ। ਸੀ. ਵੋਟਰ ਦੇ ਸੰਸਥਾਪਕ ਯਸ਼ਵੰਤ ਦੇਸ਼ਮੁਖ ਨੇ ਆਪਣੇ ਸਰਵੇਖਣ ਦੀ ਵਿਆਖਿਆ ਕਰਦਿਆਂ ਜੋ ਅੰਕੜੇ ਪੇਸ਼ ਕੀਤੇ ਹਨ, ਉਹ ਹੈਰਾਨ ਕਰਨ ਵਾਲੇ ਹਨ। ਦੇਸ਼ਮੁਖ ਅਨੁਸਾਰ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਦੇ ਸਮਰਥਕ ਵੋਟਰ ਵੱਡੇ ਪੱਧਰ ’ਤੇ ਕਹਿ ਰਹੇ ਹਨ ਕਿ ਵਿਰੋਧੀਆਂ ’ਤੇ ਹੋਣ ਵਾਲੀ ਕਾਰਵਾਈ ਠੀਕ ਹੈ। ਪਰ ਦੂਜੇ ਪਾਸੇ ਇਸ ਦੇ ਜਵਾਬ ’ਚ ‘ਇੰਡੀਆ’ ਗੱਠਜੋੜ ਦੇ ਸਮਰਥਕ ਵੀ ਕਹਿ ਰਹੇ ਹਨ ਕਿ ਵਿਰੋਧੀ ਨੇਤਾਵਾਂ ਨੂੰ ਗ਼ਲਤ ਫਸਾਇਆ ਜਾ ਰਿਹਾ ਹੈ। ਭਾਵ ਦੋਵਾਂ ਪਾਸਿਆਂ ਤੋਂ ਧਰੁਵੀਕਰਨ ਹੋ ਰਿਹਾ ਹੈ। ਜੇਕਰ ਇਹ ਅੰਕੜੇ ਸਹੀ ਹਨ ਤਾਂ ਪਿਛਲੇ 10 ਸਾਲਾਂ ’ਚ ਇਹ ਪਹਿਲੀ ਵਾਰ ਹੋਵੇਗਾ ਕਿ ਗ਼ੈਰ-ਭਾਜਪਾ ਵੋਟਰ ਕਿਸੇ ਸਵਾਲ ’ਤੇ ਇਕ ਧਰੁਵ ’ਤੇ ਨਜ਼ਰ ਆ ਰਿਹਾ ਹੈ। ਅਜੇ ਤੱਕ ਮੋਦੀ ਦੀ ਜਿੱਤ ਦਾ ਸਭ ਤੋਂ ਵੱਡਾ ਕਾਰਨ ਇਹੀ ਰਿਹਾ ਹੈ ਕਿ ਉਨ੍ਹਾਂ ਦੇ ਸਮਰਥਕ ਵੋਟਰ ਤਾਂ ਇਕ ਥਾਂ ਇਕੱਤਰ ਹੋ ਜਾਂਦੇ ਹਨ, ਪਰ ਉਨ੍ਹਾਂ ਦੇ ਵਿਰੋਧੀ ਵੋਟਰ ਵੰਡ ਕੇ ਵੋਟ ਪਾਉਂਦੇ ਦਿਖਾਈ ਦਿੰਦੇ ਹਨ। ਇਹ ਪਹਿਲੀ ਵਾਰ ਹੈ ਕਿ ਵਿਰੋਧੀ ਧਿਰ ਬਿਨਾਂ ਕਿਸੇ ਅਸਾਧਾਰਨ ਸੰਗਠਨਾਤਮਿਕ ਗੋਲਬੰਦੀ ਦੇ ਕਿਸੇ ਇਕ ਸਵਾਲ ’ਤੇ ਮੋਦੀ ਵਿਰੋਧੀ ਵੋਟਰਾਂ ਦੇ ਇਕ ਮੁੱਦੇ ’ਤੇ ਜਮ੍ਹਾਂ ਹੋਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ। ਭਾਵ, ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਉਣਾ ਮੋਦੀ ਨੂੰ ਮਹਿੰਗਾ ਪੈ ਸਕਦਾ ਹੈ।




ਲੋਕ ਸਭਾ ਚੋਣਾਂ ਵਿਚ ਪਾਲਾ ਖਿੱਚ ਚੁੱਕਾ ਹੈ। ਮੋਦੀ ਦਾ ਖ਼ਿਆਲ ਹੈ ਕਿ ਉਨ੍ਹਾਂ ਦੇ ਉੱਪਰ ਨਿੱਜੀ ਤੌਰ ’ਤੇ ਭ੍ਰਿਸ਼ਟਾਚਾਰ ਦਾ ਕੋਈ ਇਲਜ਼ਾਮ ਨਹੀਂ ਹੈ। ਉਨ੍ਹਾਂ ਦੀ ਸਾਖ਼ ਬਹੁਤ ਉੱਚੀ ਹੈ ਅਤੇ ਉੱਤਰ, ਮੱਧ ਅਤੇ ਪੱਛਮੀ ਭਾਰਤ ਵਿਚ ਆਪਣੀ ਹਰਮਨ-ਪਿਆਰਤਾ ਦੇ ਜ਼ੋਰ ’ਤੇ ਉਹ ਲੋਕ ਸਭਾ ਚੋਣਾਂ ਦੁਬਾਰਾ ਜਿੱਤ ਜਾਣਗੇ। ਪਰ ਇਸ ਲਈ ਉਨ੍ਹਾਂ ਨੇ ਜੋ ਮੁੱਦਾ ਚੁਣਿਆ ਹੈ, ਉਸ ’ਚ ਗ਼ੈਰ-ਭਾਜਪਾ ਵੋਟਰਾਂ ਨੂੰ ਇਕਜੁੱਟ ਕਰਨ ਦੀ ਸਮਰੱਥਾ ਹੈ। 2019 ਦੇ ਅੰਕੜਿਆਂ ਤੋਂ ਸਾਨੂੰ ਪਤਾ ਹੀ ਹੈ ਕਿ ਮੋਦੀ ਕੋਲ ਸਿਰਫ਼ 38 ਫ਼ੀਸਦੀ ਵੋਟਾਂ ਹਨ ਅਤੇ 62 ਫ਼ੀਸਦੀ ਵੋਟਾਂ ਗ਼ੈਰ-ਭਾਜਪਾਈ ਹਨ। ਇਨ੍ਹਾਂ ’ਚੋਂ ਜੇਕਰ 10-15 ਫ਼ੀਸਦੀ ਵੋਟਾਂ ਇਧਰ-ਉਧਰ ਚਲੀਆਂ ਵੀ ਜਾਣ ਤਾਂ ਵੀ ਭਾਜਪਾ ਨੂੰ ਇਨ੍ਹਾਂ ਚੋਣਾਂ ’ਚ ਬਾਕੀ ਵੋਟਾਂ ਨਾਲ ਸਖ਼ਤ ਟੱਕਰ ਮਿਲ ਸਕਦੀ ਹੈ। ਜੇਕਰ 2019 ਦੀਆਂ ਸਾਰੀਆਂ ਵੋਟਾਂ ਮੋਦੀ ਨੂੰ ਦੁਬਾਰਾ ਮਿਲ ਵੀ ਜਾਣ ਤਾਂ ਵੀ ਵਿਰੋਧੀ ਵੋਟਾਂ ਦਾ ਧਰੁਵੀਕਰਨ ਬਹੁਤ ਸਾਰੀਆਂ ਸੀਟਾਂ ਨੂੰ ਮੋਦੀ ਤੋਂ ਖੋਹ ਸਕਦਾ ਹੈ।

ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਹਿਲਾਂ ਤੋਂ ਪਤਾ ਸੀ ਕਿ ਪੀ.ਐਮ.ਐਲ.ਏ. ਕਾਨੂੰਨ ਦੀ ਧਾਰਾ 45 ਕਾਰਨ ਉਨ੍ਹਾਂ ਨੂੰ ਜ਼ਮਾਨਤ ਮਿਲਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੈ। ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੇ ਪੂਰੀ ਯੋਜਨਾਬੰਦੀ ਕਰ ਲਈ ਸੀ। ਜਿਵੇਂ ਹੀ ਉਨ੍ਹਾਂ ਨੂੰ ਪਹਿਲਾ ਸੰਮਨ ਮਿਲਿਆ, ਉਨ੍ਹਾਂ ਨੇ ਕਿਹਾ ਕਿ ਇਹ ਗ਼ੈਰ-ਕਾਨੂੰਨੀ ਹੈ, ਇਸ ਲਈ ਇਸ ਦਾ ਪਾਲਣ ਨਹੀਂ ਕੀਤਾ ਜਾਵੇਗਾ। ਸੰਮਨ ’ਤੇ ਸੰਮਨ ਮਿਲਦੇ ਰਹੇ ਅਤੇ ਉਹ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦੇ ਰਹੇ। ਈ.ਡੀ. ਲਈ ਇਹ ਇਕ ਨਵੀਂ ਗੱਲ ਸੀ। ਪਹਿਲਾਂ ਕਿਸੇ ਨੇ ਉਨ੍ਹਾਂ ਦੇ ਸੰਮਨਾਂ ਨਾਲ ਅਜਿਹਾ ਸਲੂਕ ਨਹੀਂ ਕੀਤਾ ਸੀ। ਸ਼ੁਰੂਆਤੀ ਭਰਮ ਤੋਂ ਬਾਅਦ ਈ.ਡੀ. ਨੂੰ ਖ਼ੁਦ ਅਦਾਲਤ ਦੀ ਸ਼ਰਨ ’ਚ ਜਾਣਾ ਪਿਆ ਤਾਂ ਕਿ ਉਸ ਦੇ ਸੰਮਨਾਂ ਦੀ ਕਾਨੂੰਨੀ ਹੈਸੀਅਤ ਯਕੀਨੀ ਬਣਾਈ ਜਾ ਸਕੇ। ਪਰ ਉਮੀਦ ਦੇ ਖ਼ਿਲਾਫ਼ ਈ.ਡੀ. ਨੂੰ ਰਾਊਜ਼ ਐਵੇਨਿਊ ਕੋਰਟ ਤੋਂ ਆਪਣੇ ਹੱਕ ’ਚ ਫ਼ੈਸਲਾ ਫਟਾਫਟ ਨਹੀਂ ਮਿਲ ਸਕਿਆ। ਇਸ ਸਮੇਂ ਵੀ ਇਹ ਮਸਲਾ ਵਿਚਾਰ ਅਧੀਨ ਹੈ। ਇਸ ਤੋਂ ਬਾਅਦ ਕੇਜਰੀਵਾਲ ਗ੍ਰਿਫ਼ਤਾਰੀ ਨੂੰ ਰੁਕਵਾਉਣ ਲਈ ਹਾਈ ਕੋਰਟ ਗਏ। ਅਦਾਲਤ ਨੇ ਈ.ਜੀ. ਦੇ ਸੰਮਨਾਂ ਨੂੰ ਰੱਦ ਕਰਨ ਦਾ ਆਦੇਸ਼ ਤਾਂ ਨਹੀਂ ਦਿੱਤਾ, ਪਰ ਅਦਾਲਤ ਨੇ ਈ.ਡੀ. ਦੀ ਗੱਲ ਵੀ ਨਹੀਂ ਮੰਨੀ ਕਿ ਕੇਜਰੀਵਾਲ ਦੀ ਗੱਲ ਵਿਚਾਰ ਕਰਨ ਦੇ ਕਾਬਲ ਨਹੀਂ। ਉਸ ਨੇ ਈ.ਡੀ. ਕੋਲੋਂ ਪੁੱਛਿਆ ਕਿ ਜੇਕਰ ਕੇਜਰੀਵਾਲ ਦੇ ਖ਼ਿਲਾਫ਼ ਇੰਨੇ ਜ਼ਿਆਦਾ ਸਬੂਤ ਹਨ ਤਾਂ ਤੁਸੀਂ ਹਾਲੇ ਤੱਕ ਉਨ੍ਹਾਂ ਨੂੰ ਫੜਿਆ ਕਿਉਂ ਨਹੀਂ ? ਜ਼ਰਾ ਫਾਈਲ ਤਾਂ ਦਿਖਾਓ ਕਿ ਉਨ੍ਹਾਂ ਦੇ ਖ਼ਿਲਾਫ਼ ਕੀ ਸਬੂਤ ਹਨ ? ਇਸ ਤੋਂ ਬਾਅਦ ਹਾਈ ਕੋਰਟ ਨੇ 22 ਅਪ੍ਰੈਲ ਦੀ ਤਰੀਕ ਪਾ ਦਿੱਤੀ। ਇਸ ਨਾਲ ਈ.ਡੀ. ਪੇਚੀਦਗੀ ’ਚ ਫਸ ਗਈ, ਕਿਉਂਕਿ ਅਦਾਲਤ ਫਾਈਲ ਦੇਖ ਕੇ ਕਿਸੇ ਅਜਿਹੇ ਨਤੀਜੇ ’ਤੇ ਵੀ ਪਹੁੰਚ ਸਕਦੀ ਹੈ ਜੋ ਈ.ਡੀ. ਲਈ ਮੁਫ਼ੀਦ ਨਾ ਹੋਵੇ। ਇਸ ਲਈ ਜਲਦਬਾਜ਼ੀ ’ਚ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਨ ਦਾ ਫ਼ੈਸਲਾ ਲਿਆ ਗਿਆ, ਜੋ ਵੀ ਹੋਵੇ, ਅਜੇ 22 ਅਪ੍ਰੈਲ ਦੀ ਤਰੀਕ ’ਤੇ ਸੁਣਵਾਈ ਬਾਕੀ ਹੈ।

ਕੇਜਰੀਵਾਲ ਦੀ ਯੋਜਨਾ ਦਾ ਦੂਜਾ ਪਹਿਲੂ ਜੇਲ੍ਹ ਤੋਂ ਸਰਕਾਰ ਚਲਾਉਣ ਦਾ ਹੈ। ਹੁਣ ਇਹ ਭਾਜਪਾ ਨੇ ਤੈਅ ਕਰਨਾ ਹੈ ਕਿ ਉਹ ਕੇਜਰੀਵਾਲ ਨੂੰ ਜੇਲ੍ਹ ਤੋਂ ਸਰਕਾਰ ਚਲਾਉਣ ਦੇਣਗੇ ਜਾਂ ਨਹੀਂ। ਗੇਂਦ ਭਾਜਪਾ ਦੇ ਪਾਲੇ ’ਚ ਹੈ। ਉਸ ਦੇ ਸਾਹਮਣੇ ਤਿੰਨ ਰਸਤੇ ਹਨ। ਪਹਿਲਾ, ਉਹ ਕੇਜਰੀਵਾਲ ਨੂੰ ਜੇਲ੍ਹ ਤੋਂ ਸਰਕਾਰ ਚਲਾਉਣ ਦੇਣ। ਜੇਕਰ ਉਸ ਨੇ ਅਜਿਹਾ ਕੀਤਾ ਤਾਂ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ ਦਾ ਕੋਈ ਵੀ ਫੌਰੀ ਰਾਜਨੀਤਕ ਲਾਭ ਭਾਜਪਾ ਨੂੰ ਮਿਲਣ ਦੀਆਂ ਸੰਭਾਵਨਾਵਾਂ ਘੱਟ ਤੋਂ ਘੱਟ ਹੋ ਸਕਦੀਆਂ ਹਨ। ਦੂਜਾ, ਉਹ ਵਿਧਾਨ ਸਭਾ ਨੂੰ ਮੁਅੱਤਲ ਕਰ ਦੇਵੇ। ਤੀਜਾ, ਉਹ ਵਿਧਾਨ ਸਭਾ ਨੂੰ ਭੰਗ ਕਰ ਦੇਵੇ। ਇਨ੍ਹਾਂ ਦੋਵਾਂ ਕੰਮਾਂ ਨੂੰ ਕਰਨ ਲਈ ਉਪ ਰਾਜਪਾਲ ਨੂੰ ਆਪਣੀ ਰਿਪੋਰਟ ਭੇਜਣੀ ਹੋਵੇਗੀ ਕਿ ਰਾਜ ’ਚ ਸ਼ਾਸਨ-ਪ੍ਰਸ਼ਾਸਨ ਦੀ ਸੰਵਿਧਾਨਕ ਪ੍ਰਕਿਰਿਆ ਪ੍ਰਭਾਵਿਤ ਹੋ ਗਈ ਹੈ। ਦੋਵਾਂ ਹੀ ਹਾਲਤਾਂ ’ਚ ਅਗਲੇ 11 ਮਹੀਨਿਆਂ ਲਈ ਦਿੱਲੀ ਉੱਪਰ ਨੌਕਰਸ਼ਾਹਾਂ ਦੀ ਹਕੂਮਤ ਕਾਇਮ ਹੋ ਜਾਵੇਗੀ। ਇਹ ਇਕ ਅਜਿਹੀ ਹਕੂਮਤ ਹੋਵੇਗੀ, ਜੋ ਜਨਤਾ ਪ੍ਰਤੀ ਜਵਾਬਦੇਹ ਨਾ ਹੋਣ ਦੇ ਬਾਵਜੂਦ ਆਮ ਜਨਤਾ ਦੀਆਂ ਨਜ਼ਰਾਂ ’ਚ ਭਾਜਪਾ ਦੀ ਹੀ ਹੋਵੇਗੀ। ਇਸ ਦੇ ਨਕਾਰਾਤਮਿਕ ਪਹਿਲੂਆਂ ਦਾ ਠੀਕਰਾ ਭਾਜਪਾ ਦੇ ਦਰਵਾਜ਼ੇ ’ਤੇ ਹੀ ਭੰਨਿਆ ਜਾਵੇਗਾ। 2015 ਦੀਆਂ ਚੋਣਾਂ ਤੋਂ ਪਹਿਲਾਂ ਵੀ ਇਹੀ ਸਥਿਤੀ ਸੀ ਅਤੇ ਇਸ ਕਾਰਨ ਭਾਜਪਾ ਦੇ ਖ਼ਿਲਾਫ਼ ਵੱਡੀ ‘ਐਂਟੀ-ਇਨਕੁੰਬੈਂਸੀ’ (ਸੱਤਾ ਵਿਰੋਧੀ ਲਹਿਰ) ਜਮ੍ਹਾ ਹੋ ਗਈ ਸੀ, ਜਿਸ ਦਾ ਸਿੱਟਾ ਚੋਣਾਂ ’ਚ ਭਾਜਪਾ ਦੀਆਂ ਸਿਰਫ਼ 3 ਸੀਟਾਂ ਵਜੋਂ ਨਿਕਲਿਆ ਸੀ।

ਚੇਤੇ ਰਹੇ ਕਿ ਭਾਜਪਾ ਕੋਲ ਤਾਂ ਸਿਰਫ਼ 7 ਵਿਧਾਇਕ ਹਨ, ਜਿਨ੍ਹਾਂ ਦੇ ਦਮ ’ਤੇ ਉਹ ਹਰਮਨ-ਪਿਆਰੀ ਸਰਕਾਰ ਦਾ ਗਠਨ ਨਹੀਂ ਕਰ ਸਕਦੀ। ਕੇਜਰੀਵਾਲ ਨੇ ਆਪਣੀ ਯੋਜਨਾ ਮੁਤਾਬਿਕ ਵਿਸ਼ਵਾਸ ਮੱਤ ਵੀ ਹਾਸਿਲ ਕਰ ਰੱਖਿਆ ਹੈ। ਭਾਵ ਅਗਲੇ 6 ਮਹੀਨਿਆਂ ਤੱਕ ਭਾਜਪਾ ਬੇਭਰੋਸਗੀ ਮਤਾ ਵੀ ਨਹੀਂ ਲਿਆ ਸਕਦੀ। ਕੇਜਰੀਵਾਲ ਨੇ ਇਕ ਰਾਇਸ਼ੁਮਾਰੀ ਕਰਵਾ ਕੇ ਗ੍ਰਿਫ਼ਤਾਰੀ ਤੋਂ ਬਾਅਦ ਵੀ ਮੁੱਖ ਮੰਤਰੀ ਬਣੇ ਰਹਿਣ ਦੇ ਪੱਖ ’ਚ ਨਤੀਜਾ ਹਾਸਿਲ ਕਰਵਾ ਰੱਖਿਆ ਹੈ।

ਲੋਕ ਸਭਾ ਚੋਣਾਂ ਵਿਚ ਪਾਲਾ ਖਿੱਚ ਚੁੱਕਾ ਹੈ। ਮੋਦੀ ਦਾ ਖ਼ਿਆਲ ਹੈ ਕਿ ਉਨ੍ਹਾਂ ਦੇ ਉੱਪਰ ਨਿੱਜੀ ਤੌਰ ’ਤੇ ਭ੍ਰਿਸ਼ਟਾਚਾਰ ਦਾ ਕੋਈ ਇਲਜ਼ਾਮ ਨਹੀਂ ਹੈ। ਉਨ੍ਹਾਂ ਦੀ ਸਾਖ਼ ਬਹੁਤ ਉੱਚੀ ਹੈ ਅਤੇ ਉੱਤਰ, ਮੱਧ ਅਤੇ ਪੱਛਮੀ ਭਾਰਤ ਵਿਚ ਆਪਣੀ ਹਰਮਨ-ਪਿਆਰਤਾ ਦੇ ਜ਼ੋਰ ’ਤੇ ਉਹ ਲੋਕ ਸਭਾ ਚੋਣਾਂ ਦੁਬਾਰਾ ਜਿੱਤ ਜਾਣਗੇ। ਪਰ ਇਸ ਲਈ ਉਨ੍ਹਾਂ ਨੇ ਜੋ ਮੁੱਦਾ ਚੁਣਿਆ ਹੈ, ਉਸ ’ਚ ਗ਼ੈਰ-ਭਾਜਪਾ ਵੋਟਰਾਂ ਨੂੰ ਇਕਜੁੱਟ ਕਰਨ ਦੀ ਸਮਰੱਥਾ ਹੈ। 2019 ਦੇ ਅੰਕੜਿਆਂ ਤੋਂ ਸਾਨੂੰ ਪਤਾ ਹੀ ਹੈ ਕਿ ਮੋਦੀ ਕੋਲ ਸਿਰਫ਼ 38 ਫ਼ੀਸਦੀ ਵੋਟਾਂ ਹਨ ਅਤੇ 62 ਫ਼ੀਸਦੀ ਵੋਟਾਂ ਗ਼ੈਰ-ਭਾਜਪਾਈ ਹਨ। ਇਨ੍ਹਾਂ ’ਚੋਂ ਜੇਕਰ 10-15 ਫ਼ੀਸਦੀ ਵੋਟਾਂ ਇਧਰ-ਉਧਰ ਚਲੀਆਂ ਵੀ ਜਾਣ ਤਾਂ ਵੀ ਭਾਜਪਾ ਨੂੰ ਇਨ੍ਹਾਂ ਚੋਣਾਂ ’ਚ ਬਾਕੀ ਵੋਟਾਂ ਨਾਲ ਸਖ਼ਤ ਟੱਕਰ ਮਿਲ ਸਕਦੀ ਹੈ। ਜੇਕਰ 2019 ਦੀਆਂ ਸਾਰੀਆਂ ਵੋਟਾਂ ਮੋਦੀ ਨੂੰ ਦੁਬਾਰਾ ਮਿਲ ਵੀ ਜਾਣ ਤਾਂ ਵੀ ਵਿਰੋਧੀ ਵੋਟਾਂ ਦਾ ਧਰੁਵੀਕਰਨ ਬਹੁਤ ਸਾਰੀਆਂ ਸੀਟਾਂ ਨੂੰ ਮੋਦੀ ਤੋਂ ਖੋਹ ਸਕਦਾ ਹੈ।

ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ ਵਿਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ ’ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

# ਚਾਪਲੂਸਾਂ ਤੇ ਦਲਾਲਾਂ ਦੀ ਦੁਨੀਆਂ ਤੋਂ ਅਫਸਰਸ਼ਾਹੀ ਬਚੇ ?

ਇਕਬਾਲ ਸਿੰਘ ਲਾਲਪੁਰਾ



ਆਪਣੀ ਪ੍ਰਸ਼ੰਸਾ ਹਰ ਪ੍ਰਾਣੀ ਨੂੰ ਚੰਗੀ ਲਗਦੀ ਹੈ। ਪ੍ਰਸ਼ੰਸ਼ਾ ਮਾਨਸਿਕ ਕਮਜ਼ੋਰੀ ਵੀ ਹੁੰਦੀ ਹੈ। ਹਰ ਇੱਕ ਚੰਗੇ ਕੰਮ ਦੀ ਸਰਾਹਨਾ ਕਰਨੀ ਬਣਦੀ ਵੀ ਹੈ ਤੇ ਚਾਹੀਦੀ ਵੀ ਹੁੰਦੀ ਹੈ। ਪਰ ਗੁਰਬਾਣੀ ਸਿਧਾਂਤ ਸੱਚ ਤੇ ਅਧਾਰਤ ਹੈ ਅਜਿਹੇ ਚਾਪਲੂਸ ਤੇ ਦਲਾਲ ਸ਼ਿਕਾਰੀਆਂ ਵਾਰੇ ਸੁਚੇਤ ਵੀ ਕਰਦਾ ਹੈ ਕਿ ਝੁਕਣ ਵਾਲਾ ਦੁਨੀਆਵੀ ਤੱਕੜੀ ਦੇ ਤੋਲ ਵਿਚ ਭਾਰਾ ਹੋ ਸਕਦਾ ਹੈ ਪਰ ਅਪਰਾਧੀ ਸ਼ਿਕਾਰੀ ਦੀ ਤਰਾਂ ਲੰਮਾ ਪੈ ਕੇ ਹੀ ਮਿਰਗ ਨੂੰ ਮਾਰਦਾ ਹੈ, ਜਿਸ ਤੋਂ ਬਚਣ ਦੀ ਲੋੜ ਹੈ। ਚਾਪਲੂਸਾਂ ਦਾ ਕੰਮ ਕੇਵਲ ਵਿਅਕਤੀ ਦੀ ਕੰਮਜੋਰੀ ਲੱਭ, ਮੂਰਖ ਬਣਾ ਕੇ ਪੈਸਾ ਕਮਾਉਣਾ ਤੇ ਆਪਣਾ ਗਲਤ ਕੰਮ ਕਰਾਉਣਾ ਹੁੰਦਾ ਹੈ।

ਪਰ ਸਿਫ਼ਤ ਕਰਨ ਦੀ ਵਿੱਦਿਆ ਸਿੱਖਣੀ ਵੀ ਜ਼ਰੂਰੀ ਹੈ, ਜਿਸ ਨਾਲ ਚੰਗੇ ਕਰਨ ਵਾਲਿਆਂ ਦੀ ਹੌਸਲਾ ਬੱਝਦਾ ਰਹੇ ਤੇ ਉਹ ਸਮਾਜ ਦੇ ਆਗੂ ਚੰਗੇ ਕੰਮ ਲੱਗੇ ਰਹਿਣ। ਸਮਾਜ ਵਿਚ ਭਲੇ ਨੂੰ ਭਲਾ ਕਹਿਣ ਦੀ ਥਾਂ ਲੋਕ ਚੁੱਪ ਰਹਿਣਾ ਚੰਗਾ ਸਮਝਦੇ ਹਨ, ਜਿਸ ਨਾਲ ਉਹ ਅਪਰਾਧੀਆਂ ਨਾਲ ਟਕਰਾਉ ਤੋਂ ਬਚੇ ਰਹਿਣ। ਪਰ ਕਿਸੇ ਹੱਦ ਤੋਂ ਲੰਘ ਜਾਣਾ ਕੰਮਜੋਰੀ ਬਣ ਜਾਂਦਾ ਹੈ।

ਦੂਜੇ ਪਾਸੇ ਚਾਪਲੂਸੀ ਇਕ ਪੈਸ਼ਾ ਹੈ, ਜਿਸ ਲਈ ਤਾਕਤਵਰ ਨੂੰ ਮੂਰਖ ਬਣਾਉਣ ਦੀ ਤਰਕੀਬ ਲੱਭਣੀ ਪੈਂਦੀ ਹੈ। ਸਾਮਣੇ ਵਾਲਾ ਕਿਵੇਂ ਝੱਚੇ ਵਿੱਚ ਆ, ਅਪਰਾਧੀ ਨੂੰ ਆਪਣਾ ਪਰਸ਼ੰਸ਼ਕ ਤੇ ਸਹਾਇਕ ਮਨ ਲਵੇ। ਪੈਸਾ, ਸ਼ਰਾਬ, ਔਰਤ ਜਾਂ ਫੇਰ ਝੂਠੀ ਵਡਿਆਈ ਕਿਸ ਨਾਲ ਉਸ ਨੂੰ ਜਿਤਿਆ ਜਾਵੇ। ਇਨ੍ਹਾਂ ਦੇ ਨਾਂ ਵੀ ਵੱਖ ਵੱਖ ਹੁੰਦੇ ਹਨ ਕਿਧਰੇ ਵਡਿਆਈ ਕਰਨ ਵਾਲਾ, ਕੋਈ ਚਾਪਲੂਸ ਕੋਈ ਕੰਮ ਕਰਾਉਣ ਵਾਲਾ ਅਤੇ ਕੋਈ ਲਾਈਜਨਰ, ਕੰਮ ਕੇਵਲ ਇੱਕ ਆਪਣੇ ਲਾਭ ਤੇ ਹਿੱਸੇ ਲਈ ਕੰਮ ਕਰਨਾ।

ਜਦੋਂ ਸਰਕਾਰੀ ਨੌਕਰੀ ਸ਼ੁਰੂ ਕੀਤੀ ਤਾਂ ਚੰਗੇ ਅਧਿਕਾਰੀਆਂ ਵੱਲੋਂ ਸਮਝਾਇਆ ਗਿਆ, ਕਿ ਹੁਣ ਲੋਕਾਂ ਨੂੰ ਤੁਹਾਡੇ ਨਾਲ ਕੰਮ ਪੈਣਾ, ਲੋੜ ਬੰਦ ਖ਼ੁਸ਼ਾਮਦ, ਪ੍ਰੰਸ਼ਸਾ, ਪੈਸਾ, ਸ਼ਰਾਬ ਤੇ ਹਰ ਚੀਜ ਨਾਲ ਤੁਹਾਨੂੰ ਖਰੀਦਣ ਦੀ ਕੋਸ਼ਿਸ਼ ਕਰਨਗੇ,ਜਿਸ ਨਾਲ ਉਸਦਾ ਕੰਮ ਆਸਾਨ ਹੋ ਜਾਏ। ਜੇਕਰ ਤੁਹਾਡਾ ਵਿਆਹ ਵੀ ਨਹੀਂ ਹੋਇਆ ਫੇਰ ਵੀ ਅਜਿਹੇ ਲੋਕ ਮਿਲ ਜਾਣਗੇ ਜੋ ਅਫਸਰ ਨੂੰ,ਆਪਣਾ ਹੋਣ ਵਾਲਾ ਬਹਨੋਈ ਹੀ ਪ੍ਰਚਾਰਨਗੇ, ਪਰ ਯਾਦ ਰੱਖਿਓ ਕਿ ਜਦੋਂ ਉੱਥੋਂ ਬਦਲੀ ਹੋਈ ਤੇ ਸਾਮਾਨ ਚੁੱਕਣ ਲਈ ਇਹ ਸਾਲੇ ਤਾਂ ਕੀ,ਤਿੰਨ ਬਹਨੋਈ ਵੀ ਨਹੀਂ ਲੱਭਣਗੇ।

ਚਾਪਲੂਸ, ਖ਼ੁਸ਼ਾਮਦੀਆਂ ਤੇ ਟਾਊਟਾਂ ਦੀ ਵੀ ਇਕ ਆਪਣੀ ਦੁਨੀਆ ਹੁੰਦੀ ਹੈ। ਕੁਰਸੀ ਤੇ ਵਿਰਾਜਮਾਨ ਵਿਅਕਤੀ ਦਾ ਦਿਲ ਕਿਵੇਂ ਜਿੱਤਿਆ ਜਾਏ, ਇਸ ਲਈ ਉਨਾਂ ਦੇ ਭੱਥੇ ਵਿਚ ਬੜੇ ਤੀਰ ਹੁੰਦੇ ਹਨ। ਵਿਅਕਤੀ ਦੀਆਂ ਕੰਮਜੋਰੀਆਂ ਦੀ ਸੂਚੀ ਉਨਾ ਕੋਲ ਤਿਆਰ ਹੁੰਦੀ ਹੈ। ਕਈ ਤਾਂ ਲੋੜ ਤੋਂ ਵੱਧ ਗਿਆਨ ਵਾਲੇ ਵੀ ਹੁੰਦੇ ਹਨ ਹਰ ਸਮੱਸਿਆ ਦੇ ਹਲ ਦਾ ਤਰੀਕਾ ਉਨਾਂ ਕੋਲ ਹੁੰਦਾ ਹੈ। ਕਹਿੰਦੇ ਹਨ ਲਾਗੀ ਨੇ ਤਾਂ ਲਾਗ ਲੈਣਾ ਹੈ ਭਾਵੇਂ ਜਾਂਦੀ ਰੰਡੀ ਹੋ ਜਾਵੇ।



ਚਾਪਲੂਸ ਬੰਦੇ ਨੂੰ ਕੰਮਜੋਰ ਤੇ ਬਦਨਾਮ ਕਰ ਦਿੰਦੇ ਹਨ ਤੇ ਗਲਤ ਕੰਮ ਕਰਵਾ ਕੇ ਉਸ ਨੂੰ ਬਦਨਾਮ ਕਰਨ ਦਾ ਡਰ ਦੇ ਕੇ ਕਾਬੂ ਕਰ ਲੈਂਦੇ ਹਨ, ਫੇਰ ਵਿਅਕਤੀ ਮਦਾਰੀ ਦੇ ਬਾਂਦਰ ਵਾਂਗ ਨੱਚਦਾ ਹੈ, ਅੰਦਰੋਂ ਭਾਵੇਂ ਦੁਖੀ ਹੀ ਹੋਵੇ। ਮੇਰਾ ਇਕ ਵਾਕਿਫ ਕਾਰ ਜੋ ਇੱਕ ਚੀਫ ਸੈਕਟਰੀ ਸਮੇਤ ਬਹੁਤ ਸਾਰੇ ਪੁਲਿਸ ਅਧਿਕਾਰੀਆਂ ਦਾ ਸਾਥੀ ਸੀ ਨੂੰ ਮੈਂ ਪੁੱਛਿਆ ਕਿ ਭਾਈ ਸਾਹਿਬ ਇਮਾਨਦਾਰ ਨੂੰ ਕਿਵੇਂ ਕਾਬੂ ਕਰਦੇ ਹੋ, ਉਸਦਾ ਜਬਾਬ ਸੀ ਇਹ ਆਖ ਕੇ ਕਿ ਤੁਸੀਂ ਕੋਈ ਗਲਤ ਕੰਮ ਨਹੀ ਕਰਦੇ ਦੀ ਸਿਫ਼ਤ ਕਰਕੇ ਮਾਮੂਲੀ ਕੰਮ ਦੱਸਕੇ।

ਲੰਮੇ ਪ੍ਰਸ਼ਾਸਕੀ ਤੇ ਰਾਜਨੀਤਿਕ ਜੀਵਨ ਵਿਚ ਹਰ ਜਗਾ ਇਨਾਂ ਨਾਲ ਵਾਹ ਪੈਂਦਾ ਰਿਹਾ ਹੈ ਤੇ ਹੁਣ ਵੀ ਪੈਂਦਾ ਹੈ। ਬਚਣ ਦਾ ਹਥਿਆਰ ਗਿਆਨ ਤੇ ਸੱਚ ਹੀ ਹੈ।

ਪਹਿਲੀ ਤਾਈਨਾਤੀ ਤੇ ਪਹਿਲੇ ਸਰਕਾਰੀ ਕੰਮ ਵਿੱਚ ਹੀ ਇੱਕ ਭੱਦਰ ਪੁਰਸ਼ ਨਾਲ ਮੁਲਾਕਾਤ ਹੋਈ, ਉਹ ਚਾਲੀ ਸਾਲ ਤੋਂ ਸਰਕਾਰੀ ਦਫਤਰਾਂ ਵਿੱਚ ਆਉਣ ਦਾ ਦਾਬਾ ਕਰਕੇ ਆਖਣ ਲੱਗਾ ਕਿ ਉਸਨੇ ਮੇਰੇ ਵਰਗਾ ਇਮਾਨਦਾਰ ਅਫਸਰ,ਪਹਿਲਾਂ ਕਦੇ ਵੀ ਨਹੀਂ ਵੇਖਿਆ ਸੀ। ਇਸ ਤੋਂ ਵੱਡੀ ਚਾਪਲੂਸੀ ਕੀ ਹੋ ਸਕਦੀ ਸੀ, ਮੇਰੀ ਉਮਰ ਤਾਂ ਪੰਝੀ ਸਾਲ ਵੀ ਨਹੀਂ ਸੀ, ਚਾਲੀ ਸਾਲ ਦਾ ਸਭ ਤੋਂ ਇਮਾਨਦਾਰ ਅਫਸਰ ਹੋਣ ਦਾ ਸਰਟੀਫਿਕੇਟ ਉਸ ਮੇਰੇ ਗਲ ਪਾ ਕੇ, ਮੈਨੂੰ ਖੁਸ਼ ਕਰਨ ਦੀ ਯਤਨ ਕੀਤਾ, ਉਸ ਦਾ ਕੰਮ ਕਾਨੂੰਨ ਦੇ ਵਿਰੁੱਧ ਸੀ, ਇਸ ਕਰਕੇ ਨਾਂਹ ਕਰਨੀ ਪਈ। ਅੱਗੇ ਲਈ ਵਾਹਰ ਆਉਣ ਜਾਣ ਲਈ ਉਸ ਨੇ ਆਪਣੀ ਕਾਰ ਦੀ ਪੇਸ਼ਕਸ਼ ਕੀਤੀ। ਵਾਹਿਗੁਰੂ ਨੇ ਇਸ ਦੀ ਲੋੜ ਨਹੀਂ ਪਾਈ।

ਇੱਕ ਹੋਰ ਜਗਾ ਇੱਕ ਭੱਠਾ ਮਾਲਕ ਨਾਲ ਵਾਹ ਪਿਆ, ਉਸ ਨੇ ਕਾਰ ਜਾਂ ਮੋਟਰ ਸਾਇਕਲ ਲੈ ਕੇ ਦੇਣ ਦੀ ਆਫਰ ਦੇ ਦਿੱਤੀ। ਪਰ ਉਸ ਦੀ ਯਾਦ ਦਾਸ਼ਤ ਬਹੁਤ ਹੀ ਤੇਜ ਸੀ,ਜਿਸ ਨੂੰ ਜੁਬਾਨੀ ਯਾਦ ਸੀ ਕਿ ਮੇਰੇ ਤੋਂ ਪਹਿਲੇ ਕਿਸ ਅਫਸਰ ਨੂੰ ਉਸ ਕੀ ਖਰੀਦ ਕੇ ਤੋਂਫਾ ਦਿੱਤਾ ਸੀ। ਇਸ ਮੇਹਰਬਾਨੀ ਦਾ ਕਾਰਨ ਪੁੱਛਣ ਤੇ ਉਸ ਨੇ ਦੱਸਿਆ ਕਿ ਉਕਤ ਪਿੰਡ ਵਿੱਚ ਇੱਕ ਬੇਹੱਦ ਭਲਾ ਪਰਿਵਾਰ ਰਹਿੰਦਾ ਹੈ, ਜਿਸ ਤੇ ਅਫੀਮ ਵੇਚਣ ਦੇ ਝੂਠੇ ਦੋਸ਼ ਲੋਕ ਲਾਉਂਦੇ ਹਨ, ਉਸਦਾ ਧਿਆਨ ਰੱਖਣਾ ਸੀ। ਮੈਂ ਬੇਨਤੀ ਕੀਤੀ ਬਾਬਾ ਜੀ ਤੁਹਾਡੀ ਯਾਦਦਾਸ਼ਤ ਬੁਹਤ ਤੇਜ ਹੈ, ਇਸ ਤੇ ਲਿਖ ਲਿਉ ਕਿ ਆਦਮੀ ਅਜਿਹਾ ਵੀ ਆਇਆ ਸੀ,ਜਿਸਦਾ ਬਰਕਾ ਖਾਲੀ ਹੀ ਹੈ ਤੇ ਤਾਕੀਦ ਕੀਤੀ, ਕਿ ਮੁੜ ਅਜੇਹੀ ਗੱਲ ਲਈ ਇਸ ਦਫਤਰ ਦਾਖਲ ਹੋਣ ਦੀ ਖੇਚਲ ਨਹੀਂ ਕਰਨੀ।

ਇੱਕ ਜਗਾ ਅਮਨ ਕਾਨੂੰਨ ਦੀ ਹਾਲਤ ਬਹੁਤ ਤਰਸ ਯੋਗ ਸੀ, ਮੈਨੂੰ ਚੰਗਾ ਅਫਸਰ ਸਮਝ ਕੇ ਮੈਨੂੰ ਤਾਇਨਾਤ ਕਰ ਦਿੱਤਾ ਗਿਆ। ਕਿਸੇ ਦਾ ਵੀ ਰਪੂਟੇਸ਼ਨ ਉਸ ਤੋਂ ਪਹਿਲਾਂ ਅੱਗੇ ਪਹੁੰਚ ਜਾਂਦਾ ਹੈ। ਸਾਰੇ ਕਰਮਚਾਰੀ ਮਾੜੇ ਨਹੀਂ ਹੁੰਦੇ, ਪਰ ਚਾਪਲੂਸ ਜਲਦੀ ਬੰਦੇ ਨੂੰ ਕਾਬੂ ਕਰ ਲੈਂਦੇ ਹਨ। ਕੁਝ ਦਿਨ ਪਾ ਚੰਗੇ ਕਰਮਚਾਰੀ ਇਤਿਲਾਹਵਾਂ ਲੈ ਕੇ ਆਉਣ ਲੱਗ ਪਏ, ਪਤਾ ਲੱਗਾ ਅਪਰਾਧ ਤਾਂ ਪੁਲਿਸ ਹੀ ਕਰਵਾ ਰਹੀ ਸੀ, ਡੰਡਾ ਯਾਰ ਹੈ ਵਿਗੜਿਆ ਤਿਗੜਿਆਂ ਦਾ ਦਿਨਾਂ ਵਿੱਚ ਹੀ ਹਾਲਾਤ ਕਾਬੂ ਵਿੱਚ ਆਉਣ ਲੱਗ ਪਏ। ਮੁਲਾਜ਼ਮ ਵੀ ਖੁੱਲ ਕੇ ਦੱਸਣ ਲੱਗ ਪਏ ਕਿ ਸਾਹਿਬ ਤੁਹਾਡੇ ਤੋਂ ਪਹਿਲਾਂ ਸਾਹਬ ਰਾਸ ਲੀਲਾ ਕਰਦੇ ਸਨ, ਗੋਪੀਆਂ ਹੋਸੰਤਰੀ ਪੇਹਰੇ ਦਾ ਹੁਕਮ ਦਿੰਦੀਆਂ ਸਨ। ਮੈਂ ਕੋਸ਼ਿਸ਼ ਕੀਤੀ ਕਿ ਅਪਰਾਧੀ ਕਿਸਮ ਦੇ ਕਰਮਚਾਰੀ ਵੀ ਸੁਧਰ ਜਾਣ ਤੇ ਉਨਾਂ ਨੂੰ ਵਾਪਸ ਨੋਕਰੀ ਤੇ ਆਉਣ ਦਾ ਮੌਕਾ ਦਿੱਤਾ। ਅਗਲੇ ਦਿਨ ਦੁਪਿਹਰ ਦੇ ਖਾਣੇ ਤੋਂ ਬਾਦ ਵਿਸ਼ਰਾਮ ਕਰਨ ਲਈ ਘਰ ਦੇ ਵੇਹੜੇ ਵਿੱਚ ਲੇਟ ਗਿਆ, ਨੀਂਦ ਵਿੱਚ ਹੀ ਸਾਂ ਮਹਿਸੂਸ ਹੋਇਆ ਨਰਮ ਹੱਥਾਂ ਨਾਲ ਮੇਰੇ ਪੈਰ ਕੋਈ ਦਬਾ ਰਿਹਾ ਹੈ। ਮੇਰੇ ਨੋਕਰ ਦੇ ਹੱਥ ਉਹ ਨਹੀਂ ਸਨ ਅੱਖਾਂ ਖੋਲ ਕੇ ਵੇਖਿਆ ਇੱਕ ਖੂਬ। ਸੂਰਤ ਲੜਕੀ ਸੀ, ਮੈ ਘਬਰਾ ਗਿਆ ਤੂੰ ਕੌਣ ਹੈ ? ਸਾਹਿਬ ਜੀ ਮੈ - ਦੀ ਪਤਨੀ ਹਾਂ ਪਹਿਲੇ ਸਾਹਿਬ ਦੀ ਖ਼ਿਦਮਤ ਵੀ ਉਹ ਹੀ ਜਿਆਦਾ ਕਰਦੀ ਸੀ ਤੇ ਪਤੀ ਪੈਸੇ ਇਕੱਠੇ ਕਰਨ ਦੀ ਜ਼ੁੰਮੇਵਾਰੀ ਨਿਭਾਉਂਦਾ ਸੀ। ਇਸ ਤੋਂ ਬੁਰਾ ਕੁਝ ਨਹੀ ਹੋ ਸਕਦਾ ਸੀ, ਸਾਰੇ ਕਰਮਚਾਰੀਆਂ ਨੂੰ ਇਕੱਠੇ ਕਰ ਉਸ ਦੇ ਪਤੀ ਨੂੰ ਹੁਕਮ ਦਿੱਤਾ ਕਿ ਇਸ ਤੋਂ ਵਾਅਦ ਉਹ ਇਸ ਇਲਾਕੇ ਵਿੱਚ ਨਜ਼ਰ ਨਹੀਂ ਆਉਣਾ ਚਾਹੀਦਾ, ਬਾਕੀ ਵੀ ਬਦਲੀ ਕਰਵਾ ਗਏ ਬਿਨਾ ਬਹੁਤਾ ਤਸ਼ਦੱਦ ਕੀਤੀਆਂ, ਅਮਨ ਕਾਨੂੰਨ ਬਹਾਲ ਹੋ ਗਿਆ।

ਚਾਪਲੂਸ ਬੰਦੇ ਨੂੰ ਕੰਮਜੋਰ ਤੇ ਬਦਨਾਮ ਕਰ ਦਿੰਦੇ ਹਨ ਤੇ ਗਲਤ ਕੰਮ ਕਰਵਾ ਕੇ ਉਸ ਨੂੰ ਬਦਨਾਮ ਕਰਨ ਦਾ ਡਰ ਦੇ ਕੇ ਕਾਬੂ ਕਰ ਲੈਂਦੇ ਹਨ, ਫੇਰ ਵਿਅਕਤੀ ਮਦਾਰੀ ਦੇ ਬਾਂਦਰ ਵਾਂਗ ਨੱਚਦਾ ਹੈ, ਅੰਦਰੋਂ ਭਾਵੇਂ ਦੁਖੀ ਹੀ ਹੋਵੇ। ਮੇਰਾ ਇਕ ਵਾਕਿਫ ਕਾਰ ਜੋ ਇੱਕ ਚੀਫ ਸੈਕਟਰੀ ਸਮੇਤ ਬਹੁਤ ਸਾਰੇ ਪੁਲਿਸ ਅਧਿਕਾਰੀਆਂ ਦਾ ਸਾਥੀ ਸੀ ਨੂੰ ਮੈਂ ਪੁੱਛਿਆ ਕਿ ਭਾਈ ਸਾਹਿਬ ਇਮਾਨਦਾਰ ਨੂੰ ਕਿਵੇਂ ਕਾਬੂ ਕਰਦੇ ਹੋ, ਉਸਦਾ ਜਬਾਬ ਸੀ ਇਹ ਆਖ ਕੇ ਕਿ ਤੁਸੀਂ ਕੋਈ ਗਲਤ ਕੰਮ ਨਹੀ ਕਰਦੇ ਦੀ ਸਿਫ਼ਤ ਕਰਕੇ ਮਾਮੂਲੀ ਕੰਮ ਦੱਸਕੇ।


ਕੁਦਰਤ ਦੀ ਮੇਹਰ ਨਾਲ ਅਰੰਭ ਵਿੱਚ ਹੀ, ਹੌਲੀ ਹੌਲੀ ਅਪਰਾਧੀਆਂ ਨੂੰ ਪਤਾ ਲੱਗ ਗਿਆ ਕਿ ਇਹ ਸਾਡੇ ਕਾਬੂ ਆਉਣ ਵਾਲਾ ਨਹੀਂ। ਪਰ ਫੇਰ ਵੀ ਕੋਈ ਜਗਹ ਅਜੇਹੀ ਨਹੀਂ ਮਿਲੀ, ਜਿੱਥੇ ਅਪਰਾਧੀਆਂ ਤੇ ਚਾਪਲੂਸ ਦਾ ਕਬਜ਼ਾ ਨਹੀਂ, ਇਹ ਲੋਕ ਹੀ ਪੰਜਾਬ ਤੇ ਸਿੱਖਾਂ ਨੂੰ ਲੈ ਡੁੱਬੇ। ਪਰ ਇਹ ਪੱਕੇ ਬੇਸ਼ਰਮ ਹੁੰਦੇ ਹਨ ਤੇ ਆਪਣੇ ਕੀਤੇ ਕੰਮਾਂ ਤੇ ਇਨਾ ਨੂੰ ਪਛਤਾਵਾ ਨਹੀਂ ਹੁੰਦਾ। ਇੱਕ ਵਿਅਕਤੀ ਨੂੰ ਚੌਰੀ ਕਰਨ ਦੀ ਆਦਤ ਸੀ, ਇੱਕ ਦਿਨ ਆਪਣੀ ਬੇਟੀ ਦੇ ਸੁਹਰੇ ਚਲਾ ਗਿਆ, ਮੌਕਾ ਵੇਖ ਚੌਰੀ ਕਰ ਲਈ, ਪਿੱਛੇ ਪਿੰਡ ਦੇ ਲੋਕ ਲੱਗ ਪਏ, ਕੁੱਟ ਕੁੱਟ ਕੇ ਅਧਮੋਇਆ ਕਰ ਦਿੱਤਾ। ਕਿਸੇ ਨੇ ਪੁੱਛਿਆ ਕੀ ਹੋਇਆ, ਆਖਣ ਲੱਗਾ ਜਦੋਂ ਉਨਾ ਵੇਖਿਆ ਕਿ ਸਾਡਾ ਮਾਸੜ ਹੈ ਤੇ ਬੜੇ ਸ਼ਰਮਿੰਦੇ ਹੋਏ। ਚੋਰ ਨੂੰ ਭਲਾ ਕੀ ਸ਼ਰਮ ਆਉਣੀ ਸੀ। ਇੱਕ ਤੁਜਰਬਾ ਸਾਂਝਾ ਕਰਦਾ ਹਾਂ, ਸਾਲ 1996 ਵਿੱਚ ਤਰਨ ਤਾਰਨ ਤਾਈਨਾਤੀ ਸਮੇਂ ਇੱਕ ਹਫ਼ਤਾ ਕੋਈ ਮਿਲਣ ਲਈ ਨਹੀਂ ਆਇਆ, ਪੁੱਛਣ ਤੇ ਪਤਾ ਚੱਲਿਆ ਕਿ ਪਹਿਲੇ ਸਾਹਬ ਫ਼ਰਿਆਦੀ ਨੂੰ ਉਸ ਅਫਸਰ ਦੇ ਹੀ ਹਵਾਲੇ ਕਰ ਦਿੰਦੇ ਸਨ, ਜਿਸਦੀ ਉਹ ਸ਼ਿਕਾਇਤ ਕਰਦੇ ਸਨ। ਇੱਕ ਵੱਡੀ ਰਕਮ ਹਰ ਮਹੀਨੇ ਥਾਣਿਆਂ ਵਿੱਚੋਂ ਘਰ ਪਹੁੰਚ ਜਾਂਦੀ ਸੀ, ਇਹ ਸਿਲਸਲਾ ਉੱਪਰ ਤੋਂ ਥੱਲੇ ਤੱਕ ਦਾ ਸੀ, ਆਪ ਨੂੰ ਵੀ ਕੰਮ ਕਰਨ ਦੀ ਲੋੜ ਨਹੀ। ਉਸਦੀ ਸਲਾਹ ਮਨੰਣ ਦੀ ਆਤਮਾ ਨੇ ਆਗਿਆ ਨਹੀਂ ਦਿੱਤੀ। ਬਦਲ ਵਿਚ ਲੋਕਾਂ ਨਾਲ ਪਿੰਡ ਪਿੰਡ ਪੁੱਜ ਕੇ ਮਿਲਣਾ ਸ਼ੁਰੂ ਕੀਤਾ, ਅਤਿਵਾਦ ਪ੍ਰਭਾਵਿਤ ਜ਼ਿਲ੍ਹਾ ਜਿੱਥੇ ਲੋਕਾਂ ਨੇ ਕੇਵਲ ਤਸ਼ਦਦ ਤੇ ਲੁੱਟ ਮਾਰ ਵੇਖੀ ਸੀ, ਅਮਨ ਸ਼ਾਂਤੀ ਆਪਸੀ ਭਾਈਚਾਰੇ ਦੀ ਮਿਸਾਲ ਬਣ ਗਿਆ ਤੇ 6 ਸਤੰਬਰ 1997 ਨੂੰ ਭੀਖੀਵਿੰਡ ਵਿਖੇ 60/70 ਹਜ਼ਾਰ ਤੋਂ ਵੱਧ ਲੋਕਾ ਨੇ ਅਮਨ ਸ਼ਾਂਤੀ ਦਾ ਸੰਕਲਪ ਲੈਣ ਲਈ ਇਕੱਠੇ ਹੋ ਰੈਲੀ ਦਾ ਰਿਕਾਰਡ ਸਥਾਪਿਤ ਕਰ ਦਿੱਤਾ।

ਮੁਸ਼ਕਿਲ ਇਹ ਹੈ, ਕਿ ਆਮ ਆਦਮੀ ਨੂੰ ਇਨਸਾਫ ਲੈਣ ਲਈ ਕਿਸੇ ਦੀ ਮਦਦ ਲੈਣੀ ਪੈਂਦੀ ਹੈ, ਜਿਸ ਲਈ ਕੀਮਤ ਵੀ ਤਾਰਨੀ ਹੁੰਦੀ ਹੈ, ਉਹ ਭਾਵੇਂ ਕੰਮ ਕਰਨ ਵਾਲਾ ਲੈ ਜਾਵੇ ਜਾਂ ਕਰਵਾਉਣ ਵਾਲਾ, ਕੰਮ ਵਾਲੇ ਨੂੰ ਪੈਸੇ ਦੇਣੇ ਪੈਂਦੇ ਹਨ ਅਦਾਰਾ ਭਾਂਵੇ ਕੋਈ ਵੀ ਹੋਵੇ।

ਚੈਅਰਮੈਨ
ਨੇਸ਼ਨਲ ਘੱਟ ਗਿਣਤੀ ਕਮਿਸ਼ਨ
ਭਾਰਤ ਸਰਕਾਰ

# ਬਗਦਾਦ ਵਿੱਚ ਸਤਿਗੁਰੂ ਨਾਨਕ ਸਾਹਿਬ ਦੇ ਸਥਾਨ ਦੇ ਦਰਸ਼ਨ


ਡਾ. ਰਣਜੀਤ ਸਿੰਘ



ਹਵਾਈ ਸਫ਼ਰ ਦਾ ਪਹਿਲਾ ਅਨੁਭਵ 1974 ਦੇ ਜੁਲਾਈ ਮਹੀਨੇ ਹੋਇਆ ਜਦੋਂ ਪਰਿਵਾਰ ਸਮੇਤ ਇਰਾਕੀ ਏਅਰਵੇਜ਼ ਰਾਹੀਂ ਨਵੀਂ ਦਿੱਲੀ ਤੋਂ ਬਗਦਾਦ ਜਾਣ ਦਾ ਸਬੱਬ ਬਣਿਆ। ਸਾਡੀ ਉਡਾਣ ਅਬੂ ਢਾਬੀ ਰੁਕਣ ਪਿੱਛੋਂ ਬਗਦਾਦ ਪੁੱਜ ਗਈ। ਇੱਥੋਂ ਹਵਾਈ ਜਹਾਜ਼ ਰਾਹੀਂ ਹੀ ਅਸੀਂ ਆਪਣੀ ਨੌਕਰੀ ਵਾਲੀ ਥਾਂ ਮੌਸੂਲ ਜਾਣਾ ਸੀ। ਪਰ ਉਹ ਉਡਾਣ ਸਾਡੇ ਬਗਦਾਦ ਪੁੱਜਣ ਤੋਂ ਪਹਿਲਾਂ ਹੀ ਨਿਕਲ ਗਈ ਸੀ। ਹਵਾਈ ਕੰਪਨੀ ਨੇ ਸਾਡੇ ਰਹਿਣ ਦਾ ਪ੍ਰਬੰਧ ਇੱਕ ਹੋਟਲ ਵਿੱਚ ਕਰ ਦਿੱਤਾ ਤੇ ਦੂਜੇ ਦਿਨ ਲੈ ਕੇ ਜਾਣ ਦਾ ਸਮਾਂ ਵੀ ਦੱਸ ਦਿੱਤਾ। ਨਵੀਂ ਦਿੱਲੀ ਤੋਂ ਇਹ ਉਡਾਣ ਹਫ਼ਤੇ ਵਿੱਚ ਕੇਵਲ ਇੱਕ ਵਾਰ ਹੀ ਜਾਂਦੀ ਸੀ। ਹਰੇਕ ਉਡਾਣ ਵਿੱਚ ਭਾਰਤੀ ਮਾਹਿਰ ਜਾਂ ਕਾਮੇ ਹੀ ਹੁੰਦੇ ਸਨ ਕਿਉਂਕਿ ਇਰਾਕ ਵਿੱਚ ਪੱਕੇ ਤੌਰ ਉੱਤੇ ਕੋਈ ਵੀ ਭਾਰਤੀ ਮੂਲ ਦਾ ਪਰਿਵਾਰ ਨਹੀਂ ਰਹਿੰਦਾ ਸੀ। ਇਸ ਕਰਕੇ ਪਹਿਲਾਂ ਪਹੁੰਚੇ ਹੋਏ ਮਾਹਿਰਾਂ ਵਿੱਚੋਂ ਕੋਈ ਨਾ ਕੋਈ ਹਵਾਈ ਉੱਤੇ ਉੱਤੇ ਆ ਹੀ ਜਾਂਦਾ ਸੀ।

ਸਾਡੇ ਵੇਲੇ ਵੀ ਮੇਰੀ ਯੂਨੀਵਰਸਿਟੀ ਦੇ ਅਧਿਆਪਕ, ਜਿਹੜੇ ਮੇਰੇ ਵਿਦਿਆਰਥੀ ਰਹੇ ਸਨ ਤੇ ਪਰਿਵਾਰਿਕ ਮਿੱਤਰ ਸਨ, ਉਹ ਅੱਡੇ ਉੱਤੇ ਸਾਡੇ ਸਵਾਗਤ ਲਈ ਪਹੁੰਚੇ ਹੋਏ ਸਨ। ਕਿਉਂਕਿ ਸਾਡੇ ਰਹਿਣ ਦਾ ਪ੍ਰਬੰਧ ਹਵਾਈ ਕੰਪਨੀ ਵੱਲੋਂ ਹੀ ਕੀਤਾ ਗਿਆ ਸੀ, ਇਸ ਕਰਕੇ ਫ਼ੈਸਲਾ ਹੋਇਆ ਕਿ ਉਹ ਹੋਟਲ ਵਿੱਚ ਸਾਨੂੰ ਮਿਲਣ ਆਉਣਗੇ। ਦੋ ਕੁ ਘੰਟੇ ਪਿੱਛੋਂ ਮੇਰਾ ਦੋਸਤ ਆਪਣੇ ਨਾਲ ਡਾ. ਗੁਰਸ਼ਾਮ ਸਿੰਘ ਹੋਰਾਂ ਨੂੰ ਲੈ ਕੇ ਆ ਗਿਆ। ਡਾ. ਸਾਹਿਬ ਯੂਨੀਵਰਸਿਟੀ ਬਣਨ ਪਿੱਛੋਂ ਖੇਤੀ ਕਾਲਜ ਦੇ ਪਹਿਲੇ ਡੀਨ ਬਣੇ ਸਨ ਤੇ ਮੈਨੂੰ ਉਦੋਂ ਤੋਂ ਜਾਣਦੇ ਸਨ, ਜਦੋਂ ਮੈਂ ਵਿਦਿਆਰਥੀ ਹੁੰਦਾ ਸੀ। ਇੱਥੇ ਉਹ ਐੱਫ ਏ ਓ ਦੇ ਮਾਹਿਰ ਵਜੋਂ ਕੰਮ ਕਰ ਰਹੇ ਸਨ। ਆਪਣੀ ਕਾਰ ਉਹ ਆਪ ਹੀ ਚਲਾ ਰਹੇ ਸਨ।

ਬਗਦਾਦ ਵਿੱਚ ਗੁਰੂ ਨਾਨਕ ਸਾਹਿਬ ਦੀ ਫੇਰੀ ਬਾਰੇ ਬਹੁਤ ਪੜ੍ਹਿਆ ਸੀ। ਉਸ ਧਰਤੀ ਨੂੰ ਵੇਖਣ ਦੀ ਮੇਰੀ ਬਹੁਤ ਤਮੰਨਾ ਸੀ। ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਨੂੰ ਉਸ ਥਾਂ ਦੇ ਦਰਸ਼ਨ ਕਰਵਾਏ ਜਾਣ। ਗੁਰੂ ਜੀ ਮੱਕੇ ਤੋਂ ਬਗਦਾਦ ਆਏ ਸਨ ਕਿਉਂਕਿ ਬਗਦਾਦ ਨੂੰ ਉਦੋਂ ਇਸਲਾਮ ਧਰਮ ਦਾ ਇੱਕ ਵੱਡਾ ਕੇਂਦਰ ਮੰਨਿਆ ਜਾਂਦਾ ਸੀ। ਗੁਰੂ ਜੀ ਦਾ ਪਹਿਲਾਂ ਇੱਥੇ ਵਿਰੋਧ ਵੀ ਹੋਇਆ ਸੀ ਪਰ ਪਿੱਛੋਂ ਸਾਰੇ ਉਨ੍ਹਾਂ ਦੇ ਸ਼ਰਧਾਲੂ ਬਣ ਗਏ ਸਨ। ਇੱਥੋਂ ਦੇ ਪ੍ਰਸਿੱਧ ਫ਼ਕੀਰ ਸ਼ਾਹ ਬਹਿਲੋਲ ਨੇ ਉਨ੍ਹਾਂ ਨੂੰ ਆਪਣਾ ਵਿਸ਼ੇਸ਼ ਮਹਿਮਾਨ ਬਣਾ ਕੇ ਕੋਲ ਰੱਖਿਆ ਸੀ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਫਗਾਨਿਸਤਾਨ ਅਤੇ ਇਰਾਕ ਵਿੱਚ ਕਾਫੀ ਸਿੱਖ ਨਾਗਰਿਕ ਸਨ ਪਰ ਹੁਣ ਇਨ੍ਹਾਂ ਦੋਵਾਂ ਦੇਸ਼ਾਂ ਵਿੱਚ ਹੋਏ ਰਾਜ ਪਲਟੇ ਕਾਰਨ ਬਹੁਤੇ ਸਿੱਖ ਪਰਿਵਾਰ ਇਨ੍ਹਾਂ ਦੋਵਾਂ ਦੇਸ਼ਾਂ ਵਿੱਚੋਂ ਚਲੇ ਗਏ ਹਨ ਪਰ ਇੱਥੇ ਗੁਰੂਘਰ ਜ਼ਰੂਰ ਮੌਜੂਦ ਹਨ। ਪਰ ਇਰਾਕ ਵਿੱਚ ਕੋਈ ਸਿੱਖ ਨਾਗਰਿਕ ਜਾਂ ਭਾਰਤੀ ਮੂਲ ਦਾ ਨਾਗਰਿਕ ਨਹੀਂ ਹੈ।



ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਗੁਰੂ ਸਾਹਿਬ ਦੇ ਮੱਕਾ ਮਦੀਨਾ ਅਤੇ ਬਗਦਾਦ ਜਾਣ ਬਾਰੇ ਜਿੱਥੇ ਜਾਣਕਾਰੀ ਦਿੱਤੀ ਹੈ, ਉੱਥੇ ਬਗਦਾਦ ਵਿਖੇ ਗੁਰੂ ਜੀ ਵੱਲੋਂ ਕੀਤੀਆਂ ਬਖਸ਼ਿਸ਼ਾਂ ਦਾ ਵੀ ਉਲੇਖ ਕੀਤਾ ਹੈ। ਉਹ ਲਿਖਦੇ ਹਨ:

ਪੁੱਛੇ ਪੀਰ ਤਕਰਾਰ ਕਰ
ਇਹ ਫਕੀਰ ਵੱਡਾ ਅਤਾਈ।
ਇੱਥੇ ਵਿੱਚ ਬਗਦਾਦ ਦੇ
ਵੱਡੀ ਕਰਾਮਾਤ ਦਿਖਲਾਈ।
ਪਾਤਾਲਾਂ ਆਕਾਸ਼ ਲੱਖ ਓੜਕ
ਭਾਲੀ ਖਬਰ ਸੁਣਾਈ।
ਫਿਰ ਦੁਰਾਇਣ ਦਸਤਗੀਰ
ਅਸੀਂ ਭਿ ਵੇਖਾਂ ਜੋ ਤੁਹਿ ਪਾਈ।
ਨਾਲ ਲੀਤਾ ਬੇਟਾ ਪੀਰ ਦਾ
ਅੱਖੀਂ ਮੀਟ ਗਿਆ ਹਾਵਾਈ।
ਲੱਖ ਆਕਾਸ਼ ਪਾਤਾਲ ਲੱਖ
ਅੱਖ ਫੁਰਕ ਵਿੱਚ ਸਭ ਦਿਖਲਾਈ।
ਭਰ ਕਚਕੌਲ ਪ੍ਰਸਾਦ ਦਾ
ਧੁਰੋਂ ਪਤਾਲੋਂ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ।

ਬਗਦਾਦ ਦਜਲਾ ਦਰਿਆ ਦੇ ਕਿਨਾਰੇ ਕੰਢੇ ਵਸਿਆ ਹੋਇਆ ਪੁਰਾਣਾ ਸ਼ਹਿਰ ਹੈ। ਇਰਾਕ ਵਿੱਚ ਦੋ ਦਰਿਆ ਵਗਦੇ ਹਨ, ਦਜਲਾ ਅਤੇ ਫਰਾਤ। ਇਸੇ ਕਰਕੇ ਇਸ ਇਲਾਕੇ ਨੂੰ ਮੈਸੋਪੋਨੇਮੀਆ ਵੀ ਆਖਿਆ ਜਾਂਦਾ ਹੈ, ਜਿਸਦਾ ਅਰਥ ਦੋਆਬਾ ਹੁੰਦਾ ਹੈ। ਸੰਸਾਰ ਵਿੱਚ ਇਸ ਨੂੰ ਦੁਨੀਆਂ ਦੇ ਉਨ੍ਹਾਂ ਮੁਢਲੇ ਕੇਂਦਰਾਂ ਵਿੱਚ ਗਿਣਿਆ ਜਾਂਦਾ ਹੈ, ਜਿੱਥੇ ਮਨੁੱਖੀ ਸਭਿਅਤਾ ਵਿਕਸਿਤ ਹੋਈ।

ਗੁਰੂ ਜੀ ਨੇ ਬਗਦਾਦ ਦੇ ਬਾਹਰ ਠਿਕਾਣਾ ਕੀਤਾ ਤੇ ਕੀਰਤਨ ਸ਼ੁਰੂ ਕਰ ਦਿੱਤਾ। ਉੱਥੋਂ ਦੇ ਪੀਰ ਦਸਤਗੀਰ ਨੂੰ ਬੜਾ ਗੁੱਸਾ ਆਇਆ ਕਿਉਂਕਿ ਇਸਲਾਮ ਵਿੱਚ ਇਸਦੀ ਮਨਾਹੀ ਹੈ। ਪੀਰ ਦੇ ਡੇਰੇ ਦੇ ਬਹੁਤ ਸਾਰੇ ਮੁਰੀਦ ਉੱਧਰ ਦੌੜੇ ਜਿਧਰੋਂ ਆਵਾਜ਼ ਆ ਰਹੀ ਹੈ। ਉਨ੍ਹਾਂ ਨੇ ਗੁਰੂ ਜੀ ਨੂੰ ਮਾਰਨ ਲਈ ਪੱਥਰ ਚੁੱਕੇ ਕਿਉਂਕਿ ਇਸਲਾਮ ਵਿੱਚ ਪੱਥਰ ਮਾਰ ਕੇ ਮਾਰਨਾ ਇੱਕ ਵੱਡੀ ਸਜ਼ਾ ਮੰਨੀ ਜਾਂਦੀ ਹੈ। ਪਰ ਇਹ ਆਖਿਆ ਜਾਂਦਾ ਹੈ ਕਿ ਲੋਕਾਂ ਦੇ ਹੱਥਾਂ ਵਿੱਚ ਹੀ ਪੱਥਰ ਫੜੇ ਰਹਿ ਗਏ। ਉਨ੍ਹਾਂ ਨੂੰ ਯਕੀਨ ਹੋ ਗਿਆ ਇਹ ਕੋਈ ਪਹੁੰਚਿਆ ਹੋਇਆ ਫ਼ਕੀਰ ਹੈ। ਪੀਰ ਦਸਤਗੀਰ ਕੋਲ ਗੁਰੂ ਜੀ ਵੱਲੋਂ ਮੱਕੇ ਕੀਤੀਆਂ ਬਖਸ਼ਿਸ਼ਾਂ ਦੀ ਖਬਰ ਵੀ ਪੁੱਜ ਚੁੱਕੀ ਸੀ। ਉਹ ਉਨ੍ਹਾਂ ਨੂੰ ਆਪਣੇ ਡੇਰੇ ਲੈ ਗਿਆ ਅਤੇ ਪਰਖ ਲਈ ਕਈ ਤਰ੍ਹਾਂ ਦੇ ਸਵਾਲ ਪੁੱਛਣ ਲੱਗਾ। ਉਸ ਆਖਿਆ ਕਿ ਇਸਲਾਮ ਅਨੁਸਾਰ ਸੱਤ ਧਰਤੀਆਂ ਅਤੇ ਸੱਤ ਹੀ ਅਕਾਸ਼ ਹਨ। ਤੁਸੀਂ ਲੱਖਾਂ ਆਖ ਰਹੇ ਹੋ। ਗੁਰੂ ਜੀ ਦਾ ਉੱਤਰ ਸੀ, ਜਿਸਦੀ ਜਿੰਨੀ ਪਹੁੰਚ ਹੁੰਦੀ ਹੈ, ਉਹ ਉੱਨੀ ਹੀ ਜਾਣਕਾਰੀ ਦੇ ਸਕਦਾ ਹੈ।

ਪੀਰ ਦੇ ਪੁੱਤਰ ਨੇ ਆਖਿਆ ਜੇਕਰ ਤੁਸੀਂ ਸੱਚ ਬੋਲਦੇ ਹੋ ਤਾਂ ਮੈਨੂੰ ਦਰਸ਼ਨ ਕਰਵਾਓ। ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਉਸ ਨੂੰ ਅੱਖਾਂ ਬੰਦ ਕਰਨ ਲਈ ਆਖ ਉਸ ਦੇ ਸਿਰ ਉੱਤੇ ਹੱਥ ਰੱਖਿਆ ਤਾਂ ਉਸ ਨੂੰ ਇੰਝ ਜਾਪਿਆ ਜਿਵੇਂ ਉਹ ਬ੍ਰਹਿਮੰਡ ਵਿੱਚ ਘੁੰਮ ਰਿਹਾ ਹੈ, ਜਿੱਥੇ ਧਰਤੀਆਂ ਤੇ ਆਕਾਸ਼ ਘੁੰਮ ਰਹੇ ਸਨ। ਇਹ ਮੰਨਿਆ ਜਾਂਦਾ ਹੈ ਕਿ ਬਾਬਾ ਜੀ ਨੇ ਉਸ ਨੂੰ ਇੱਕ ਧਰਤੀ ਤੋਂ ਪ੍ਰਸ਼ਾਦ ਵੀ ਦੁਆਇਆ ਤਾਂ ਜੋ ਉਹ ਅੱਖੀਂ ਵੇਖ ਕੇ ਵਿਸ਼ਵਾਸ ਕਰ ਸਕੇ। ਕਈ ਵਿਦਵਾਨ ਇਹ ਮੰਨਦੇ ਹਨ ਕਿ ਗੁਰੂ ਜੀ ਨੇ ਉੱਥੇ ਹਾਜ਼ਰ ਸਾਰੀ ਸੰਗਤ ਲਈ ਉਹੋ ਜਿਹਾ ਹੀ ਪ੍ਰਸ਼ਾਦਿ ਤਿਆਰ ਕਰਵਾਇਆ ਜਿਹੜਾ ਪੀਰ ਦਾ ਪੁੱਤਰ ਲੈ ਕੇ ਆਇਆ ਸੀ। ਇੰਝ ਕੜਾਹ ਪ੍ਰਸ਼ਾਦਿ ਦੀ ਸ਼ੁਰੂਆਤ ਬਗਦਾਦ ਤੋਂ ਹੋਈ ਮੰਨੀ ਜਾਂਦੀ ਹੈ।

ਇਹ ਵੀ ਆਖਿਆ ਜਾਂਦਾ ਹੈ ਕਿ ਪੀਰ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੁਸੀਂ ਆਖਦੇ ਹੋ ਰੱਬ ਇੱਕ ਹੈ, ਉਹ ਹੀ ਸਭੋ ਕੁਝ ਕਰਨ ਕਰਾਵਣ ਵਾਲਾ ਹੈ ਪਰ ਇਹ ਦੱਸੋ ਇਸ ਇੱਕ ਤੋਂ ਪਹਿਲਾਂ ਕੌਣ ਸੀ। ਗੁਰੂ ਜੀ ਨੇ ਆਖਿਆ ਇੱਕ ਥਾਲ ਵਿੱਚ ਮੋਤੀ ਲੈ ਕੇ ਆਵੋ। ਪੀਰ ਨੇ ਸੋਚਿਆ ਇਹ ਫ਼ਕੀਰ ਤਾਂ ਲਾਲਚੀ ਹੈ। ਪਹਿਲਾਂ ਹੀ ਫੀਸ ਮੰਗਣ ਲੱਗ ਪਿਆ ਹੈ, ਪਰ ਉਸ ਨੇ ਮੋਤੀਆਂ ਦਾ ਥਾਲ ਮੰਗਵਾਇਆ। ਗੁਰੂ ਜੀ ਨੇ ਆਖਿਆ ਇਨ੍ਹਾਂ ਦੀ ਗਿਣਤੀ ਕਰੋ। ਪੀਰ ਗਿਣਨ ਲੱਗੇ ਇੱਕ, ਦੋ, ਤਿੰਨ, ਚਾਰ। ਗੁਰੂ ਜੀ ਨੇ ਕਿਹਾ ਕਿ ਤੁਸੀਂ ਗਲਤ ਗਿਣਤੀ ਕਰ ਰਹੇ ਹੋ, ਮੁੜ ਗਿਣਤੀ ਕਰੋ। ਪੀਰ ਨੇ ਫਿਰ ਇੱਕ ਦੋ ਤਿੰਨ ਚਾਰ ਗਿਣਨੇ ਸ਼ੁਰੂ ਕੀਤੇ।

ਗੁਰੂ ਜੀ ਨੇ ਫਿਰ ਟੋਕਿਆ ਕਿ ਨਹੀਂ ਗਿਣਤੀ ਗਲਤ ਹੋ ਰਹੀ ਹੈ। ਪੀਰ ਥੋੜ੍ਹਾ ਗੁੱਸੇ ਵਿੱਚ ਆ ਗਿਆ ਤੇ ਆਖਣ ਲੱਗਾ ਤੁਸੀਂ ਇਹ ਕਿਵੇਂ ਆਖ ਸਕਦੇ ਹੋ ਕਿ ਮੈਂ ਗਲਤ ਗਿਣ ਰਿਹਾ ਹਾਂ। ਗੁਰੂ ਜੀ ਨੇ ਆਖਿਆ ਤੁਸੀਂ ਗਿਣਤੀ ਇੱਕ ਤੋਂ ਸ਼ੁਰੂ ਕਰਦੇ ਹੋ ਪਰ ਇੱਕ ਤੋਂ ਪਹਿਲਾਂ ਕੀ ਹੈ, "ਪੀਰ ਨੂੰ ਗੁਰੂ ਜੀ ਦੀ ਰਮਜ਼ ਸਮਝ ਆ ਗਈ ਤੇ ਉਸ ਨੇ ਗੁਰੂ ਜੀ ਤੋਂ ਮੁਆਫ਼ੀ ਮੰਗੀ।

ਇੱਕ ਹੋਰ ਸਵਾਲ ਰਾਹੀਂ ਪੀਰ ਨੇ ਪੁੱਛਿਆ, "ਤੁਸੀਂ ਕਹਿੰਦੇ ਹੋ ਰੱਬ ਸਰਵਸ਼ਕਤੀਮਾਨ ਹੈ, ਉਹ ਕੀ ਕਰ ਸਕਦਾ ਹੈ ?"

ਗੁਰੂ ਜੀ ਨੇ ਆਖਿਆ, "ਪੀਰ ਜੀ, ਜ਼ਰਾ ਆਪਣੀ ਗੱਦੀ ਤੋਂ ਉੱਤਰ ਕੇ ਹੇਠਾਂ ਆਵੋਗੇ ?"

ਪੀਰ ਆਪਣੀ ਗੱਦੀ ਤੋਂ ਉੱਤਰ ਗਿਆ ਤੇ ਗੁਰੂ ਜੀ ਉਸ ਦੀ ਥਾਂ ਗੱਦੀ ਉੱਤੇ ਬੈਠ ਗਏ ਅਤੇ ਆਖਣ ਲੱਗੇ, "ਉਹ ਕੁਝ ਵੀ ਕਰ ਸਕਦਾ ਹੈ। ਜਿਸ ਨੂੰ ਚਾਹੇ ਗੱਦੀ ਦੇ ਸਕਦਾ ਹੈ ਤੇ ਜਿਸ ਨੂੰ ਚਾਹੇ ਗੱਦੀਉਂ ਲਾਹ ਸਕਦਾ ਹੈ।"

ਇਸੇ ਤਰ੍ਹਾਂ ਪੀਰ ਦੀ ਗੁਰੂ ਜੀ ਨਾਲ ਚਰਚਾ ਹੁੰਦੀ ਰਹੀ ਤੇ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ। ਬਗਦਾਦ ਵਿੱਚ ਹੀ ਇੱਕ ਹੋਰ ਪਹੁੰਚਿਆ ਹੋਇਆ ਸੂਫ਼ੀ ਫ਼ਕੀਰ ਬਹਿਲੋਲ ਦਾਨਾ ਰਹਿੰਦਾ ਸੀ। ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਖੂਬ ਸੇਵਾ ਕੀਤੀ। ਆਖਿਆ ਜਾਂਦਾ ਹੈ, ਜਿਸ ਥਾਂ ਗੁਰੂ ਜੀ ਬੈਠਦੇ ਸਨ, ਉਸ ਥਾਂ ਬੈਠ ਉਹ ਸਾਰੀ ਉਮਰ ਗੁਰੂ ਜੀ ਨੂੰ ਯਾਦ ਕਰਦਾ ਰਿਹਾ।

ਬਗਦਾਦ ਵਿੱਚ ਇਹ ਇਤਿਹਾਸਕ ਸਥਾਨ ਰੇਲਵੇ ਸਟੇਸ਼ਨ ਦੇ ਲਾਗੇ ਇੱਕ ਪੁਰਾਣੇ ਕਬਰਿਸਤਾਨ ਵਿੱਚ ਸਥਿਤ ਹੈ। ਇਸ ਕਬਰਿਸਤਾਨ ਦੇ ਇੱਕ ਕੋਨੇ ਵਿੱਚ ਦੋ ਛੋਟੇ ਜਿਹੇ ਕਮਰੇ ਸਨ ਅਤੇ ਇਨ੍ਹਾਂ ਦੇ ਚੌਗਿਰਦੇ ਚਾਰ ਦਿਵਾਰੀ ਬਣੀ ਹੋਈ ਸੀ। ਇੱਕ ਕਮਰੇ ਵਿੱਚ ਸ਼ਾਹ ਬਹਿਲੋਲ ਦੀ ਕਬਰ ਹੈ ਅਤੇ ਦੂਜੇ ਵਿੱਚ ਇੱਕ ਥੜ੍ਹਾ ਬਣਿਆ ਹੋਇਆ ਹੈ। ਇਸ ਕਮਰੇ ਵਿੱਚ ਇੱਕ ਪੱਥਰ ਵੀ ਲੱਗਾ ਹੋਇਆ ਹੈ ਜਿਸ ਉੱਤੇ ਅਰਬੀ ਭਾਸ਼ਾ ਵਿੱਚ ਗੁਰੂ ਜੀ ਦੀ ਆਮਦ ਦਾ ਵੇਰਵਾ ਅੰਕਿਤ ਹੈ। ਚਾਰ ਦਿਵਾਰੀ ਦਾ ਗੇਟ ਹਮੇਸ਼ਾ ਬੰਦ ਰਹਿੰਦਾ ਹੈ। ਇਸ ਥਾਂ ਦੀ ਦੇਖਭਾਲ ਕਰਨ ਵਾਲਾ ਵਿਅਕਤੀ ਲੋੜ ਪੈਣ ਉੱਤੇ ਹੀ ਗੇਟ ਖੋਲ੍ਹਦਾ ਹੈ। ਉਸ ਨੂੰ ਸਤਿ ਸ੍ਰੀ ਅਕਾਲ ਤੇ ਕੁਝ ਹੋਰ ਪੰਜਾਬੀ ਦੇ ਸ਼ਬਦ ਆਉਂਦੇ ਸਨ। ਇਹ ਦੱਸਿਆ ਜਾਂਦਾ ਹੈ ਕਿ ਇਸ ਥਾਂ ਦੀ ਨਿਸ਼ਾਨਦੇਹੀ ਪਹਿਲੇ ਸੰਸਾਰ ਯੁੱਧ ਸਮੇਂ ਹੋਈ ਸੀ। ਅੰਗਰੇਜ਼ ਫ਼ੌਜ ਵਿੱਚ ਬਹੁਤ ਸਾਰੇ ਪੰਜਾਬੀ ਅਤੇ ਸਿੱਖ ਭਰਤੀ ਹੋਏ ਸਨ, ਜਿਹੜੇ ਬਸਰੇ ਦੀ ਬੰਦਰਗਾਹ ਰਾਹੀਂ ਇਰਾਕ ਪੁੱਜੇ ਸਨ।

**********

# ਨਕਲੀ ਜਹਾਜ਼ ਦਾਨ ਲਈ, ਅਸਲੀ ਜਹਾਜ਼ ਜਾਣ ਲਈ !

ਸੁਖਵੀਰ ਸਿੰਘ ਸੰਧੂ
(ਅਲਕੜਾ) ਪੈਰਿਸ



ਇਹ ਸੱਚ ਹੈ ਕਿ ਇਨਸਾਨ ਦੀ ਧਾਰਮਿੱਕ ਸ਼ਰਧਾ ਭਾਵਨਾ ਮਨ ਨੂੰ ਸਬਰ, ਸਤੋਖ, ਸ਼ਾਤੀ, ਨਿਮਰਤਾ ਅਤੇ ਸ਼ਕਤੀ ਆਦਿ ਪ੍ਰਦਾਨ ਕਰਦੀ ਹੈ। ਪਰ ਅੰਨ੍ਹੀ ਸ਼ਰਦਾ ਬੰਦੇ ਨੂੰ ਕਮਜ਼ੋਰ, ਖੌਫ ਅਤੇ ਮਨ ਵਿੱਚ ਵਹਿਮ ਤੇ ਸਹਿਮ ਪੈਦਾ ਕਰ ਦਿੰਦੀ ਹੈ। ਪਰ ਅੱਜ ਦੇ ਯੁਗ ਵਿੱਚ ਇਨਸਾਨ ਪਹਿਲਾਂ ਪੈਸਾ ਤੇ ਬਾਅਦ ਵਿੱਚ ਸ਼ਾਤੀ ਭਾਲਦਾ ਹੈ। ਪਰ ਪੈਸੇ ਵਾਲੇ ਲੋਕਾਂ ਕੋਲ ਹਮੇਸ਼ਾ ਸਕੂਨ ਦੀ ਘਾਟ ਹੀ ਹੁੰਦੀ ਹੈ। ਜੇ ਗੱਲ ਪੰਜਾਬ ਦੀ ਕਰੀਏ ਤਾਂ ਨੌਜੁਆਨਾਂ ਦੇ ਮਨਾਂ ਅੰਦਰ ਵਿਦੇਸ਼ ਜਾਣ ਦੀ ਚਾਹਤ ਕਾਰਨ ਗੁਰੂਘਰਾਂ ਵਿੱਚ ਨਕਲੀ ਜਹਾਜ਼ ਦਾਨ ਕਰਕੇ ਅਸਲੀ ਜਹਾਜ਼ ਚੜ੍ਹਣ ਦਾ ਰੰਗ ਚੜ੍ਹਿਆ ਹੋਇਆ ਹੈ। ਘਰਾਂ ਦੇ ਨਾਲ ਪਿੰਡ ਵੀ ਖਾਲੀ ਹੋ ਰਹੇ ਹਨ। ਇਹ ਰੰਗ ਮੋਗੇ ਜਿਲ੍ਹੇ ਦੇ ਇਤਿਹਾਸਕ ਗੁਰੂ ਘਰ ਵਿੱਚ ਵੀ ਮਿਲਦਾ ਹੈ। ਵਿਦੇਸ਼ ਜਾਣ ਦੇ ਚਾਹਵਾਨ ਸ਼ਰਧਾਲੂਆਂ ਦੇ ਜਹਾਜ਼ ਉਥੇ ਵੀ ਖੜ੍ਹੇ ਹਨ। ਕੰਧ ਨਾਲ ਵੀ ਲਟਕ ਰਹੇ ਹਨ।

ਇਸ ਤਰ੍ਹਾਂ ਜਲੰਧਰ ਜਿਲ੍ਹੇ ਦੇ ਗੁਰੂਦੁਆਰਾ ਸਾਹਿਬ ਦੇ ਬੜ੍ਹੇ ਉਪਰ ਕੋਈ ਡੇਢ ਮੀਟਰ ਦੇ ਕਰੀਬ ਲੰਬੇ ਦੋ ਜਹਾਜ਼ ਖੜ੍ਹੇ ਕੀਤੇ ਹੋਏ ਹਨ। ਸ਼ਰਧਾਲੂ ਜਹਾਜ਼ ਚੜ੍ਹਾ ਕੇ ਉਹਨਾਂ ਕੋਲ ਮੱਥਾ ਟੇਕ ਰਹੇ ਹਨ। ਕਈ ਹੱਥਾਂ ਵਿੱਚ ਫੜ੍ਹੀ ਅੰਦਰ ਵੱਲ ਨੂੰ ਜਾ ਰਹੇ ਸਨ। ਦੁਕਾਨਦਾਰਾਂ ਨੇ ਦੁਕਾਨਾਂ ਅੱਗੇ ਚਿਣ ਕੇ ਢੇਰੀ ਲਾਈ ਹੋਈ ਹੈ। ਜਹਾਜ਼ ਚੜਾਉਣ ਦਾ ਰੁਝਾਨ





ਪਿੰਡਾਂ ਵਿਚਲੇ ਗੁਰੂਘਰਾਂ ਅੰਦਰ ਵੀ ਵੇਖਣ ਨੂੰ ਮਿਲਦਾ ਹੈ। ਇਸ ਨਾਲ ਮਨ ਨੂੰ ਤਸੱਲੀ ਜਰੂਰ ਮਿਲ ਜਾਂਦੀ ਹੈ। ਇਹ ਸਭ ਕੁਝ ਉਸ ਦੀ ਕਚਿਹਰੀ ਵਿੱਚ ਮਨਜ਼ੂਰ ਹੈ ਜਾਂ ਨਹੀ ਇਹ ਤਾਂ ਉਹ ਹੀ ਜਾਣਦਾ ਹੈ। ਉਂਝ ਇਹ ਦੁਕਾਨਦਾਰਾਂ ਦੀ ਸੇਲ,ਅੰਨੀ ਸ਼ਰਧਾ ਦਾ ਮੇਲ ਅਤੇ ਪੈਸੇ ਦਾ ਖੇਲ ਲੱਗ ਰਿਹਾ ਹੈ। ਅਗਰ ਇਹ ਹੀ ਪੈਸੇ ਲੋੜਵੰਦਾਂ ਦੀ ਪੂਰਤੀ ਲਈ ਵਰਤੇ ਜਾਣ ਤਾਂ ਪ੍ਰਮਾਤਮਾ ਵੀ ਖੁਸ਼ ਨਾਲੇ ਪੁੰਨ ਤੇ ਨਾਲੇ ਫ਼ਲੀਆਂ। ਮੈਂ ਵਿਦੇਸ਼ਾਂ ਵਿੱਚ ਚਾਰ ਦਹਾਕਿਆਂ ਤੋਂ ਵੀ ਵੱਧ ਜਿੰਦਗੀ ਗੁਜ਼ਾਰ ਚੁੱਕਿਆਂ ਹਾਂ ਪਰ ਪੈਸੇ ਅਸਮਾਨ ਵਿੱਚੋਂ ਡਿੱਗਦੇ ਨਹੀ ਵੇਖੇ। ਮਿਹਨਤ ਮਜ਼ਦੂਰੀ ਕਰਕੇ ਕਮਾਉਦੇਂ ਬਹੁਤ ਵੇਖੇ ਹਨ। ਜਿਹਨਾਂ ਨੂੰ ਗਿੱਦੜ ਸਿੰਗੀ ਲੱਭੀ ਉਹਨਾਂ ਵਾਰੇ ਪਤਾ ਨਹੀ। ਪ੍ਰਦੇਸਾਂ ਵਿੱਚ ਕਮਜ਼ੋਰ ਦੀ ਬਾਂਹ ਵੀ ਕੋਈ ਕੋਈ ਫੜਦਾ ਹੈ। ਕਿਸੇ ਲਿਖਾਰੀ ਨੇ ਲਿਖਿਆ ਹੈ, 'ਮਾਂ ਦੇ ਛਾਬੇ ਵਿੱਚੋਂ ਚੁੱਕ ਕੇ ਖਾਣੀਆਂ ਸੌਖੀਆਂ ਨੇ'' ਪਰ !!!! ''ਰੱਬ ਕੋਲੋ ਕੁਝ ਪਾਉਣ ਲਈ ਹੱਥੀ ਸਖਤ ਮਿਹਨਤ ਵੀ ਕਰਨੀ ਪੈਂਦੀ ਹੈ''। ਇਹ ਵੀ ਸੱਚ ਆ ਜੇ ਕਰ ਰੱਬ ਇਨਸਾਨੀ ਰੂਪ ਵਿੱਚ ਧਰਤੀ ਉਪਰ ਵਿਚਰਦਾ ਹੁੰਦਾ, ਲੋਕਾਂ ਨੇ ਉਸ ਦੇ ਖਿੜ੍ਹਕੀਆਂ ਦਰਵਾਜ਼ਿਆਂ ਅੱਗੇ ਵਿਦੇਸ਼ ਜਾਣ ਲਈ ਮਹਿੰਗੇ ਤੋਂ ਮਹਿੰਗੇ ਨਕਲੀ ਜਹਾਜ਼ਾ ਦੇ ਅੰਬਾਰ ਲਾ ਦੇਣੇ ਸਨ। ਉਸ ਨੂੰ ਬਾਹਰ ਨਿੱਕਲਣਾ ਮੁਸ਼ਕਲ ਹੋ ਜਾਣਾ ਸੀ।

# ਵੱਟੇ ਦਾ ਵਿਆਹ



ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445

ਸੱਭਿਅਤਾ ਦੇ ਵਿਕਾਸ ਨਾਲ ਸਮਾਜ ਵਿੱਚ ਨਵੀਆਂ ਲੀਹਾਂ, ਤਰਜ਼ੀਹਾਂ ਅਤੇ ਸਮਾਜਿਕ ਵਰਤਾਰੇ ਚੱਲਦੇ ਰਹੇ। ਇਸੇ ਪ੍ਰਸੰਗ ਵਿੱਚ ਮਨੁੱਖ ਨੂੰ ਸਮਾਜਿਕ ਪ੍ਰਾਣੀ ਦਾ ਰੁਤਬਾ ਵੀ ਮਿਲਿਆ। ਸਮਾਜਿਕ ਨਿਯਮਾਂਵਲੀ ਹਾਲਤਾਂ ਤੇ ਨਿਰਭਰ ਹੋ ਕੇ ਬਣਦੀ ਅਤੇ ਟੁੱਟਦੀ ਰਹੀ। ਪਰ ਕੇਂਦਰ ਬਿੰਦੂ ਪ੍ਰੀਵਾਰਿਕ ਵਿਕਾਸ ਰਿਹਾ। ਇਸ ਦੌੜ ਅਤੇ ਦੌਰ ਵਿੱਚ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਈਰਖਾ ਵੀ ਚੱਲਦੀ ਰਹੀ। ਸਮਾਜ ਨੂੰ ਕਾਇਮ ਰੱਖਣ ਲਈ ਵਿਆਹ ਜ਼ਰੂਰੀ ਹੈ। ਇਸ ਸਬੰਧੀ ਸਮੇਂ - ਸਮੇਂ ਤੇ ਵਿਆਹ ਦੀਆਂ ਕਿਸਮਾਂ ਵਿਕਸਤ ਹੁੰਦੀਆਂ ਗਈਆਂ। ਇਹਨਾਂ ਵਿੱਚੋਂ ਵੱਟੇ ਦਾ ਵਿਆਹ ਵੀ ਇੱਕ ਹੈ। ਇਸ ਨੂੰ ਮਾਨਤਾ ਪ੍ਰਾਪਤ ਸਮਾਜਿਕ ਵਰਤਾਰਾ ਹੀ ਕਿਹਾ ਜਾ ਸਕਦਾ ਹੈ।


ਪੰਜਾਬੀ ਵਿਰਾਸਤ ਅਤੇ ਸਮਾਜ ਵਿੱਚ ਵਰਤਾਰੇ ਅਤੇ ਸਲੀਕੇ ਵੀ ਮਾਨਤਾ ਪ੍ਰਾਪਤ ਰਹੇ। ਸ਼ੁਰੂਆਤੀ ਦੌਰ ਵਿੱਚ ਅਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੱਟੇ ਦਾ ਸਾਕ ਜ਼ਰੂਰਤ ਦੇ ਨਾਲ - ਨਾਲ ਮਜ਼ਬੂਰੀ ਵੀ ਸੀ। ਇਸ ਵਿਸ਼ੇ ਤੇ ਸਮਾਜ ਵਿਗਿਆਨ ਵਿੱਚ ਜ਼ਿਆਦਾ ਵਾਕ਼ਫੀਅਤ ਮਿਲਦੀ ਹੈ। ਸਾਦੀ ਸ਼ਬਦਾਂਵਲੀ ਵਿੱਚ ਰਿਸ਼ਤੇ ਦੇ ਬਦਲੇ ਲਿਆ ਜਾ ਦਿੱਤਾ ਰਿਸ਼ਤਾ ਵੱਟੇ ਦਾ ਵਿਆਹ ਕਹਾਉਂਦਾ ਹੈ। ਜੋ ਵੱਟੇ ਦੇ ਵਿਆਹ ਤੋਂ ਵੀ ਰਹਿ ਜਾਂਦੇ ਹਨ, ਉਹ ਛੜੇ ਕਹਾਉਂਦੇ ਹਨ। ਛੜਾ ਵੀ ਪੰਜਾਬੀ ਸੱਭਿਆਚਾਰ ਵਿੱਚ ਗੂੰਜਦਾ ਹੈ। ਇੱਕ ਗੱਲ ਗੰਭੀਰ ਸਮਾਜਿਕ ਖੋਜ ਦਾ ਵਿਸ਼ਾ ਹੈ ਕਿ ਵੱਟੇ ਦੇ ਵਿਆਹਾਂ ਦੇ ਦੌਰ ਵਿੱਚ ਕਦੇ ਇਹ ਨਹੀਂ ਸੁਣਿਆ ਕਿ ਕਿਸੇ ਦੀ ਕੁੜੀ ਵਿਆਹ ਤੋਂ ਰਹੀ ਹੋਵੇ ਜਦੋਂ ਕਿ ਵੱਟੇ ਦੇ ਵਿਆਹਾਂ ਦੇ ਦੌਰ ਵਿੱਚ ਮੁੰਡੇ ਵਿਆਹ ਤੋਂ ਰਹਿ ਜਾਦੇ ਸਨ।

ਇੱਕ ਤਰ੍ਹਾਂ ਦੇ ਸਮਾਜਿਕ ਵਰਤਾਰੇ ਦੀ ਸੌਦਬਾਜ਼ੀ ਵਿੱਚੋਂ ਵੱਟੇ ਦਾ ਵਿਆਹ ਉਤਪੰਨ ਹੁੰਦਾ ਸੀ। ਇਸ ਨਾਲ ਸਮਾਜਿਕ ਸੰਤੁਲਿਨ ਵੀ ਬਣਦਾ ਸੀ। ਕਈ ਪਰਿਵਾਰ ਮੁੰਡੇ ਦਾ ਵਿਆਹ ਕਰਨਾ ਆਪਣੀ ਸਮਾਜਿਕ ਪੈਂਠ ਸਮਝਦੇ ਹਨ। ਭਾਵੇਂ ਮੁੰਡਾ ਆਨੇ-ਕੋਡੀ ਦਾ ਨਾਂ ਹੀ ਹੋਵੇ ਤਾਂ ਵੀ ਵੱਟੇ ਦੇ ਸਾਕ ਲਈ ਜੋੜ ਤੋੜ ਸ਼ੁਰੂ ਕਰ ਦਿੰਦੇ ਸਨ। ਸਮਾਜਿਕ ਵਿਕਾਸ ਵਿੱਚ ਵੱਟੇ ਦਾ ਵਿਆਹ ਤਰ੍ਹਾਂ-ਤਰ੍ਹਾਂ ਦੇ ਸੁਨੇਹੇ ਛੱਡਦਾ ਰਿਹਾ। ਇਸ ਵਰਤਾਰੇ ਨੇ ਘਰਾਂ ਦੇ ਘਰ ਵਸਾ ਵੀ ਦਿੱਤੇ। ਇੱਕ ਦੌਰ ਅਜਿਹਾ ਵੀ ਆਇਆ ਜਦੋਂ ਖੁਸ਼ਹਾਲ ਪਰਿਵਾਰ ਵੱਟੇ ਦੇ ਵਿਆਹ ਨੂੰ ਅਸੱਭਿਅਤ ਮੰਨਣ ਲੱਗੇ। ਅਜੋਕੇ ਟੈਕਨੋਲੋਜੀ ਦੇ ਦੌਰ ਵਿੱਚ ਵੱਟੇ ਦਾ ਸਾਕ ਖੁਦ ਵੀ ਚੱਲ ਕੇ ਬਰੂਹਾਂ ਉੱਤੇ ਆਉਣ ਲੱਗਿਆ ਹੈ। ਪੁਰਾਤਨ ਪੰਜਾਬ ਦੀ ਕਹਾਵਤ ਵੱਟੇ ਦੇ ਵਿਆਹ ਸੰਬੰਧੀ ਬਹੁਤ ਕੁਝ ਬਿਆਨ ਕਰਦੀ ਹੈ :-

''ਵੱਟੇ ਸੱਟੇ ਦੀ ਕੁੜਮਾਈ,
ਗੰਜੀ ਗਈ ਗੁਲੇਲੋ ਆਈ''

ਫੁੱਫੜ ਨੂੰ ਮਾਮੇ ਦਾ ਖਿਤਾਬ ਵੀ ਪੰਜਾਬੀ ਪਰਿਵਾਰਾਂ ਵਿੱਚ ਆਮ ਮਿਲਦਾ ਸੀ। ਉਸਦਾ ਸਪੱਸ਼ਟ ਕਾਰਨ ਵੀ ਵੱਟੇ ਦਾ ਵਿਆਹ ਸੀ ਸ਼ਾਇਦ ਜੀਜੇ ਨੂੰ ਭਾਜੀ ਦਾ ਖਿਤਾਬ ਵੀ ਇਸੇ ਦਾ ਹਿੱਸਾ ਹੈ। ਅਜਿਹੇ ਸਮਾਜਿਕ ਵਰਤਾਰਿਆਂ ਵਿੱਚੋਂ ਬਣੀਆਂ ਸਮਾਜਿਕ ਰੀਤੀਆਂ ਸਮਾਜ ਦੀ ਕਚਹਿਰੀ ਵਿੱਚ ਵੰਨ ਸੁੰਵਨੀਆਂ ਵੀ ਸੁਣਦੀਆਂ ਰਹੀਆ। ਸਮਾਜ ਵਿੱਚ ਵੱਟੇ ਦਾ ਵਿਆਹ ਮਾਨਤਾ ਪ੍ਰਾਪਤ ਰਿਹਾ। ਭਾਵੇਂ ਅਜੋਕੇ ਦੌਰ ਵਿੱਚ ਇਹ ਵਰਤਾਰਾ ਬਹੁਤ ਘਟਿਆ ਹੈ, ਪਰ ਲਿੰਗ ਅਨੁਪਾਤ ਅੰਕੜੇ ਨੇ ਇਸ ਨੂੰ ਦੁਬਾਰੇ ਸਮਾਜਿਕ ਬਰੂਹਾਂ ਵੱਲ ਮੁੜਨ ਦਾ ਸੁਨੇਹਾ ਛੱਡਿਆ ਹੈ। ਕੁਝ ਸੱਥਾਂ ਵੱਟੇ ਦੇ ਵਿਆਹ ਦੇ ਵਰਤਾਰੇ ਨੂੰ ਸੱਭਿਅਤ ਅਤੇ ਕੁੱਝ ਅਸੱਭਿਅਤ ਵੀ ਮੰਨਦੀਆਂ ਸਨ। ਪਰ ਸਮੇਂ ਦੇ ਹਾਲਤਾਂ ਵਿੱਚੋਂ ਸਮਾਜ ਦੀ ਉਲਝੀ ਤਾਣੀ ਨੂੰ ਸੁਲਝਾਉਣ ਦਾ ਪ੍ਰਵਾਨਿਤ ਤਰੀਕਾ ਵੀ ਵੱਟੇ ਦੀ ਕੁੜਮਾਈ ਹੀ ਸੀ। ਅੱਜ ਵੱਟੇ ਦਾ ਵਿਆਹ ਸਾਹਿਤ ਅਤੇ ਸਮਾਜ ਵਿੱਚ ਬਹੁਤਾ ਪੁਰਾਣਾ ਨਹੀਂ ਹੈ ਇਸਦੇ ਪ੍ਰਭਾਵ ਅਜੇ ਵੀ ਦਿਖਾਈ ਦਿੰਦੇ ਹਨ।

## ਨਿੱਕੀ ਉਮਰ, ਵੱਡੀ ਛਾਲ, ਬਣ ਰਿਹਾ ਹੈ ਸਫਲ ਫ਼ਿਲਮ ਲੇਖਕ ਗਗਨ ਸਿੰਘ




ਗਗਨ ਸਿੰਘ ਪੰਜਾਬੀ ਫ਼ਿਲਮਾਂ ਦੇ ਖੇਤਰ ਵਿੱਚ ਤੇਜ਼ੀ ਨਾਲ ਉੱਭਰ ਰਿਹਾ ਲੇਖਕ ਹੈ। ਓਹ ਟੀਵੀ ਤੇ ਓਟ ਪਲੇਟਫਾਰਮ ਲਈ ਵੀ ਲਿਖ ਰਿਹਾ ਹੈ। ਗਗਨ ਸਿੰਘ ਨੇ ਸੋਸ਼ਲ ਮੀਡੀਆ ਤੇ ਫੇਸਬੁੱਕ ਤੇ ਆਪਣੀ ਲਿਖੀ ਕਹਾਣੀ ਦਾ ਪਹਿਲਾ ਏਪਿਸੋਡ ਅੱਪਲੋਡ ਕੀਤਾ ਹੈ। ਦੇਖ ਕਿ ਪਤਾ ਚਲਦਾ ਹੈ ਕਿ ਓਹ ਕਿੰਨਾ ਚੰਗਾ ਲੇਖਕ ਹੈ। ਬੀ ਜੀ ਐਮ ਮਿਊਜ਼ਿਕ ਐਸ ਏਂਟਰਟੇਨਮੇਂਟ ਲਈ ਗਗਨ ਦਾ ਲਿਖਿਆ ਇਹ ਕਿਸ਼ਤ ਪਸੰਦ ਕੀਤੀ ਜਾ ਰਹੀ ਹੈ। ਗਗਨ ਸਿੰਘ ਦੀ ਕਲਮ ਵਿੱਚ ਪੰਜਾਬ ਦੀ ਝਲਕ ਹੈ,ਪੰਜਾਬੀ ਬੋਲੀ ਤੇ ਵਰਤਣ ਕਲਾ ਦਾ ਅਸਰ ਹੈ। ਗਗਨ ਸਿੰਘ ਨੇ ਮਿਹਨਤ ਬਹੁਤ ਕੀਤੀ ਹੈ। ਚੰਡੀਗੜ ਰਹਿਣਾ ਸੌਖਾ ਨਹੀਂ ਹੈ ਪਰ ਓਹ ਸਭ ਕੁਝ ਤਾਲਮੇਲ ਬਿਠਾ ਕਿ ਕਰ ਰਿਹਾ ਹੈ। ਗਗਨ ਨੇ ਹਾਲ ਵਕਤ ਇਹੀ ਕਿਹਾ ਕਿ ਦਰਸ਼ਕ ਫੇਸਬੁੱਕ ਤੇ ਓਸ ਦਾ ਖਾਤਾ ਓਪਨ ਕਰ ਕਿ ਇਸ ਐਪੀ ਸੋਡ ਦਾ ਲੁਤਫ਼ ਲਏ ਬਗੈਰ ਨਾ ਰਹਿਣ। ਕਾਦਰ ਖਾਨ ਜਿਹੀ ਤੇਜ਼ੀ ਓਸ ਦੀ ਕਲਮ ਵਿਚ ਹੈ। ਬਹੁਤ ਸਾਰੀਆਂ ਪੰਜਾਬੀ ਫ਼ਿਲਮਜ਼ ਨਾਲ ਜੁੜਦੇ ਹੋਏ ਓਸ ਨੇ ਕਿਹਾ ਕਿ ਮੇਰੀ ਚੰਗੀ ਸਵੇਰ ਚੜ੍ਹ ਚੁੱਕੀ ਹੈ ਤੇ ਜਲਦੀ ਹੀ ਵੱਡੇ ਪੱਧਰ ਤੇ ਓਸ ਦੀਆਂ ਲਿਖੀਆਂ ਫ਼ਿਲਮਜ਼ ਆਉਣਗੀਆਂ। ''ਚੇਤਾ ਸਿੰਘ'' ਦੀ ਕਹਾਣੀ, ਤਬਾਹੀ ਰੇਲੋਡਡ ਵੀ ਗਗਨ ਸਿੰਘ ਨੇ ਲਿਖੀਆਂ ਹਨ। ਸਾਬਾਸ਼ ਗਗਨ ਕਲ ਤੁਹਾਡਾ ਹੈ।

-ਅੰਮ੍ਰਿਤ ਪਵਾਰ

# India General Election 2024: Democracy in action or mirage?

**Opinion**

**Gurnam Singh**



India, the world's most populous country, on 19th April 2024 embarked on a massive parliamentary election to elect the next leader of the nation. Spanning nearly six weeks across seven phases due to its colossal geography, voting concludes on June 1st, with the results expected to be declared on June 4th. Though political observers raise legitimate concerns about the erosion of press and media freedom, India continues to claim the title as the world biggest democracy.

2024 General Election is the 18th since India gained independence from British Rule. Over the years, India's electoral process has been a cornerstone of its democratic ethos, with each election witnessing the participation of a growing electorate, now reaching nearly a billion potential voters within a population of 1.4 billion.

Traditionally dominated by the Indian National Congress (INC) and the formidable presence of the Gandhi dynasty, the political arena has undergone significant transformations in recent elections. Notably, the rise of Narendra Modi and his Bharatiya Janata Party (BJP) characterised by an aggressive Hindu nationalist agenda, has marked something of a paradigm shift in Indian politics. Modi's ascendancy to power in the 2014 elections, propelled by his charismatic leadership and promises of development and a 'Hindu India First' policy, reshaped the contours of political discourse in the country.

However, PM Modi's tenure has not been devoid of controversies. Widespread concerns continue to be expressed over the perceived drift of the BJP towards right-wing Hindu majoritarianism, raising alarms about the erosion of India's secular fabric and the marginalization of minority communities. In response, the BJP claim to be the true and only national party that remains



A massive BJP election campaigning gathering at Amroha, Uttar Pradesh, on 19 April 2024

committed to 'secular' India and that their assertion of Hindu identity is not based on religion but a common cultural heritage. Commonly referred to as 'Hindutva, this claim is associated with a political ideology that was first developed by the Rashtriya Swayamsevak Sangh (RSS), which was founded in 1925 and continues to be closely aligned with the BJP.

In this evolving political milieu, against the backdrop of the decline of the INC party and the anti-corruption campaign that was led by the social activist Anna Hazare in 2011, the emergence of the Aam Aadmi Party (AAP) has been a significant, particularly in Punjab, Delhi and Northern India states. Founded on the principles of anti-corruption and inclusive governance, the AAP, led by former bureaucrat turned anti-corruption activist Arvind Kejriwal, made a notable entry into the political fray. The party's electoral debut in the 2013 Delhi Assembly elections stunned observers as it secured a significant mandate, propelling Kejriwal to the Chief Minister's office.

The AAP's governance model in Delhi, marked by initiatives such as Mohalla Clinics for healthcare and subsidized utilities, garnered both praise and criticism. However, its anti-corruption stance and pro-poor policies resonated with a segment of voters disillusioned with traditional politics. Yet, the current imprisonment of Arvind Kejriwal amidst allegations of defamation adds a layer of complexity to AAP's narrative. While supporters decry it as a witch-hunt, critics question the party's claims of transparency, underscoring the challenges it faces in navigating the political landscape during a crucial electoral period.

In Punjab, the political scenario is characterized by a multi-cornered contest involving several key players, including the INC, the Shiromani Akali Dal (SAD), the AAP, and the BJP. Historically, Punjab has been a battleground for the INC and the SAD, with both parties vying for supremacy. However, in recent years, the AAP has emerged as a formidable contender, particularly in urban areas, capitalizing on issues such as corruption and governance.

The prospects of the main political parties in Punjab, and parts of the nation outside the traditional Hindi belt, namely, namely Haryana, Himachal Pradesh, Madhya Pradesh, Rajasthan and Uttar Pradesh, are intricately intertwined with evolving socio-political dynamics and regional aspirations. Factors such as agrarian distress, youth unemployment, drug addition and outward migration and alliances are expected to influence voter sentiments.

Additionally, though not as significant as expat Panjabis seem to think, Panthic concerns linked to the ongoing imprisonment of Sikh political prisoners, long term grievances related to Punjab's river waters and economic development are likely to feature amongst the hustings. In this regard, the rapidly declining Shiromani Akali Dal led by Sukhbir Singh Badal are characteristically expected to claim the mantle of being the only true Panthic party.

Whilst some political observers argue that the BJP popularity has peaked and can only decline, with a commensurate resurgence of the INC, others argue that Modi and his BJP are on course for a landslide third term in power. Whether the predicable victory will be because of popularity or, as critics suggest, the BJP corruptly deploying institutions and resources of the state, only time will tell. No doubt we will get some answers to this question over the coming weeks.

*Gurnam Singh is an academic activist dedicated to human rights, liberty, equality, social and environmental justice. He is an Associate Professor of Sociology at University of Warwick, UK. He can be contacted at Gurnam.singh.1@warwick.ac.uk*

** This is the opinion of the writer and does not necessarily represent the views of Asia Samachar.*

ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ

ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :

**07966 388 388**

**30 ਅਪ੍ਰੈਲ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**



- ਲੇਖਕ -
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸਿੱਖ ਰਾਜ ਦੇ ਥੰਮ੍ਹ ਸਨ – ਜਰਨੈਲ ਸ: ਹਰੀ ਸਿੰਘ ਨਲੂਆ

ਸਿੱਖ ਇਤਿਹਾਸ ਦੇ ਕੁਰਬਾਨੀ ਅਤੇ ਵੀਰਤਾ ਦੇ ਸੁਨਹਿਰੀ ਪੰਨਿਆਂ ਉਪਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਸੂਰਬੀਰ ਜਰਨੈਲ ਸ. ਹਰੀ ਸਿੰਘ ਨਲੂਆ (ਨਲਵਾ) ਦੀ ਅਦੁੱਤੀ ਬਹਾਦਰੀ ਦਾ ਜ਼ਿਕਰ ਬੜੇ ਸਤਿਕਾਰ ਨਾਲ ਦਰਜ ਹੈ। ਇਸ ਮਹਾਨ ਜਰਨੈਲ ਅਤੇ ਅਦੁੱਤੀ ਯੋਧੇ ਦਾ ਜਨਮ 1791 ਈ: ਵਿੱਚ ਗੁਜਰਾਂਵਾਲਾ ਨਿਵਾਸੀ ਸ. ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਬੀਬੀ ਧਰਮ ਕੌਰ ਦੀ ਕੁੱਖ ਤੋਂ ਹੋਇਆ। ਇਸ ਮਹਾਨ ਜਰਨੈਲ ਦੇ ਦਾਦਾ ਸ. ਹਰਦਾਸ ਸਿੰਘ 1762 ਈ: ਵਿੱਚ ਅਹਿਮਦ ਸ਼ਾਹ ਦੁਰਾਨੀ ਦੀ ਫੌਜ ਨਾਲ ਹੋਈ ਗਹਿਗੱਚ ਲੜਾਈ ਵਿੱਚ ਸ਼ਹੀਦੀ ਜਾਮ ਪੀ ਗਏ ਸਨ। ਸ. ਹਰੀ ਸਿੰਘ ਨੂੰ ਕੁਰਬਾਨੀ ਅਤੇ ਬਹਾਦਰੀ ਵਰਗੇ ਮਹਾਨ ਗੁਣ ਵਿਰਸੇ ਵਿੱਚੋਂ ਹੀ ਮਿਲੇ ਸਨ। ਆਪ ਜੀ ਦੇ ਪਿਤਾ ਸ. ਗੁਰਦਿਆਲ ਸਿੰਘ ਨੇ ਸ਼ੁਕਰਚੱਕੀ ਮਿਸਲ ਦੇ ਸਰਦਾਰਾਂ ਨਾਲ ਕਈ ਮੁਹਿੰਮਾਂ ਵਿੱਚ ਆਪਣੀ ਅਣਖ ਤੇ ਦਲੇਰੀ ਵਰਗੇ ਗੁਣਾਂ ਨੂੰ ਉਜਾਗਰ ਕੀਤਾ ਸੀ। ਇਹ ਗੱਲ ਇਸ ਬਹਾਦਰ ਯੋਧੇ ਦੀ ਅਣਖ, ਦਲੇਰੀ, ਸੂਰਬੀਰਤਾ, ਪਰਉਪਕਾਰ ਅਤੇ ਕੁਰਬਾਨੀ ਦੀ ਗਾਥਾ ਨੂੰ ਪ੍ਰਗਟ ਕਰਦੀ ਹੈ, ਜਿਸ ਨੂੰ ਅਜਿਹੀ ਗੁੜ੍ਹਤੀ ਵਿਰਾਸਤ ਵਿੱਚ ਹੀ ਪ੍ਰਾਪਤ ਹੋ ਗਈ ਸੀ। ਸੱਤ ਸਾਲ ਦੀ ਬਾਲੜੀ ਉਮਰ ਵਿੱਚ ਹੀ ਪਿਤਾ ਜੀ ਅਕਾਲ ਚਲਾਣਾ ਕਰ ਗਏ। ਨਾਨਕੇ ਪਰਿਵਾਰ ਵਿੱਚ ਮਾਮਾ ਜੀ ਕੋਲ ਰਹਿ ਕੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖੇ। ਸ. ਹਰੀ ਸਿੰਘ ਨੂੰ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਹਾਸਲ ਕਰਨ ਦੀ ਤਮੰਨਾ ਬਚਪਨ ਤੋਂ ਹੀ ਸੀ। ਜਵਾਨੀ ਵਿੱਚ ਪੈਰ ਧਰਨ ਤੋਂ ਪਹਿਲਾਂ 15 ਸਾਲ ਦੀ ਉਮਰ ਵਿੱਚ ਬਿਨਾਂ ਕਿਸੇ ਚੰਗੀ ਸਿਖਲਾਈ ਤੋਂ ਯੁੱਧ ਨੀਤੀ ਵਿੱਚ ਨਿਪੁੰਨਤਾ ਹਾਸਲ ਕਰ ਲਈ।

ਸਿੱਖ ਇਤਿਹਾਸ ਦੇ ਪੰਨੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਖ਼ਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਹਰ ਸਾਲ ਬਸੰਤ ਪੰਚਮੀ ਵਾਲੇ ਦਿਨ ਵਿਸ਼ੇਸ਼ ਦਰਬਾਰ ਲਾ ਕੇ ਹੋਣਹਾਰ ਨੌਜਵਾਨਾਂ ਦੀ ਸਰੀਰਕ ਤਾਕਤ ਨੂੰ ਪਰਖਣ ਲਈ ਬਹਾਦਰੀ, ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਵਿੱਚ ਸਖਤ ਮਿਹਨਤ ਕਰਨ ਵਾਲੇ ਨੌਜਵਾਨਾਂ ਦੇ ਮੁਕਾਬਲੇ ਕਰਵਾਇਆ ਕਰਦੇ ਸਨ। 1805 ਈ: ਵਿੱਚ ਲਾਹੌਰ ਦੀ ਧਰਤੀ 'ਤੇ ਹੋਏ ਇਕ ਬਸੰਤ ਦਰਬਾਰ ਵਿੱਚ ਸ. ਹਰੀ ਸਿੰਘ ਨੂੰ ਵੀ ਆਪਣੀ ਤਾਕਤ ਅਤੇ ਹਥਿਆਰ ਚਲਾਉਣ ਦੀ ਕਲਾ ਦੇ ਕਰਤੱਬ ਦਿਖਾਉਣ ਦਾ ਮੌਕਾ ਮਿਲ ਗਿਆ। ਇਥੇ ਹੀ ਬਹਾਦਰੀ ਤੇ ਕਲਾ ਦੇ ਜੌਹਰ ਦਿਖਾਉਂਦਿਆਂ ਸ. ਹਰੀ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਛਾਤੀ ਨਾਲ ਲਾ ਕੇ ਬੱਚਿਆਂ ਵਾਂਗ ਪਿਆਰ ਦਿੱਤਾ ਅਤੇ ਬੇਸ਼ਕੀਮਤੀ ਕੈਂਠਾ ਪਹਿਨਾਇਆ। ਨਾਲ ਹੀ 15 ਕੁ ਸਾਲ ਦੀ ਉਮਰ ਵਿੱਚ ਹੀ ਆਪਣੀ ਨਿੱਜੀ ਫੌਜ ਵਿੱਚ ਸ਼ਾਮਿਲ ਕਰ ਲਿਆ। ਇਕ ਵਾਰ ਸ. ਹਰੀ ਸਿੰਘ ਮਹਾਰਾਜੇ ਨਾਲ ਸ਼ੇਰ ਦਾ ਸ਼ਿਕਾਰ ਕਰਨ ਗਿਆ। ਸ. ਹਰੀ ਸਿੰਘ ਨੇ ਸ਼ੇਰ ਦਾ ਸ਼ਿਕਾਰ ਕਰਨ ਸਮੇਂ ਬੜੀ ਫੁਰਤੀ ਨਾਲ ਸ਼ੇਰ ਨੂੰ ਮਾਰ ਮੁਕਾਇਆ। ਮਹਾਰਾਜੇ ਨੇ ਸ. ਹਰੀ ਸਿੰਘ ਦੀ ਬਹਾਦਰੀ ਅਤੇ ਸੂਰਬੀਰਤਾ ਨੂੰ ਦੇਖ ਕੇ ਉਸ ਨੂੰ ਨਲ ਦਾ ਖਿਤਾਬ ਦਿੱਤਾ। ਕਿਉਂਕਿ ਹਿੰਦੁਸਤਾਨ ਦੇ ਇਤਿਹਾਸ ਵਿੱਚ ਰਾਜਾ ਨਲ ਜਿਸ ਨਿਡਰਤਾ ਨਾਲ ਸ਼ੇਰ ਦਾ ਸ਼ਿਕਾਰ ਕਰਦਾ ਸੀ, ਉਹੋ ਜਿਹੀ ਨਿਡਰਤਾ ਤੇ ਸੂਰਬੀਰਤਾ ਸ. ਹਰੀ ਸਿੰਘ ਨੇ ਦਿਖਾਈ ਸੀ। ਇਸ ਘਟਨਾ ਤੋਂ ਪਿੱਛੋਂ ਨਲ ਜਾਂ ਨਲਵਾ ਸ਼ਬਦ ਪੱਕੇ ਤੌਰ 'ਤੇ ਇਸ ਮਹਾਨ ਜਰਨੈਲ ਨਾਲ ਜੁੜ ਗਿਆ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨਾਲ ਅਨੇਕਾਂ ਯੁੱਧਾਂ ਵਿੱਚ ਸ. ਹਰੀ ਸਿੰਘ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। 1807 ਵਿੱਚ ਕਸੂਰ ਦੀ ਲੜਾਈ ਅਤੇ 1810 ਈ: ਵਿੱਚ ਸਿਆਲਕੋਟ ਦੀ ਲੜਾਈ ਵਿੱਚ ਆਪਣੀ ਯੁੱਧ ਕਲਾ ਵਾਲੀ ਪ੍ਰਪੱਕਤਾ ਦਾ ਸਬੂਤ ਸ. ਹਰੀ ਸਿੰਘ ਨੇ ਪ੍ਰਤੱਖ ਰੂਪ ਵਿੱਚ ਦਿੱਤਾ।

ਇਸੇ ਸਾਲ ਮੁਲਤਾਨ ਨੂੰ ਫਤਹਿ ਕਰਨ ਸਮੇਂ ਉਸ ਨੂੰ ਗਹਿਰੇ ਜ਼ਖ਼ਮ ਵੀ ਲੱਗੇ। 1813 ਈ: ਵਿੱਚ ਹਜਰੋਂ ਵਿੱਚ ਪਠਾਣਾਂ ਨਾਲ ਯੁੱਧ ਹੋਇਆ। 1815 ਈ: ਵਿੱਚ ਪਹਾੜੀ ਇਲਾਕਿਆਂ ਨੂੰ ਫਤਹਿ ਕਰਨ ਤੋਂ ਪਿੱਛੋਂ ਕਸ਼ਮੀਰ ਵਿੱਚ ਜਿੱਤ ਦਾ ਪਰਚਮ ਲਹਿਰਾਇਆ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਸ. ਹਰੀ ਸਿੰਘ ਨਲੂਆ ਨੂੰ ਇਥੋਂ ਦਾ ਗਵਰਨਰ ਨਿਯੁਕਤ ਕੀਤਾ। ਇਸ ਤੋਂ ਬਾਅਦ 1821 ਈ: ਵਿੱਚ ਹਜ਼ਾਰਾ ਇਲਾਕੇ ਦੇ ਖ਼ੂੰ-ਖਾਰ ਅਫ਼ਗਾਨਾਂ ਨੂੰ ਪੱਕੇ ਤੌਰ 'ਤੇ ਨੇਬਤੋ-ਨਾਬੂਦ ਕਰਕੇ ਗਵਰਨਰ ਬਣੇ। ਇਸ ਤੋਂ ਬਾਅਦ ਆਪਣੇ ਨਾਂਅ 'ਤੇ ਹਰੀ ਨਗਰ ਵੀ ਵਸਾਇਆ। ਹੁਣ ਅਟਕ ਦਰਿਆ ਦੇ ਪਾਰਲੇ ਇਲਾਕੇ ਨੂੰ ਫਤਹਿ ਕੀਤਾ। 1834 ਈ: ਵਿੱਚ ਪਿਸ਼ਾਵਰ ਨੂੰ ਜਿੱਤ ਕੇ ਇਥੇ ਵੀ ਸਥਾਈ ਤੌਰ 'ਤੇ ਸਿੱਖ ਰਾਜ ਕਾਇਮ ਕੀਤਾ। ਇਥੇ ਵੀ ਗਵਰਨਰ ਦੀ ਡਿਊਟੀ ਸ. ਨਲੂਆ ਨੇ ਹੀ ਨਿਭਾਈ। ਪਿਸ਼ਾਵਰ ਦੇ ਇਰਦ-ਗਿਰਦ ਕੱਟੜ ਸ਼ਰਈ ਪਠਾਣਾਂ ਨੂੰ ਸੋਧ ਕੇ ਈਨ ਮੰਨਣ ਲਈ ਮਜਬੂਰ ਕੀਤਾ। ਸ. ਹਰੀ ਸਿੰਘ ਨਲੂਆ ਦਾ ਨਾਂਅ ਸੁਣ ਕੇ ਪਠਾਨ ਭੱਜ ਜਾਂਦੇ ਸਨ। ਸ. ਨਲੂਆ ਦਾ ਡਰ ਪਠਾਣੀਆਂ ਦੇ ਮਨ ਵਿੱਚ ਏਨਾ ਘਰ ਕਰ ਗਿਆ ਕਿ ਇਹ ਆਪਣੇ ਬੱਚਿਆਂ ਨੂੰ ਨਲਵਾ ਰਾਂਗਲੇ ਭਾਵ ਨਲੂਆ ਆ ਗਿਆ ਕਹਿ ਕੇ ਸੁਆਉਂਦੀਆਂ ਸਨ।

1837 ਈ: ਵਿੱਚ ਮੁਹੰਮਦ ਖਾਨ ਨੇ ਸਿੱਖਾਂ ਵਿਰੁੱਧ ਜਹਾਦ ਛੇੜਿਆ ਅਤੇ ਜਮਰੌਦ ਦੇ ਕਿਲ੍ਹੇ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਦੀ ਅਗਵਾਈ ਇਸ ਦਾ ਸਪੁੱਤਰ ਅਕਬਰ ਖ਼ਾਨ ਕਰ ਰਿਹਾ ਸੀ। ਸਿੱਖ ਫੌਜਾਂ ਦੇ ਜਰਨੈਲ ਸ. ਹਰੀ ਸਿੰਘ ਸਨ। ਇਥੇ ਵੀ ਆਪਣੀ ਲਾਸਾਨੀ ਯੁੱਧ ਕਲਾ ਨਾਲ ਉਨ੍ਹਾਂ ਅਫ਼ਗਾਨਾਂ ਨੂੰ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ। ਅਫ਼ਗਾਨੀਆਂ ਦੀਆਂ 14 ਵੱਡੀਆਂ ਤੋਪਾਂ ਖੋਹ ਲਈਆਂ। ਸ. ਹਰੀ ਸਿੰਘ ਦਾ ਪਿੱਛਾ ਕਰਦਿਆਂ ਇਕ ਪਹਾੜੀ ਗੁਫਾ ਵਿੱਚ ਲੁਕੇ ਪਠਾਣਾਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਗੋਲੀ ਸ. ਹਰੀ ਸਿੰਘ ਨਲੂਆ ਦੀ ਛਾਤੀ ਵਿੱਚ ਤੇ ਦੂਜੀ ਵੱਖੀ ਵਿੱਚ ਲੱਗੀ। ਆਪਣੇ ਆਪ ਨੂੰ ਜ਼ਖ਼ਮੀ ਹਾਲਤ ਵਿੱਚ ਸੰਭਾਲ ਕੇ ਘੋੜਾ ਜਮਰੌਦ ਦੇ ਕਿਲ੍ਹੇ ਵਿੱਚ ਲੈ ਗਏ। ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਕਿਲ੍ਹੇਦਾਰ ਸ. ਮਹਾਂ ਸਿੰਘ ਨੂੰ ਕਿਹਾ, ਜਦੋਂ ਤੱਕ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਹੀਂ ਪਹੁੰਚ ਜਾਂਦੇ, ਤਦ ਤੱਕ ਮੇਰੀ ਸ਼ਹੀਦੀ ਦੀ ਖ਼ਬਰ ਕਿਸੇ ਨੂੰ ਪਤਾ ਨਹੀਂ ਲੱਗਣੀ ਚਾਹੀਦੀ। ਇਸ ਤਰ੍ਹਾਂ ਇਸ ਮਹਾਨ ਜਰਨੈਲ ਨੇ 30 ਅਪ੍ਰੈਲ 1837 ਨੂੰ ਸ਼ਹਾਦਤ ਦਾ ਜਾਮ ਪੀਤਾ।



ਸੂਰਬੀਰ ਜਰਨੈਲ ਸ. ਹਰੀ ਸਿੰਘ ਨਲੂਆ

ਇਸ ਅਦੁੱਤੀ ਸੂਰਬੀਰ ਯੋਧੇ ਦੀ ਸ਼ਹਾਦਤ ਸਮੇਂ ਮਹਾਰਾਜੇ ਨੇ ਅੱਥਰੂ ਕੇਰਦਿਆਂ ਕਿਹਾ ਅੱਜ ਮੈਨੂੰ ਸਿੱਖ ਰਾਜ ਦਾ ਥੰਮ੍ਹ ਡਿੱਗਣ ਦਾ ਅਹਿਸਾਸ ਹੋਇਆ ਹੈ। ਜਦੋਂ ਸ. ਹਰੀ ਸਿੰਘ ਨਲੂਆ ਸ਼ਹੀਦ ਹੋਇਆ, ਉਸ ਸਮੇਂ ਉਹ 3 ਲੱਖ 67 ਹਜ਼ਾਰ ਦੀ ਸਾਲਾਨਾ ਆਮਦਨ ਵਾਲੀ ਜਗੀਰ ਦਾ ਮਾਲਕ ਸੀ। ਕਲਗੀਧਰ ਪਾਤਸ਼ਾਹ ਦੇ ਸੱਚੇ ਸਿੱਖ, ਇਸ ਮਹਾਨ ਯੋਧੇ ਦੀ ਕੁਰਬਾਨੀ ਦਾ ਜ਼ਿਕਰ ਅੱਜ ਵੀ ਬੜੇ ਮਾਣ ਨਾਲ ਕੀਤਾ ਜਾਂਦਾ ਹੈ। ਅੱਜ ਸ਼ਹਾਦਤ ਦੇ ਦਿਹਾੜੇ 'ਤੇ ਉਸ ਦੀ ਮਹਾਨ ਸ਼ਹੀਦੀ ਸਾਡਾ ਮਾਰਗ ਦਰਸ਼ਨ ਕਰਦਿਆਂ ਸਮੁੱਚੀ ਕੌਮ ਨੂੰ ਪ੍ਰੇਰਿਤ ਕਰ ਰਹੀ ਹੈ। ਇਸ ਮਹਾਨ ਜਰਨੈਲ ਨੂੰ ਸਾਡਾ ਪ੍ਰਣਾਮ।

# ਇਟਲੀ ਦੇ ਇਬੋਲੀ ਸ਼ਹਿਰ ਵਿਖੇ 15 ਮਹੀਨਿਆਂ ਦੇ ਬੱਚੇ ਨੂੰ 2 ਪਿਟਬੁੱਲ ਕੁੱਤਿਆਂ ਨੇ ਨੋਚ ਖਾਦਾ, ਹੋਈ ਮੌਤ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਕੰਪਾਨੀਆ ਸੂਬੇ ਦੇ ਸ਼ਹਿਰ ਇਬੋਲੀ (ਸਲੇਰਨੋ)ਵਿਖੇ 2 ਪਾਲਤੂ ਪਿਟਬੁੱਲ ਕੁੱਤਿਆਂ ਨੇ ਇੱਕ 15 ਮਹੀਨਿਆਂ ਦੇ ਬੱਚੇ ਨੂੰ ਹਮਲਾ ਕਰਕੇ ਮਾਰ ਦੇਣ ਦਾ ਦੁੱਖਦਾਇਕ ਸਮਾਚਾਰ ਸਾਹਮਣੇ ਆਇਆ ਹੈ।ਮਿਲੀ ਜਾਣਕਾਰੀ ਅਨੁਸਾਰ ਇਬੋਲੀ ਵਿਖੇ ਘਰ ਵਿੱਚ ਪਾਲੇ 2 ਪਿਟਬੁੱਲ ਕੁੱਤਿਆਂ ਨੇ ਆਪਣੀ ਮਾਲਕਣ ਦੇ ਦੋਸਤ ਦੇ ਮੁੰਡੇ ਉਪੱਰ (ਜੋ ਕਿ ਮਹਿਜ਼ 15 ਮਹੀਨਿਆਂ ਦਾ ਸੀ) ਹਮਲਾ ਕਰਕੇ ਮਾਰ ਮੁਕਾਇਆ ਹੈ।ਇਸ ਹਮਲੇ ਵਿੱਚ ਮਰਹੂਮ ਦੀ ਮਾਂ ਨੇ ਬਹੁਤ ਜੋਰ ਲਗਾਇਆ ਕਿ ਉਹ ਆਪਣੇ ਲਾਡਲੇ ਨੂੰ ਇਹਨਾਂ ਹੈਵਾਨ ਬਣੇ ਕੁੱਤਿਆਂ ਤੋਂ ਕਿਸੇ ਢੰਗ ਨਾਲ ਬਚਾ ਲਵੇ ਪਰ ਅਫ਼ਸੋਸ ਕੁੱਤਿਆਂ ਦੇ ਤਿੱਖੇ ਦੰਦਾਂ ਨੇ ਬੱਚੇ ਦੇ ਸਰੀਰ ਉਪੱਰ ਅਜਿਹੇ ਜ਼ਖ਼ਮ ਕਰ ਦਿੱਤੇ ਜਿਹੜੇ ਉਸ ਦੀ ਮੌਤ ਦਾ ਕਾਰਨ ਬਣ ਗਏ, ਕੁੱਤਿਆਂ ਨੇ ਇਸ ਹਮਲੇ ਵਿੱਚ ਬੱਚੇ ਦੀ ਮਾਂ ਨੂੰ ਵੀ ਜਖਮੀ ਕਰ ਦਿੱਤਾ। ਘਟਨਾ ਵਾਪਰ ਦੇ ਸਾਰ ਹੀ ਅੰਬੂਲੈਂਸ ਨੂੰ ਕਾਲ ਕਰ ਦਿੱਤੀ ਗਈ ਜੋ ਕਿ ਚੰਦ ਮਿੰਟਾਂ ਵਿੱਚ ਹੀ ਘਟਨਾ ਸਥਲ ਤੇ ਪਹੁੰਚ ਗਈ ।ਅੰਬੂਲੈਂਸ ਦੇ ਡਾਕਟਰਾਂ ਨੇ ਕੁੱਤਿਆਂ ਵੱਲੋਂ ਨੋਚ ਖਾਦੇ ਬੱਚੇ ਜਿਹੜਾ ਕਿ ਖੂਨ ਨਾਲ ਲੱਥਪੱਥ ਸੀ, ਦੀ ਚੰਗੀ ਤਰ੍ਹਾਂ ਜਾਂਚ ਕਰਨ ਤੋਂ ਬਆਦ ਮ੍ਰਿਤਕ ਘੋਸ਼ਿਤ ਕਰ ਦਿੱਤਾ।ਕਾਰਾਬਿਨੇਰੀ ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ ਪਰ ਵਾਪਰੀ ਇਸ ਘਟਨਾ ਨਾਲ ਛੋਟੇ ਬੱਚਿਆਂ ਦੇ ਮਾਪੇ ਕਾਫ਼ੀ ਪ੍ਰੇਸ਼ਾਨ ਦੇਖੇ ਗਏ।ਜ਼ਿਕਰਯੋਗ ਹੈ ਜਿੱਥੇ ਭਾਰਤ ਵਰਗੇ ਦੇਸ਼ ਵਿੱਚ ਕਾਨੂੰਨ ਅਜਿਹੇ ਖਤਰਨਾਕ ਕੁੱਤਿਆਂ ਦੀਆਂ 23 ਕਿਸਮਾਂ ਨੂੰ ਘਰਾਂ ਵਿੱਚ ਰੱਖਣ ਉਪੱਰ ਪਾਬੰਦੀ ਲਗਾਉਂਦਾ ਹੈ ਉੱਥੇ ਇਟਾਲੀਅਨ ਕਾਨੂੰਨ ਬੇਸ਼ੱਕ ਕਿ ਅਜਿਹੀਆਂ 17 ਕਿਸਮਾਂ ਨੂੰ ਘਰਾਂ ਵਿੱਚ ਰੱਖਣ ਲਈ ਸਾਵਧਾਨੀ ਜਾਂ ਨਾ ਰੱਖਣ ਲਈ ਸੰਕੇਤ ਦਿੰਦਾ ਹੈ ਪਰ ਦੇਸ਼ ਵਿੱਚ ਕਿਸੇ ਵੀ ਕੁੱਤੇ ਦੀ ਨਸਲ ਨੂੰ ਦਾਖਲ ਹੋਣ ਤੋਂ ਨਹੀਂ ਰੋਕਦਾ ।ਇਟਲੀ ਵੀ ਹੋਰ ਯੂਰਪੀਅਨ ਦੇਸ਼ਾਂ ਵਾਂਗਰ ਪਾਬੰਦੀਸ਼ੁਦਾ ਕੁੱਤਿਆਂ ਦੀ ਨਸਲਾਂ ਉਪੱਰ ਰੋਕ ਲਾਉਂਦਾ ਹੈ ਇਹਨਾਂ ਕੁੱਤਿਆਂ ਦੀ ਸੂਚੀ 92 ਤੋਂ ਸੋਧ ਕਿ ਹੁਣ ਸਰਕਾਰ ਨੇ 17 ਕਰ ਦਿੱਤੀ ਹੈ ਜਿਹਨਾਂ ਵਿੱਚ ਪਿਟਬੁੱਲ, ਟੋਸਾ ਇਨੂ ਤੇ ਬ੍ਰਾਜ਼ੀਲੀਅਨ ਮਾਸਟਿਫ ਆਦਿ ਸ਼ਾਮਲ ਹਨ ।ਇਟਲੀ ਦੇ ਮਸ਼ਹੂਰ ਸ਼ਹਿਰ ਵੇਨਿਸ ਵਿੱਚ ਰੋਤਵਾਈਲਰ ਕਿਸਮ ਦੇ ਕੁੱਤੇ ਉਪੱਰ ਪੂਰਨ ਪਾਬੰਦੀ ਹੈ।

## ਹਾਸ ਵਿਅੰਗ

ਜਸਵਿੰਦਰ ਸ਼ਰਮਾ




ਇਕ ਨੇਤਾ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਉਸ ਦੀ ਆਤਮਾ ਨੂੰ ਯਮਦੂਤਾਂ ਨੇ ਦੇਵ ਨਗਰੀ ਦੇ ਗੇਟ ਅੱਗੇ ਲਿਆ ਸੁੱਟਿਆ। ਕੁਝ ਦੇਰ ਪਿਛੋਂ ਇਕ ਅਧਿਕਾਰੀ ਆਇਆ। ਉਸ ਨੇ ਖਚਰਾ ਹਾਸਾ ਹੱਸਦਿਆਂ ਨੇਤਾ ਨੂੰ ਕਿਹਾ, 'ਸ੍ਰੀਮਾਨ, ਤੁਹਾਡੇ ਵਰਗੇ ਵੀ.ਆਈ.ਪੀ. ਬੰਦਿਆਂ ਵਾਸਤੇ ਇਥੇ ਅਸੀਂ ਬਹੁਤ ਹੀ ਖਾਸ ਪ੍ਰਬੰਧ ਕਰ ਰੱਖਿਆ ਹੈ। ਪਹਿਲਾਂ ਅਸੀਂ ਤੁਹਾਨੂੰ ਇਕ ਦਿਨ ਨਰਕ ਦੀ ਸੈਰ ਕਰਾਵਾਂਗੇ ਤੇ ਦੂਸਰੇ ਦਿਨ ਸਵਰਗ ਦੀ ਸੈਰ ਕਰਵਾਈ ਜਾਵੇਗੀ। ਫਿਰ ਤੁਸੀਂ ਸੋਚ ਕੇ ਆਪ ਫ਼ੈਸਲਾ ਕਰਨਾ ਹੈ ਕਿ ਤੁਸੀਂ ਨਰਕ ਵਿਚ ਰਹਿਣਾ ਪਸੰਦ ਕਰੋਗੇ ਜਾਂ ਸਵਰਗ ਵਿਚ।' ਅਫਸਰ ਦੀ ਗੱਲ ਸੁਣ ਕੇ ਨੇਤਾ ਬਹੁਤ ਖੁਸ਼ ਹੋਇਆ ਕਿ ਫ਼ੈਸਲਾ ਤਾਂ ਆਪਣੇ ਹੀ ਹੱਥ ਵਿਚ ਹੈ। ਉਹ ਅਫ਼ਸਰ ਦੇ ਨਾਲ ਤੁਰ ਪਿਆ।

ਅਫ਼ਸਰ ਨੇਤਾ ਨੂੰ ਇਕ ਲਿਫਟ ਰਾਹੀਂ ਨਰਕ ਵਿਚ ਲੈ ਗਿਆ। ਨਰਕ ਦਾ ਨਜ਼ਾਰਾ ਦੇਖ ਕੇ ਨੇਤਾ ਜੀ ਦੀਆਂ ਵਾਛਾਂ ਖਿੜ ਗਈਆਂ। ਸਾਹਮਣੇ ਹਰਿਆ-ਭਰਿਆ ਗੋਲਫ਼ ਦਾ ਮੈਦਾਨ ਸੀ। ਮੈਦਾਨ ਵਿਚ ਕਲੱਬ ਦਾ ਦਫ਼ਤਰ ਸੀ। ਉਥੇ ਨੇਤਾ ਜੀ ਨੂੰ ਕਈ ਪੁਰਾਣੇ ਦੋਸਤ ਮਿਲ ਗਏ, ਜਿਨ੍ਹਾਂ ਵਿਚ ਔਰਤਾਂ ਵੀ ਸਨ। ਇਨ੍ਹਾਂ ਸਾਰਿਆਂ ਨੇ ਰਲ ਕੇ ਘਪਲੇ ਕਰਕੇ ਕਰੋੜਾਂ ਰੁਪਿਆ ਕਮਾਇਆ ਸੀ। ਔਰਤਾਂ ਨਾਲ ਕਈ ਸਾਂਝਾਂ ਪਾਈਆਂ ਸਨ। ਨੇਤਾ ਨੂੰ ਜਵਾਨੀ ਦੇ ਦਿਨ ਯਾਦ ਆ ਗਏ। ਕਿਵੇਂ ਉਹ ਕਲੱਬਾਂ ਵਿਚ ਜਾ ਕੇ ਮਸਤੀ ਕਰਿਆ ਕਰਦੇ ਸਨ। ਉਨ੍ਹਾਂ ਸਾਰਿਆਂ ਨੇ ਨੇਤਾ ਜੀ ਨੂੰ ਜੀ ਆਇਆਂ ਕਿਹਾ ਤੇ ਵਾਰੀ-ਵਾਰੀ ਗਲੇ ਮਿਲੇ। ਰਾਤ ਨੂੰ ਬੜੇ ਸੁਆਦੀ ਖਾਣੇ ਖਾਣ ਨੂੰ ਮਿਲੇ। ਨੇਤਾ ਜੀ ਦਾ ਬੇਮੌਕੇ ਮਰਨ ਦਾ ਦੁੱਖ ਦੂਰ ਹੋ ਗਿਆ। ਉਨ੍ਹਾਂ ਦਾ ਸਾਰਾ ਗ਼ਮ ਖੁਸ਼ੀ ਵਿਚ ਬਦਲ ਗਿਆ। ਉਹ ਸਾਰੀ ਰਾਤ ਔਰਤਾਂ ਨਾਲ ਚੋਚਲੇ ਕਰਦੇ ਰਹੇ ਤੇ ਆਨੰਦ 'ਚ ਰਹੇ। ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਸੂਰਜ ਨੇ ਖਿੜਕੀ ਵਿਚ ਦੀ ਅੰਦਰ ਝਾਤ ਮਾਰੀ ਤੇ ਉੱਠਣ ਵਾਸਤੇ ਕਿਹਾ। ਉਸੇ ਵੇਲੇ ਯਮਦੂਤ ਨੇ ਵੀ ਸਵਰਗ ਵਿਚ ਜਾਣ ਦੀ ਆਵਾਜ਼ ਦੇ ਦਿੱਤੀ। ਨੇਤਾ ਜੀ ਫਟਾਫਟ ਉੱਠੇ ਕਿ ਸਵਰਗ ਵਿਚ ਤਾਂ ਏਦੂੰ ਵੱਧ ਨਜ਼ਾਰੇ ਹੋਣਗੇ। ਉਹ ਯਮਦੂਤ ਦੇ ਪਿਛੇ ਹੋ ਤੁਰੇ।

ਕਾਫੀ ਦੇਰ ਤੱਕ ਲਿਫਟ ਉੱਪਰ ਜਾਂਦੀ ਰਹੀ। ਜਦੋਂ ਲਿਫਟ ਰੁਕੀ ਤਾਂ ਗੇਟ ਖੋਲ੍ਹ ਕੇ ਯਮਦੂਤ ਨੇ ਨੇਤਾ ਜੀ ਨੂੰ ਸਵਰਗ ਵਿਚ ਜਾਣ ਲਈ ਕਿਹਾ।

ਸਵਰਗ ਵੈਸੇ ਤਾਂ ਬਹੁਤ ਵਧੀਆ ਥਾਂ ਸੀ। ਪਰ ਨੇਤਾ ਜੀ ਦੀ ਪਸੰਦ ਦਾ ਉਥੇ ਕੁਝ ਵੀ ਦਿਸ ਨਹੀਂ ਸੀ ਰਿਹਾ। ਨੇਤਾ ਜੀ ਨੇ ਤਾਂ ਸੁਣ ਰੱਖਿਆ ਸੀ ਕਿ ਸਵਰਗ ਵਿਚ ਹੂਰਾਂ ਤੁਹਾਡੀ ਸੇਵਾ ਵਿਚ ਹਾਜ਼ਰ ਰਹਿੰਦੀਆਂ ਹਨ, ਪਰ ਏਥੇ ਹੂਰਾਂ ਤਾਂ ਕੀ, ਕੋਈ ਜ਼ਨਾਨੀ ਵੀ ਨਹੀਂ ਸੀ ਦਿਸ ਰਹੀ। ਹੋਰ ਵੀ ਉਨ੍ਹਾਂ ਦੀ ਲੋੜ ਦਾ ਕੋਈ ਸਾਮਾਨ ਉਨ੍ਹਾਂ ਨੂੰ ਨਹੀਂ ਸੀ ਦਿਸ ਰਿਹਾ। ਉਦਾਸ ਹੋ ਗਏ। ਉਨ੍ਹਾਂ ਦੀਆਂ ਅੱਖਾਂ ਅੱਗੇ ਰਾਤ ਦੇ ਨਜ਼ਾਰੇ ਘੁੰਮਣ ਲੱਗੇ। ਉਹ ਯਮਦੂਤ ਨਾਲ ਕਲੱਬ ਦੇ ਦਫ਼ਤਰ ਵਿਚ ਆ ਗਏ। ਉਥੇ ਵੀ ਕੋਈ ਖੁਸ਼ੀ ਭਰੀ ਖ਼ਬਰ ਉਨ੍ਹਾਂ ਨੂੰ ਨਹੀਂ ਮਿਲੀ। ਉਨ੍ਹਾਂ ਨੂੰ ਇਕ ਫਾਰਮ ਦਿੱਤਾ ਗਿਆ, ਜਿਸ ਵਿਚ ਉਨ੍ਹਾਂ ਇਹ ਭਰਨਾ ਸੀ ਕਿ ਉਹ ਸਵਰਗ ਵਿਚ ਰਹਿਣਾ ਚਾਹੁੰਦੇ ਹਨ ਜਾਂ ਨਰਕ ਵਿਚ? ਉਨ੍ਹਾਂ ਲਿਖ ਦਿੱਤਾ ਕਿ ਉਹ ਨਰਕ ਵਿਚ ਰਹਿ ਕੇ ਹੀ ਖੁਸ਼ ਹਨ।

ਯਮਦੂਤ ਉਨ੍ਹਾਂ ਨੂੰ ਵਾਪਸ ਨਰਕ ਦੇ ਗੇਟ ਕੋਲ ਲੈ ਗਿਆ। ਨੇਤਾ ਜੀ ਨੇ ਖੁਸ਼ੀ ਵਿਚ ਬੜੀ ਤੇਜ਼ੀ ਨਾਲ ਗੇਟ ਖੋਲ੍ਹਿਆ ਤੇ ਅੰਦਰ ਲੰਘ ਗਏ। ਗੇਟ ਬੰਦ ਹੋ ਗਿਆ।

'ਇਹ ਕੀ? ਏਥੇ ਦਾ ਤਾਂ ਸਾਰਾ ਨਜ਼ਾਰਾ ਹੀ ਬਦਲਿਆ ਹੋਇਆ ਹੈ।' ਨੇਤਾ ਜੀ ਹੈਰਾਨੀ ਨਾਲ ਆਲੇ-ਦੁਆਲੇ ਦੇਖਣ ਲੱਗੇ। ਉਥੇ ਨਾ ਤਾਂ ਗੋਲਫ਼ ਦਾ ਮੈਦਾਨ ਸੀ ਤੇ ਨਾ ਹੀ ਕਲੱਬ, ਨਾ ਔਰਤਾਂ, ਨਾ ਉਹ ਰੰਗ ਭਰਿਆ ਮਾਹੌਲ। ਉਥੇ ਤਾਂ ਹੁਣ ਹਰ ਪਾਸੇ ਗੰਦਗੀ ਦੇ ਢੇਰ ਨਜ਼ਰ ਆ ਰਹੇ ਸਨ। ਨੇਤਾ ਜੀ ਨੇ ਆਲੇ-ਦੁਆਲੇ ਨਜ਼ਰ ਮਾਰੀ ਤਾਂ ਉਨ੍ਹਾਂ ਨੇ ਇਕ ਬੰਦੇ ਨੂੰ ਚੀਥੜੇ ਪਾਈ ਗੰਦਗੀ ਦੀ ਟੋਕਰੀ ਚੁੱਕੀ ਆਪਣੇ ਵੱਲ ਆਉਂਦਾ ਦੇਖਿਆ। ਨੇਤਾ ਜੀ ਨੇ ਉਸ ਨੂੰ ਰਾਤ ਦੇ ਨਜ਼ਾਰਿਆਂ ਬਾਰੇ ਪੁੱਛਿਆ, 'ਬਾਕੀ ਸਾਰੇ ਕਿੱਥੇ ਗਏ ਨੇ?' ਨੇਤਾ ਜੀ ਨੇ ਤਲਖੀ ਨਾਲ ਉਸ ਨੂੰ ਕਿਹਾ।

ਏਨੇ ਨੂੰ ਸ਼ੈਤਾਨ ਹੱਸਦਾ ਹੋਇਆ ਸਾਹਮਣੇ ਆ ਕੇ ਖੜ੍ਹਾ ਹੋ ਗਿਆ। 'ਕੀ ਸੋਚ ਰਹੇ ਹੋ ਨੇਤਾ ਜੀ?' ਉਸ ਨੇ ਸਵਾਲ ਕੀਤਾ।

'ਕੱਲ੍ਹ ਜੋ ਕੁਝ ਦੇਖਿਆ ਸੀ, ਅੱਜ ਕਿਥੇ ਗਿਆ?'

'ਜਨਾਬ! ਕੱਲ੍ਹ ਅਸੀਂ ਨਰਕ ਦੇ ਪੱਖ ਵਿਚ ਤੁਹਾਡਾ ਵੋਟ ਲੈਣ ਲਈ ਕਿਰਾਏ ਦੇ ਬੰਦਿਆਂ ਕੋਲੋਂ ਪ੍ਰਚਾਰ ਕਰਵਾਇਆ ਸੀ। ਉਸ ਦਾ ਹੀ ਨਤੀਜਾ ਹੈ ਕਿ ਤੁਸੀਂ ਸਾਨੂੰ ਸੇਵਾ ਦਾ ਮੌਕਾ ਦੇ ਰਹੇ ਹੋ। ਹੁਣ ਅਸੀਂ ਤੁਹਾਡਾ ਖ਼ੂਨ ਪੀਆਂਗੇ।' ਨੇਤਾ ਜੀ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਧਰਤੀ ਉਤੇ ਜਦ ਅਸੀਂ ਚੋਣ ਪ੍ਰਚਾਰ ਵਿਚ ਜਨਤਾ ਨੂੰ ਸਬਜ਼ਬਾਗ਼ ਦਿਖਾਉਂਦੇ ਹਾਂ ਅਤੇ ਚੋਣਾਂ ਤੋਂ ਪਿਛੋਂ ਜਿੱਤ ਕੇ ਮੁੱਕਰ ਜਾਂਦੇ ਹਾਂ ਤਾਂ ਜਨਤਾ ਨੂੰ ਵੀ ਏਦਾਂ ਹੀ ਮਹਿਸੂਸ ਹੁੰਦਾ ਹੋਵੇਗਾ।

# ✶ ਮਿੰਨੀ ਕਹਾਣੀਆਂ ✶

## ਸਿਆਪਾ!

ਨੀਂ ਅੰਜਨਾ! ਤੂੰ ਆਉਣਾ ਨਹੀਂ ਨਾਨਕੇ? ਤੂੰ ਤਾਂ ਕਹਿੰਦੀ ਸੀ ਕਿ ਛੁੱਟੀਆਂ 'ਚ ਆਊਂਗੀ। ਹੁਣ ਤਾਂ ਛੁੱਟੀਆਂ ਵੀ ਥੋੜੀਆਂ ਰਹਿ ਗਈਆਂ ਹੋਣੀਆਂ। ਮੈਂ ਤਾਂ ਡੀਕ-ਡੀਕ ਕੇ ਥੱਕ ਗਈ। ਅੰਜਨਾ ਦੀ ਨਾਨੀ ਨੇ ਫ਼ੋਨ ਤੇ ਰੋਸਾ ਜਿਹਾ ਕੀਤਾ। ਹਾਂ ਨਾਨੀ ਜੀ! ਛੇਤੀ ਆਵਾਂਗੀ। ਅੰਜਨਾ ਨੇ ਨਾਨੀ ਜੀ ਦਾ ਦਿਲ ਰੱਖਣ ਵਾਲਾ ਜਵਾਬ ਦਿੱਤਾ। ਨੀਂ ਹੋ ਕੀ ਗਿਆ ਤੈਨੂੰ। ਤੂੰ ਤਾਂ ਮੇਰੀ ਐਨੀ ਲਾਡਲੀ ਧੀ ਏਂ। ਅੱਜ ਤਾਂ ਬੋਲਦੀ ਵੀ ਨਹੀਂ ਚੱਜ ਨਾਲ। ਨਾਨੀ ਨੇ ਓਹਦੇ ਰੁੱਖੇ ਜਿਹੇ ਜਵਾਬ ਤੋਂ ਦੁੱਖੀ ਹੁੰਦਿਆਂ ਕਿਹਾ। ਨਹੀਂ, ਨਾਨੀ ਜੀ, ਇਹੋ ਜਿਹੀ ਕੋਈ ਗੱਲ ਨਹੀਂ। ਆਹ ਛੁੱਟੀਆਂ ਦਾ ਸਿਆਪਾ ਹੀ ਨਹੀਂ ਨਿੱਬੜਦਾ। ਹੋਰ ਭਲਾ ਕੀ ਕਰਾਂ। ਕਿਵੇਂ ਆਵਾਂ? ਦਿਲ ਤਾਂ ਕਰਦਾ ਸੀ ਕਿ ਛੁੱਟੀਆਂ ਹੋਣਗੀਆਂ ਤਾਂ ਕੁਝ ਚੈਨ ਮਿਲੂ। ਤੁਹਾਡੇ ਕੋਲ ਆਵਾਂਗੇ, ਘੁੰਮਾਂਗੇ, ਫਿਰਾਂਗੇ ਤੇ ਮਸਤੀ ਕਰਾਂਗੇ। ਅੰਜਨਾ ਫ਼ੇਰ ਹਤਾਸ਼ ਜਿਹੀ ਬੋਲੀ।

ਸੁੱਖ ਬੋਲ ਧੀਏ! ਸਿਆਪਾ ਕਾਹਦਾ ਹੋ ਗਿਆ ਭਲਾਂ! ਦੱਸ ਮੈਨੂੰ ਛੇਤੀ-ਛੇਤੀ। ਮੇਰਾ ਤਾਂ ਦਿਲ ਹੀ ਬੈਠਾ ਜਾ ਰਿਹਾ।

ਕੁਝ ਨਹੀਂ ਨਾਨੀ ਜੀ। ਬੱਸ ਸਕੂਲ ਦਾ ਕੰਮ ਕਰ ਰਹੀ ਹਾਂ। ਜਿੱਦਣ ਦੀਆਂ ਛੁੱਟੀਆਂ ਹੋਈਆਂ, ਉੱਦਣ ਦੀ ਲੱਗੀ ਹੋਈ ਹਾਂ, ਹਜੇ ਬਹੁਤ ਬਾਕੀ ਹੈ। ਸੋਚਿਆ ਸੀ ਕਿ ਛੇਤੀ ਕੰਮ ਮੁਕਾ ਕੇ ਆਵਾਂਗੀ ਤੁਹਾਡੇ ਕੋਲ, ਸਾਰੇ ਘਰਦਿਆਂ ਨਾਲ਼। ਨਾਲੇ ਕੋਈ ਕੰਮ ਸਿਖਾਂਗੀ ਨਵਾਂ। ਪਰ.....! ਅੰਜਨਾ ਚੁੱਪ ਕਰ ਗਈ।

ਏਡਾ ਕੰਮ ਕਿਹੜਾ ਹੈ ਧੀਏ, ਜਿਹੜਾ ਖ਼ਤਮ ਹੀ ਨਹੀਂ ਹੋ ਰਿਹਾ। ਨਾਨੀ ਹੈਰਾਨ ਹੋ ਗਈ।.........! ਅੱਛਾ ਇੰਞ ਕਰ ਨਾਲ਼ ਲੈ ਆ ਤੂੰ ਆਪਣੇ ਕੰਮ ਨੂੰ ਵੀ। ਏਥੇ ਕਰ ਲਵੀਂ ਬਾਕੀ ਦਾ। ਕੰਮ ਤਾਂ ਪੁੱਤ ਦਿੰਦੇ ਈ ਹੁੰਦੇ ਮਾਸਟਰ! ਨਾਨੀ ਨੇ ਅੰਜਨਾ ਨੂੰ ਸਲਾਹ ਦਿੱਤੀ। ਨਹੀਂ, ਨਾਨੀ ਜੀ! ਹੁਣ ਪਹਿਲਾਂ ਵਾਂਗ ਸਿਰਫ਼ ਲਿਖਣਾ ਤੇ ਪੜ੍ਹਨਾ ਨਹੀਂ ਹੁੰਦਾ। ਅੰਜਨਾ ਫ਼ੇਰ ਢਿੱਲੀ ਜਿਹੀ ਬੋਲੀ।

ਫੋਟ! ਹੋਰ ਕੀ ਕੱਪੜੇ ਸੀਣੇ ਨੂੰ ਕਹਿੰਦਾ ਮਾਸਟਰਾਂ ਨੇ? ਨਾਨੀ ਨੇ ਹੱਸਦਿਆਂ ਹੋਇਆਂ ਪੁੱਛਿਆ। ਨਹੀਂ ਨਾਨੀ ਜੀ, ਅੱਜਕਲ ਛੁੱਟੀਆਂ ਵਿੱਚ ਸਕੂਲਾਂ ਵਾਲੇ ਅਧਿਆਪਕ ਬਹੁਤ ਸਾਰੇ ਚਾਰਟ, ਮਾਡਲ ਤੇ ਹੋਰ ਕ੍ਰੀਏਟਿਵ ਕੰਮ ਦਿੰਦੇ ਹਨ। ਉਹ ਵੀ ਇਹੋ ਜਿਹਾ ਕਿ ਦੁਕਾਨਾਂ ਤੋਂ ਸਮਾਨ ਵੀ ਨਹੀਂ ਮਿਲ਼ਦਾ। ਕਦੇ-ਕਦੇ ਤਾਂ ਨੈੱਟ ਤੋਂ ਕਢਾਉਣੀਆਂ ਪੈਂਦੀਆਂ ਫੋਟੋਆਂ ਵਗੈਰਾ। ਉਹ ਵੀ ਬਹੁਤ ਮਹਿੰਗੀਆਂ ਨਿਕਲਦੀਆਂ। ਬਹੁਤ ਖ਼ਰਚਾ ਹੁੰਦਾ। ਸਾਰੇ ਸਕੂਲ ਰੀਸੋ ਰੀਸੀ ਇੱਕ ਦੂਜੇ ਤੋਂ ਔਖਾ ਕੰਮ ਦਿੰਦੇ ਹਨ। ਵਿਚਾਰੇ ਮਾਪਿਆਂ ਦੀ ਵੀ ਮੱਤ ਮਾਰੀ ਜਾਂਦੀ ਹੈ, ਮਦਦ ਕਰਦਿਆਂ ਕਰਦਿਆਂ ਜਾਂ ਆਵਾਗੌਣ ਪੈਸੇ ਖਰਚਦਿਆਂ। ਸਭ ਤੋਂ ਵੱਡੀ ਗੱਲ ਕਿ ਇਹ ਸਭ ਕਿਸੇ ਕੰਮ ਨਹੀਂ ਆਉਂਦਾ। ਬਾਅਦ ਵਿੱਚ ਲੈ ਕੇ ਸੁੱਟ ਦਿੰਦੇ ਹਨ। ਹਾਂ, ਨੰਬਰ ਜ਼ਰੂਰ ਬਣਦੇ ਹਨ। ਅੰਜਨਾ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

ਹੱਛਾ ਭਾਈ! ਕੀ ਕਰਨਾ? ਨਵੇਂ ਜ਼ਮਾਨੇ ਦੀਆਂ ਨਵੀਆਂ ਗੱਲਾਂ। ਸਾਡੇ ਵੇਲ਼ੇ ਤਾਂ ਕਿਤਾਬਾਂ ਦਾ ਕੰਮ ਹੁੰਦਾ ਸੀ। ਬੱਚੇ ਕਿਤਾਬਾਂ ਲੈ ਕੇ ਨਾਨਕਿਆਂ ਨੂੰ ਜਾਂ ਭੂਆ ਦੇ ਘਰ ਚਲੇ ਜਾਂਦੇ ਸੀ। ਨਾਲੇ ਕੰਮ ਕਰਦੇ ਤੇ ਨਾਲ਼ੇ ਖੇਡ ਕੁੱਦ ਵੀ ਲੈਂਦੇ। ਨਾਨੀ ਨੇ ਪੁਰਾਣਾ ਸਮਾਂ ਯਾਦ ਕਰਦਿਆਂ ਕਿਹਾ। ਐਤਕੀਂ ਤਾਂ ਨਾਨੀ ਜੀ ਲੱਗਦਾ ਕੰਮ ਮੁੱਕਣਾ ਹੀ ਨਹੀਂ ਮੇਰਾ। ਮੈਥੋਂ ਨਹੀਂ ਆ ਹੋਣਾ। ਅਗਲੀ ਵਾਰ ਆਵਾਂਗੀ। ਅੰਜਨਾ ਨੇ ਸੋਚਦਿਆਂ ਗੱਲ ਨਬੇੜੀ।

ਕਿੱਥੇ ਧੀਏ! ਅਗਲੀ ਜਮਾਤ ਤਾਂ ਹੋਰ ਵੱਡੀ ਹੋ ਜਾਣੀ। ਫ਼ੇਰ ਤਾਂ ਹੋਰ ਵੱਧ ਮਿਲੂ ਕੰਮ। ਚੱਲ ਵੇਖ ਲੀ ਜੇ ਆ ਸਕਦੇ ਹੋ ਤਾਂ ਆ ਜਿਓ ਚਾਰ ਦਿਨ। ਬਾਕੀ ਥੋਡੀ ਮਰਜ਼ੀ ਭਾਈ। ਕਹਿ ਕੇ ਨਾਨੀ ਨੇ ਭਿੱਜੀਆਂ ਅੱਖਾਂ ਸਾਫ਼ ਕਰਦਿਆਂ ਫ਼ੋਨ ਰੱਖ ਦਿੱਤਾ। -ਮਨਜੀਤ ਕੌਰ

## ਪਾਣੀ ਦੀ ਸੰਭਾਲ

ਗਲੀ ਵਿਚ ਪਾਣੀ ਡੋਲਿਆ ਦੇਖਕੇ ਬੇਬੇ ਬੰਟੀ ਨੂੰ ਬੋਲੀ, "ਪੁੱਤ ਕਿਉਂ ਪਾਣੀ ਡੋਲੀ ਜਾਨਾ ਪਾਣੀ ਤਾਂ ਬਹੁਤ ਅਨਮੋਲ ਹੈ। ਸਾਨੂੰ ਪਾਣੀ ਦੀ ਕਦਰ ਤੇ ਸੰਭਾਲ ਕਰਨੀ ਚਾਹੀਦੀ ਹੈ।" ਬੰਟੀ ਬੋਲਿਆ, "ਬੇਬੇ ਮੈਂ ਤਾਂ ਸਰਕਾਰੀ ਟੂਟੀ ਵਾਲਾ ਪਾਣੀ ਡੋਲ ਰਿਹਾ ਸੀ। ਇਹ ਧਰਤੀ ਦੇ ਹੇਠਾ ਤੋਂ ਆਉਂਦਾ ਹੈ ਅਤੇ ਧਰਤੀ ਦੇ ਹੇਠਾ ਬਹੁਤ ਪਾਣੀ ਹੈ। ਇਸਨੇ ਕਿਹੜਾ ਖਤਮ ਹੋਣਾ ਕਦੇਂ।"

ਬੇਬੇ ਬੋਲੀ, "ਪੁੱਤ ਸਾਡੇ ਸਮਿਆਂ ਵਿਚ ਪੀਣ ਵਾਲਾ ਪਾਣੀ ਵੀ ਖੂਹਾਂ, ਨਦੀਆਂ ਤੋਂ ਲੈ ਕੇ ਆਉਣਾ ਪੈਂਦਾ ਸੀ, ਬਹੁਤ ਔਖਾ ਮਿਲਦਾ ਸੀ ਪਾਣੀ। ਹੁਣ ਧਰਤੀ ਹੇਠਾਂ ਪਾਣੀ ਹੌਲੀ-ਹੌਲੀ ਖ਼ਤਮ ਹੋ ਰਿਹਾ ਅਤੇ ਪਾਣੀ ਦਾ ਲੇਬਲ ਵੀ ਬਹੁਤ ਹੇਠਾਂ ਹੋ ਗਿਆ। ਜੇਕਰ ਆਪਾਂ ਪਾਣੀ ਨੂੰ ਨਾ ਬਚਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਪਾਣੀ ਪੀਣ ਲਈ ਵੀ ਨਹੀਂ ਬਚੇਗਾ।" ਬੇਬੇ ਦੀ ਗੱਲ ਸੁਣ ਬੰਟੀ ਨੇ ਟੂਟੀ ਬੰਦ ਕਰ ਦਿੱਤੀ।

-ਕੁਲਵਿੰਦਰ ਕੁਮਾਰ ਬਹਾਦਰਗੜ੍ਹ

## ਮੋਹ


ਮੈਂ ਪਰੇਸ਼ਾਨੀ ਦੀ ਹਾਲਤ ਵਿਚ ਬੈਠਾ ਸੀ। ਤਦੇ ਮੇਰੇ ਬੀਜੀ ਨੇ ਆ ਕੇ ਕਿਹਾ, "ਚੱਲ ਪੁੱਤ, ਅੱਜ ਜਿਹੜਾ ਆਪਣੇ ਸ਼ਹਿਰ 'ਚ ਲੋਕਾਂ ਨੇ ਮਿਲ ਕੇ ਕੀਰਤਨ ਦਰਬਾਰ ਕਰਵਾਇਆ ਹੈ ਉੱਥੇ ਜਾ ਆਉਂਦੇ ਆ। ਨਾਲੇ ਤੇਰਾ ਥੋੜ੍ਹਾ ਮਨ ਠੀਕ ਹੋਜੂ।"

ਉੱਥੇ ਰਾਗੀਆਂ ਦੀ ਮਿੱਠੀ ਆਵਾਜ਼ ਨੇ ਮੇਰਾ ਮਨ ਮੋਹ ਲਿਆ। ਮੇਰੀ ਉਦਾਸੀ ਖੰਭ ਲਾ ਕੇ ਉੱਡ ਗਈ। ਰਾਗੀ ਕੀਰਤਨ ਦੇ ਨਾਲ-ਨਾਲ ਕਥਾ ਵੀ ਕਰ ਰਹੇ ਸਨ। "ਰੱਬ ਦਾ ਜਾਪ ਕਰੋ, ਮਾਇਆ ਦਾ ਮੋਹ ਤਿਆਗ ਦਿਉ....।" ਉਨ੍ਹਾਂ ਦੀ ਮਿੱਠੀ ਆਵਾਜ਼ ਦਾ ਮੇਰੇ ਦਿਲ ਤੇ ਗਹਿਰਾ ਅਸਰ ਹੋਇਆ। "ਮੈਂ ਐਵੇਂ ਹੀ ਉਦਾਸ ਸਾ, ਅਸਾਂ ਕਿਹੜਾ ਧੰਨ-ਦੌਲਤ ਨਾਲ ਲਿਜਾਣੀ ਏ।" ਸੋਚਦਾ ਹੋਇਆ ਮੈਂ ਪੰਡਾਲ' 'ਚੋਂ ਬੀਜੀ ਨਾਲ ਬਾਹਰ ਆ ਗਿਆ। ਅਸੀਂ ਲੰਗਰ ਖਾ ਕੇ ਪਰਤੇ ਤਾਂ ਮੈਂ ਦੇਖਿਆ ਸਟੇਜ ਦੇ ਪਿਛਵਾੜੇ ਜਿਹੇ ਕੁਝ ਆਦਮੀ ਆਪਸ ਵਿੱਚ ਖਹਿਬੜ ਰਹੇ ਸਨ।

"ਹੁਣ ਘੱਟ ਕਿਉਂ ਦਿੰਦੇ ਪਏ ਓ? ਜਦ ਅਸੀਂ ਤੁਹਾਨੂੰ ਪਹਿਲਾਂ ਦੱਸ ਦਿੱਤਾ ਸੀ ਕਿ ਅਸੀਂ ਕਿੰਨੇ 'ਚ ਕੀਰਤਨ ਕਰਦੇ ਹਾਂ।" ਜਦੋਂ ਗੁੱਸੇ 'ਚ ਲਾਲ-ਪੀਲੇ ਹੁੰਦੇ ਉਨ੍ਹਾਂ ਰਾਗੀਆਂ ਦੀ ਹੀ ਮੇਰੇ ਕੰਨੀਂ ਆਵਾਜ਼ ਪਈ ਤਾਂ ਮੈਂ ਇੱਕ ਦਮ ਠਠੰਬਰ ਗਿਆ। ਮਾਇਆ ਦਾ ਮੋਹ ਤਾਂ ਇੰਨ੍ਹਾਂ ਨੂੰ ਵੀ....ਤੇ ਮੈਂ ਫਿਰ ਉਦਾਸ ਹੋ ਗਿਆ।

-ਮਨਪ੍ਰੀਤ ਕੌਰ

# ਸਿਹਤ ਤੇ ਸੁੰਦਰਤਾ



## ਨੀਂਦ ਦੀਆਂ ਗੋਲੀਆਂ ਹੋ ਸਕਦੀਆਂ ਖਤਰਨਾਕ

ਲੰਬੇ ਸਮੇਂ ਤਕ ਨੀਂਦ ਦੀਆਂ ਗੋਲੀਆਂ ਲੈਣ ਨਾਲ ਨਾ ਸਿਰਫ ਸਰੀਰਕ ਸਗੋਂ ਮਾਨਸਿਕ ਤੌਰ 'ਤੇ ਵੀ ਕਈ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ। ਦਰਅਸਲ ਰੋਜ਼ਾਨਾ ਨੀਂਦ ਦੀਆਂ ਗੋਲੀਆਂ ਖਾਣ ਨਾਲ ਤੁਹਾਡੇ ਦਿਮਾਗ 'ਤੇ ਮਾੜਾ ਪ੍ਰਭਾਵ ਪੈਂਦਾ ਹੈ, ਜਿਸ ਕਾਰਨ ਤੁਹਾਡੀ ਯਾਦਦਾਸ਼ਤ ਕਮਜ਼ੋਰ ਹੋ ਸਕਦੀ ਹੈ। ਨੀਂਦ ਦੀਆਂ ਗੋਲੀਆਂ ਦਾ ਲਗਾਤਾਰ ਸੇਵਨ ਤੁਹਾਡੇ ਨਰਵਸ ਸਿਸਟਮ ਨੂੰ ਵੀ ਪ੍ਰਭਾਵਿਤ ਕਰਦਾ ਹੈ। ਨੀਂਦ ਦੀਆਂ ਗੋਲੀਆਂ ਦਾ ਸੇਵਨ ਉਨ੍ਹਾਂ ਲੋਕਾਂ ਲਈ ਵੀ ਬਹੁਤ ਨੁਕਸਾਨਦਾਇਕ ਹੁੰਦਾ ਹੈ, ਜਿਨ੍ਹਾਂ ਨੂੰ ਸੌਂਦੇ ਸਮੇਂ ਘੁਰਾੜੇ ਮਾਰਨ ਦੀ ਆਦਤ ਹੁੰਦੀ ਹੈ।

ਨੀਂਦ ਦੀਆਂ ਦਵਾਈਆਂ ਦਾ ਲਗਾਤਾਰ ਸੇਵਨ ਕਰਨ ਨਾਲ ਦਿਲ ਦੇ ਦੌਰੇ ਦਾ ਖਤਰਾ ਵੀ ਕਾਫੀ ਵੱਧ ਜਾਂਦਾ ਹੈ। ਡਾਕਟਰ ਦੇ ਦੱਸੇ ਮੁਤਾਬਿਕ ਸਮੇਂ ਤਕ ਹੀ ਦਵਾਈ ਖਾਣੀ ਚਾਹੀਦੀ ਹੈ। ਡਾਕਟਰ ਵੱਲੋਂ ਦਿੱਤੀ ਹਦਾਇਤ ਅਨੁਸਾਰ ਦਵਾਈ ਖਾਣ ਨਾਲ ਸਰੀਰ ਨੂੰ ਇਨ੍ਹਾਂ ਦਵਾਈਆਂ ਦੀ ਆਦਤ ਨਹੀਂ ਪੈਂਦੀ ਅਤੇ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵ ਤੋਂ ਵੀ ਬਚਾਅ ਕੀਤਾ ਜਾ ਸਕਦਾ ਹੈ। ਜਿੱਥੋਂ ਤਕ ਹੋ ਸਕੇ ਨੀਂਦ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਮੈਡੀਟੇਸ਼ਨ, ਸਰੀਰਕ ਮਿਹਨਤ ਜਾਂ ਕਸਰਤ ਆਦਿ ਕੁਦਰਤੀ ਤਰੀਕਿਆਂ ਦਾ ਸਹਾਰਾ ਲੈਣਾ ਚਾਹੀਦਾ ਹੈ।

## ਫੈਟੀ ਲੀਵਰ ਦੀਆਂ ਨਿਸ਼ਾਨੀਆਂ ਪਛਾਣੋ, ਸਿਹਤਮੰਦ ਰਹਿਣ ਲਈ ਲੀਵਰ ਦਾ ਸਿਹਤਮੰਦ ਹੋਣਾ ਜ਼ਰੂਰੀ

ਜਿਗਰ ਸਾਡੇ ਸਰੀਰ ਦਾ ਇੱਕ ਮਹੱਤਵਪੂਰਨ ਅੰਗ ਹੈ, ਜੋ ਕਈ ਮਹੱਤਵਪੂਰਨ ਕਾਰਜ ਕਰਦਾ ਹੈ। ਇਹ ਇੱਕ ਅੰਗ ਅਤੇ ਇੱਕ ਗ੍ਰੰਥੀ ਦੋਵਾਂ ਵਾਂਗ ਕੰਮ ਕਰਦਾ ਹੈ। ਇਸ ਦੇ ਮਹੱਤਵਪੂਰਨ ਕਾਰਜਾਂ ਵਿੱਚ ਸਰੀਰ ਨੂੰ ਡੀਟੌਕਸੀਫਿਕੇਸ਼ਨ, ਬਾਇਲ ਜੂਸ ਬਣਾਉਣਾ, ਪ੍ਰੋਟੀਨ ਅਤੇ ਚਰਬੀ ਦੇ ਮੇਟਾਬੋਲਿਜ਼ਮ ਵਿੱਚ ਮਦਦ ਕਰਨਾ, ਊਰਜਾ ਸਟੋਰ ਕਰਨਾ ਸ਼ਾਮਲ ਹੈ। ਇਸ ਲਈ ਜ਼ਿੰਦਾ ਅਤੇ ਸਿਹਤਮੰਦ ਰਹਿਣ ਲਈ ਲੀਵਰ ਦਾ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ।

ਸਾਡੀ ਜੀਵਨਸ਼ੈਲੀ ਵਿੱਚ ਨੁਕਸ ਪੈਣ ਕਾਰਨ ਲਿਵਰ ਵੀ ਖਰਾਬ ਹੋ ਸਕਦਾ ਹੈ ਅਤੇ ਇਸ ਨਾਲ ਸਬੰਧਤ ਬਿਮਾਰੀਆਂ ਹੋ ਸਕਦੀਆਂ ਹਨ, ਜਿਸ ਵਿੱਚ ਫੈਟੀ ਲਿਵਰ ਸਭ ਤੋਂ ਆਮ ਸਮੱਸਿਆ ਹੈ। ਫੈਟੀ ਲਿਵਰ ਉਦੋਂ ਹੁੰਦਾ ਹੈ ਜਦੋਂ ਲਿਵਰ ਵਿੱਚ ਵਾਧੂ ਚਰਬੀ ਜਮ੍ਹਾਂ ਹੋ ਜਾਂਦੀ ਹੈ, ਜਿਸ ਕਾਰਨ ਇਸ ਨਾਲ ਜੁੜੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ। ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ, ਤਾਂ ਇਸਦੇ ਗੰਭੀਰ ਨਤੀਜੇ ਹੋ ਸਕਦੇ ਹਨ, ਜਿਸ ਵਿੱਚ ਫਾਈਬਰੋਸਿਸ ਅਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ ਸ਼ਾਮਲ ਹਨ। ਇਸ ਲਈ ਫੈਟੀ ਲਿਵਰ ਦਾ ਸਮੇਂ ਸਿਰ ਪਤਾ ਲਗਾਉਣਾ ਅਤੇ ਇਲਾਜ ਕਰਨਾ ਬਹੁਤ ਜ਼ਰੂਰੀ ਹੈ। ਫੈਟੀ ਲਿਵਰ ਦੇ ਕੁਝ ਲੱਛਣ ਤੁਹਾਡੀ ਚਮੜੀ 'ਤੇ ਵੀ ਦਿਖਾਈ ਦਿੰਦੇ ਹਨ,



ਜਿਸ ਦੀ ਮਦਦ ਨਾਲ ਤੁਸੀਂ ਇਸ ਦਾ ਅੰਦਾਜ਼ਾ ਲਗਾ ਸਕਦੇ ਹੋ। ਆਓ ਜਾਣਦੇ ਹਾਂ ਤੁਹਾਡੀ ਚਮੜੀ 'ਤੇ ਫੈਟੀ ਲਿਵਰ ਦੇ ਕਿਹੜੇ ਲੱਛਣ ਦਿਖਾਈ ਦਿੰਦੇ ਹਨ।

### ਚਮੜੀ 'ਤੇ ਦਿਖਾਈ ਦੇਣ ਵਾਲੇ ਫੈਟੀ ਲਿਵਰ ਦੇ ਲੱਛਣ

ਚਮੜੀ ਦਾ ਪੀਲਾ ਹੋਣਾ-ਲਿਵਰ ਠੀਕ ਤਰ੍ਹਾਂ ਕੰਮ ਨਾ ਕਰਨ ਕਾਰਨ ਸਰੀਰ 'ਚ ਬਿਲੀਰੂਬਿਨ ਦੀ ਮਾਤਰਾ ਵਧਣ ਲੱਗਦੀ ਹੈ, ਜਿਸ ਕਾਰਨ ਚਮੜੀ ਦਾ ਰੰਗ ਅਤੇ ਅੱਖਾਂ ਦਾ ਚਿੱਟਾ ਹਿੱਸਾ ਪੀਲਾ ਦਿਖਾਈ ਦੇਣ ਲੱਗਦਾ ਹੈ। ਇਸ ਸਥਿਤੀ ਨੂੰ ਪੀਲੀਆ ਕਿਹਾ ਜਾਂਦਾ ਹੈ।

ਰੋਸੇਸੀਆ-ਰੋਸੇਸੀਆ ਇੱਕ ਚਮੜੀ ਦੀ ਸਥਿਤੀ ਹੈ ਜਿਸ ਵਿੱਚ ਚਮੜੀ ਲਾਲ ਹੋ ਜਾਂਦੀ ਹੈ ਅਤੇ ਲਾਲ ਨਾੜੀਆਂ ਜਾਂ ਧੱਬੇ ਦਿਖਾਈ ਦਿੰਦੇ ਹਨ। ਹਾਲਾਂਕਿ, ਰੋਸੇਸੀਆ ਕਿਸੇ ਵੀ ਵਿਅਕਤੀ ਨੂੰ ਹੋ ਸਕਦਾ ਹੈ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਉਨ੍ਹਾਂ ਨੂੰ ਜਿਗਰ ਦੀ ਬਿਮਾਰੀ ਹੋਵੇ, ਪਰ ਕਈ ਵਾਰ ਇਹ ਜਿਗਰ ਦੀ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ।

ਕਾਲੀ ਗਰਦਨ-ਫੈਟੀ ਲਿਵਰ ਦੇ ਕਾਰਨ ਸਰੀਰ ਇੰਸੁਲਿਨ ਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ, ਜਿਸ ਕਾਰਨ ਇਹ ਸਰੀਰ ਵਿੱਚ ਜਮ੍ਹਾ ਹੋਣ ਲੱਗਦਾ ਹੈ ਅਤੇ ਚਮੜੀ ਦੀਆਂ ਤਹਿਆਂ ਦਾ ਰੰਗ ਕਾਲਾ ਹੋਣ ਲੱਗਦਾ ਹੈ। ਇਸ ਕਾਰਨ ਗਰਦਨ ਅਤੇ ਅੰਡਰਆਰਮਸ ਦਾ ਰੰਗ ਗੂੜ੍ਹਾ ਦਿਖਾਈ ਦੇਣ ਲੱਗਦਾ ਹੈ।

ਚਿਹਰੇ ਦੀ ਸੋਜ-ਚਿਹਰੇ 'ਤੇ ਸੋਜ ਹੋਣਾ ਵੀ ਫੈਟੀ ਲਿਵਰ ਦੀ ਨਿਸ਼ਾਨੀ ਹੈ। ਲਿਵਰ ਦੇ ਕੰਮਕਾਜ 'ਚ ਸਮੱਸਿਆ ਹੋਣ ਕਾਰਨ ਸਰੀਰ 'ਚ ਤਰਲ ਪਦਾਰਥ ਬਣਨਾ ਸ਼ੁਰੂ ਹੋ ਜਾਂਦਾ ਹੈ, ਜਿਸ ਕਾਰਨ ਚਿਹਰਾ ਝੁਲਸਣ ਲੱਗ ਪੈਂਦਾ ਹੈ। ਕਈ ਵਾਰ ਸਿਰਫ ਅੱਖਾਂ ਦੇ ਆਲੇ ਦੁਆਲੇ ਸੋਜ ਹੁੰਦੀ ਹੈ।


ਡਰਮੇਟਾਇਟਸ-ਲਿਵਰ ਫੰਕਸ਼ਨ ਵਿੱਚ ਗੜਬੜੀ ਦੇ ਕਾਰਨ, ਸਰੀਰ ਜ਼ਿੰਕ ਨੂੰ ਜਜ਼ਬ ਕਰਨ ਵਿੱਚ ਅਸਮਰੱਥ ਹੈ, ਜਿਸ ਨਾਲ ਚਮੜੀ ਦੇ ਧੱਫੜ ਅਤੇ ਡਰਮੇਟਾਇਟਸ ਹੋ ਸਕਦੇ ਹਨ। ਇਸ ਲਈ ਜੇਕਰ ਤੁਹਾਨੂੰ ਅਜਿਹੀ ਸਮੱਸਿਆ ਅਚਾਨਕ ਸ਼ੁਰੂ ਹੋ ਗਈ ਹੈ ਤਾਂ ਡਾਕਟਰ ਤੋਂ ਜਾਂਚ ਕਰਵਾਓ।

ਖੁਜਲੀ-ਫੈਟੀ ਲਿਵਰ ਦੀ ਵਜ੍ਹਾ ਨਾਲ ਸਰੀਰ 'ਚ ਬਾਇਲ ਲੂਣ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਸ ਕਾਰਨ ਖੁਜਲੀ ਦੀ ਸਮੱਸਿਆ ਹੋ ਸਕਦੀ ਹੈ। ਆਮ ਤੌਰ 'ਤੇ ਇਹ ਸਮੱਸਿਆ ਚਿਹਰੇ 'ਤੇ ਹੁੰਦੀ ਹੈ, ਜਿਸ ਕਾਰਨ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਸ਼ਾਇਦ ਲਿਵਰ ਦੀ ਕੋਈ ਸਮੱਸਿਆ ਹੈ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਤੁਹਾਡੀ ਵੋਟ ਸੁਰੱਖਿਅਤ ਹੈ, ਵੱਡੀ ਗਿਣਤੀ 'ਚ ਵੋਟਾਂ ਪਾਉ- ਮੁੱਖ ਚੋਣ ਕਮਿਸ਼ਨਰ**

-ਬੋਹਲ ਦੀ ਰਾਖੀ ਬੱਕਰਾ।



***ਗੜੇਮਾਰੀ ਨਾਲ਼ ਨੁਕਸਾਨੀਆ ਫ਼ਸਲਾਂ ਦਾ ਮੁਆਵਜ਼ਾ ਦਿਤਾ ਜਾਵੇਗਾ- ਭਗਵੰਤ ਮਾਨ**

-ਮਾਨ ਸਾਬ ਅਜੇ ਤਾਂ ਪਿਛਲੇ ਹੜ੍ਹਾਂ ਦੌਰਾਨ ਮਾਰੀਆਂ ਗਈਆਂ ਕੁਕੜੀਆਂ ਦਾ ਮੁਆਵਜ਼ਾ ਵੀ ਨਹੀਂ ਤੁਸੀਂ ਦਿਤਾ।



***ਅਕਾਲੀ ਆਗੂਆਂ ਦੀ ਨਾਰਾਜ਼ਗੀ ਤੇ ਬਗ਼ਾਵਤ ਕਾਰਨ ਅਕਾਲੀ ਦਲ ਬਾਦਲ 'ਤੇ ਛਾਏ ਸੰਕਟ ਦੇ ਬੱਦਲ-ਇਕ ਖ਼ਬਰ**

-ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ।



***ਜਾਲੰਧਰ ਬਣੇਗਾ ਪੰਜਾਬ ਦੀ ਦੂਸਰੀ ਰਾਜਧਾਨੀ- ਚਰਨਜੀਤ ਸਿੰਘ ਚੰਨੀ**

-ਅਕਾਲੀਆਂ ਨੇ ਤਾਂ ਅੱਧਾ ਪਚੱਧਾ ਚੰਡੀਗੜ੍ਹ ਛੱਡ ਹੀ ਦਿਤਾ ਸੀ, ਚੰਨੀ ਹੁਣ ਸਾਰੇ ਦਾ ਭੋਗ ਪਾਵੇਗਾ।

***ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਨ ਵਾਲ਼ਾ ਬਾਦਲ ਦਲ ਪੰਥਕ ਮੁੱਦਿਆਂ 'ਤੇ ਚੁੱਪ ਕਿਉਂ?-ਭਾਈ ਮਾਝੀ**

-ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਉਣ ਦੇ ਹੋਰ।



***ਭਾਜਪਾ ਵਲੋਂ ਹੁਸ਼ਿਆਰਪੁਰ ਤੋਂ ਟਿਕਟ ਨਾ ਮਿਲਣ ਕਰ ਕੇ ਵਿਜੇ ਸਾਂਪਲਾ ਦਾ ਛਲਕਿਆ ਦਰਦ- ਇਕ ਖ਼ਬਰ**

-ਰੋਟੀ ਮੇਰਾ ਯਾਰ ਖਾ ਗਿਆ, ਦਾਣੇ ਚੱਬ ਲੈ ਪਤੀਲੇ ਦਿਆ ਢੱਕਣਾ।



***ਬੀਜੇਪੀ ਦਾ ਸੰਕਲਪ ਪੱਤਰ ਵਿਕਸਤ ਭਾਰਤ ਵਲ ਲੰਮੀ ਛਾਲ ਲਗਾਉਣ ਵਾਲਾ- ਅਨਿਲ ਸਰੀਨ**

-ਖਾਲੀ ਘੋੜੀ ਹਿਣਕਦੀ, ਉੱਤੇ ਨਹੀਂ ਦੀਂਹਦਾ ਵੀਰ।




***ਮਜੀਠੀਆ ਨੇ ਪ੍ਰਮਿੰਦਰ ਢੀਂਡਸਾ ਨੂੰ ਸੰਗਰੂਰ ਤੋਂ ਟਿਕਟ ਦੇਣ ਦਾ ਸਮਰਥਨ ਕਰ ਕੇ ਸੁਖਬੀਰ ਬਾਦਲ ਨੂੰ ਧਰਮ ਸੰਕਟ 'ਚ ਪਾਇਆ- ਇਕ ਖ਼ਬਰ**

-ਨਿੰਮ ਨਾਲ਼ ਝੂਟਦੀਏ, ਤੋਤਾ ਪੀ ਗਿਆ ਗੁਲਾਬੀ ਰੰਗ ਤੇਰਾ।



***ਪਹਿਲਾਂ ਅਕਾਲੀ ਨੇਤਾਵਾਂ ਨੇ ਨਸ਼ਾ ਤਸਕਰਾਂ ਦੀ ਸਰਪ੍ਰਸਤੀ ਕੀਤੀ ਹੁਣ ਉਨ੍ਹਾਂ ਦੇ ਪੁੱਤਰ ਨਸ਼ਾ ਵੇਚ ਰਹੇ ਹਨ- ਚੇਤਨ ਸਿੰਘ ਜੌੜਾਮਾਜਰਾ**

-ਮਾਂ ਪਰ ਪੂਤ ਪਿਤਾ ਪਰ ਘੋੜਾ, ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ।



***ਜੇਲ੍ਹ 'ਚੋਂ ਇਮਰਾਨ ਖਾਨ ਨੇ ਲੋਕਾਂ ਨੂੰ ਸੰਦੇਸ਼ ਦਿਤਾ ਕਿ ਕਿਤੇ ਅਜਿਹਾ ਨਾ ਹੋਵੇ ਕਿ ਇਕ ਹੋਰ ਬੰਗਲਾ ਦੇਸ਼ ਬਣ ਜਾਵੇ- ਇਕ ਖ਼ਬਰ**

-ਉੱਠ ਜਾਗ ਘੁਰਾੜੇ ਮਾਰ ਨਹੀਂ, ਇਹ ਸੌਣਾ ਤੇਰੇ ਦਰਕਾ ਰ ਨਹੀਂ।



***ਅਕਾਲੀ ਦਲ ਦੇ ਖਾਤਮੇ ਦੀ ਹੋ ਚੁੱਕੀ ਹੈ ਸ਼ੁਰੂਆਤ- ਰਾਜਾ ਵੜਿੰਗ**

-ਹੁੰਦਾ ਰੱਬ ਨਹੀਂ ਕਿਸੇ ਦਾ ਵੈਰੀ, ਵੈਰੀ ਤੇਰੇ ਐਬ ਬੰਦਿਆ।

***ਪੰਜਾਬ ਦੀਆਂ ਚਾਰ ਪ੍ਰਮੁੱਖ ਪਾਰਟੀਆਂ ਦੀ ਆਪਣੇ ਵਫ਼ਾਦਾਰਾਂ ਨੂੰ ਛੱਡ ਕੇ ਬਿਗਾਨਿਆਂ 'ਤੇ ਟੇਕ-ਇਕ ਖ਼ਬਰ**

-ਵਫ਼ਾਦਾਰਾਂ 'ਚ ਕਈ ਵਾਰੀ ਵਿਭੀਸ਼ਣ ਵੀ ਹੁੰਦੇ ਹਨ ਜਿਸ ਕਰ ਕੇ ਬਿਗਾਨਿਆਂ ਦੀ ਲੋੜ ਪੈਂਦੀ ਹੈ।

***ਓਪੀਨੀਅਨ ਪੋਲ ਅਨੁਸਾਰ ਅਕਾਲੀ ਦਲ ਬਾਦਲ ਨੂੰ ਨਹੀਂ ਮਿਲੇਗੀ ਕੋਈ ਸੀਟ- ਇਕ ਖ਼ਬਰ**

-ਹੱਥ ਪੁਰਾਣੇ ਖੌਂਸੜੇ, ਬਸੰਤੇ ਹੋਰੀਂ ਆਏ।



***ਟਿਕਟ ਨਾ ਮਿਲਣ 'ਤੇ ਨਾਰਾਜ਼ ਸਾਂਪਲਾ ਨੂੰ ਮਨਾਉਣ ਲਈ ਖੁਦ ਪੁੱਜੇ ਸੁਨੀਲ ਜਾਖੜ- ਇਕ ਖ਼ਬਰ**

-ਅੜੀ ਵੇ ਅੜੀ, ਨਾ ਕਰ ਬਹੁਤੀ ਤੂੰ ਅੜੀ, ਵੇਲਾ ਔਖੈ ਜ਼ਾਲਮਾਂ ਭੀੜ ਸਾਡੇ 'ਤੇ ਬਣੀ।



***ਕੇਜਰੀਵਾਲ ਦੀ ਗ੍ਰਿਫ਼ਤਾਰੀ ਬਾਅਦ 'ਆਪ' ਪਾਰਟੀ ਦੇ ਰਾਜ ਸਭਾ ਮੈਂਬਰਾਂ ਨੇ ਧਾਰੀ ਕਬਰਾਂ ਵਰਗੀ ਚੁੱਪ- ਇਕ ਖ਼ਬਰ**

-ਖਾਣ ਪੀਣ ਨੂੰ ਬਾਂਦਰੀ ਤੇ ਧੌਣ ਭੰਨਾਉਣ ਨੂੰ ਜੁੰਮਾ।

* * * * * * *

ਤਰਲੋਚਨ ਸਿੰਘ
ਦੁਪਾਲਪੁਰ, ਯੂ ਐਸ ਏ
ਸਾਬਕਾ ਸ਼੍ਰ: ਗੁ: ਪ੍ਰ: ਕਮੇਟੀ ਮੈਂਬਰ
Email : tsdupalpuri@yahoo.com



# ਸੋਚ ਬਦਲਣ ਦੇ ਫੈਦੇ !



ਮਿੱਟੀ ਦੇ ਭਾਂਡੇ ਬਣਾਉਣ ਵਾਲ਼ੇ ਇੱਕ ਕਾਰੀਗਰ ਨੂੰ ਕਿਸੇ ਨੇ ਕਹਿ ਦਿੱਤਾ ਕਿ ਤੂੰ ਹੁੱਕਿਆਂ ਲਈ ਚਿਲਮਾਂ ਬਣਾ, ਬਹੁਤ 'ਡਿਮਾਂਡ' ਹੈ ਉਨ੍ਹਾਂ ਦੀ! ਚਿਲਮਾਂ ਵੇਚ ਕੇ ਤੂੰ ਚੰਗੀ ਕਮਾਈ ਕਰ ਲਏਂਗਾ!

ਕਾਰੀਗਰ ਨੇ ਮਿੱਟੀ ਗੁੰਨ੍ਹ ਲਈ, ਕੋਲ਼ ਪਾਣੀ ਰੱਖ ਕੇ ਚੱਕ ਘੁੰਮਦਾ ਕਰ ਲਿਆ। ਘੁੰਮਦੇ ਚੱਕ ਉੱਤੇ ਪਈ ਗਿੱਲੀ ਮਿੱਟੀ ਨੂੰ ਹਾਲੇ ਉਸਨੇ ਚਿਲਮ ਦੀ ਸ਼ੇਪ ਦੇਣੀ ਸ਼ੁਰੂ ਹੀ ਕੀਤੀ ਸੀ ਕਿ ਉੱਤੋਂ ਕਿਸੇ ਹੋਰ ਸਿਆਣੇ ਸੱਜਣ ਨੇ ਸਲਾਹ ਦਿੱਤੀ ਕਿ ਮੋਹਰੇ ਗਰਮੀਂ ਦਾ ਮੌਸਮ ਆ ਗਿਆ ਹੈ ਤੂੰ ਚਿਲਮਾਂ ਦੀ ਬਜਾਏ ਸੁਰਾਹੀਆਂ ਬਣਾ ਤਾਂ? ਚਿਲਮ ਤਾਂ ਕਿਸੇ ਵਿਰਲੇ-ਛਿੱਦੇ ਨੇ ਹੀ ਵਰਤਣੀ ਐ ਪਰ ਸੁਰਾਹੀ ਦੀ ਲੋੜ ਸਭ ਨੂੰ ਪੈਣੀ ਆਂ !

ਕਾਰੀਗਰ ਨੇ ਇਹ ਸਲਾਹ ਮੰਨ ਕੇ ਖੁਸ਼ ਹੁੰਦਿਆਂ ਜਿਉਂ ਹੀ ਗਿੱਲੀ ਮਿੱਟੀ ਦੀ ਥੋੜ੍ਹੀ ਜਿਹੀ ਬਣਾਈ ਹੋਈ ਚਿਲਮ ਨੂੰ ਦੋਹਾਂ ਹੱਥਾਂ ਨਾਲ ਮਰੋੜ ਕੇ ਸੁਰਾਹੀ ਬਣਾਉਣੀ ਸ਼ੁਰੂ ਕੀਤੀ ਤਾਂ ਗਿੱਲੀ ਮਿੱਟੀ 'ਚੋਂ ਅਵਾਜ਼ ਆਈ-

'ਭਰਾਵਾ, ਤੇਰਾ ਬਹੁਤ ਬਹੁਤ ਧੰਨਵਾਦ! ਤੇਰੀ ਸੋਚ ਵਿੱਚ ਆਏ ਬਦਲਾਅ ਸਦਕਾ ਤੈਨੂੰ ਤਾਂ ਕਮਾਈ ਹੋਣੀ ਹੀ ਹੈ ਨਾਲ਼ ਮੇਰਾ ਵੀ ਬਚਾਅ ਹੋ ਗਿਆ! ਜੇ ਤੂੰ ਮੇਰੀਆਂ ਚਿਲਮਾਂ ਬਣਾਉਂਦਾ ਤਾਂ ਮੈਨੂੰ ਰੋਜ ਰੋਜ ਅੱਗ ਵਿੱਚ ਤਪਣਾ ਪਿਆ ਕਰਨਾਂ ਸੀ ਤੇ ਸੜ੍ਹਿਆਂਦ ਛੱਡਦੇ ਤੰਬਾਕੂ ਨੂੰ ਸਾੜ ਸਾੜ ਕੇ ਮੈਂ ਲੋਕਾਂ ਨੂੰ ਬੀਮਾਰੀਆਂ ਲਾਉਣੀਆਂ ਸੀ!

ਹੁਣ ਅਸੀਂ ਸੁਰਾਹੀਆਂ ਤੇਰੇ ਆਵੇ ਵਿੱਚ ਇੱਕ ਵਾਰ ਤਪ ਕੇ, ਸਦਾ ਸਦਾ ਲਈ ਠੰਢੇ ਪਾਣੀ ਦਾ ਸਾਥ ਮਾਣਿਆਂ ਕਰਾਂ ਗੀਆਂ! ਅਸੀਂ ਆਪ ਵੀ ਠੰਢੀਆਂ ਰਹਾਂ ਗੀਆਂ ਅਤੇ ਲੋਕਾਂ ਨੂੰ ਵੀ ਠੰਢਾ ਠਾਰ ਪਾਣੀ ਪਿਲ਼ਾ ਕੇ ਸ਼ਾਂਤ ਕਰ ਦਿਆ ਕਰਾਂ ਗੀਆਂ !

ਸੜੀਆਂ ਚਿਲਮਾਂ ਤਿਆਗ ਕੇ ਸੁਰਾਹੀਆਂ ਬਣਾਉਣ ਲਈ ਬਦਲੀ ਤੇਰੀ ਸੋਚ ਦੇ ਬਲਿਹਾਰੇ ਭਰਾਵਾ !!

-ਤਰਲੋਚਨ ਸਿੰਘ 'ਦੁਪਾਲ ਪੁਰ'
78146-92724

## ਸਾਲ 2022 'ਚ ਕਰੀਬ 66,000 ਭਾਰਤੀਆਂ ਨੂੰ ਮਿਲੀ ਅਮਰੀਕੀ ਨਾਗਰਿਕਤਾ : ਸੀ.ਆਰ.ਐਸ. ਰੀਪੋਰਟ


ਨਵੀਂ ਦਿੱਲੀ: ਸਾਲ 2022 ਚ 65,960 ਭਾਰਤੀ ਅਧਿਕਾਰਤ ਤੌਰ ਤੇ ਅਮਰੀਕੀ ਨਾਗਰਿਕ ਬਣੇ, ਜਿਸ ਨਾਲ ਭਾਰਤ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਦੇ ਮਾਮਲੇ ਚ ਮੈਕਸੀਕੋ ਤੋਂ ਬਾਅਦ ਦੂਜਾ ਸੱਭ ਤੋਂ ਵੱਡਾ ਦੇਸ਼ ਬਣ ਗਿਆ। ਅਮਰੀਕੀ ਮਰਦਮਸ਼ੁਮਾਰੀ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇ ਦੇ ਅੰਕੜਿਆਂ ਮੁਤਾਬਕ 2022 ਚ ਵਿਦੇਸ਼ੀ ਮੂਲ ਦੇ 4.6 ਕਰੋੜ ਲੋਕ ਅਮਰੀਕਾ ਚ ਰਹਿੰਦੇ ਸਨ, ਜੋ ਅਮਰੀਕਾ ਦੀ ਕੁਲ 33.33 ਕਰੋੜ ਆਬਾਦੀ ਦਾ ਲਗਭਗ 14 ਫੀ ਸਦੀ ਹੈ। ਸੁਤੰਤਰ ਕਾਂਗਰੇਸ਼ਨਲ ਰੀਸਰਚ ਸਰਵਿਸ (ਸੀ. ਆਰ. ਐੱਸ.) ਵਲੋਂ ਵਿੱਤੀ ਸਾਲ 2022 ਲਈ ਅਮਰੀਕੀ ਕੁਦਰਤੀਕਰਨ ਨੀਤੀ ਤੇ 15 ਅਪ੍ਰੈਲ ਦੀ ਤਾਜ਼ਾ ਰੀਪੋਰਟ ਦੇ ਅਨੁਸਾਰ, ਵਿੱਤੀ ਸਾਲ 2022 ਚ 969,380 ਵਿਅਕਤੀ ਅਮਰੀਕੀ ਨਾਗਰਿਕ ਬਣੇ। ਰੀਪੋਰਟ ਚ ਕਿਹਾ ਗਿਆ, ਅਮਰੀਕਾ ਦੀ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਚ ਸੱਭ ਤੋਂ ਜ਼ਿਆਦਾ ਗਿਣਤੀ ਮੈਕਸੀਕੋ ਚ ਜਨਮੇ ਲੋਕਾਂ ਦੀ ਹੈ। ਇਸ ਤੋਂ ਬਾਅਦ ਭਾਰਤ, ਫਿਲੀਪੀਨਜ਼, ਕਿਊਬਾ ਅਤੇ ਡੋਮਿਨਿਕਨ ਗਣਰਾਜ ਦੇ ਲੋਕਾਂ ਨੂੰ ਸੱਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ। ਸੀ.ਆਰ.ਐਸ. ਨੇ ਦਸਿਆ ਕਿ 2022 ਚ 1,28,878 ਮੈਕਸੀਕਨ ਅਮਰੀਕੀ ਨਾਗਰਿਕ ਬਣੇ। ਇਸ ਤੋਂ ਬਾਅਦ ਭਾਰਤ (65,960), ਫਿਲੀਪੀਨਜ਼ (53,413), ਕਿਊਬਾ (46,913), ਡੋਮਿਨਿਕਨ ਗਣਰਾਜ (34,525), ਵੀਅਤਨਾਮ (33,246) ਅਤੇ ਚੀਨ (27,038) ਦਾ ਨੰਬਰ ਆਉਂਦਾ ਹੈ।

# ਭੰਗ ਮਨਚੰਦੇ ਦੇ

rajinder.pardesi7@gmail.com
ਤੇਜਿੰਦਰ ਮਨਚੰਦਾ ਪ੍ਰਦੇਸੀ




**ਮੈਂ ਸ਼ਰਾਬੀ ਭਰਾਵਾਂ ਨਾਲ ਵਾਅਦਾ ਕਰਦਾ ਹਾਂ, ਕਿ ਸਾਡੀ ਸਰਕਾਰ ਆਉਣ 'ਤੇ ਤੁਹਾਨੂੰ ਜ਼ਹਿਰੀਲੀ ਸ਼ਰਾਬ ਪੀ ਕੇ ਮਰਨ ਦੀ ਨੌਬਤ ਨਹੀਂ ਆਏਗੀ, ਹਰ ਸ਼ਹਿਰ-ਪਿੰਡ ਵਿਚ ਤੁਹਾਨੂੰ ਘਰ ਬੈਠਿਆਂ ਆਨ ਲਾਈਨ ਸ਼ੁੱਧ ਸ਼ਰਾਬ ਉਪਲੱਬਧ ਹੋਵੇਗੀ!**




## ਪਾਠਕਾਂ ਦੇ ਪੱਤਰ

# ਕੋਈ ਵੀ ਪਾਰਟੀ ਗਰੀਬੀ ਦੂਰ ਕਰਨ ਲਈ ਕੋਈ ਖਾਸ ਤਰੀਕਾ ਨਹੀਂ ਅਪਣਾ ਸਕੀ

ਭਾਰਤ ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਹਰ ਪਾਰਟੀ ਦੇ ਆਪਣੇ ਆਪਣੇ ਆਉਂਦੇ ਪੰਜ ਸਾਲ ਲਈ ਜੋ ਜਨਤਾ ਦੀ ਸੇਵਾ ਵਿੱਚ ਕੰਮ ਕਰਨੇ ਹਨ ਉਹ ਦੱਸ ਰਹੇ ਹਨ। ਬਹੁਤ ਚੰਗੀ ਗੱਲ ਹੈ। ਆਪਣੇ ਆਪਣੇ ਪ੍ਰੋਗਰਾਮ ਮੁਤਾਬਕ ਸਾਰੀਆਂ ਪਾਰਟੀਆਂ ਠੀਕ ਹਨ । ਪਹਿਲਾ ਗੱਲ ਕਰੀਏ 80 ਕਰੋੜ ਜਨਤਾ ਨੂੰ ਮੁਫ਼ਤ ਰਾਸ਼ਨ ਦੇਣਾ ਦਾਲ ਚੌਲ ਜੋ ਵੀ ਹੈ। ਇਸ ਦਾ ਮਤਲਬ 80 ਕਰੋੜ ਲੋਕ ਗਰੀਬ ਪੱਧਰ ਵਿੱਚ ਰਹਿ ਰਹੇ ਹਨ । ਉਨ੍ਹਾਂ ਨੂੰ ਤਦ ਹੀ ਇਨ੍ਹਾਂ ਚੀਜ਼ਾਂ ਦੀ ਜ਼ਰੂਰਤ ਹੈ। ਪਿੱਛੇ ਸਾਲਾਂ ਵਿੱਚ ਧਿਆਨ ਮਾਰੋ ਅਸਲ ਵਿੱਚ ਜੋ ਦਾਲ ਚੌਲ ਮੁਫ਼ਤ ਲੈਣ ਦੇ ਹੱਕਦਾਰ ਹਨ ਉਨ੍ਹਾਂ ਨੂੰ ਸਾਰਿਆਂ ਨੂੰ ਨਹੀਂ ਮਿਲਦਾ । ਸਗੋਂ ਜਿਨ੍ਹਾਂ ਪਾਸ ਜ਼ਮੀਨ ਹੈ ਚੰਗੇ ਮਕਾਨ ਹਨ ਉਹ ਇਹ ਮੁਫ਼ਤ ਸਹੂਲਤਾਂ ਲੈ ਰਹੇ ਹਨ ਪਰ ਇਸ ਨੂੰ ਦੇਣ ਦਾ ਮਤਲਬ ਕੀ ਸਾਡੇ ਕਿਸੇ ਪਾਰਟੀ ਨੇ ਗਰੀਬੀ ਨੂੰ ਦੂਰ ਕਰਨ ਲਈ ਕੋਈ ਤਰੀਕਾ ਨਹੀਂ ਅਪਣਾ ਸਕੇ ਕਿ ਗਰੀਬਾਂ ਨੂੰ ਚੰਗਾ ਰੁਜ਼ਗਾਰ ਦੇ ਕੇ ਉਨ੍ਹਾਂ ਦਾ ਢਿੱਡ ਭਰਨ ਲਈ ਸਾਧਨ ਬਣਾਇਆ ਜਾਵੇਗਾ । ਉਹ ਰੋਜ਼ਗਾਰ ਕਿਸ ਤਰ੍ਹਾਂ ਮਿਲੇਗਾ । ਸਿਰਫ਼ ਦਿਹਾੜੀ ਰੋਜ਼ ਦੀ ਦੱਸੀ ਹੈ ਕਿ ਇੰਨੀ ਹੋ ਜਾਵੇਗੀ । ਘੱਟੋ ਘੱਟ ਪਰ ਇਹ ਦੱਸਿਆ ਨਹੀਂ ਕਿ ਉਨ੍ਹਾਂ ਨੂੰ ਸਾਲ ਵਿੱਚ ਇੰਨੀਆਂ ਦਿਹਾੜੀਆਂ ਜ਼ਰੂਰ ਇਸ ਰੇਟ ਨਾਲ ਮਿਲਣਗੀਆਂ। ਪਰ ਇਹ ਨਹੀਂ ਦੱਸਿਆ ਦਿਹਾੜੀਆਂ ਦੇ ਪੈਸੇ ਦਾ ਪ੍ਰਬੰਧ ਕਿਹੜੇ ਹੋਰ ਰੁਜ਼ਗਾਰ ਦੇ ਕੇ ਹੱਲ ਕੀਤਾ ਜਾਵੇਗਾ । ਫਿਰ ਮਹਿੰਗਾਈ ਕਿਹੜੀ ਕਿਹੜੀ ਚੀਜ਼ ਖਾਸ ਕਰਕੇ ਖਾਣ ਵਾਲੀਆਂ ਚੀਜ਼ਾਂ, ਜੁਤੀਆਂ, ਲੀੜਾ ਕਪੜਾ ਉਨ੍ਹਾਂ ਦੇ ਰੇਟ ਕੀ ਹੋਣਗੇ ਕੋਈ ਵੀ ਇਨ੍ਹਾਂ ਵਸਤਾਂ ਨੂੰ ਇਸ ਰੇਟ ਤੋਂ ਜ਼ਿਆਦਾ ਵਸੂਲ ਨਹੀਂ ਕਰ ਸਕੇਗਾ। ਅਰਥਾਤ ਰੋਜ਼ਾਨਾ ਵਰਤੋਂ ਦੀਆਂ ਲੋੜਾਂ ਲਈ ਜ਼ਰੂਰੀ ਅਗਰ ਫਿਕਸ ਰੇਟ ਤੇ ਮਿਲੇਗੀ ਮਹਿੰਗਾਈ ਆਪ ਹੀ ਘੱਟ ਜਾਵੇਗੀ । ਜੋ ਲਗਜ਼ਰੀ ਵਸਤਾਂ ਹਨ ਉਸ ਨੂੰ ਜੋ ਮਰਜ਼ੀ ਕੀਮਤ ਦੇ ਵੇਚੋ ਅਮੀਰ ਪੈਸੇ ਖਰਚ ਸਕਦਾ ਹੈ ਗਰੀਬਾਂ ਦਾ ਇਸ ਨਾਲ ਵਸਤਾ ਨਹੀਂ । -ਕੇ ਐਸ ਜੋਗੀ



# ਸਿੱਖ ਸਾਖੀਆਂ ਕੁਝ ਅੰਨੀਆਂ ਤੇ ਕੁਝ ਸੁਜਾਖੀਆਂ

ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)



ਲੇਖ ਪੜ੍ਹੋ ਸੈਕਰਾਮੈਂਟੋ ਪੰਜਾਬ ਟਾਈਮਜ਼ ਦੇ ਹੱਥਲੇ ਪਰਚੇ ਪੰਨਾ 42, ਪੜ੍ਹਕੇ ਮਨ ਝੰਧਲਾਅ ਗਿਆ, ਸਾਖੀਆਂ ਬਾਰੇ ਲਿਖਤ ਤਾਂ ਚਲੋ ਵਿਵਾਦੀ ਮੰਨ ਲਵਾਂਗੇ ਪਰ ਜੋ ਮੈਂ ਲੱਭਿਆ ਤਾਂ ਸਵਾਲ ਵੱਡਾ, ਅਨੋਖਾ ਤੇ ਹੈਰਾਨੀ ਵਾਲਾ ਹੈ, ਕੀ:- ਜੋ ਭਾਸ਼ਾ ਇਸ ਲੇਖ ਵਿੱਚ ਕਵੀ ਸੰਤੋਖ ਸਿੰਘ ਤੇ ਹੋਰਾਂ ਦੀ ਮਿਲ ਰਹੀ ਹੈ ਉਹ ਤਾਂ ਸਾਡੇ ਗੁਰੂ-ਗ੍ਰੰਥ ਸਾਹਿਬ ਦੀ ਲਿਖਤ ਜੋ ਭਾਵੇਂ ਕਈ ਭਾਸ਼ਾਵਾਂ ਵਿੱਚ ਸੁਸ਼ੋਭਿਤ ਹਨ ਪਰ ਬਹੁਤੀ ਤਾਂ ਸਰਲ ਤੇ ਕੁਝ ਪੰਜਾਬੀ ਬੋਲੀ ਹੈ, ਮੇਰਾ ਪ੍ਰਸ਼ਨ ਹੈ ਕਿ ਕੀ (ਗੁਰੂ ਗ੍ਰੰਥ) ਦੀ ਇਸ ਵੇਲੇ ਦੀ ਪ੍ਰਮੰਨੀ ਬੀੜ ਉਹੀ ਹੈ ਜੋ ਆਖਿਆ ਜਾਂਦਾ ਹੈ ਕਿ ਦਸਮੇ ਗੁਰੂ ਸਾਹਿਬ ਆਪ ਲਿਖਵਾਈ, ਇਹ ਸਮਾਂ ਭੀ ਫੇਰ 350 ਸਾਲ ਦਾ ਹੈ, ਪਰ ਭਾਸ਼ਾ ਇੰਨੇ ਲੰਮੇ ਸਮੇਂ ਦੀ ਹੋ ਹੀ ਨਹੀਂ ਸਕਦੀ, ਹੁਣ ਇਸ ਦੀ ਸੱਚਾਈ ਕੀ ਹੈ ਕੀ ਖੋਜਕਾਰੀ ਇਸ ਕਾਰਜ ਵਿੱਚ ਯੋਗਦਾਨ ਪਉਣਗੇ, ਹਾਂ ਆਹ ਜੋ ਇਸ ਵੇਲੇ ਵਿਦਵਾਨ ਬਣੇ ਬੈਠੇ ਹਨ ਇਹ ਤਾਂ ਹੁਣ ਤੱਕ ਜੋ ਸਾਖੀਆਂ ਬਨੌਟੀ ਮਨ-ਘੜਤ ਲਿਖ ਕੇ ਪ੍ਰਚੱਲਤ ਕਰ ਕਰ ਆਪਣਾ ਮਨੋਰਥ ਪੂਰਦੇ ਰਹੇ ਨੇ ਕਿਸੇ ਨੇ ਕਦੀ ਪੂਣੀ ਕੱਤ ਕੇ ਨਹੀਂ ਦੇਖੀ ਕਿ ਇਹ ਸਾਰਾ ਛੌਪ ਹੈ ਕੀ ਬਸ ਜੀ ਭਾਈ ਗੁਰਦਾਸ ਨੇ ਆਹ ਲਿਖਤਾ ਪਰ ਲਿਖਤ ਕਿਸੇ ਨੇ ਸਾਹਮਣੇ ਤਾਂ ਦੇਖੀ ਨਹੀਂ ਕਿ ਭਾਸ਼ਾ ਕਿਹੜੀ ਸੀ ਤੇ ਫੇਰ ਹੁਣ ਵਾਲੀ ਕਿਥੋਂ ਤੇ ਕੀਹਨੇ ਲਿਖੀ ਸਭ ਸਵਾਲ ਖੜੇ ਨੇ ਸਰਵਜੀਤ ਸਿੰਘ ਸੈਕਰਾਮੰਟ ਦਾ ਲੇਖ ਜੋ ਕਿ ਉਸ ਭਾਸ਼ਾ ਵਿੱਚ ਸਾਖੀਆਂ ਦਾ ਅੰਕਤ ਹੈ ਉਹ ਤਾਂ ਬਹੁਤੀ ਸਮਝਣ ਤੋਂ ਭੀ ਅਸਮਰਥ ਹੈ, ਕੀ ਹੈ ਇਹ ਇਤਿਹਾਸ ਜਾਂ ਮਿਥਹਾਸ, ਮੈਂ ਬੜੀ ਲੰਮੇਰੇ ਸਮੇਂ ਦੀ ਇਸ ਸਸ਼ੋਪੰਜ ਵਿੱਚ ਹਾਂ ਜੇਕਰ ਕੁਝ ਲਿਖਤਾ ਤਾਂ ਜੀ ਬੇਅਦਬੀ ਹੈ ਪਰ ਸਾਨੂੰ ਧਰਮ ਨੂੰ ਸੱਚ ਪ੍ਰਚਾਰਨਾ ਬਣਦਾ ਹੈ ਧਰਮ ਨੂੰ ਹੀ ਨਾ ਪਛਾੜੋ। ਨਾਲ ਜੁੜਦਾ ਵਿਸ਼ਾ ਕਿ ਕੌਣ ਹੈ ਜੋ ਧਾਰਮਿਕ ਮੁੱਦੇ ਲੀਹਾਂ 'ਤੇ ਲਿਆਉਣ, ਖੋਜੀਆਂ ਦਾ ਇਹ ਕਿੱਤਾ ਹੁੰਦਾ ਹੈ, ਖੋਜ ਕਰਨ ਵਾਲਿਆਂ ਨੂੰ ਸੰਬੰਧਿਤ ਵਿਭਾਗ ਵੱਲੋਂ ਜਾਂਚ ਪੜਤਾਲ ਕਰਕੇ ਫੇਰ ਡਾਕਟਰੇਟ ਯਾਨੀ ਪੀ.ਐਚ.ਡੀ. ਦੀ ਡਿਗਰੀ ਦਿੱਤੀ ਜਾਂਦੀ ਹੈ, ਉਨ੍ਹਾਂ ਨੂੰ ਡਾਕਟਰ ਪਰ ਨਾਲ ਪੀ.ਐਚ.ਡੀ. ਲਿਖਣਾ ਹੁੰਦਾ ਸੀ ਪਰ ਅੱਜ ਇਸ ਡਿਗਰੀ ਦੀ ਦੁਰਦਸ਼ਾ ਭੀ ਹੋ ਰਹੀ ਹੈ, ਹੋਮੋਪੈਥੀ ਦਾ ਦੋ-ਤਿੰਨ ਮਹੀਨੇ ਦਾ ਕੋਰਸ ਕਰਕੇ ਡਾਕਟਰ, ਡੰਗਰਾਂ ਦੇ ਸਲੋਤਰੀ ਭੀ ਡਾਕਟਰ, ਦਵਾਈਆਂ ਵਾਲੇ ਡਾਕਟਰ ਤੇ ਅਪ੍ਰੇਸ਼ਨ ਵਾਲੇ ਸਰਜਨ ਡਾਕਟਰ ਪਰ ਖੋਜੀ ਡਾਕਟਰ ਇਕ ਅੱਡਰੇ ਸਨ, ਐਨਕਾਂ ਤੇ ਦੰਦਾਂ ਵਾਲੇ ਭੀ ਹੁਣ ਡਾਕਟਰ ਹੀ ਅਖਵਾਉਂਦੇ ਹਨ, ਚਲੋ ਜੋ ਹਨ ਡਾਕਟਰ ਤਾਂ ਅਖਵਾਉਣ ਕੋਈ ਕਿੰਤੂ ਨਹੀਂ, ਪਰ ਮੇਰਾ ਵਿਸ਼ਾ ਹੈ ਸਿੱਖ ਧਰਮ 'ਤੇ ਅੱਜ ਕਈ ਅਲਾਮਤਾਂ ਹਨ, ਤਾਂ ਇਹ ਖੋਜ ਮੰਗਦੀਆਂ ਹਨ, ਪਰ ਹੈ ਕੀ ਸਾਡੇ ਕਈ ਡਿਗਰੀ ਪੰਜਾਬੋ ਤੇ ਵਿਦੇਸ਼ੀ ਜਾ ਕੇ 84 ਦੀ ਲਹਿਰ ਦੇ ਵਿਦੇਸ਼ੀ ਵਸੇ (ਸ਼ਰਨਾਰਥੀ) ਗੁਰੂ ਘਰਾਂ, ਅਦਾਰਿਆਂ ਵਿੱਚ ਜੋ ਚਤਰ ਸਨ ਹਾਵੀ ਹੋ ਕੇ ਕਬਜ਼ੇ ਕਰੀ ਬੈਠੇ ਹਨ, ਤਾਂ ਕਈ ਖੋਜ ਦੇ ਹਾਮੀ ਉਨ੍ਹਾਂ ਤੋਂ ਹੀ ਬੱਸ ਜਾਣਕਾਰੀ ਲੈ ਲੈ ਕਿਤਾਬਾਂ ਪ੍ਰਕਾਸ਼ਤ ਕਰਵਾ ਕੇ ਫੇਰ ਚੈਨਲਾਂ 'ਤੇ ਪ੍ਰੋਗਰਾਮ ਦੇ ਕੇ ਬੱਸ ਜੀ ਉਹ ਹੀ ਉਨ੍ਹਾਂ ਨੂੰ ਡਿਗਰੀ ਤੇ ਡਾਕਟਰ ਗਰਦਾਨ ਦਿੰਦੇ ਹਨ, ਹੁਣ ਦੱਸੋ ਇਕ ਪਾਸੜ ਜਾਣਕਾਰੀ ਇਕ ਪਾਸੇ ਧੜੇ ਤੇ ਅਦਾਰੇ ਹੀ ਇਤਿਹਾਸ ਹਨ, ਉਹੀ ਧਰਮ, ਉਹੀ ਸਿਆਸਤ ਦੇ ਮਾਹਰ ਤੇ ਲੱਗ ਪਏ ਨੇ ਧਰਮ ਦੇ ਪ੍ਰਚਾਰਕ ਬਣਨ ਤਾਂ ਫੇਰ ਕਿਧਰੇ ਸੱਚ ਤੱਥ ਕੌਣ, ਕਿਥੋਂ ਤੇ ਕਿਵੇਂ ਲੱਭੂ, ਹੁਣ ਸਥਿਤੀ ਇਥੇ ਆ ਕੇ ਟਿੱਕ ਗਈ ਹੈ ਧਾਰਮਿਕ (ਗੁਰੂ ਕਾਲ) ਦਾ ਸਹੀ ਢੰਗ ਨਾਲ ਪ੍ਰਚਾਰ ਨਹੀਂ ਤੇ ਅਲੋਚਕ ਦੁਖੀ ਹੋ ਕੇ ਹੁਣ ਆਹ ਕੁਝ ਲਿਖਣ ਲੱਗੇ ਹਨ ਕਿ ਜੋ ਭੀ ਲਿਖਤਾਂ, ਗੁਰਦਾਸ, ਨੰਦ ਲਾਲ, ਸੰਤੋਖ ਸਿੰਘ, ਮਗਰੋਂ ਫੇਰ ਦੂਜੇ ਲੇਖਕ ਭੀ ਸਮੇਂ ਦੀ ਹਵਾ ਨਾਲ ਛੱਜ ਲਉਂਦੇ ਰਹੇ ਹਨ, ਜਾਗ੍ਰਿਤੀ ਇੰਨੀ ਵੱਧ ਗਈ ਵਸੀਲੇ ਉਪਲਬਧ ਪੁਰਾਣੇ ਢਕੌਂਸਲੇ ਚੱਲਣੇ ਨਹੀਂ, ਇਥੋਂ ਤੱਕ ਕਿ ਗੁਰ-ਇਤਿਹਾਸ ਭੀ ਸ਼ੱਕ ਦੇ ਘੇਰੇ ਵਿੱਚ ਆ ਜਾਣਾ ਹੈ, ਜਦੋਂ ਦੋ ਤੇ ਦੋ ਚਾਰ ਗਿਣ ਨਹੀਂ ਹੋਣੇ ਫੇਰ ਅੰਨੀ ਮੱਚਣੀ ਹੈ, ਧਰਮ ਦਾ ਧੁਰਾ ਹਿਲਣ ਲਾ ਦੇਣਗੇ ਚੰਗਾ ਹੈ ਕਿ ਹੁਣੇ ਹੀ ਗੁਰੂ ਘਰ ਇਨ੍ਹਾਂ ਲੋਭੀ ਪ੍ਰਚਾਰਕਾਂ ਤੋਂ ਪਿੱਛੇ ਹੱਟ ਆਪਣੇ ਸਾਦੇ ਢੰਗ ਕੀਰਤਨ ਦਾ ਪਸਾਰਾ ਕਰੋ ਦੰਭੀਪੁਣਾ ਹਟਾਉ। ਬਹੁਤਾ ਝੁਰਮਟ ਸਾਡੇ ਨੱਥੂ ਖੈਰੇ ਬਣੇ ਵਿਦਵਾਨਾਂ ਦਾ ਪਾਇਆ ਹੋਇਆ ਹੈ। ਡਾਕਟਰੀ ਦੀਆਂ ਉਪਾਧੀਆਂ ਹੀ ਕਮਲ੍ਹੀਆਂ ਹੋਈਆਂ ਫਿਰਦੀਆਂ ਨੇ ਨੀਮ-ਹਕੀਮ ਹੀ ਡਾਕਟਰ ਨੇ ਸਸਤੇ ਭਾਅ ਸਿੱਖ ਪ੍ਰੀਜੈਂਟਰ ਬਣ ਕੇ ਕਿਸ਼ਤੀ ਡੋਬਣਗੇ, ਸਮਾਂ ਬੜਾ ਚੀਰ ਪਾੜ ਦਾ ਆ ਰਿਹਾ ਹੈ, ਨਾ ਸੰਭਲੇ ਤਾਂ ਇਨ੍ਹਾਂ ਪ੍ਰਚਾਰਕਾਂ ਦਾ ਜਾਣਾ ਕੁਝ ਨਹੀਂ, ਧਰਮ ਦਾ ਰਹਿਣਾ ਕੁਝ ਨਹੀਂ, ਇਨ੍ਹਾਂ ਤਾਂ ਰੋਟੀਆਂ ਕਮਾ ਕੇ ਢੇਰ ਲਾ ਲਏ ਹਨ ਭਰਨਗੇ ਵਿਸ਼ਵਾਸੀ। ਦੁਖਾਂਤ ਅਸਲ ਵਿੱਚ ਇਹ ਹੈ ਕਿ ਇਹ ਲੋਕੀ ਵਿਦੇਸ਼ੀ ਆ ਕੇ ਰੋਟੀ ਪੈ ਗਏ ਤੇ ਚਤਰਾਂ ਨੇ ਪੰਜਾਬ ਨੂੰ ਆਪਣੀ ਸਿਆਸਤ ਦਾ ਧੁਰਾ ਬਣਾ ਲਿਆ, ਏਜੰਸੀਆਂ ਨੂੰ ਇਹ ਲੋੜੀਂਦੇ ਸਨ, ਫੇਰ ਚੈਨਲ ਖੋਲ੍ਹ ਲਏ ਤੇ ਹੁਣ ਤਾਂ ਧਮੂਸਲੀ ਪੱਟੀ ਜਾਂਦੇ ਨੇ, ਚੈਨਲਾਂ ਨੂੰ ਬੁਰਕੀ ਮਿਲਣੀ ਹੀ ਤਾਂ ਹੈ ਜੇਕਰ ਪੰਜਾਬ ਵਿੱਚ ਗੜਬੜ ਰਹੇ, ਆਹ ਚੋਣਾਂ ਵਿੱਚ ਹੀ ਦੇਖ ਲਵੋ ਕਿਵੇਂ ਜੀ ਔਹਨੂੰ ਟਿਕਟ ਦਿਉ, ਹੋਰ ਤਾਂ ਹੋਰ ਕੀ ਸੁਗਰਤ ਜੀ ਅੰਮ੍ਰਿਤਪਾਲ ਨੂੰ ਖਡੂਰ ਸਾਹਬ ਤੋਂ ਖੜ੍ਹਾ ਕਰੋ ਦੱਸੋ ਕਿਹੜਾ ਹਾਥੀ ਡੰਗਿਆ ਉਹਨੇ, ਲੱਖਾ ਸਿਧਾਣਾ ਖੜ੍ਹਾ ਕਰਤਾ ਦੇਖੋ ਸਿਮਰਨਜੀਤ ਸਿੰਘ ਮਾਨ ਨੇ ਭਾਨੇ ਸਿੱਧੂ ਨੂੰ ਭੀ ਦਿਉ ਫੇਰ ਮੌਕਾ ਲੁੱਟ ਪਈ ਹੈ, ਤਮਾਸ਼ੇ ਕਰਦੇ ਨੇ ਇਥੇ ਚੈਨਲ ਜੀ ਦੱਸੋ ਅਕਾਲੀ ਦਲ ਨੂੰ ਵੋਟਾਂ ਪਾਈਆਂ ਜਾਣ ਜਾਂ ਨਾ, ਲੱਗ ਜਾਂਦੇ ਨੇ ਝੂਠ ਬੋਲ ਕੇ ਟਿਕੇ ਨਾ ਜੀ ਨਾ, ਖਤਮ, ਸੁਖਬੀਰ ਬਾਦਲ ਨੇ ਤਾਂ ਅਕਾਲੀ ਦਲ ਮਿਟਾ ਤਾ, ਇਨ੍ਹਾਂ ਨੂੰ ਲਾਂਭੇ ਕਰੋ ਨਹੀਂ ਤਾਂ ਅਕਾਲੀ ਹੈ ਨਹੀਂ, ਇਨ੍ਹਾਂ ਨੂੰ ਨਾ ਤਾਂ ਪੰਥ, ਨਾ ਧਰਮ ਨਾਲ ਹਿੱਤ ਹੈ ਕੇਵਲ ਪਰਿ-ਵਾਰ ਦਾ ਕੋਈ ਪੁੱਛਦਾ ਨੀ ਬੱਸ ਚੈਨਲਾਂ ਦੇ ਚਹੇਤੇ ਊਟ ਪਟਾਂਕ ਬੋਲਦੇ ਨੇ ਇਹ ਪੰਜਾਬ ਕਿਉਂ ਨਹੀਂ ਜਾਂਦੇ ਤਾਂ ਉਥੇ ਪ੍ਰਚਾਰ ਕਰਨ ਫੇਰ ਅਗਲੇ ਭੀ ਦੇਣ ਦਾਖੂ ਦਾਣਾ, ਇਨ੍ਹਾਂ ਨੂੰ ਭੱਜਣ ਨੂੰ ਰਾਹ ਨੀ ਲੱਭਣੇ, ਚੈਨਲਾਂ ਨੂੰ ਤਾਂ ਰੱਬ ਨੇ ਸਜ਼ਾ ਦਿੱਤੀ ਹੀ ਹੋਣੀ ਹੈ ਸਵੇਰੇ ਹੀ ਮੰਗਣ ਲੱਗ ਜਾਂਦੇ ਨੇ ਇਹ ਬੁਰਕੀਆਂ ਨਾਲ ਨੀ ਰੱਜਦੇ ਬੁਰਕ ਭਾਲਦੇ ਨੇ ਕਿਰਤ ਕਰਨੀ ਨੀ, ਨਾਮ ਜਪਣਾ ਨੀ ਤੇ ਦਸਵੰਧ ਕੱਢਣਾ ਨੀ, ਹੜਪਣ ਨੂੰ ਮੂਹਰੇ ਉਥੇ ਪੰਜਾਬ ਵਿੱਚ ਬਾਣਾ ਪਾ ਕੇ ਸਵੇਰੇ ਹੀ ਨਿਕਲ ਤੁਰਦੇ ਨੇ ਵਿਰੋਧੀ ਬਣ ਪਤਾ ਨਹੀਂ ਕਦੋਂ ਪਾਠ-ਨਿੱਤਨੇਮ ਕਰਦੇ ਨੇ ਅੰਮ੍ਰਿਤ ਛਕਣ ਨੂੰ ਢਾਲ ਬਣਾ ਕੇ ਬੋਲੀ ਜਾਂਦੇ ਨੇ ਚੈਨਲਾਂ ਕੇਵਲ ਇਕ ਦੋ ਹੀ ਤਿੰਨ ਚਾਰ ਉਚੱਕਿਆਂ ਦੀ ਤਰ੍ਹਾਂ ਨੱਠੇ ਭੱਜੇ ਫਿਰਦੇ ਨੇ ਪੈਸੇ ਹੂੰਝਣ ਨੂੰ, ਹੈਰਾਨੀ ਹੈ ਕਿ ਜੋ ਭੀ ਅਦਾਰਾ ਇਨ੍ਹਾਂ ਨੂੰ ਅੰਮ੍ਰਿਤ ਛਕਾਉਣਾ ਪੁੱਛਦਾ ਨੀ ਕਿ ਕਦੋਂ ਬਾਣੀਆਂ ਦਾ ਪਾਠ ਕਰਦੇ ਹੋ, ਕੀ ਫੇਰ ਅੰਮ੍ਰਿਤ ਪ੍ਰਥਾ ਧਾਰਮਿਕਤਾ ਰਹਿ ਗਈ।

ਸਮਾਜ = ਸ: ਸਭ: ਮ: ਮਨੁੱਖਤਾ ਜ: ਜਮਾਤ, ਰੱਲ੍ਹਕੇ ਸਮਾਜ, ਜੋ ਸਾਰੇ ਇਕੱਠੇ ਕੋਈ ਕੰਮ ਕਰਨ ਲੱਗ ਜਾਣ: ਰਸਮ, ਰੀਤ, ਰਵਾਜ ਤੇ ਭਾਈਚਾਰੇ ਦੇ, ਉਦਾਹਰਣਾਂ ਸਾਹਮਣੇ ਹਨ, ਅਜੋਕੀ ਸਥਿਤੀ: ਧਰਨੇ, ਬਾਰਡਰਾਂ ਤੇ ਸਾਲ ਗਹਿਰਾਂ ਜਿੱਤ ਗਏ ਫਤਿਹ ਭੰਗੜੇ ਆਦਿਕ ਫੇਰ ਇਨਸਾਫੀਏ ਬਹਿ ਗਏ ਹੁਣ ਬਰਸੀ ਮਨਾਉ, ਉਨ੍ਹਾਂ ਦੇ ਵਕੀਲਾਂ ਵਿੱਚ ਫੁੱਟ ਦਿਲਸ਼ੇਰ ਸਿੰਘ ਕਹਿੰਦਾ ਜੀ ਸਾਡੇ 'ਤੇ ਊਜਾ ਪਰ ਆਪ ਕੋਈ ਧਰਮ ਦਾ ਪਿਤਾ ਕੋਈ ਭਰਾ ਬਣ ਬੈਠੇ, ਪਰ ਪਤਾ ਨਹੀਂ ਬਾਪੂ ਕਦੋਂ ਪੁੱਤਰ ਹਵਾਰਾ ਨੂੰ ਮਿਲਣ ਭੀ ਗਿਆ, ਧੂੰਆਂ ਤਕਰੀਰਾਂ ਦਾ ਅਦਾਲਤ ਨੇ ਸੜਕਾਂ ਸੁਰਖਰੂ ਕਰਨ ਦੇ ਆਦੇਸ਼ ਪਰ ਕੀ ਆਖਿਆ ਸੁਣਕੇ ਮਨ ਵਿਆਕੁਲ ਕਿ ਜੀ ਸਿੱਖ ਢਾਲ ਬਣਾ ਕੇ ਗੁਰੂ ਗ੍ਰੰਥ ਵਰਤ ਰਹੇ ਹਨ, ਕਿੰਨੀ ਸਾਹਮਣੇ ਨਮੋਸ਼ੀ ਧਰਮ ਦਾ ਜੇਕਰ ਆਹ ਮਾਣ ਜੱਜ ਦੱਸਣ, ਅੱਗੋਂ ਛੋਕਰ ਵਾਧਾ ਇਕੱਠਾ ਕਰਕੇ ਜੋ ਸੁਣੋ ਕੀ ਆਖੇ ਨੌਜਵਾਨ ਨਿਹੰਗ ਅਸੀਂ ਨੀ ਚੱਕਣਾ ਧਰਨਾ ਸਾਡਾ ਗੁਰੂ ਗ੍ਰੰਥ ਪ੍ਰਕਾਸ਼ ਹੈ, ਸਿੱਧ ਕਰਤੀ ਜੱਜਮੈਂਟ ਧੱਫੇ ਮਾਰੋ ਖੋਪੜਾਂ 'ਤੇ ਇਹ ਰਵਾਇਤ, ਕਵਾਇਤ ਪਹਿਲਾਂ ਤਾਂ ਨਹੀਂ ਸੀ ਡੇਰੇਧਾਰੀਆਂ ਭੀ ਨਹੀਂ ਸੀ ਪਾ ਸਕੀ ਪਰ 84 ਦੀ ਲਹਿਰ ਨੇ ਧਰਮ ਦਾ ਹੁਲੀਆ ਵਿਗਾੜ ਧਰਿਆ ਕੋਈ ਡਰ ਭੈਅ ਨਹੀਂ, ਭਾਈਚਾਰਾ, ਸਮਾਜ ਤੇ ਧਰਮ ਦੇ ਪੈਰੋਕਾਰੀ ਢੰਗ ਬਦਲ ਧਰੇ ਜੀ ਸਿੱਖ ਧਰਮ ਵਿੱਚ ਮੂਰਤੀ ਪੂਜਾ, ਵਿਅਕਤੀ ਰਾਜ ਪੂਜ ਤਾਂ ਵਿਵਰਜਤ ਹੈ, ਪਰ ਸੰਤ ਭਿੰਡਰਾਂਵਾਲਿਆਂ ਦੀ ਮੂਰਤ 'ਤੇ ਵਿਅਕਤੀ ਪੂਜਾ ਤਾਂ ਪ੍ਰਵਾਨ ਹੈ ਕਿਉਂਕਿ ਉਹ ਵੀਹਮੀ ਸਦੀ ਦੇ ਮਹਾਨ ਸ਼ਹੀਦ ਹਨ ਹੋਰ ਦੇਖੋ ਕਿ ਗੁਰੂ ਘਰਾਂ ਵਿੱਚ ਲੰਗਰ ਹਾਲ ਤਾਂ 84 ਦੇ ਸ਼ਹੀਦਾਂ ਦੀਆਂ ਫੋਟੋਆਂ ਮੂਰਤਾਂ ਨਾਲ ਕੰਧਾਂ ਲਿਖੀਆਂ ਪਈਆਂ ਹਨ ਧਿਆਨ ਧਰਮ ਵੱਲ ਕਿਥੇ ਬੱਸ ਮੂਰਤਾਂ ਵੱਲ, ਪੰਜਾਬ ਵਿੱਚ ਬੱਸਾਂ ਦੀ ਕਾਰਪੋਰੇਸ਼ਨ ਹੀ ਚੰਗੀ ਹੈ ਜੀਹਨੇ ਹੁਕਮ ਕੀਤੇ ਕਿ ਕੋਈ ਭੀ ਬੱਸ ਵਿੱਚ ਮੂਰਤ ਨਹੀਂ ਲਾ ਸਕਦਾ ਸੰਤਾਂ ਦੀ, ਹਾਂ ਪਹਿਲਾਂ ਮਾਤਾ ਦੀ ਜੈ ਗੁਰੂ ਦੀ ਮੂਰਤ ਹੁੰਦੀ ਸੀ, ਕੌਣ ਫੇਰ ਧਰਮ ਨੂੰ ਸਹੀ ਤੇ ਸਥਿਰ ਮੰਨੂ ਕਿਹੜਾ ਗੁਰੂ ਸਿਧਾਂਤ ਹੈ, ਪਹਿਲਾਂ ਤਾਂ ਖੋਜੀ ਦੂਜੇ ਮੁਲਕਾਂ ਦੀਆਂ ਲਾਇਬ੍ਰੇਰੀਆਂ ਵਿੱਚ ਜਾ ਕੇ ਸਬੂਤ ਹਾਜ਼ਰ ਕਰਦੇ ਸੀ, ਡਾਕਟਰੀ ਡਿਗਰੀ ਮਿਲਦੀ ਸੀ, ਹੁਣ ਆਪੇ ਹੀ ਮੱਥਾ ਟੇਕ ਲੈਂਦੇ ਨੇ ਆਪੇ ਹੀ ਬੁੱਢ ਸੁਹਾਗਣ, ਡਾਕਟਰੀਆਂ ਕਮ੍ਹਲੀਆਂ ਹੋਈਆਂ ਫਿਰਦੀਆਂ ਨੇ ਅਰਕ ਵੇਚਣਾ ਤੇ ਗੁਲਕੰਦ ਵੇਚਣਾ ਭੀ ਡਾਕਟਰ ਸਮਾਜ ਤਾਂ ਹੁਣ ਚੋਲ ਗੋੜੇ ਮੇਰੇ ਚੱਲਾ ਚੱਲਾਉਣੇ ਵਾਲਾ ਹੈ।

**ਡਾਕਟਰ ਕੌਣ**:- ਪਹਿਲਾਂ ਤਾਂ ਦਵਾਈ ਦੇਣਾ, ਦੰਦਾਂ ਵਾਲਾ, ਉਪਰੇਸ਼ਨ ਵਾਲਾ (ਸਰਜਨ) ਲਿਖਣਾ ਪੈਂਦਾ ਸੀ ਹੁਣ ਭੀ ਰਜਿਸਟਰਾਰ, ਕੰਨਸਲਟੈਂਟ ਆਦਿ ਪ੍ਰਥਾ ਹੈ, ਪਰ ਸਾਡੇ ਤਾਂ ਪੰਜਾਬ ਤੋਂ ਦੋ ਤਿੰਨ ਮਹੀਨੇ ਦਾ ਕੋਰਸ ਕਰ ਹੋਮੋਪੈਥੀ ਨਹੀਂ ਲਿਖਦੇ ਡਾਕਟਰ, ਇਧਰ ਚੈਨਲ 'ਤੇ ਮਨਘੜਤ ਸਾਖੀਆਂ ਸੁਣਾ ਜੀ ਆਹ ਸਿੱਖੀ ਦੀ ਦਾਸਤਾ ਹੈ, ਸਿਧਾਂਤ ਹੈ, ਫਲਾਣੇ ਲੇਖਕ ਨੇ ਲਿਖਤਾ ਤੇ ਆਪਸ ਵਿੱਚ ਅਦਾਰੇ ਡਿਗਰੀਆਂ ਦੇਣ ਲੱਗ ਪਏ, ਟਕੇ ਸੇਰ ਭਾਜੀ ਤੇ ਖਾਜਾ ਵਿਕਣ ਲੱਗ ਗਿਆ, ਮੈਂ ਇਕ ਕਿਤਾਬਾਂ ਦੇ ਰਚੇਤਾ, ਡਾਕਟਰ ਵਿਦਵਾਨ ਨਾਲ ਲੰਮੀ ਬਹਿਸ ਕੀਤੀ ਕਿ ਮੈਂ ਆਹ ਲਿਖ ਰਹੀ ਹਾਂ ਤੇ ਕਿੰਤੂ ਪ੍ਰੰਤੂ ਹੈ, ਉਹ ਕਹਿੰਦੇ ਹੌਲੀ ਹੌਲੀ ਅਸਰ ਹੁੰਦਾ ਹੈ, ਇਹ ਲੋਕ ਕਦੀ ਨਾ ਤਾਂ ਕਿਸੇ ਦਾ ਅਪਸ਼ਬਦ ਨਾ ਬੇਅਦਬੀ ਦੀ ਵਿਸਥਾਰਤਾ ਦੱਸਦੇ ਨੇ ਬਸ ਭੰਡਣ ਲਈ ਹਥੌੜਾ ਵਰਤਦੇ ਨੇ ਆਪ ਤਾਂ ਇਨ੍ਹਾਂ ਨੂੰ ਗਿਆਨ ਹੈ ਕੋਈ ਨੀ ਬੱਸ ਗੁਰੂ ਘਰਾਂ 'ਤੇ ਕਬਜ਼ੇ ਕਰ ਚੌਧ੍ਹਰੀ ਬਣ ਗਏ ਕਿਸੇ ਭੀ ਪੁਰਾਣੇ ਸੇਵਾਦਾਰ ਦਾ ਮੂਰਤ ਤਾਂ ਕੀ ਨਉਂ ਨਹੀਂ ਲੈਂਦੇ ਬੱਸ ਭਿੰਡਰਾਂਵਾਲੇ ਦੇ ਪੈਰੋਕਾਰ ਹੀ ਸਿੱਖ ਗੁਰਮੁਖ ਸ਼ਹੀਦ ਹਨ ਮਨਾਉ ਦਿਨ ਹਰ ਸਾਲ ਕਰੋ ਪੌਂਡਾਂ 'ਤੇ ਕਿਰਪਾ ਕਿਧਰੇ ਉਲ੍ਹੀ ਨਾ ਲੱਗ ਜਾਵੇ ਸਾਡੇ ਹਵਾਲੇ ਕਰਕੇ ਖੁਸ਼ੀਆਂ ਲਵੋ ਸਭ ਸ਼ਰਨਾਰਥੀ ਹਾਵੀ ਹਨ ਹਰ ਅਦਾਰੇ ਵਿੱਚ ਹੀ ਪੁਰਾਣੇ ਆਪਣੀ ਭੱਲ ਲਈ ਜੀ ਹਜ਼ੂਰੀਏ, ਐਮੇ ਮੀਚੀ ਦੇ ਹੀ ਵਿਦਵਾਨ ਬਣੀ ਜਾਂਦੇ ਨੇ ਜੀ ਮੈਂ ਕਥਾ ਕਰੂੰ ਪ੍ਰੋਗਰਾਮ ਦੇਊ ਕੀ ਜੀ ਮੁੰਡੇ ਮਾਰਤੇ, ਲਾਸ਼ਾਂ ਲੱਭੀਆਂ 25000, ਭਾਵੇਂ 100 ਤੋਂ ਵੱਧ ਦੇਸ਼ਾਂ ਵਿੱਚ ਸ਼ਰਨਾਰਥੀ ਬਣੇ ਜੇਕਰ ਇਸ ਦੇ ਸਬੂਤ ਦਿੰਦੇ ਤਾਂ ਕੀ ਵਜ਼ਾ ਸੀ ਯੂ.ਐਨ.ਏ. ਨਸਲਕੁਸ਼ੀ ਤੇ ਕਤਲੋਗਾਰਤ ਦਾ ਮਤਾ ਪਾਸ ਨਾ ਹੁੰਦਾ, ਫਲਾਣਾ ਬੁੱਚੜ, ਫਲਾਣਾ ਪੁਲਸੀਆ ਘਾਤਕ ਆਪਣੇ ਪੁਲਸ ਨਾਲ ਰਲ੍ਹਕੇ ਮੁਕਾਬਲੇ ਕਰਵਾ ਕੇ ਧਮੂਸ੍ਹਲੀ ਚੱਕੀ ਨੀ ਦੱਸਦੇ ਫੇਰ ਪਾਸਪੋਰਟ ਬਣਾ ਉਨ੍ਹਾਂ ਬਾਹਰ ਭੇਜਤੇ ਤੇ ਇਨ੍ਹਾਂ ਵਿਦੇਸ਼ੀ ਧੁੰਮਾਂ ਪਾ ਲਈਆਂ, ਪੁਰਾਣੇ ਵਸਨੀਕਾਂ ਦੀਆਂ ਹੀ ਜ਼ਿੰਦਗੀਆਂ ਦੂਭਰ ਕਰ ਤੀਆਂ, ਗੁਰਦੁਆਰੇ ਕਬਜ਼ੇ ਵਿੱਚ ਲੈ ਕੇ ਚੜ੍ਹਾਵੇ ਚੁੱਕੇ ਜੀ ਪੰਥ 'ਤੇ ਖਰਚਣੇ ਹਨ, ਫੇਰ ਪੁਰਾਣੇ ਪ੍ਰਬੰਧਕ ਵੜਨੋ ਹੀ ਹਟਾ ਤੇ ਆਖਰ ਗੁਰਦੁਆਰੇ ਭੰਨ ਤੋੜ, ਬਿਜਲੀ ਗੈਸ ਪਾਣੀ ਬੰਦ ਬਿੱਲ ਨਾ ਦਿੱਤੇ, ਸਾਡੇ ਤਾਂ ਤਜਰਬੇ ਹਨ ਪਾਰਕ ਐਵੇਨੀਯੂ ਭੰਨ ਤੋੜ ਮੁੜ ਲੋਕਾਂ ਤੋਂ ਉਗਰਾਹੀ ਕਰਕੇ ਚਾਲੂ ਕੀਤਾ, ਤਿੰਨ ਦਿਨਾਂ ਮਗਰੋਂ ਬਿਜਲੀ, ਗੈਸ ਤੇ ਪਾਣੀ ਥੋੜ੍ਹੇ ਬਿੱਲ ਤਾਰ ਚਾਲੂ ਕਰਵਾਏ,

ਬਾਕੀ ਹਿਸਾ ਸਫਾ 44 ਤੇ ਪੜ੍ਹੋ →

43 ਸਫ਼ੇ ਦੀ ਬਾਕੀ

ਸੱਚ ਸੁਣੋ ਸਵ: ਬੇਅੰਤ ਸਿੰਘ ਦੇ ਭਰਾ ਦਿਆਲ ਸਿੰਘ ਛੱਟ ਜਥੇਦਾਰ ਬਿਆਸ ਪਿੰਡੀਆਂ ਚੰਨਣ ਸਿੰਘ ਤੇ ਪੂਰਨ ਸਿੰਘ ਡੁਮੇਲੀ ਢਾਲ ਲਈ ਨਿਤਰੇ ਹਜ਼ਾਰ ਹਜ਼ਾਰ ਪੌਂਡ ਲਾਇਆ, ਅਸੀਂ ਭਾਵੇਂ ਸੀ ਫੇਰ ਵੀ ਦਿੱਤੇ ਤੇ ਮੈਂ ਦਿਨ ਰਾਤ ਰੋਲਾਂ ਦੀ ਦੇਖਭਾਲ ਦੀ ਤੇ ਲੰਗਰ ਦੇਗ ਦਾ ਇੰਤਜ਼ਾਮ ਕੀਤਾ ਜਿੰਨੇ ਦਿਨ ਉਥੇ ਬਣ ਨਹੀਂ ਸੀ ਸਕਦਾ ਘਰਾਂ ਤੋਂ ਲਿਆ ਕੇ ਆਦਿ। ਸੁਣੋ ਕੰਨ ਖੋਲ੍ਹ ਕੇ ਕੀ ਮੈਂ ਹੁਣ ਆਖ ਸਕਦੀ ਹਾਂ ਕਿ ਤੁਸੀਂ ਹਰ ਵੇਲੇ ਮੰਗ ਕਰੀ ਜਾਂਦੇ ਹੋ ਜੀ ਸੁਖਬੀਰ ਬਾਦਲ ਅਕਾਲ ਤਖ਼ਤ 'ਤੇ ਮੁਆਫੀ ਮੰਗੇ, ਤੁਸੀਂ ਕਦੋਂ ਆਹ ਉਪਰ ਕੀਤੀ ਧਾਂਦਲੇਗਰਦੀ ਦੀ ਮੁਆਫੀ ਮੰਗਣੀ ਹੈ (ਫੈਡਰੇਸ਼ਨ ਸੀ) ਹਾਵੀ 5 ਹਫ਼ਤੇ ਮੋਰਚਾ ਲਾ ਕੇ ਅਸੀਂ ਤੁਹਾਨੂੰ ਬਾਹਰ ਕੱਢਿਆ ਸੀ ਤੇ ਕੇਸ ਹਾਈ ਕੋਰਟ ਭੀ ਚੱਲਿਆ ਸੀ ਕੋਰਟਾਂ ਭੀ ਚੱਲੇ ਸੀ, ਮੈਂ ਕੁੱਟਮਾਰ ਭੀ ਖਾਧੀ, ਕਰੋ ਹੀਆ ਮੰਗੋ ਮੁਆਫੀ ਇਸ ਅਵੱਗਿਆ ਦੀ, ਹੋਰ ਲਿਖਾਂ ਮੈਂ ਕਿਸੇ ਹੋਰ ਨੂੰ ਮੂਹਰੇ ਕਰਕੇ ਖੁਸ਼ ਹੁੰਦੀ ਹਾਂ, ਮੈਂ ਸਵ: ਬੀਬੀ ਕੁਲਵੰਤ ਕੌਰ ਕੈਲੇ ਨੂੰ ਅੱਗੇ ਕੀਤਾ ਕੀਰਤਨ ਲਈ, ਮਾਤਾ ਚੰਨਣ ਕੌਰ ਛੋਕਰ ਪ੍ਰਧਾਨ ਬਣਾਏ, ਮੈਂ ਮਾਤਾ ਜੀ ਦੀ ਬੜੀ ਹੀ ਇੱਜ਼ਤ ਕਰਦੀ ਹਾਂ, ਬੜੀ ਈਮਾਨਦਾਰੀ ਤੇ ਸੁਘੜਤਾ ਵਾਲੀ ਮਾਤਾ ਸੀ, ਸੇਵਾ ਬੜੀ ਕੀਤੀ, ਚੋਣਾਂ 'ਤੇ ਆਖਰੀ ਵਾਰ ਖੜ੍ਹੀ ਹੋਣ 'ਤੇ ਮੈਨੂੰ ਮਿਲਣ ਆਏ ਤੇ ਕਹਿੰਦੇ ਕੁੜੀਏ ਸਲਾਹ ਦੇਹ ਸੋਹਣ (ਪੁੱਤਰ ਨੀ ਮੰਨਦਾ) ਕਿ ਖੜੀ ਹੋਵਾਂ, ਮੈਂ ਕਿਹਾ ਮਾਤਾ ਭਾਅ ਜੀ ਦਾ ਗੁੱਸਾ ਕਿਸੇ ਭੀ ਵੇਲੇ ਦੂਰ ਹੋ ਜੂ ਪਰ ਮੌਕਾ ਨੀ ਗੁਆਉਣਾ ਜੇਕਰ ਤੈਨੂੰ ਹਿੰਮਤ ਸਿੰਘ ਨਾ ਖੜਾ ਕਰੂ ਫੇਰ ਦੇਖਾਂਗੇ ਪਰ ਤੂੰ ਨਾਂਹ ਨਹੀਂ ਕਰਨੀ, ਕਹਿੰਦੀ ਤੂੰ ਮੇਰਾ ਸਾਥ ਦਿਉ ਮੈਂ ਬੇਜੀ, ਹਰ ਵੇਲੇ ਮੈਂ ਨਿਭਾਇਆ ਭੀ ਹੁਣ ਭੀ ਯਾਦ ਕਰਦੀ ਹਾਂ ਪਰ ਮੈਂ ਦੁਖੀ ਹਾਂ ਕਿ ਹੁਣ ਦੇ ਪ੍ਰਬੰਧ ਵਿੱਚ ਭੀ ਹਿੰਮਤ ਸਿੰਘ ਪ੍ਰਧਾਨ ਹੈ ਮਜਾਲ ਕਦੀ ਆਖੇ ਆਉ ਆਪਾਂ ਭੀ ਪੁਰਾਣੇ ਗੁਰੂ ਘਰ ਲਈ ਸੇਵਾਵਾਂ ਨਿਭਾ ਗਿਆ ਨੂੰ ਸ਼ਰਧਾ ਦੇ ਲਈਏ ਬੱਸ ਚੁਰਾਸੀ ਦੇ ਹੀ ਮਹਾਨ ਭਾਵੇਂ ਫਾਡੀ ਹੋਣ।

**ਪੰਜਾਂ ਪਾਈਆਂ ਦੀਆਂ ਪੰਜ ਪਕਾਵਾਂ, ਸਵਾ ਸੇਰ ਦੀ ਇੱਕ,** ਬੇ ਸੰਤੋਖਾ ਪੰਜੇ ਖਾ ਗਿਆ, ਮੈਂ ਸੰਤੋਖਣ ਇਕ, ਠੀਕ ਸਵਾ ਸੇਰ ਜੋ ਇਹ ਹਾਲ ਸਾਡੇ ਨੇਤਾਵਾਂ ਦਾ ਹੈ। ਪੰਜਾਬ ਝਾਤ ਅਕਾਲੀ ਦਲ 'ਤੇ ਭਾਰੀ, ਸੁਖਦੇਵ ਸਿੰਘ ਢੀਂਡਸਾ 'ਤੇ ਉਪਰੋਕਤ ਲਿਖਤ ਇੰਨ ਬਿੰਨ ਢੁੱਕਦੀ ਹੈ, ਬਾਦਲ ਸਾਹਬ 'ਤੇ ਹਾਵੀ, ਵਿੱਚੇ ਬਰੇਮਪੁਰਾ, ਤੋਤਾ ਸਿੰਘ ਸੀ, ਅਖੀਰ ਕਾਟੋ ਦੀ ਲੱਤ ਤੁੜਾਉਣ ਦੀ ਬਾਤ ਹੈ, ਸਿਕੰਦਰ ਸਿੰਘ ਮਲੂਕਾ ਮੈਂ ਜਿਸ ਦਿਨ ਸੁਖਬੀਰ ਸਿੰਘ ਬਾਦਲ ਨੇ ਚਾਂਬੜਾ ਪਾ ਕੇ ਫੇਰ ਮਿਲਾਇਆ ਉਸੇ ਦਿਨ ਆਖ ਤਾ ਸੀ ਸ਼ਗਨ ਸ਼ੁੱਭ ਨਹੀਂ, ਮਲੂਕਾ ਨੂੰ ਇਹਨੇ ਪਿਛਾਂਹ ਧੱਕੀ ਹੀ ਰੱਖਿਆ ਪਰ ਉਹ ਰੁੱਸ ਕੇ ਭੀ ਕੋਈ ਹਲੂਣਾ ਦੇਣ ਲਈ ਨਹੀਂ ਉਠਿਆ, ਇਹ ਹੁਣ ਫੇਰ ਮੇਰੀਆਂ ਸ਼ਰਤਾਂ ਨੀ ਮੰਨੀਆਂ, ਭਲਿਆ ਮਾਣਸਾ ਤੈਨੂੰ ਬੀ. ਜੇ. ਪੀ. ਨੇ ਟਾਹ ਤਾਂ ਗਵਰਨਰੀ ਦੇ ਤੀ? ਉਧਰ ਇਹਦੇ ਅਕਾਲੀ ਦਲ ਨੇ ਬਾਹਰ ਕੱਢਤਾ ਕਿਹੜੇ ਟੋਕਰੇ ਭਰ ਕੇ ਅਕਾਲੀ ਦਲ ਨੂੰ ਲੈ ਕੇ ਆਇਆ ਹੈ? ਸਗੋਂ ਸਿਕੰਦਰ ਸਿੰਘ ਮਲੂਕਾ ਦਾ ਪਰਿਵਾਰ ਬਾਗੀ ਭਾਵੇਂ ਉਹ ਨੂੰਹ ਤਾਂ ਪੂਰੀ ਦੀ ਚੱਕ ਵਿੱਚ ਆ ਗਈ ਲਾਲਚ ਹੈ, ਭਾਜਪਾ ਤਾਂ ਹੁਣ ਪਟੜੀਆਂ ਪੱਟਣ ਲੱਗੀ ਪਈ ਹੈ, ਗੌਰਵ ਨੇ ਭੰਨਿਆ ਹੈ ਦੇਖੋ ਮੈਂ ਮਲੂਕਾ ਦੀ ਪ੍ਰਸ਼ੰਸਕ ਹਾਂ ਲਿਖੂੰਗੀ ਕੱਲ੍ਹ ਨੂੰ ਢੀਂਡਸਾ ਹੁਣ ਜਾ ਕੇ ਬਰਨਾਲੇ ਪਰਿਵਾਰ ਨੂੰ ਰੰਚਣ 'ਤੇ ਪਹਿਲਾਂ ਦੂਰ ਕਰਵਾਏ ਇਹ ਬੰਦਾ ਬੜਾ ਢੀਠ ਹੈ ਖੈਰ ਨਹੀਂ ਕਿਸੇ ਦੀ ਮੰਗਦਾ, ਸੁਖਬੀਰ ਇਸ ਵੇਲੇ ਸ਼ਕੰਜੇ ਵਿੱਚ, ਉਧਰ ਕੇਜਰੀਵਾਲ ਮੈਂ ਉਹਦੀ ਪ੍ਰਸ਼ੰਸਕ ਨਹੀਂ ਪਰ ਜੋ ਹੋ ਰਿਹਾ ਹੈ ਠੀਕ ਨਹੀਂ ਜੇਲ੍ਹ ਵਿੱਚ ਉਹਨੂੰ ਲੱਗਦਾ ਹੈ ਖਤਰਾ ਤਾਂ ਬੰਦੋਬਸਤ ਕਰੋ, ਬਣਦਾ ਹੈ ਅੰਮ੍ਰਿਤਪਾਲ ਤੇ ਸਾਥੀਆਂ ਦਾ ਅਦਾਲਤ ਵਿੱਚ ਜਾਣਾ ਹੱਕ ਹੈ ਪਰ ਮਾਤਾ ਦਾ ਤੇ ਨਾਲ ਦਿਆਂ ਦਾ ਜਮਾਨਤਾਂ ਵਾਲਾ ਵਾਰਤਾ ਸਮਝੋ ਬਾਹਰ, ਜੇਕਰ ਕੋਈ ਕਾਨੂੰਨ ਖਿਲਾਫੀ ਨਹੀਂ ਸੀ ਤਾਂ ਜਮਾਨਤ ਕਿਉਂ ਬਰੀ ਹੋਣਾ ਸੀ, ਅੰਮ੍ਰਿਤਸਰ ਵਿੱਚ ਧਰਨਾ ਸਿੱਧ ਕਰਦਾ ਹੈ ਇਹ ਧਰਮੀ ਬਿਰਤੀ ਵਾਲੇ ਨਹੀਂ ਹਨ ਬੱਸ ਰੌਲਾ ਪਾਉ ਤੇ ਸਿਰੋਪੇ ਲੈਣੇ ਦੇਣੇ, ਗੁਰੂ ਨਗਰੀ ਦੇ ਨੇੜੇ ਝੂਠ ਅਵਾ ਤਵਾ ਬੋਲਣਾ ਵਾਜਵ ਨਹੀਂ ਡਰੀਏ ਸੱਚੇ ਰੱਬ ਤੋਂ, ਨੀਮੇ ਹੋ ਕੇ ਰਹੋ, ਸਜਾ ਕੌਮ ਨੂੰ ਮਿਲ ਰਹੀ ਹੈ, ਨਿਰਾਦਰ ਦਾ ਧਰਮ ਦਾ ਤੇ ਕਿੰਤੂ ਪ੍ਰੰਤੂ ਨੂੰ ਥਾਂ ਉਹ ਫਿਰੇ ਨੱਬ ਘੜਾਉਣ ਨੂੰ ਵਾਲੀ ਵਾਰਤਾ ਬਣਾ ਰਹੇ ਹਨ।

**ਪਰਚੇ ਦਾ ਤੰਦਰੁਸਤੀ ਪੰਨਾ :-** ਵਿੱਚ ਐਡ (ਅੜ੍ਹਾ) ਕਰਾਂ ਕੁਝ :- ਦੰਦਾਂ ਦੀ ਦੇਖਭਾਲ ਡਾਕਟਰ ਰੱਬ ਨਹੀਂ, ਅੱਜ ਕੱਲ੍ਹ ਤਾਂ ਫਾਹਾ ਵੱਜਦੇ ਨੇ ਆਪ ਚੁਸਤ ਰਹੋ। ਦੰਦਾਂ ਲਈ:- ਟੱਬਰ ਅਨੁਸਾਰ ਪਤੀਲਾ ਪਾਣੀ ਵਿੱਚ ਮੁੱਠੀ ਲੌਂਗ ਤੇ ਲੂਣ ਜੇਕਰ ਹਿਮਾਲੀਆ ਹੈ ਤਾਂ ਉਤਮ ਉਬਾਲੋ ਚੰਗੀ ਤਰ੍ਹਾਂ ਸ਼ੀਸ਼ੇ ਦੇ ਜਾਰ ਵਿੱਚ ਪਾ ਕੇ ਰੱਖੋ ਬੁਰਸ਼ ਪਿੱਛੋਂ ਹਫ਼ਤੇ ਵਿੱਚ ਦੋ ਤਿੰਨ ਵਾਰੀ ਵਰਤੋ ਲਾਭ, ਅੱਜ ਕੱਲ੍ਹ ਵਿਸਾਖੀ ਨਗਰ ਕੀਰਤਨ ਚੱਲਦੇ ਨੇ ਮੈਂ ਕੀਰਤਨ ਦੇ ਵਿਰੁੱਧ ਨਹੀਂ ਪਰ ਪ੍ਰਬੰਧ ਲਈ ਚਿੰਤਕ ਹਾਂ। ਭਾਈ ਸੜਕਾਂ ਆਵਾਜਾਈ ਲਈ ਹਨ ਨਾ ਕਿ ਝੂਟੇ ਝੂਟਣ ਲਈ, ਜਿਮੇ ਜੀ ਐਥੋਂ ਤੋਂ ਐਥੇ ਤੱਕ ਸੜਕ ਬੰਦ, ਝੂਲੇ ਆਦਿ। ਹਰ ਸ਼ੈਅ ਦੀ ਬਹੁਲਤਾ ਮਾਰੂ ਹੈ ਭਰੇ ਮੇਲੇ ਛੱਡੋ ਅਣਸੁਖਾਵੀਆਂ ਘਟਨਾਵਾਂ ਤੇ ਦੂਸਰੇ ਧਰਮ ਜਾਂ ਭਾਈਚਾਰੇ ਪੰਜਾਬ ਵਿੱਚ ਅਦਾਲਤ ਨੇ ਜੋ ਆਖ ਤਾਂ ਕਿ (ਗੁਰੂ ਗ੍ਰੰਥ) ਨੂੰ ਸੜਕਾਂ 'ਤੇ ਧਰਨਿਆਂ, ਰੋਕਣ ਲਈ ਢਾਲ ਨਾ ਬਣਾਵੋ, ਹਵਾ ਫੈਲਦੀ ਨੂੰ ਫੋਰਾ ਨੀ ਲੱਗਦਾ, ਅਸੀਂ ਨਹੀਂ ਚਾਹੁੰਦੇ ਕਿ ਸਾਨੂੰ ਭੀ ਅਜਿਹੀ ਕਿਸੇ ਲਹਿਰ ਦਾ ਸਾਹਮਣਾ ਕਰਨਾ ਪੈ ਜਾਵੇ, ਨੌਜਵਾਨ ਹੀ ਉਲਝਣ ਲੱਗ ਜਾਣ, ਇਸ ਕਰਕੇ ਗੁਰੂਘਰਾਂ ਵਿੱਚ ਹੀ ਮਨਾਵੋ, ਮੇਲੇ ਪਾਰਕਾਂ ਵਿੱਚ ਲੱਗਣ, ਇਸੇ ਲਈ ਬਣਾਏ ਸਨ, ਝੂਟੇ ਭੀ ਉਥੇ ਲਵੋ, ਹਾਂ ਜੇਕਰ ਕਿਸੇ ਗੁਰੂ ਘਰ ਕੋਲ ਲੰਮੀ ਚੌੜੀ ਥਾਂ ਹੈ ਪੰਡਾਲ ਲਾ ਲਵੋ ਪਰ ਹੁਣ ਸੜਕਾਂ 'ਤੇ (ਗੁਰੂ ਗ੍ਰੰਥ) ਫੇਰਨਾ ਕੇਵਲ ਤਾਕਤ ਨੂੰ ਦਿਖਾ ਕੇ ਪਦਵੀਆਂ ਲਈ ਨਾ ਵਰਤੋ, ਸਬੂਤ ਕਿ ਹਰ ਪ੍ਰਬੰਧ ਸਿਆਸੀ ਚੋਧਰੀ ਸੱਦ ਕੇ ਨਿਵਾਜਦੇ ਨੇ ਧਰਮ ਦਾ ਧੁਰਾ ਤਾਂ ਗੁਰੂ ਘਰਾਂ ਵਿੱਚ ਗੁਰੂ ਦੀ ਬਾਣੀ ਸਮਝਾਵੋ ਕੀਰਤਨ ਸਰਲ ਤੇ ਨਿਰੋਲ ਕਰਵਾਉ, ਕਥਾਵਾਚਕਾਂ ਨੂੰ ਸੁਣੋ ਮਿਥਹਾਸਕ ਬਾਤਾਂ ਨਾ ਸੁਣਾਵੋ, ਕਹਿੰਦੇ ਜੀ ਹਿੰਦੂ ਧਰਮ ਤਾਂ ਹੈ ਹੀ ਮਿਥਹਾਸ, ਦੱਸੋ ਕਿਹੜਾ ਧਰਮ ਰਹਿਤ ਹੈ? ਅਸੀਂ ਤਾਂ ਮੁਕਾਬਲੇ ਕਰਨ 'ਤੇ ਹਾਂ, ਚਲੋ ਥੋੜ੍ਹਾ ਸਿਆਸਤ 'ਤੇ ਝਾਤ ਪਾਈਏ, ਭਾਵੇਂ ਅੱਜ ਦੇ ਦੇਸੀ ਪੱਤਰਕਾਰ ਤਾਂ ਰਿਪੋਰਟਰ ਹਨ ਪੱਤਰਕਾਰ ਨਹੀਂ, ਆਪ ਦੀ ਸੰਪਾਦਕੀ ਸੁਘੜ ਪਰ ਇਹਦਾ ਪ੍ਰਚਾਰ ਹੋਵੇ, ਅਸਰ ਹੋਵੇ ਤਾਂ ਹੀ ਤਾਂ ਭਵਿੱਖ ਉਜਲਾ ਤੇ ਅਸੀਂ ਆਪਣੇ ਦੇਸ਼ ਦੇ ਵਾਸੀ ਹੋਣ ਵਿੱਚ ਹਿੱਸੇਦਾਰੀ ਬਣੀਏ ਚੋਣਾਂ ਵਿੱਚ ਜਰਦਾਰੀ ਛੱਡੋ ਪਾਰਟੀ ਦੀਆਂ ਨੀਤੀਆਂ ਵੱਲ ਧਿਆਨ ਦੇਵੋ, ਕੌਂਸਲਾਂ ਅੰਨੇਵਾਹ ਖਰਚ ਕਰਕੇ ਬੈਂਕਰਪਟ ਹੋਈਆਂ, ਹੁਣ ਸੋਚੋ ਜੀ ਅਸੀਂ ਤਾਂ ਮੁੱਢ ਤੋਂ ਹੀ ਇਸ ਪਾਰਟੀ ਨਾਲ ਜੁੜੇ ਹਾਂ, ਜੋ ਖੱਟਦੇ ਦੇ ਜੁੜਨ ਅਸਚਰਜਤਾ ਦੇਖੋ ਸਾਡੇ ਨਾਲ ਦੀ ਬਾਰੋ ਦਾ 40 ਸਾਲ ਦਾ ਲੇਬਰ ਲੀਡਰ, ਮੇਅਰ, ਡਿਪਟੀ ਕੌਂਸਲਰ ਤਾਂ ਸੀ ਹੀ ਹੁਣ ਗੈਲੋਵੇਅ ਨਾਲ ਜਾ ਚਿੰਮੜਿਆ, ਸਬਰ ਸੰਤੋਖ, ਲਾਲਚ ਤਿਆਗ ਭੀ ਕੋਈ ਧਾਰਾ ਹੈ, ਵਿਸ਼ਵਾਸੀ ਬਣੋ ਵਿਧਾਤਾ ਬਲੀ ਹੈ ਬਕਸਾ ਹੀ ਮਿਲਣਾ ਹੈ, ਅੰਤ ਦਾਤੇ ਅੱਗੇ ਹੀ ਆਰਤੇ ਬਣੋ, ਰੋਟੀ ਕਪੜਾ ਰੈਣ ਬਸੇਰਾ, ਸਰਬ ਸੁਖੀ ਹੋਣ।

## ਗੁਰਮੁਖ ਜਨਮ ਸਧਾਰ ਦਰਗਹਿ ਚੱਲਿਆ ਸ਼ਰਧਾਂਜਲੀ

ਸਵ: ਗਿਆਨੀ ਪ੍ਰੀਤਮ ਸਿੰਘ ਜੀ, ਮੈਂ ਸਿੰਘ ਸਭਾ ਗੁਰਦੁਆਰੇ ਦੇ ਦਫਤਰ ਬੈਠੀ ਸੀ, ਯਾਦ ਹੈ ਗਿਆਨੀ ਜੀ ਆਪਣੀ ਜਾਣ ਪਛਾਣ ਵਿੱਚ ਆਖ ਰਹੇ ਸਨ ਦਮਦਮੀ ਟਕਸਾਲ ਦੇ ਵਿੱਦਿਆਰਥੀ ਹਾਂ ਉਹ ਸਾਡੇ ਗ੍ਰੰਥੀ ਸਨ, ਫੇਰ ਕਥਾਵਾਚਕ ਭੀ ਬਣੇ, ਸੇਵਾਵਾਂ ਕਈ ਪੱਖਾਂ ਤੋਂ ਕਰਕੇ ਵਿਚਰੇ, ਸੁਭਾਅ ਦੇ ਨਿੱਘੇ ਪਰ ਬੜੇ ਤਿੱਖੇ ਸਨ ਮੇਰੇ ਕੰਨਾਂ ਵਿੱਚ ਗੂੰਜ ਰਹੇ ਹਨ ਬੋਲ ਸ਼ਬਦ ਦੇ ਜਦੋਂ ਮੇਰੇ ਪਤੀ ਦੇ ਅੰਤਮ ਪਲ ਤੇ ਸਸਕਾਰ, ਸ਼ਮਸ਼ਾਨ ਘਾਟ ਵਿੱਚ ਸਭ ਤੁਰੇ ਜਾਂਦੇ ਸਨ ਤਾਂ ਗਿਆਨੀ ਜੀ ਨੇ ਉਚਾਰਣ ਕੀਤਾ ਗੁਰਮੁਖ ਜਨਮ ਸਧਾਰ, ਗਿਆਨੀ ਜੀ ਹੋਰਾਂ ਦੀ ਕੋਈ ਪੁੱਤਰ ਦੇ ਮੋਹਿਆਂ ਵੱਲੋਂ ਰਿਸ਼ਤੇਦਾਰੀ, ਮੇਰੇ ਪਤੀ ਦੇ ਪਿੰਡ ਅਤੇ ਰੋਡਿਆਂ ਵਾਲੇ ਪਰਿਵਾਰ ਦੀ ਭੀ ਰਿਸ਼ਤੇਦਾਰੀ ਹੈ, ਮੈਨੂੰ ਪੰਜਾਬੋਂ ਆ ਕੇ ਦੱਸਣ ਲੱਗੇ ਕਿ ਆਹ ਰਿਸ਼ਤੇਦਾਰੀ ਹੈ, ਮੈਂ ਕਿਹਾ ਹਾਂ ਜੀ ਸਵ: ਰੇਸ਼ਮ ਸਿੰਘ ਹੋਰੀ ਮਿਲੇ ਸਨ ਬੜੇ ਖੁਸ਼ ਹੋਏ ਹੁਣ ਕੁਝ ਸਮਾਂ ਹੋ ਗਿਆ ਦਰਸ਼ਨ ਨਹੀਂ ਹੋਏ, ਕੁਝ ਮੇਰੇ ਰੁਝੇਵੇਂ ਤੇ ਕੁਝ ਉਨ੍ਹਾਂ ਦੀ ਸਿਹਤ, ਪਰ ਚਲੋ ਆਪਣੀ ਜੀਵਨ-ਕਮਾਈ ਸਫਲ ਕਰ ਗਏ, ਜੋ ਆਇਆ ਸੋ ਚੱਲਸੀ, ਮੈਂ ਉਨ੍ਹਾਂ ਦੇ ਸਮੁੱਚੇ ਪਰਿਵਾਰ ਨਾਲ ਪ੍ਰੇਮੀਆਂ ਨਾਲ ਦੁੱਖ ਵਿੱਚ ਸ਼ਰੀਕ ਹੁੰਦੀ ਹੋਈ ਅਰਦਾਸੀ ਹਾਂ ਅਤੇ ਦੋ ਅੱਖਰ ਆਪਣੀ ਸਤਿਕਾਰੀ ਯਾਦ ਲਈ ਅਰਪਨ ਕਰਕੇ ਫਰਜ ਦੀ ਪੂਰਤੀ ਕਰਦੀ ਹਾਂ, ਪ੍ਰਮਾਤਮਾਂ ਪਰਿਵਾਰ ਵਿੱਚ ਸੁੱਖ-ਸ਼ਾਂਤੀ ਰੱਖੇ, ਬਲ ਦੇਵੇ, ਉਨ੍ਹਾਂ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ੇ।

ਜਾਣਕਾਰੀ ਲਈ ਪਰਚੇ ਦਾ ਧੰਨਵਾਦ।

-ਬਲਵਿੰਦਰ ਕੌਰ ਚਾਹਲਸਾਊਬਾਲ

## ਰਾਸ਼ਟਰਪਤੀ ਚੋਣਾਂ ਅਮਰੀਕਾ ਵਿੱਚ 5 ਮਿਲੀਅਨ ਹਿੰਦੂ ਵੋਟਰਾਂ ਨੂੰ ਲੁਭਾਉਣ ਲਈ ਟਰੰਪ-ਬਿਡੇਨ ਦੀ ਲੜਾਈ



ਵਾਸ਼ਿੰਗਟਨ- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੀ 2024 ਦੀ ਰਾਸ਼ਟਰਪਤੀ ਚੋਣ ਮੁਹਿੰਮ ਵਿੱਚ ਭਾਰਤੀਆਂ, ਖਾਸ ਕਰਕੇ ਹਿੰਦੂ ਅਮਰੀਕੀਆਂ 'ਤੇ ਜ਼ਿਆਦਾ ਧਿਆਨ ਦੇ ਰਹੇ ਹਨ। ਤਾਂ ਜੋ ਉਸ ਨੂੰ ਵੋਟਰਾਂ ਦੇ ਵੱਡੇ ਵਰਗ ਦਾ ਸਮਰਥਨ ਮਿਲ ਸਕੇ। ਭਾਰਤੀ-ਅਮਰੀਕੀਆਂ ਦੇ ਸਬੰਧ ਵਿੱਚ ਰਾਸ਼ਟਰਪਤੀ ਚੋਣ ਵਿੱਚ ਇੱਕ ਵੱਡਾ ਰਣਨੀਤਕ ਬਦਲਾਅ ਦੇਖਿਆ ਜਾ ਸਕਦਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਵੀ ਆਪਣੇ ਵਿਜ਼ਨ ਡਾਕੂਮੈਂਟ 'ਚ 'ਹਿੰਦੂ ਪੇਜ' ਨੂੰ ਸ਼ਾਮਲ ਕਰ ਰਹੇ ਹਨ।ਟਰੰਪ ਦੀ ਹਿੰਦੂ ਅਤੇ ਭਾਰਤੀ-ਅਮਰੀਕੀ ਮੁਹਿੰਮ ਦੇ ਚੇਅਰਮੈਨ ਅਤੇ ਸ਼ਿਕਾਗੋ ਦੇ ਕਾਰੋਬਾਰੀ ਸ਼ਲਭ ਕੁਮਾਰ ਨੇ ਕਿਹਾ ਕਿ ਅਸੀਂ ਹਿੰਦੂ ਅਮਰੀਕੀਆਂ ਦੇ ਵੱਡੇ ਭਾਈਚਾਰੇ ਨੂੰ ਆਪਣੀ ਅਪੀਲ ਦਾ ਵਿਸਥਾਰ ਕਰ ਰਹੇ ਹਾਂ। ਸ਼ਲਭ ਦਾ ਕਹਿਣਾ ਹੈ ਕਿ ਅਮਰੀਕਾ 'ਚ 50 ਲੱਖ ਤੋਂ ਜ਼ਿਆਦਾ ਹਿੰਦੂ ਹਨ, ਜੋ ਭਾਰਤ ਤੋਂ ਇਲਾਵਾ ਕੈਰੇਬੀਅਨ ਦੇਸ਼ਾਂ, ਦੱਖਣੀ ਅਫਰੀਕਾ, ਨੇਪਾਲ ਅਤੇ ਬੰਗਲਾਦੇਸ਼ ਤੋਂ ਅਮਰੀਕਾ ਪਹੁੰਚੇ ਹਨ। ਇਨ੍ਹਾਂ ਵਿੱਚੋਂ 33 ਲੱਖ ਰਜਿਸਟਰਡ ਵੋਟਰ ਹਨ। ਇਨ੍ਹਾਂ ਵਿੱਚੋਂ 60% ਵੋਟਰ ਹਨ।ਜੋ ਰਾਸ਼ਟਰਪਤੀ ਜੋਅ ਬਿਡੇਨ ਦੇ ਸਮਰਥਕ ਹਨ, ਬਿਡੇਨ ਦੇ ਵਿਜ਼ਨ ਦਸਤਾਵੇਜ਼ ਵਿੱਚ ਇੱਕ ਹਿੰਦੂ ਪੰਨੇ ਸਮੇਤ,ਜ਼ੋਰ ਦੇ ਰਹੇ ਹਨ ਕਿ ਉਸ ਦੀ ਮੁਹਿੰਮ ਹਿੰਦੂ ਅਮਰੀਕੀਆਂ ਨੂੰ ਪੈਂਡਿੰਗ ਕਰਨ ਵਿੱਚ ਬਹੁਤ ਵਿਅਸਤ ਹੈ। ਨਤੀਜੇ ਵਜੋਂ, ਬਿਡੇਨ ਨੇ ਇਸ ਵਾਰ ਮੁਸਲਮਾਨਾਂ ਅਤੇ ਯਹੂਦੀਆਂ ਵਾਂਗ ਆਪਣੇ ਦਰਸ਼ਨ ਦਸਤਾਵੇਜ਼ ਵਿੱਚ ਇੱਕ ਹਿੰਦੂ ਪੰਨਾ ਸ਼ਾਮਲ ਕੀਤਾ ਹੈ। ਡੈਮੋਕ੍ਰੇਟਿਕ ਰਣਨੀਤੀਕਾਰ ਅਤੇ ਫੰਡ ਰੇਜ਼ਰ ਰਮੇਸ਼ ਕਪੂਰ ਦਾ ਕਹਿਣਾ ਹੈ ਕਿ ਇਸ ਵਾਰ ਮੁਹਿੰਮ 'ਚ ਹਿੰਦੂ ਪੇਜ ਦਾ ਐਲਾਨ ਕੀਤਾ ਗਿਆ ਹੈ। ਨਾਲ ਹੀ, ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਹਿੰਦੂਆਂ ਵਿਚਕਾਰ ਪ੍ਰਧਾਨਗੀ ਲਈ ਖੜ੍ਹੇ ਹੋਣ ਲਈ ਮੁਹਿੰਮ ਚਲਾਉਣ ਦੀ ਵੀ ਸਲਾਹ ਦਿੱਤੀ ਗਈ ਹੈ।

# ਪੰਜਾਬ ਕਾਂਗਰਸ ਬਗਾਵਤ ਨੂੰ ਠਲਣ ਵਿਚ ਹੋਈ ਬੇਵੱਸ

**ਚੌਧਰੀ ਤੇ ਬੇਅੰਤ ਸਿੰਘ ਪਰਿਵਾਰਾਂ ਸਮੇਤ ਕਾਂਗਰਸ ਦੇ ਮਹਾਂਰਥੀਆਂ ਨੇ ਪਾਰਟੀ ਛਡੀ ○ ਰਾਜਾ ਵੜਿੰਗ ਪ੍ਰਧਾਨਗੀ ਨਿਭਾਉਣ ਵਿਚ ਨਖਿੱਧ ਸਾਬਤ ਹੋਏ ○ ਪੰਜਾਬ ਕਾਂਗਰਸ ਕੋਲ ਕੈਪਟਨ ਤੇ ਜਾਖੜ ਵਰਗੇ ਲੀਡਰ ਦੀ ਘਾਟ ○ ਰਾਜਸੀ ਮਾਹਿਰਾਂ ਅਨੁਸਾਰ ਬਗਾਵਤ ਨਾ ਠਲੀ ਤਾਂ ਕਾਂਗਰਸ ਨੂੰ ਹੋ ਸਕਦਾ ਏ ਵੱਡਾ ਸਿਆਸੀ ਖਤਰਾ**

• ਨਿਊਜ਼ ਵਿਸ਼ਲੇਸ਼ਣ •

ਕੁਛ ਸਮਾਂ ਪਹਿਲਾਂ ਏਬੀਪੀ ਦਾ ਜੋ ਚੋਣ ਵਿਸ਼ਲੇਸ਼ਣ ਪੰਜਾਬ ਬਾਰੇ ਆਇਆ ਸੀ ਉਸ ਵਿਚ ਕਾਂਗਰਸ ਦਾ ਮੁਕਾਬਲਾ ਆਪ ਪਾਰਟੀ ਨਾਲ ਦਸਿਆ ਜਾ ਰਿਹਾ ਸੀ। ਕਾਂਗਰਸ ਨੂੰ ਲੋਕ ਸਭਾ ਚੋਣਾਂ ਵਿਚ ਵਧ ਸੀਟਾਂ ਜਿਤਣ ਦੀ ਸੰਭਾਵਨਾ ਦਸੀ ਜਾ ਰਹੀ ਸੀ। ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਦਾਅਵਾ ਸੀ ਕਿ ਪਾਰਟੀ ਦਾ ਪਹਿਲੀ ਵਾਰ ਬੂਥ ਪੱਧਰ 'ਤੇ ਸੰਗਠਨ ਤਿਆਰ ਕੀਤਾ ਗਿਆ ਹੈ। ਪਰ ਟਿਕਟਾਂ ਦੀ ਵੰਡ ਦੀ ਸ਼ੁਰੂਆਤ ਹੋਣ ਤੱਕ ਕਾਂਗਰਸ ਦੇ ਸੰਗਠਨ ਤੋਂ ਲੈ ਕੇ ਨੇਤਾਵਾਂ ਵਿਚ ਬਗਾਵਤ ਤੇ ਭਾਰੀ ਫੁਟ ਦੇਖਣ ਨੂੰ ਮਿਲ ਰਹੀ ਹੈ। ਕਾਂਗਰਸ ਦੇ ਇਕ-ਇਕ ਕਰ ਕੇ ਨੇਤਾ ਪਾਰਟੀ ਛੱਡ ਕੇ ਦੂਸਰੀਆਂ ਪਾਰਟੀਆਂ ਵਿਚ ਜਾ ਰਹੇ ਹਨ। ਜੇਕਰ ਸਥਿਤੀ ਇਹੀ ਰਹੀ ਤਾਂ ਕਾਂਗਰਸ ਦੇ ਸੁਪਨਿਆਂ ਦਾ ਮਹੱਲ ਢਹਿ ਢੇਰੀ ਹੋ ਸਕਦਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਕਾਂਗਰਸ ਬਗਾਵਤ ਨੂੰ ਕੰਟਰੋਲ ਨਾ ਕਰ ਸਕੀ ਤਾਂ ਇਸ ਦਾ ਫਾਇਦਾ ਅਕਾਲੀ ਦਲ ਨੂੰ ਘੱਟ, ਭਾਜਪਾ ਅਤੇ ਆਪ ਪਾਰਟੀ ਨੂੰ ਵਧ ਮਿਲੇਗਾ। ਪਾਰਟੀ ਵਿਚ ਵਧਦੀ ਬਗਾਵਤ ਨੂੰ ਕਾਬੂ ਕਰਨ ਵਿਚ ਕਾਂਗਰਸ ਬੇਵੱਸ ਨਜ਼ਰ ਆ ਰਹੀ ਹੈ, ਕਿਉਂਕਿ ਪਾਰਟੀ ਵਿਚ ਹਾਲੇ ਤਕ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਵਰਗੇ ਕੱਦ ਦੇ ਨੇਤਾ ਦੀ ਕਮੀ ਦੇਖੀ ਜਾ ਰਹੀ ਹੈ, ਜਿਸ ਦੀ ਗੱਲ 'ਤੇ ਸਾਰੇ ਵਿਸ਼ਵਾਸ ਕਰ ਸਕਣ ਅਤੇ ਪਾਰਟੀ ਵਿਚ ਅਨੁਸ਼ਾਸਨ ਬਹਾਲ ਹੋ ਸਕੇ। ਹਾਲੇ ਤੱਕ ਕਾਂਗਰਸ ਹਮੇਸ਼ਾ ਹੀ ਭਾਰੀ-ਭਰਕਮ ਕੱਦ ਵਾਲੇ ਇੰਚਾਰਜ ਲਗਾਉਂਦੀ ਰਹੀ ਹੈ। ਫਿਰ ਭਾਵੇਂ ਆਸ਼ਾ ਕੁਮਾਰੀ ਹੋਵੇ ਜਾਂ ਹਰੀਸ਼ ਰਾਵਤ ਜਾਂ ਫਿਰ ਹਰੀਸ਼ ਚੌਧਰੀ। ਦੇਵੇਂਦਰ ਯਾਦਵ ਦਾ ਕੱਦ ਇਨ੍ਹਾਂ ਨੇਤਾਵਾਂ ਦੇ ਬਰਾਬਰ ਦਾ ਨਹੀਂ ਹੈ। ਇਹੀ ਕਾਰਨ ਹੈ ਕਿ ਇਕ-ਇਕ ਕਰ ਕੇ ਵੱਡੇ ਚਿਹਰੇ ਪਾਰਟੀ ਛੱਡ ਕੇ ਜਾ ਰਹੇ ਹਨ ਅਤੇ ਕਾਂਗਰਸ ਉਸ ਨੂੰ ਰੋਕਣ ਵਿਚ ਬੇਵੱਸ ਸਾਬਤ ਹੋ ਰਹੀ ਹੈ

### ਕਾਂਗਰਸ ਦੇ ਮਸ਼ਹੂਰ ਪਰਿਵਾਰਾਂ ਨੇ ਪਾਰਟੀ ਛਡੀ

ਪੰਜਾਬ ਕਾਂਗਰਸ ਦੇ ਵਡੇ ਮਹਾਂਰਥੀ ਕੈਪਟਨ ਅਤੇ ਜਾਖੜ ਪਰਿਵਾਰ ਪਹਿਲਾਂ ਹੀ ਕਾਂਗਰਸ ਨੂੰ ਛੱਡ ਗਏ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਜਦਕਿ ਲੋਕ ਸਭਾ ਚੋਣਾਂ ਦੌਰਾਨ ਮਰਹੂਮ ਬੇਅੰਤ ਸਿੰਘ ਪਰਿਵਾਰ ਦੇ ਰਵਨੀਤ ਬਿੱਟੂ ਕਾਂਗਰਸ ਛੱਡ ਕੇ ਭਾਜਪਾ ਵਿਚ ਚਲਾ ਗਿਆ। ਦੋਆਬਾ ਵਿਚ ਦਲਿਤ ਰਾਜਨੀਤੀ ਦਾ ਸਾਲਾਂ ਤੱਕ ਝੰਡਾ ਚੁੱਕਣ ਵਾਲੇ ਚੌਧਰੀ ਪਰਿਵਾਰ ਦੀ ਕਰਮਜੀਤ ਕੌਰ ਜਲੰਧਰ ਹਲਕੇ ਤੋਂ ਟਿਕਟ ਨਾ ਮਿਲਣ ਕਾਰਣ ਭਾਜਪਾ ਵਿਚ ਜਾ ਚੁੱਕੀ ਹੈ ਜਦਕਿ ਕਰਮਜੀਤ ਕੌਰ ਦੇ ਪਤੀ ਤੇ ਸਾਬਕਾ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦਾ ਦੇਹਾਂਤ ਹੀ ਰਾਹੁਲ ਗਾਂਧੀ ਦੀ ਦੇਸ਼ ਬਚਾਓ ਯਾਤਰਾ ਦੌਰਾਨ ਹੋਈ ਸੀ। ਕਰਮਜੀਤ ਕੌਰ ਦੇ ਨਾਲ ਹੀ ਗਾਂਧੀ ਪਰਿਵਾਰ ਦੇ ਨਜ਼ਦੀਕੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਹਿਮਾਚਲ ਪ੍ਰਦੇਸ਼ ਦੇ ਸਹਿ ਇੰਚਾਰਜ ਤਜਿੰਦਰ ਸਿੰਘ ਬਿੱਟੂ

## ਰਾਜਾ ਵੜਿੰਗ ਪ੍ਰਧਾਨਗੀ ਦੀ ਭੂਮਿਕਾ ਨਿਭਾਉਣ ਤੋਂ ਅਸਮਰਥ



ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕੱਦ ਕੈਪਟਨ ਅਮਰਿੰਦਰ ਸਿੰਘ ਜਾਂ ਸੁਨੀਲ ਜਾਖੜ ਵਾਂਗ ਨਹੀਂ ਹੈ। ਵੜਿੰਗ ਭਾਵੇਂ ਹੀ ਸੂਬਾ ਪ੍ਰਧਾਨ ਹਨ ਪਰ ਪਾਰਟੀ ਦੇ ਸੀਨੀਅਰ ਨੇਤਾ ਉਨ੍ਹਾਂ 'ਤੇ ਭਰੋਸਾ ਨਹੀਂ ਕਰਦੇ। ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੀਆਂ ਟਿਕਟਾਂ ਦੀ ਵੰਡ ਨਾਲ ਜੁੜਿਆ ਦਿਲਚਸਪ ਪਹਿਲੂ ਸਾਹਮਣੇ ਆਇਆ ਹੈ ਕਿ ਜੋ ਰਾਜਾ ਵੜਿੰਗ ਪੰਜਾਬ ਪ੍ਰਧਾਨ ਰੂਪ ਵਿਚ ਸੂਬੇ ਵਿਚ 13 ਸੀਟਾਂ 'ਤੇ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਸਿਫਾਰਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਕੁਰਸੀ ਬਚਾਉਣ ਲਈ ਬਠਿੰਡਾ ਤੋਂ ਪਤਨੀ ਦੀ ਟਿਕਟ ਛੱਡਣੀ ਪਈ ਹੈ। ਮਿਲੀ ਜਾਣਕਾਰੀ ਮੁਤਾਬਕ ਟਿਕਟਾਂ ਦੀ ਵੰਡ ਦੌਰਾਨ ਰਾਜਾ ਵੜਿੰਗ ਦੇ ਵਿਰੋਧੀਆਂ ਨੇ ਇਹ ਮੁੱਦਾ ਚੁੱਕਿਆ ਸੀ ਕਿ ਜੇਕਰ ਉਸ ਦੀ ਪਤਨੀ ਨੂੰ ਟਿਕਟ ਦੇ ਦਿੱਤੀ ਗਈ ਤਾਂ ਉਨ੍ਹਾਂ ਦੀਆਂ ਗਤੀਵਿਧੀਆਂ ਬਠਿੰਡਾ ਵਿਚ ਹੀ ਸੀਮਤ ਹੋ ਕੇ ਰਹਿ ਜਾਣਗੀਆਂ। ਦੱਸਿਆ ਜਾ ਰਿਹਾ ਹੈ ਕਿ ਟਿਕਟ ਲਈ ਜ਼ਿੱਦ ਕਰਨ 'ਤੇ ਹਾਈਕਮਾਂਡ ਵਲੋਂ ਰਾਜਾ ਵੜਿੰਗ ਨੂੰ ਪੰਜਾਬ ਪ੍ਰਧਾਨ ਦਾ ਅਹੁਦਾ ਛੱਡਣ ਦੀ ਗੱਲ ਕਹੀ ਗਈ ਸੀ।

ਵੀ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਕਾਂਗਰਸ ਪਾਰਟੀ ਨੇ ਕਰਮਜੀਤ ਕੌਰ ਨੂੰ ਪਤੀ ਦੀ ਮੌਤ ਤੋਂ ਬਾਅਦ 2023 ਦੀ ਜ਼ਿਮਨੀ ਚੋਣ ਵਿੱਚ ਟਿਕਟ ਦਿੱਤੀ ਸੀ ਪਰ ਉਹ ਆਪ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਤੋਂ ਹਾਰ ਗਏ ਸਨ। ਇਸ ਵਾਰ ਵੀ ਉਨ੍ਹਾਂ ਦੇ ਪੁੱਤਰ ਅਤੇ ਕਾਂਗਰਸੀ ਵਿਧਾਇਕ ਵਿਕਰਮ ਚੌਧਰੀ ਆਪਣੀ ਮਾਂ ਕਰਮਜੀਤ ਕੌਰ ਲਈ ਟਿਕਟ ਮੰਗ ਰਹੇ ਸਨ ਪਰ ਪਾਰਟੀ ਨੇ ਉਨ੍ਹਾਂ ਦੀ ਥਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਟਿਕਟ ਦਿੱਤੀ ਇਸ ਤੋਂ ਗੁਸੇ ਹੋਕੇ ਕਰਮਜੀਤ ਭਾਜਪਾ ਵਿਚ ਸ਼ਾਮਲ ਹੋ ਗਏ ਹਨ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ 'ਇਸ ਬਾਰੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਚੌਧਰੀ ਪਰਿਵਾਰ ਨੇ ਕਾਂਗਰਸ ਪਾਰਟੀ ਦੇ ਨਾਲ ਮਿਲ ਲੋਕਾਂ ਦੇ ਕਈ ਕੰਮ ਕੀਤੇ ਜਿਸ ਕਾਰਨ ਕਾਂਗਰਸ ਨੇ ਵੀ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਵੱਡੇ-ਵੱਡੇ ਅਹੁਦੇ ਦਿੱਤੇ ਸਨ। ਪਰ ਹੁਣ ਮੌਜੂਦਾ ਹਾਲਾਤ ਵਿਚ ਚੌਧਰੀ ਕਰਮਜੀਤ ਕੌਰ ਅਤੇ ਉਨ੍ਹਾਂ ਦੇ ਪੁੱਤਰ ਵਿਧਾਇਕ ਵਿਕਰਮਜੀਤ ਸਿੰਘ ਨੇ ਜੋ ਕੁਝ ਕੀਤਾ ਹੈ, ਉਸ ਨੇ ਚੌਧਰੀ ਪਰਿਵਾਰ ਦਾ ਸਾਰਾ ਇਤਿਹਾਸ ਹੀ ਤਹਿਸ-ਨਹਿਸ ਕਰ ਦਿੱਤਾ ਹੈ। ਅੱਜ ਮਰਹੂਮ ਸੰਤੋਖ ਸਿੰਘ ਚੌਧਰੀ ਦੀ ਰੂਹ ਵੀ ਰੋ ਰਹੀ ਹੋਵੇਗੀ।

ਦੂਸਰੇ ਪਾਸੇ ਫਿਲੌਰ ਤੋਂ ਕਾਂਗਰਸੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਚੰਨੀ ਜਿੱਥੇ ਵੀ ਗਏ, ਉਨ੍ਹਾਂ ਨੇ ਪਾਰਟੀ ਦਾ ਨੁਕਸਾਨ ਕੀਤਾ। ਪਾਰਟੀ ਛੱਡੋ ਇਨ੍ਹਾਂ ਨੇ ਤਾਂ ਆਪਣੇ ਪਰਿਵਾਰ ਨੂੰ ਨਹੀਂ ਛੱਡਿਆ। ਉਨ੍ਹਾਂ ਨੇ ਆਪਣੇ ਰਿਸ਼ਤੇਦਾਰ ਮਹਿੰਦਰ ਸਿੰਘ ਕੇ.ਪੀ. ਨਾਲ ਵੀ ਧੋਖਾ ਕੀਤਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਉਨ੍ਹਾਂ ਦੇ ਪਿਤਾ ਦੀ ਜਾਨ ਚਲੀ ਗਈ ਸੀ। ਇੰਨੀ ਵੱਡੀ ਕੁਰਬਾਨੀ ਤੋਂ ਬਾਅਦ ਵੀ ਉਨ੍ਹਾਂ ਦੀ ਮਾਤਾ ਕਰਮਜੀਤ ਕੌਰ ਚੌਧਰੀ ਦੀ ਅਣਦੇਖੀ ਕੀਤੀ ਗਈ। ਪਾਰਟੀ ਨੂੰ ਇਸ ਬਾਰੇ ਸੋਚਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਚੰਨੀ ਪੰਜਾਬ ਦੇ ਇੱਕੋ-ਇੱਕ ਮੁੱਖ ਮੰਤਰੀ ਹਨ, ਜਿਹੜੇ ਮੁੱਖ ਮੰਤਰੀ ਹੁੰਦਿਆਂ ਦੋ-ਦੋ ਸੀਟਾਂ ਹਾਰੇ।

### ਹੋਰ ਕਾਗਰਸੀ ਆਗੂਆਂ ਵਲੋਂ ਦਲ ਬਦਲੀ

ਹੁਣੇ ਜਿਹੇ ਜਲੰਧਰ ਤੋਂ ਲੋਕ ਸਭਾ ਦੀ ਟਿਕਟ ਨਾ ਮਿਲਣ ਤੋਂ ਹਾਈਕਮਾਂਡ ਨਾਲ ਨਰਾਜ਼ ਸਾਬਕਾ ਕਾਂਗਰਸੀ ਸਾਂਸਦ ਮਹਿੰਦਰ ਸਿੰਘ ਕੇ.ਪੀ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ ਹਨ। ਇਸ ਤੋਂ ਪਹਿਲਾਂ ਗੁਰਪ੍ਰੀਤ ਜੀਪੀ ਅਤੇ ਡਾ. ਰਾਜਕੁਮਾਰ ਚੱਬੇਵਾਲ ਵਰਗੇ ਨੇਤਾ ਵੀ ਕਾਂਗਰਸ ਝੱਡ ਕੇ 'ਆਪ' ਦੇ ਉਮੀਦਵਾਰ ਬਣ ਗਏ ਹਨ। ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਵੱਲੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦੇਣ ਖ਼ਿਲਾਫ਼ ਟਕਸਾਲੀ ਕਾਂਗਰਸੀ ਵਰਕਰਾਂ ਤੇ ਅਹੁਦੇਦਾਰਾਂ ਨੂੰ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਮਨਾਉਣ ਤੋਂ ਅਸਮਰੱਥ ਰਹੇ। ਰਾਜਪੁਰਾ ਵਿਚ ਗਾਂਧੀ ਨੂੰ ਟਿਕਟ ਦੇਣ ਦਾ ਵਿਰੋਧ ਕਰ ਰਹੇ ਵਰਕਰਾਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਰਾਜਾ ਵੜਿੰਗ ਨੇ ਡਾ. ਧਰਮਵੀਰ ਗਾਂਧੀ ਦਾ ਸਾਥ ਦੇਣ ਦੀ ਅਪੀਲ ਕੀਤੀ। ਕਾਂਗਰਸੀ ਵਰਕਰਾਂ ਨੇ ਬਾਗੀ ਸੁਰਾਂ ਅਪਨਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਉਮੀਦ ਸੀ ਕਿ ਰਾਜਾ ਵੜਿੰਗ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਲਈ ਕੋਈ ਖੁਸ਼ਖ਼ਬਰੀ ਲੈ ਕੇ ਆਉਣਗੇ ਪਰ ਅਜਿਹਾ ਨਹੀਂ ਹੋਇਆ। ਵਰਕਰਾਂ ਨੇ ਐਲਾਨ ਕੀਤਾ ਕਿ ਇਨ੍ਹਾਂ ਚੋਣਾਂ ਦੌਰਾਨ ਉਹ ਆਪਣੀ ਵੋਟ ਤਾਂ ਕਾਂਗਰਸ ਪਾਰਟੀ ਨੂੰ ਪਾ ਦੇਣਗੇ ਪਰ ਡਾ. ਗਾਂਧੀ ਲਈ ਵੋਟਾਂ ਮੰਗਣ ਲਈ ਨਹੀਂ ਤੁਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਹਾਈਕਮਾਨ ਨੂੰ ਟਿਕਟ 'ਤੇ ਨਜ਼ਰਸਾਨੀ ਕਰਨੀ ਚਾਹੀਦੀ ਹੈ ਨਹੀਂ ਤਾਂ ਇਹ ਜਿੱਤੀ ਹੋਈ ਸੀਟ ਪਾਰਟੀ ਦੇ ਹੱਥੋਂ ਨਿਕਲ ਜਾਵੇਗੀ। ਸੀਨੀਅਰ ਆਗੂ ਤੇ ਸਾਬਕਾ ਮੰਤਰੀ ਲਾਲ ਸਿੰਘ ਨੇ ਰਾਜਾ ਵੜਿੰਗ ਨੂੰ ਕਿਹਾ ਕਿ ਅਸੀਂ ਕਾਂਗਰਸ ਅਤੇ ਤੁਹਾਨੂੰ ਮਾਫੀਆ ਤੇ ਘੁਸਪੈਠੀਆਂ ਤੋਂ ਬਚਾਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਟਕਸਾਲੀਆਂ ਦੀ ਬਾਂਹ ਫੜੀ ਜਾਵੇ ਤੇ ਵਰਕਰਾਂ ਦੇ ਸ਼ਿਕਵੇ ਦੂਰ ਕਰ ਕੇ ਵਰਕਰਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਦੂਸਰੇ ਪਾਸੇ ਰਾਜਪੁਰਾ ਰੈਲੀ ਸਬੰਧੀ ਕਾਂਗਰਸ ਦੇ ਉਮੀਦਵਾਰ ਧਰਮਵੀਰ ਗਾਂਧੀ ਨੇ ਕਿਹਾ ਕਿ ਪਟਿਆਲਾ ਦੀ ਸੀਨੀਅਰ ਲੀਡਰਸ਼ਿਪ ਨੂੰ ਖ਼ੁਦ ਜਾ ਕੇ ਮਿਲਾਂਗਾ ਤੇ ਚੋਣ ਮੁਹਿੰਮ ਯੋਜਨਾ ਤਿਆਰ ਕੀਤੀ ਜਾਵੇਗੀ।

ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਹੁਣ ਆਪਣੇ ਲੋਕ ਸਭਾ ਹਲਕੇ ਫਰੀਦਕੋਟ ਵਿੱਚ ਘਿਰ ਗਏ ਹਨ। ਪਾਰਟੀ ਅੰਦਰ ਬਾਗੀ ਸੁਰਾਂ ਉੱਠੀਆਂ ਹਨ। ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਨੇ ਫਰੀਦਕੋਟ ਲੋਕ ਸਭਾ ਸੀਟ ਤੋਂ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਪਾਰਟੀ ਤੋਂ ਟਿਕਟ ਦਾ ਦਾਅਵਾ ਵੀ ਵਾਪਸ ਲੈ ਲਿਆ ਹੈ।ਡੈਨੀ ਵਾਲਮੀਕਿ ਅਤੇ ਧਾਰਮਿਕ ਭਾਈਚਾਰੇ ਨਾਲ ਸਬੰਧਤ ਮਸਲੇ ਹੱਲ ਨਾ ਹੋਣ ਤੋਂ ਉਹ ਨਿਰਾਸ਼ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨਾਲ ਵੀ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਸੁਖਵਿੰਦਰ ਡੈਨੀ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਵਾਲਮੀਕਿ/ਮਜ਼੍ਹਬੀ ਸਿੱਖ ਕੌਮ ਤੁਹਾਨੂੰ ਵੋਟ ਜਾਂ ਸਮਰਥਨ ਕਿਉਂ ਕਰੇ ? ਜਦੋਂ ਤੁਹਾਡੇ ਭਾਈਚਾਰੇ ਦੇ ਲੋਕਾਂ ਨੇ ਸਭ ਤੋਂ ਵੱਧ ਹੋਣ ਦੇ ਬਾਵਜੂਦ ਮਜ਼੍ਹਬੀ ਸਿੱਖ/ ਵਾਲਮੀਕੀ ਭਾਈਚਾਰੇ ਦੇ ਰਾਖਵੇਂਕਰਨ ਦੇ ਅਧਿਕਾਰਾਂ ਨੂੰ ਖੋਹਣ ਲਈ ਮਾਣਯੋਗ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕੀਤਾ ਹੈ (1975 ਵਿੱਚ ਮੇਰੇ ਭਾਈਚਾਰੇ ਨੂੰ ਦਿੱਤੇ ਗਏ ਕੁੱਲ 25% ਸ਼ਛ ਰਾਖਵੇਂਕਰਨ ਦਾ 12.5%) ਦਲਿਤਾਂ ਅਤੇ ਦੱਬੇ-ਕੁਚਲੇ ਵਰਗਾਂ ਨੂੰ ਰਾਖਵੇਂਕਰਨ ਦੀ ਸਭ ਤੋਂ ਵੱਧ ਲੋੜ ਕਿਸ ਨੂੰ ਹੈ ?

ਤੁਸੀਂ ਪੰਜਾਬ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਮਜਹਬੀ ਸਿੱਖ ਭਾਈਚਾਰੇ ਨੂੰ ਆਪਣੀ ਕੈਬਨਿਟ ਤੋਂ ਬਾਹਰ ਰੱਖਣ ਲਈ ਆਪਣੇ ਰਸਤੇ ਤੋਂ ਬਾਹਰ ਹੋ ਗਏ ਜੋ ਕਿ ਗਿਣਤੀ ਦੇ ਤੌਰ 'ਤੇ ਪੰਜਾਬ ਦਾ ਸਭ ਤੋਂ ਵੱਡਾ ਅਨੁਸੂਚਿਤ ਭਾਈਚਾਰੇ (ਕੁੱਲ ਅਨੁਸੂਚਿਤ ਜਾਤੀ ਦੀ ਆਬਾਦੀ ਦਾ 31.6%) ਹੈ। ਚੰਨੀ, ਲੋਕਤਾਂਤਰਿਕ ਮੁਕਾਬਲੇ ਵਿੱਚ ਤੁਸੀਂ ਮੇਰੇ "ਸਮਾਜ" ਲਈ ਜ਼ਿੰਮੇਵਾਰ ਅਤੇ ਜਵਾਬਦੇਹ ਹੋ। ਮੈਂ ਆਪਣੀ ਪੂਰੀ ਤਾਕਤ ਅਤੇ ਸ਼ਿਸ਼ਟਾਚਾਰ ਨਾਲ ਆਪਣੇ ਭਾਈਚਾਰੇ ਦੇ ਨਾਲ ਖੜ੍ਹਾ ਹਾਂ ਅਤੇ ਸਾਡੇ ਮਜ਼੍ਹਬੀ ਅਤੇ ਵਾਲਮੀਕਿ ਭਾਈਚਾਰੇ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਹਨੇਰਾ ਕਰਨ ਵਾਲੇ ਇਸ ਕਾਲੇ ਅਤੇ ਗੰਭੀਰ ਕਦਮ ਦਾ ਵਿਰੋਧ ਕਰਦਾ ਹਾਂ। ਮੈਂ ਫਰੀਦਕੋਟ ਤੋਂ ਚੋਣ ਨਹੀਂ ਲੜਨਾ ਚਾਹੁੰਦਾ ਅਤੇ ਪਾਰਟੀ ਨੂੰ ਆਪਣੀ ਅਰਜ਼ੀ ਵਾਪਸ ਲੈਣ ਦੀ ਬੇਨਤੀ ਕੀਤੀ ਹੈ।

# ਖਾਲਸਾ ਦਿਹਾੜੇ 'ਤੇ ਨਗਰ ਕੀਰਤਨ ਮੌਕੇ ਸਾਢੇ ਪੰਜ ਲੱਖ ਤੋਂ ਵੱਧ ਸਿੱਖ ਸੰਗਤਾਂ ਨਾਲ ਸਰੀ ਖਾਲਸਾਈ ਜਾਹੋ-ਜਲਾਲ ਵਿੱਚ ਰੰਗਿਆ


## "ਸਿੱਖ ਨਸਲਕੁਸ਼ੀ1984 ਨੂੰ ਕੈਨੇਡਾ ਦੀ ਪਾਰਲੀਮੈਂਟ ਵਿੱਚ ਮਾਨਤਾ ਅਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਲਈ ਇਨਸਾਫ ਸਾਡਾ ਮੁੱਖ ਮਕਸਦ"- ਐਨ.ਡੀ.ਪੀ. ਨੈਸ਼ਨਲ ਆਗੂ ਜਗਮੀਤ ਸਿੰਘ







ਡਾ. ਗੁਰਵਿੰਦਰ ਸਿੰਘ



ਸਰੀ-ਕੈਨੇਡਾ ਦੀ ਧਰਤੀ 'ਤੇ 'ਸਿੱਖ ਵਿਰਾਸਤ' ਮਹੀਨੇ ਦੌਰਾਨ ਖਾਲਸਾ ਦਿਹਾੜੇ ਨੂੰ ਸਮਰਪਿਤ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਸਰੀ ਵਲੋਂ ਸਜਾਏ ਮਹਾਨ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ, ਸਾਢੇ ਪੰਜ ਲੱਖ ਤੋਂ ਵੱਧ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਸਰੀ ਸ਼ਹਿਰ ਖਾਲਸਾਈ ਜਾਹੋ-ਜਲਾਲ ਵਿੱਚ ਰੰਗਿਆ ਗਿਆ। ਕੈਨੇਡਾ ਦੇ ਮੂਲ ਨਿਵਾਸੀਆਂ ਦੀ ਰਵਾਇਤੀ ਅਰਦਾਸ ਨਾਲ ਆਰੰਭ ਹੋਏ ਨਗਰ ਕੀਰਤਨ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾਲਕੀ ਦੇ ਵਿੱਚ ਸੁਸ਼ੋਭਿਤ ਕੀਤੇ ਹੋਏ ਸਨ, ਜਿਨ੍ਹਾਂ ਦੇ ਅੱਗੇ ਗੱਤਕੇ ਦੇ ਤਿਆਰ-ਬਰ-ਤਿਆਰ ਸਿੱਖ ਬੱਚੇ-ਬੱਚੀਆਂ ਸਲਾਮੀ ਦੇ ਰਹੇ ਹਨ। ਸਿੱਖੀ ਮਰਿਆਦਾ ਅਨੁਸਾਰ ਪ੍ਰਭਾਵਸ਼ਾਲੀ ਤੇ ਮਨਮੋਹਕ ਢੰਗ ਨਾਲ ਸਜਾਏ ਗਏ ਗੁਰੂ ਗ੍ਰੰਥ ਸਾਹਿਬ ਦੇ ਵਾਹਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ।

ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖੀ ਸਿਧਾਂਤਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਕੀਤੇ ਖਾਲਸੇ, ਗੁਰਬਾਣੀ ਦੀ ਪ੍ਰੇਰਨਾ ਤੇ ਇਤਿਹਾਸ ਨੂੰ ਵਰਤਮਾਨ ਵਿੱਚ ਅਪਨਾਉਂਦਿਆਂ, ਇਸ ਵਾਰ ਨਗਰ ਕੀਰਤਨ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਸਿੱਖ ਸੰਘਰਸ਼ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਕੇਂਦਰ ਬਿੰਦੂ ਰਹੀ। ਸਰੀ, ਵੈਨਕੂਵਰ ਅਤੇ ਐਬਟਸਫੋਰਡ ਦੇ ਵੱਖ-ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਨੌਜਵਾਨ ਖਾਲਿਸਤਾਨ ਦੇ ਝੰਡੇ ਲਹਿਰਾ ਰਹੇ ਸਨ ਅਤੇ ਖਾਲਸਾ ਰਾਜ ਦੀ ਕਾਮਨਾ ਕਰ ਰਹੇ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ, ਜਿੱਥੋਂ ਗੁਰਬਾਣੀ ਦਾ ਕੀਰਤਨ ਪ੍ਰਸਾਰਤ ਹੋ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ।

ਨਗਰ ਕੀਰਤਨ ਦੀ ਮੁੱਖ ਸਟੇਜ ਤੋਂ ਸੰਬੋਧਨ ਕਰਦਿਆਂ ਕੈਨੇਡਾ ਦੀ ਨੈਸ਼ਨਲ ਪਾਰਟੀ ,ਨਿਊ ਡੈਮੋਕਰੇਟਿਕ ਪਾਰਟੀ ਦੇ ਕੌਮੀ ਲੀਡਰ ਸਰਦਾਰ ਜਗਮੀਤ ਸਿੰਘ ਨੇ ਜਿੱਥੇ ਸਿੱਖ ਨਸਲਕੁਸ਼ੀ 1984 ਦੇ ਮਹਾਂ ਦੁਖਾਂਤ ਦੀ ਮਾਨਤਾ ਲਈ ਕੈਨੇਡਾ ਦੀ ਪਾਰਲੀਮੈਂਟ ਵਿੱਚ ਲੱਖਾਂ ਦਸਤਕਾਂ ਵਾਲੀ ਪਟੀਸ਼ਨ ਪੇਸ਼ ਕਰਨ ਅਤੇ ਮਾਨਤਾ ਦਿਵਾਉਣ ਦੀ ਵਚਨਬੱਧਤਾ ਪ੍ਰਗਟਾਈ, ਉੱਥੇ ਉਹਨਾਂ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਨੂੰ ਯਾਦ ਕਰਦਿਆਂ, ਉਹਨਾਂ ਦੀ ਸ਼ਹਾਦਤ ਲਈ ਇਨਸਾਫ ਦੀ ਆਵਾਜ਼ ਉਠਾਉਣ ਦਾ ਅਹਿਦ ਲਿਆ। ਇੰਡੀਅਨ ਸਟੇਟ ਵੱਲੋਂ ਕੀਤੀ ਗਈ ਸਿੱਖਾਂ ਦੀ ਨਸਲਕੁਸ਼ੀ ਬਾਰੇ ਬੋਲਦਿਆਂ ਉਨਾਂ ਕਿਹਾ ਕਿ ਇਸ ਦੇ ਪ੍ਰਵਾਨਗੀ ਨਾਲ ਜਿੱਥੇ ਅੰਤਰਰਾਸ਼ਟਰੀ ਪੱਧਰ 'ਤੇ 'ਜ਼ੁਲਮੀ ਹਕੂਮਤ' ਦਾ ਚਿਹਰਾ ਨੰਗਾ ਹੋਏਗਾ, ਉਥੇ ਸਿੱਖਾਂ ਨਾਲ ਹੋਈ ਬੇਇਨਸਾਫੀ ਦੀ ਗੱਲ ਸੰਸਾਰ ਜਾਣ ਸਕੇਗਾ। ਭਾਈ ਗਿਆਨ ਸਿੰਘ ਗਿੱਲ ਨੇ ਜਗਮੀਤ ਸਿੰਘ ਦਾ, ਪਾਰਲੀਮੈਂਟ ਵਿੱਚ ਉਹਨਾਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮਿਲ ਕੇ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਲਈ ਇੰਡੀਅਨ ਏਜੰਸੀਆਂ ਦੀ ਸਾਜਿਸ਼ ਨੂੰ ਨੰਗਾ ਕਰਨ ਲਈ, ਜੈਕਾਰਿਆਂ ਦੀ ਗੂੰਜ ਵਿੱਚ ਧੰਨਵਾਦ ਕੀਤਾ।

ਨਗਰ ਕੀਰਤਨ ਦੀ ਮੁੱਖ ਸਟੇਜ ਤੋਂ ਸਰੀ ਦੀ ਮੌਜੂਦਾ ਮੇਅਰ ਬਰਿੰਡਾ ਲੌਕ ਅਤੇ ਸਾਬਕਾ ਮੇਅਰ ਡੱਗ ਮੁਕੰਮਲ ਨੇ ਵੀ ਸੰਬੋਧਨ ਕੀਤਾ। ਸਿੱਖਾਂ ਤੋਂ ਇਲਾਵਾ ਹਿੰਦੂ, ਇਸਾਈ, ਮੂਲ ਨਿਵਾਸੀ, ਮੁਸਲਿਮ, ਯਹੂਦੀ, ਖੱਬੇ ਪੱਖੀ, ਤਰਕਸ਼ੀਲ ਅਤੇ ਹੋਰਨਾਂ ਕੌਮਾਂ ਦੇ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਉਤਸ਼ਾਹ ਨਾਲ ਸ਼ਾਮਲ ਹੋਏ। ਬੀ ਸੀ ਦੇ ਪ੍ਰੀਮੀਅਰ ਡੇਵਿਡ ਈਬੀ ਆਪਣੇ ਕੈਬਨਿਟ ਮੰਤਰੀਆਂ ਸਮੇਤ ਨਗਰ ਕੀਰਤਨ ਵਿਚ ਸ਼ਾਮਿਲ ਹੋਏ। ਬੀ ਸੀ ਯੂਨਾਈਟਡ ਆਗੂ ਕੇਵਿਨ ਫਾਲਕਨ ਅਤੇ ਬੀ ਸੀ ਕੰਜ਼ਰਵੇਟਿਵ ਆਗੂ ਜੌਹਨ ਰਸਟਿਡ ਵੀ ਆਪੋ ਆਪਣੀ ਪਾਰਟੀਆਂ ਦੇ ਉਮੀਦਵਾਰਾਂ ਤੇ ਕਾਰਕੁੰਨਾਂ ਨਾਲ ਹਾਜ਼ਰ ਸਨ। ਉਹਨਾਂ ਤੋਂ ਇਲਾਵਾ ਐਡਮਿੰਟਨ ਤੋਂ ਕੰਸਰਵੇਟਿਵ ਐਮ ਪੀ ਟਿਮ ਉਪਲ, ਕੈਲਗਰੀ ਤੋਂ ਕੰਸਰਵੇਟਿਵ ਐਮ ਪੀ ਜਸਰਾਜ ਸਿੰਘ ਹੱਲਣ, ਫੈਡਰਲ ਮੰਤਰੀ ਹਰਜੀਤ ਸਿੰਘ ਸੱਜਣ, ਸਰੀ ਨਿਊਟਨ ਤੋਂ ਲਿਬਰਲ ਐਮ ਪੀ ਸੁੱਖ ਧਾਲੀਵਾਲ, ਸਰੀ ਸੈਂਟਰ ਤੋਂ ਐਮ ਪੀ ਰਣਦੀਪ ਸਿੰਘ ਸਰਾਏ ਤੋਂ ਇਲਾਵਾ ਹੋਰ ਕਈ ਸ਼ਖਸੀਅਤਾਂ ਨੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਤੇ ਸੰਗਤਾਂ ਨੂੰ ਵਿਸਾਖੀ ਦੇ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

ਨਗਰ ਕੀਰਤਨ ਦੌਰਾਨ ਸਿੱਖ ਮੋਟਰਸਾਈਕਲ ਕਲੱਬਾਂ ਦੇ ਮੈਂਬਰਾਂ ਨੇ ਜਿਥੇ ਕੈਨੇਡਾ ਵਿਚ ਸਿੱਖੀ ਦੀ ਸ਼ਾਨ ਦਾ ਪ੍ਰਦਰਸ਼ਨ ਕੀਤਾ, ਉਥੇ ਸਿੱਖ ਸੰਸਥਾਵਾਂ ਨਾਲ ਜੁੜੇ ਸਿੱਖ ਨੌਜਵਾਨਾਂ, 'ਟਰਬਨ ਵਿੱਲਾ' ਦੇ ਭਾਈ ਹਰਮਨਜੋਤ ਸਿੰਘ, ਸਿੱਖ ਰਾਈਡਰਜ਼ ਦੇ ਨੌਜਵਾਨਾਂ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ ਅਲੂਮਨੀ ਐਸੋਸੀਏਸ਼ਨ ਦੇ ਮੈਂਬਰਾਂ ਨੇ ਬੱਚਿਆਂ ਤੇ ਗੈਰ ਸਿੱਖਾਂ ਦੇ ਸਿਰਾਂ ਦੇ ਕੇਸਰੀ ਦਸਤਾਰਾਂ ਸਜਾਉਣ ਦੀ ਸੇਵਾ ਨਿਭਾਈ। ਜਿੱਥੇ ਮੰਤਰੀਆਂ ਹੈਰੀ ਬੈਂਸ ਅਤੇ ਜਗਰੂਪ ਬਰਾੜ ਨੇ ਦਸਤਾਰਾਂ ਸਜਵਾਈਆਂ, ਉੱਥੇ ਐਮ ਪੀ ਟਿਮ ਉਪਲ ਤੇ ਐਮ ਪੀ ਜਸਰਾਜ ਸਿੰਘ ਹੱਲਣ ਨੇ ਦਸਤਾਰਾਂ ਸਜਾਉਣ ਦੀ ਸੇਵਾ ਵਿਚ ਯੋਗਦਾਨ ਪਾਇਆ।

ਖਾਲਸਾ ਪੰਥ ਦੀ ਸ਼ਾਨ ਸਰੀ ਨਗਰ ਕੀਰਤਨ ਜਿੱਥੇ ਖਾਲਸਾ ਦਿਹਾੜੇ, ਗੁਰੂ ਸਾਹਿਬਾਨ ਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸੀ, ਉੱਥੇ ਇੰਡੀਅਨ ਸਟੇਟ ਦੀ ਧੱਕੇ ਕਾਰਨ ਭਾਈ ਸਾਹਿਬ ਦਾ ਨਾਂ ਇਸ ਵਾਰ ਵਿਸ਼ੇਸ਼ ਤੌਰ ਤੇ ਸੰਗਤਾਂ ਵੱਲੋਂ ਉਭਾਰਿਆ ਗਿਆ, ਤਾਂ ਕਿ ਇੰਡੀਅਨ ਸਟੇਟ ਵਲੋਂ ਕੈਨੇਡਾ ਦੀ ਧਰਤੀ 'ਤੇ ਇੱਥੋਂ ਦੇ ਇੱਕ ਨਾਗਰਿਕ ਨੂੰ ਇੱਥੇ ਕਤਲ ਕੀਤੇ ਜਾਣ ਦਾ ਸੱਚ ਅਤੇ ਧੱਕੇਸ਼ਾਹੀ ਦੁਨੀਆ ਸਾਹਮਣੇ ਰੱਖੀ ਜਾ ਸਕੇ। ਇਸ ਮੌਕੇ 'ਤੇ 'ਰੈਡੀਕਲ ਦੇਸੀ' ਵੱਲੋਂ ਏਅਰ ਇੰਡੀਆ ਬੰਬ ਧਮਾਕੇ ਦੀ ਮੁੜ ਜਾਂਚ ਦੀ ਪਟੀਸ਼ਨ ਨੂੰ ਮਿਲੇ ਬੇਮਿਸਾਲ ਹੁੰਗਾਰੇ ਦਾ ਪ੍ਰਭਾਵ ਨਗਰ ਕੀਰਤਨ ਵਿੱਚ ਵੇਖਿਆ ਜਾ ਸਕਦਾ ਸੀ, ਜਿੱਥੇ ਇਸ ਪਿੱਛੇ ਭਾਰਤੀ ਏਜੰਸੀਆਂ ਦੀ 'ਸ਼ੱਕੀ ਭੂਮਿਕਾ' ਦੀ ਜਾਂਚ ਦੀ ਮੰਗ ਕੀਤੀ ਗਈ। ਖਾਲਿਸਤਾਨ ਦੀ ਮੰਗ ਕਰਦੇ ਪੰਜਾਬ ਰੈਫਰੈਂਡਮ ਦੀ ਜ਼ੋਰਦਾਰ ਆਵਾਜ਼ ਤੋਂ ਇਲਾਵਾ, ਖਾਲਸਾ ਏਡ ਸੰਸਥਾ ਦੇ ਸਟਾਲ, ਸਿੱਖ ਕੌਮ ਦੇ ਮਹਾਨ ਸੇਵਾਦਾਰ ਭਗਤ ਪੂਰਨ ਸਿੰਘ ਪਿੰਗਲਵਾੜਾ ਸੰਸਥਾ ਤੋਂ ਇਲਾਵਾ ਕਈ ਹੋਰ ਮਾਨਵ ਸੇਵੀ ਸੰਸਥਾਵਾਂ ਸਮੇਤ, ਵੱਖ-ਵੱਖ ਸਟਾਲ ਬੇ-ਮਿਸਾਲ ਉਤਸ਼ਾਹ ਦਾ ਕੇਂਦਰ ਸਨ।

ਨਗਰ ਕੀਰਤਨ ਵਿੱਚ 'ਸ਼ਬਦ ਲੰਗਰ' ਦੇ ਰੂਪ ਵਿੱਚ ਕੈਨੇਡੀਅਨ ਸਿੱਖ ਸਟਡੀਜ਼ ਅਤੇ ਟੀਚਿੰਗ ਸੁਸਾਈਟੀ, ਵਿਵੇਕ ਗੜ ਪ੍ਰਕਾਸ਼ਨ, ਗੁਲਾਟੀ ਪ੍ਰਕਾਸ਼ਨ ਅਤੇ ਪੰਜਾਬ ਗਾਰਡੀਅਨ ਅਖਬਾਰ ਵੱਲੋਂ ਵਿਸ਼ੇਸ਼ ਤੌਰ 'ਤੇ ਕਿਤਾਬਾਂ ਦੇ ਲੰਗਰ ਸਮੇਤ ਹੋਰਨਾ ਸੰਸਥਾਵਾਂ ਵੱਲੋਂ ਪੁਸਤਕਾਂ ਦੇ ਸਟਾਲ ਖਿੱਚ ਦਾ ਕੇਂਦਰ ਬਣੇ ਰਹੇ। ਸਾਰੇ ਰਸਤੇ ਸ਼ਰਧਾਲੂਆਂ ਵੱਲੋਂ ਸਵਾਦੀ ਪਕਵਾਨਾਂ, ਫ਼ਲਾਂ ਤੇ ਤਾਜ਼ੇ ਰਸ ਦੇ ਲੰਗਰ ਲਾਏ ਗਏ ਸਨ। ਨਗਰ ਕੀਰਤਨ ਵਿੱਚ ਦਰਬਾਰ ਸਾਹਿਬ ਦੇ ਜੱਥਿਆਂ, ਕਥਾ ਵਾਚਕਾਂ, ਵਿਦਵਾਨਾਂ ਕਵੀਸ਼ਰਾ ਅਤੇ ਢਾਡੀਆਂ ਨੇ ਹਾਜ਼ਰੀ ਲਵਾਈ।

ਬੀ ਸੀ ਗੁਰਦੁਆਰਾ ਸਿੱਖ ਕੌਂਸਲ ਦੇ ਕੋਆਰਡੀਨੇਟਰ ਭਾਈ ਮਨਿੰਦਰ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਸਿੱਖ ਸਿਧਾਂਤਾਂ ਅਤੇ ਸਿੱਖ ਰਾਜ ਖਾਲਿਸਤਾਨ ਦੇ ਬਾਰੇ ਗੱਲਬਾਤ ਕੀਤੀ। ਇਸ ਤੋਂ ਇਲਾਵਾ ਸਿਖਸ ਫਾਰ ਜਸਟਿਸ ਦੇ ਬੁਲਾਰੇ, ਖਾਲਿਸਤਾਨ ਰੈਫਰੈਂਡਮ ਦੇ ਪ੍ਰਤੀਨਿਧ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ, ਸਿੱਖ ਆਗੂ ਤੇ ਪੰਥਕ ਕਮੇਟੀ ਦੇ ਮੈਂਬਰ ਜਥੇਦਾਰ ਸਤਿੰਦਰਪਾਲ ਸਿੰਘ, ਭਾਈ ਜਗਤਾਰ ਸਿੰਘ ਸੰਧੂ ਸਮੇਤ ਸ਼ਹੀਦ ਦੇ ਪਰਿਵਾਰਾਂ ਦੇ ਮੈਂਬਰਾਂ 'ਚੋਂ ਪ੍ਰਮੁੱਖ ਸ਼ਖਸੀਅਤਾਂ ਅਤੇ ਕਈ ਹੋਰਨਾਂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ।

ਇਸ ਮੌਕੇ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਪਰਿਵਾਰ ਅਤੇ ਸ਼ਹੀਦ ਭਾਈ ਦਿਲਾਵਰ ਸਿੰਘ ਦੇ ਪਰਿਵਾਰ ਸਮੇਤ ਹੋਰਨਾਂ ਸਿੱਖ ਯੋਧਿਆਂ ਦੀਆਂ ਸ਼ਹਾਦਤਾਂ ਨੂੰ ਚੇਤੇ ਕਰਦਿਆਂ, ਸਨਮਾਨਿਤ ਕੀਤਾ ਗਿਆ ਸਟੇਜ ਦਾ ਸੰਚਾਲਨ ਭਾਈ ਜਸਵੀਰ ਸਿੰਘ ਵੱਲੋਂ ਕੀਤਾ ਗਿਆ। ਇਹ ਨਗਰ ਕੀਰਤਨ ਸ਼ਾਮ ਪੰਜ ਵਜੇ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਪੁਲੀਸ, ਸਿਹਤ ਵਿਭਾਗ, ਮਿਉਂਸਿਪੈਲਿਟੀ ਤੇ ਹੋਰ ਵਿਭਾਗਾਂ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਸੁਚੱਜੇ ਢੰਗ ਨਾਲ ਨਿਭਾਈਆਂ ਗਈਆਂ। ਇਸ ਦੌਰਾਨ 78 ਐਵੇਨਿਊ ਤੇ 128 ਸਟਰੀਟ ਉੱਪਰ ਭਾਈ ਹਰਦੀਪ ਸਿੰਘ ਨਿੱਝਰ ਦੀ ਤਸਵੀਰ ਵਾਲੇ ਵੱਡੇ ਫਲੈਕਸ ਲਈ ਲਗਾਈ ਕਰੇਨ ਦੇ ਬਿਜਲੀ ਤਾਰਾਂ ਉੱਪਰ ਡਿੱਗਣ ਕਾਰਨ ਪੈਦਾ ਹੋਏ ਖ਼ਤਰੇ ਤੋਂ ਬਚਾਅ ਲਈ, ਨਗਰ ਕੀਰਤਨ ਨੂੰ ਥੋੜ੍ਹੀ ਦੇਰ ਲਈ ਰੋਕਿਆ ਗਿਆ।

325ਵੇਂ ਖਾਲਸਾ ਦਿਹਾੜੇ ਨੂੰ ਸਮਰਪਤ ਅਤੇ ਦਸਮੇਸ਼ ਦਰਬਾਰ ਗੁਰਦੁਆਰੇ ਵੱਲੋਂ 25ਵੇਂ ਵਰੇ 'ਤੇ ਉਲੀਕਿਆ ਮਹਾਨ ਨਗਰ ਕੀਰਤਨ ਅਮਿਟ ਪ੍ਰਭਾਵ ਛੱਡਦਾ ਹੋਇਆ, ਸਿੱਖ ਕੌਮ ਦੇ ਜਾਹੋ-ਜਲਾਲ ਨੂੰ ਚਾਰ ਚੰਨ ਲਗਾ ਗਿਆ।

# ਕਾਵਿ-ਕਿਆਰੀ

## ਤਕਦੀਰ

ਪਤਾ ਨਹੀਂ ਉਸ ਮਾਲਕ ਨੇ
ਕੀ ਲਿਖਿਆ ਵਿੱਚ ਤਕਦੀਰਾਂ।
ਭਾਂਡੇ ਮਾਂਜਦੇ ਘਸ ਗਈਆਂ ਨੇ,
ਹੱਥਾਂ ਦੀਆਂ ਲਕੀਰਾਂ।

ਲਿਖਿਆ ਵਿੱਚ ਤਕਦੀਰ ਕਿਸੇ ਦੀ,
ਰਾਜਾ-ਰਾਣੀ ਬਣਨਾ।
ਕਿਸੇ ਦੇ ਭਾਗਾਂ ਵਿੱਚ ਲਿਖਿਆ ਹੈ,
ਕੰਮ ਲੋਕਾਂ ਦੇ ਕਰਨਾ।

ਸਿਰਜਣਹਾਰੇ ਦੇ ਹੱਥ-ਵੱਸ ਹੈ,
ਜੋ ਕਰਦਾ ਹੈ ਓਹੀ।
ਉਹਦੇ ਤਾਈਂ ਕਹਿ ਨਾ ਸਕਦੇ,
ਜ਼ੋਰ ਨਾ ਚੱਲਦਾ ਕੋਈ।

ਦੋਸ਼ ਕਿਸੇ ਨੂੰ ਦੇ ਨਹੀਂ ਸਕਦੇ,
ਦੋਸ਼ ਸਾਡੇ ਕਰਮਾਂ ਦਾ।
ਜੋ ਕੀਤਾ ਹੈ ਓਹੀ ਮਿਲਦਾ,
ਜਾਂ ਪਿਛਲੇ ਜਨਮਾਂ ਦਾ।

ਜੇ ਤਕਦੀਰ ਨੂੰ ਬਦਲਣਾ ਚਾਹੋ,
ਕਰੀਏ ਕੰਮ ਚੰਗੇਰੇ।
ਹੋਣਗੀਆਂ ਫਿਰ ਸੁਖ ਦੀਆਂ ਸ਼ਾਮਾਂ,
ਸਹਿਜ ਤੇ ਸੁਖ਼ਨ ਸਵੇਰੇ।



ਪ੍ਰੋ. ਨਵ ਸੰਗੀਤ ਸਿੰਘ


## ਰੁਜ਼ਗਾਰ

ਬੱਚੇ ਰੁਜ਼ਗਾਰ ਖ਼ਾਤਰ ਵਿਦੇਸ਼ ਚੱਲੇ,
ਮਾਪੇ ਤੱਕਣਗੇ ਬੱਚਿਆਂ ਦੀਆਂ ਰਾਵ੍ਹਾਂ।
ਬੱਚੇ ਛੱਡ ਚੱਲੇ ਪਿੱਛੇ ਜਨਮ ਭੂਮੀ,
ਤੁਰ ਚੱਲੇ ਵਿਦੇਸ਼ਾਂ ਨੂੰ ਨਾਲ ਚਾਵਾਂ!

ਦਾਦਾ ਪੁੱਛਦਾ ਕਦੋਂ ਦੀ ਉਡੀਕ ਰੱਖਾਂ,
ਸ਼ਾਇਦ ਤੇਰੇ ਮੁੜਨ ਤੱਕ ਮੈਂ ਨਈ ਹੋਣਾ।
ਘੁੱਟਕੇ ਗਲਵੱਕੜੀ ਵਿਚ ਮਿਲਜਾ ਤੂੰ,
ਕੁਝ ਸਮੇਂ ਦਾ ਹਾਂ ਮੈਂ ਇੱਥੇ ਪ੍ਰਾਹੁਣਾ!

ਭੈਣ ਮਿਲਣ ਆ ਗਈ ਚੱਲ ਸੌਹੁਰਿਆਂ ਤੋਂ,
ਰੱਖੜੀ ਬੰਨਣ ਪਰਦੇਸ ਨਈ ਆ ਸਕਦੀ।
ਧਾਗਾ ਇਕ ਡਾਕ ਵਿਚ ਪਾ ਦਿਆ ਕਰੂੰ,
ਰੱਖੜੀ ਵਾਲੇ ਦਿਨ ਤੈਨੂੰ ਯਾਦ ਰੱਖਦੀ!

ਮਾਂ ਪਿਉ ਵੀ ਤੁਰ ਚੱਲੇ ਪਿੱਛੇ ਬੱਚਿਆਂ ਦੇ,
ਦਾਦੇ ਦਾਦੀ ਦੀ ਖ਼ਬਰ ਨਾ ਕੋਈ ਲੈਣ ਵਾਲਾ।
ਮੁੱਲਾਂਪੁਰ ਜੇ ਸੰਭਾਲਣ ਦਾ ਹੀਲਾ ਨਾ ਬਣਿਆ,
ਫਿਰ ਮੰਜਾ ਬਿਰਧ ਆਸ਼ਰਮ ਡਹਿਣ ਵਾਲਾ!



ਸੁਖਵਿੰਦਰ ਸਿੰਘ ਮੁੱਲਾਂਪੁਰ

## ਬਚਕਾਨੀ ਰਾਜਨੀਤੀ

ਰਾਜਨੀਤੀ ਦਾ ਖੇਲ੍ਹ ਲੰਘ ਗਿਆ, ਬੱਚਿਆਂ ਦੇ ਖੇਲ੍ਹ ਤੋਂ ਅੱਗੇ,
ਮਾਰ ਛੜੱਪੇ ਭਜਦੇ ਫਿਰਦੇ, ਲੀਡਰ ਸੱਜੇ 'ਤੇ ਖੱਬੇ।

ਟਿਕਣ ਨਹੀਂ ਦਿੰਦਾ ਚਸਕਾ ਕੁਰਸੀ ਦਾ, ਇੱਕ ਥਾਂ ਇੱਕ ਪਾਸੇ,
ਜਨਤਾ ਦੀ ਅਸਲੀ ਸੇਵਾ ਵਾਲਾ, ਮੁੱਦਾ ਨਾ ਕੋਈ ਲੱਭੇ।

ਬੱਚੇ ਵੀ ਸੌ ਵਾਰ ਸੋਚਦੇ, ਕੋਈ ਗੱਲ ਕਹਿਣ ਤੋਂ ਪਹਿਲਾਂ,
ਬਿਨ ਸੋਚੇ ਬਕਵਾਸ ਨੇ ਕਰਦੇ, ਦੂਜਿਆਂ ਤੇ ਲਾਂਦੇ ਧੱਬੇ।

ਬਿੱਟੂ ਬਿੱਟੇ ਫਿਰਦੇ ਫਿੱਟੇ, ਰਿੰਕੂ ਬਤਾਊਂ ਥਾਲੀ ਦੇ,
ਟੀਨੂੰ ਬੀਨੂੰ ਬੀਨ ਵਜਾਉਂਦੇ, ਮਾਇਆ ਦੇ ਲੱਭਣ ਥੱਬੇ।

ਬੜੇ ਘਰਾਂ ਦੇ ਫਿੱਟੇ ਕਾਕੇ, ਦੁਨੀਆਦਾਰੀ ਭੁੱਲ ਗਏ,
ਕਈ ਕਿਸਮਾਂ ਦੇ ਪੱਪੂ ਸ਼ਿੰਦੇ, ਕੁਕਰਮਾਂ ਦੇ ਨਾਲ਼ ਲੱਦੇ।

ਛੋਟੀਆਂ ਛੋਟੀਆਂ ਗੱਲਾਂ ਤੋਂ ਕਰਦੇ, ਯਾਰੀਆਂ ਪੱਕੀਆਂ ਕੱਚੀਆਂ,
ਬੱਚਿਆਂ ਤੋਂ ਵੀ ਸਬਕ ਨਾ ਸਿੱਖਦੇ, ਕਾਕੇ ਬੁੱਢੜੇ ਬੱਗੇ।



ਨੀਟੂ ਮਤਲਬ ਕੱਢਣ ਖਾਤਰ, ਜਨਤਾ ਨੂੰ ਦਿਖਾਂਦੇ ਟੀਟੂ,
ਉੱਲੂ ਆਪਣਾ ਸਿੱਧਾ ਕਰਨ ਦੇ, ਮਕਸਦ ਰੱਖਦੇ ਅੱਗੇ।

ਬਾਂਟਿਆਂ ਦੀ ਨੇ ਖੇਡ ਸਮਝਦੇ, ਚੁੰਡਣ ਨਿੱਤ ਨਿਸ਼ਾਨੇਂ,
ਜਿੱਤਣ ਕਦੀ ਨਾ ਦਿਲ ਕਿਸੇ ਦਾ, ਸ਼ਰਮ ਕੋਈ ਨਾ ਲੱਗੇ।

ਲੁਕਣਮੀਚੀ ਇੱਕ ਦੂਜੇ ਤੋਂ, ਲੁਕ ਲੁਕ ਕੇ ਖੇਡਣ,
ਠਿੱਬੀਆਂ ਲਾਵਣ ਆਪਣਿਆਂ ਨੂੰ, ਡੋਬਣ ਸਭ ਨੂੰ ਗੱਭੇ।

ਮਾਚਿਸ ਦੀ ਡੱਬੀ ਹੱਥ ਬਾਂਦਰੀਂ, ਹੁਣ ਅੱਗ ਤੋਂ ਕੌਣ ਬਚਾਊ,
ਮਾਰ ਟਪੂਸੀਆਂ ਸਾੜ ਲੈਣਗੇ, ਆਪਣੇ ਹੀ ਝੁੱਗੇ ਝੱਗੇ।

ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ

## ਲਾਜਵਾਬ

ਜੇ ਲੋੜ ਨਹੀਂ ਹਿਸਾਬ ਦੀ, ਤਾਂ ਨਾ ਹਿਸਾਬ ਕਰ।
ਕਰਨੀ ਹੈ ਜੋ ਵੀ ਦੋਸਤਾ, ਜਰਾ ਲਾਜਵਾਬ ਕਰ।

ਦਿਲ ਜਾਨੀਆਂ ਤੂੰ ਜੀਅ ਦਾ, ਇਹ ਸਬਕ ਚੇਤੇ ਰੱਖੀਂ,
ਦਿਲ ਨਾਲ ਜੀਣਾ ਪੈਣਾ, ਦਿਲ ਨਾ ਖ਼ਰਾਬ ਕਰ।

ਜਿਹੜਾ ਜਾ ਰਿਹਾ ਹੈ ਜਾਣ ਦੇ, ਮੁੜਨਾ ਨਾ ਓਸ ਨੇ,
ਚਿੱਤ ਆਪਣਾ ਅਜਾਈਂ, ਕਿੰਨਾ ਬੇਤਾਬ ਕਰ!

ਹੋਰਾਂ ਨੂੰ ਪਿਆਰ ਦੇ ਕੇ, ਖੁਦ ਪਿਆਰ ਪਿਆਰ ਹੋਵੇ,
ਹੱਥ ਘੁੱਟ ਨਾ ਤੂੰ ਐਵੇਂ, ਪੁੰਨ ਬੇਹਿਸਾਬ ਕਰ।

ਮੰਨਿਆਂ ਕਿ ਜ਼ਿੰਮੇਵਾਰੀ, ਤੇਰੀ ਹੋਰ ਹੈ ਬਥੇਰੀ,
ਕਰਨੇ ਵਾਲਾ ਹੈ ਜੋ ਕੰਮ, ਪਹਿਲਾ ਜਨਾਬ ਕਰ।

ਤੂਤੀ ਕਿਸੇ ਦੀ ਬੋਲਦੀ, ਤੈਨੂੰ ਬੋਲਦੀ ਸੁਣੇ ਨਾ,
ਚਿੱਤ ਆਪਣਾ ਤੂੰ ਸਭ ਤੋਂ, ਵਧ ਕੇ ਨਵਾਬ ਕਰ।

ਬੇਵੱਸ ਹੈਂ ਤੂੰ ਮੇਘਲੇ, ਛਾਏ ਜੋ ਅੰਬਰਾਂ 'ਤੇ,
ਧੁੱਪ ਮਾਣਨੀ ਜੇ ਜੁਹ ਦੀ, ਰੂਹ ਨਾ ਸਲ੍ਹਾਬ ਕਰ।

ਕਰਨਾ ਜੇ ਦਾਨ ਚਾਹੇਂ, ਮਨ ਮੌਜ ਵੰਡਿਆ ਕਰ,
ਕਰ ਦਏ ਜੋ ਜੀਣ ਜੋਗੇ, ਐਸਾ ਸੁਆਬ ਕਰ।


ਸ਼ੌਕੀ ਹੈ ਇਤਰ ਦਾ ਤੂੰ, 'ਢੇਸੀ' ਇਹ ਕਿਹਨੂੰ ਕੀਲੇ?
ਮਹਿਕੇ ਮਹਿਕਾਏ ਜਿਹੜਾ, ਹਿਰਦਾ ਗੁਲਾਬ ਕਰ।



ਕੁਲਵੰਤ ਸਿੰਘ 'ਢੇਸੀ' ਕਾਵੈਂਟਰੀ, ਯੂ ਕੇ

## ਪੰਜਾਬ ਦੇ ਪਿੜ ਵਿੱਚੋਂ !

ਤਰਲੋਚਨ ਸਿੰਘ 'ਦੁਪਾਲ ਪੁਰ'
78146-92724



ਸੱਤਾ ਧਾਰੀ ਪੰਜਾਬ ਵਿੱਚ ਹੋਣ ਸਦਕਾ
'ਤੇਰਾਂ-ਜ਼ੀਰੋ' ਕਹਿ ਬਹੁਤ ਫੁੰਕਾਰਦੇ ਨੇ।
ਪੰਜੇ ਵਾਲ਼ੇ ਦੁਚਿੱਤੀ ਵਿੱਚ ਪਏ ਲਗਦੇ
ਆਉਂਦਾ ਦਿੱਲੀਉਂ 'ਰਾਹ' ਨਿਹਾਰਦੇ ਨੇ।
ਸੱਜੇ ਖੱਬਿਆਂ ਹਾਥੀ ਵੀ ਨਾਲ਼ ਸਮਝੋ
ਲੱਗਜੇ ਹਾਜ਼ਰੀ ਤਾਂਹੀਉਂ ਤਕਰਾਰਦੇ ਨੇ।
ਬੰਦੇ ਕਮਲ ਦੀ ਬੁੱਕਲ ਵਿੱਚ ਜਾ ਵੜੇ ਜੋ
ਸਿਰ 'ਤੇ ਕੇਂਦਰ ਦੇ ਕਾਰਨ ਹੰਕਾਰਦੇ ਨੇ।
ਬਾਦਲ ਦਲੀਏ ਵੀ ਏਦਾਂ ਹੀ ਜਾਪਦੇ ਐ
ਗਲ਼ ਪਏ ਢੋਲ 'ਤੇ ਡਗੇ ਹੀ ਮਾਰਦੇ ਨੇ।
ਰੱਖਣ ਆਸ ਕੀ 'ਥਾਲ਼ੀ ਦੇ ਬੈਂਗਣਾ' ਤੋਂ
ਦੇਖਿਉ ਕਿਵੇਂ 'ਪੰਜਾਬੀ' ਦੁਰਕਾਰਦੇ ਨੇ !

## ਨਾ ਕੋਈ ਜਾਣਦਾ

ਰਵਿੰਦਰ ਸਿੰਘ ਸੋਢੀ



ਅਜੇ ਲੋਕ ਰਹੇ ਸੁਣ
ਤੇਰੇ ਬੋਲ
ਜਦ ਲਿਖੇ ਸ਼ਬਦ ਪੜ੍ਹਨ ਦੀ
ਸਿਖ ਗਏ ਜਾਚ
ਤੇਰੇ ਲਈ ਹੋਵੇਗੀ
ਕਿਆਮਤ ਦੀ ਰਾਤ।

ਸਮੇਂ ਦੇ ਤਰਕਸ਼ 'ਚੋਂ
ਤੀਰ
ਸਮਾਂ ਪਾ ਕੇ ਹੀ ਨਿਕਲਦੇ
ਉਹਨਾਂ ਦੀ ਮਾਰ ਹੋਵੇ
ਬਹੁਤ ਦੂਰ
ਉਹਨਾਂ ਤੀਰਾਂ 'ਚੋਂ
ਅੰਗਿਆਰ ਹੀ ਨਿਕਲਦੇ।

ਸਿਕੰਦਰ ਵੀ ਘਰੋਂ
ਹੋਇਆ ਸੀ ਰੁਖ਼ਸਤ
ਲੈ ਕੇ ਸੁਪਨਾ
ਦੁਨੀਆਂ ਕਰਨ ਫ਼ਤਿਹ
ਰਾਹ ਵਿਚ ਹੀ
ਧਰਮ ਰਾਜ ਦੇ ਦੂਤਾਂ ਨੇ
ਰਾਹ ਲਿਆ ਸੀ ਡੱਕ
ਪਤਾ ਨਾ ਲੱਗੇ
ਜ਼ਿੰਦਗੀ ਦੀ ਡੋਰ ਦਾ
ਕੱਚਾ ਧਾਗਾ
ਕਦੋਂ ਕਰ ਜਾਏ ਕੜਕ।

ਕਿਸੇ ਦੀ 'ਹਾਰ'
'ਹਾਰ' ਬਣ
ਤੇਰੇ ਗਲੇ ਦਾ
ਬਣੀ ਸੀ ਸ਼ਿੰਗਾਰ
ਤੇਰੀ 'ਹਾਰ' ਕਦੋਂ
ਕਿਸੇ ਦੇ ਗਲ ਦਾ ਜਾਏ ਬਣ
'ਹਾਰ'
ਕੌਣ ਜਾਣਦਾ?
'ਤਖਤ' ਕਦੋਂ ਬਣ ਜਾਏ
'ਤਖ਼ਤਾ'
ਨਾ ਕੋਈ ਜਾਣਦਾ।

# ਹਮਾਸ ਅਤੇ ਇਜ਼ਰਾਈਲ ਵਿਚਾਲੇ ਔਰਤਾਂ ਦਾ ਵਧ ਹੋਇਆ ਨੁਕਸਾਨ

## ✪ ਪਿਛਲੇ ਛੇ ਮਹੀਨਿਆਂ ਦੌਰਾਨ ਜੰਗ ਵਿੱਚ ਹੁਣ ਤੱਕ 10,000 ਫਲਸਤੀਨੀ ਔਰਤਾਂ ਦੀ ਹੋਈ ਮੌਤ ✪ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਤਾਜ਼ਾ ਰਿਪੋਰਟ ਵਿੱਚ ਸਾਹਮਣੇ ਆਏ ਅੰਕੜੇ



ਹਮਾਸ ਅਤੇ ਇਜ਼ਰਾਈਲ ਵਿਚਾਲੇ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੀ ਜੰਗ ਵਿੱਚ ਹੁਣ ਤੱਕ 10,000 ਫਲਸਤੀਨੀ ਔਰਤਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਔਰਤਾਂ ਵਿੱਚ 6,000 ਮਾਵਾਂ ਵੀ ਸ਼ਾਮਲ ਸਨ। ਇਹ ਅੰਕੜੇ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਤਾਜ਼ਾ ਰਿਪੋਰਟ ਵਿੱਚ ਸਾਹਮਣੇ ਆਏ ਹਨ। ਇਹ ਰਿਪੋਰਟ ਦੱਸਦੀ ਹੈ ਕਿ ਕਿਵੇਂ ਇਨ੍ਹਾਂ ਛੇ ਮਹੀਨਿਆਂ ਨੇ ਔਰਤਾਂ ਅਤੇ ਕੁੜੀਆਂ ਨੂੰ ਬਹੁਤ ਗੰਭੀਰ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਰਿਪੋਰਟ ਮੁਤਾਬਕ 10 ਲੱਖ ਤੋਂ ਵੱਧ ਫਲਸਤੀਨੀ ਔਰਤਾਂ ਅਤੇ ਲੜਕੀਆਂ ਭੁੱਖਮਰੀ ਦਾ ਸਾਹਮਣਾ ਕਰ ਰਹੀਆਂ ਹਨ। ਉਹ ਪੀਣ ਵਾਲੇ ਸਾਫ਼ ਪਾਣੀ ਅਤੇ ਪਖਾਨੇ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਿਰਵੀਆਂ ਹਨ। ਪੀਰੀਅਡਜ਼ ਦੌਰਾਨ ਇਨ੍ਹਾਂ ਔਰਤਾਂ ਅਤੇ ਲੜਕੀਆਂ ਦੀਆਂ ਚੁਣੌਤੀਆਂ ਹੋਰ ਵੱਧ ਜਾਂਦੀਆਂ ਹਨ।

2022 ਤੱਕ ਦੇ ਅੰਕੜਿਆਂ ਅਨੁਸਾਰ ਦੁਨੀਆ ਭਰ ਵਿੱਚ 60 ਕਰੋੜ ਔਰਤਾਂ ਅਤੇ ਲੜਕੀਆਂ ਅਜਿਹੇ ਖੇਤਰਾਂ ਵਿੱਚ ਰਹਿੰਦੀਆਂ ਹਨ ਜਿੱਥੇ ਸੰਘਰਸ਼ ਜਾਰੀ ਹੈ। ਜੰਗ ਅਤੇ ਸੰਘਰਸ਼ ਹਰ ਕਿਸੇ ਨੂੰ ਵੱਖੋ-ਵੱਖਰੇ ਤਰੀਕਿਆਂ ਨਾਲ ਪ੍ਰਭਾਵਿਤ ਕਰਦੇ ਹਨ, ਖਾਸ ਕਰਕੇ ਔਰਤਾਂ ਅਤੇ ਲੜਕੀਆਂ ਨੂੰ। ਯੁੱਧ ਅਤੇ ਸੰਘਰਸ਼ ਔਰਤਾਂ ਲਈ ਸਰੀਰਕ, ਮਾਨਸਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਮਰਦਾਂ ਨਾਲੋਂ ਵਧੇਰੇ ਚੁਣੌਤੀਆਂ ਲਿਆਉਂਦੇ ਹਨ ਜ਼ੰਗ ਹਿੰਸਾ ਦਾ ਇੱਕ ਰੂਪ ਹੈ ਪਰ ਇਸ ਦੌਰਾਨ ਔਰਤਾਂ ਅਤੇ ਲੜਕੀਆਂ ਨੂੰ ਦੋਹਰੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਯੁੱਧ ਦੌਰਾਨ ਜਿਨਸੀ ਅਤੇ ਲਿੰਗਕ ਹਿੰਸਾ ਦੇ ਮਾਮਲੇ ਵਧਦੇ ਹਨ। ਜੰਗ ਦੌਰਾਨ ਬਲਾਤਕਾਰ ਨੂੰ ਹਮੇਸ਼ਾ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ।

ਰਵਾਂਡਾ ਵਿੱਚ 1994 ਦੇ ਨਸਲਕੁਸ਼ੀ ਦੌਰਾਨ, 250,000 ਤੋਂ 500,000 ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਕੀਤਾ ਗਿਆ ਸੀ। ਯੂਕਰੇਨ ਅਤੇ ਰੂਸ ਵਿਚਾਲੇ ਚੱਲ ਰਹੀ ਜੰਗ ਦੌਰਾਨ ਵੀ ਯੂਕਰੇਨ ਦੀਆਂ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀਆਂ ਖਬਰਾਂ ਆਈਆਂ ਸਨ। ਇੱਕ ਸੁਤੰਤਰ ਜਾਂਚ ਕਮਿਸ਼ਨ ਨੇ ਸੰਯੁਕਤ ਰਾਸ਼ਟਰ ਨੂੰ ਸੂਚਿਤ ਕੀਤਾ ਸੀ ਕਿ ਯੂਕਰੇਨ ਵਿੱਚ 16 ਤੋਂ 83 ਸਾਲ ਦੀ ਉਮਰ ਦੀਆਂ ਔਰਤਾਂ ਵਿਰੁੱਧ ਜਿਨਸੀ ਹਿੰਸਾ ਹੋਈ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਈਰਾਨ ਵਿਚ ਚੱਲ ਰਹੇ ਪ੍ਰਦਰਸ਼ਨਾਂ ਦੌਰਾਨ ਉੱਥੋਂ ਦੀ ਫੌਜ ਨੇ ਔਰਤਾਂ, ਬੱਚਿਆਂ ਅਤੇ ਮਰਦਾਂ ਖਿਲਾਫ ਬਲਾਤਕਾਰ ਅਤੇ ਯੌਨ ਹਿੰਸਾ ਨੂੰ ਹਥਿਆਰ ਵਜੋਂ ਵਰਤਿਆ ਸੀ। ਮਿਆਂਮਾਰ 'ਵਿਚ ਰੋਹਿੰਗਿਆ ਭਾਈਚਾਰੇ ਦੀਆਂ ਔਰਤਾਂ ਵਿਰੁੱਧ ਵੱਡੇ ਪੱਧਰ 'ਤੇ ਜਿਨਸੀ ਹਿੰਸਾ ਦੇ ਮਾਮਲੇ ਵੀ ਸਾਹਮਣੇ ਆਏ ਹਨ।

ਕਿਹਾ ਜਾਂਦਾ ਹੈ ਕਿ ਜੰਗ ਦੌਰਾਨ ਔਰਤ ਹੋਣਾ ਇੱਕ ਸਿਪਾਹੀ ਹੋਣ ਨਾਲੋਂ ਵੀ ਵੱਧ ਖ਼ਤਰਨਾਕ ਸਥਿਤੀ ਹੈ। ਯੁੱਧ ਦੌਰਾਨ ਜਿਨਸੀ ਹਿੰਸਾ ਸਭ ਤੋਂ ਵੱਧ ਦਰਜ ਕੀਤੇ ਗਏ ਅਪਰਾਧਾਂ ਵਿੱਚੋਂ ਇੱਕ ਹੈ। 2008 ਵਿੱਚ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਇੱਕ ਮਤਾ ਅਪਣਾਇਆ ਜਿਸ ਵਿੱਚ ਘੋਸ਼ਣਾ ਕੀਤੀ ਗਈ ਕਿ ਯੁੱਧ ਵਿੱਚ ਜਿਨਸੀ ਹਿੰਸਾ ਸ਼ਾਂਤੀ ਅਤੇ ਸੁਰੱਖਿਆ ਲਈ ਖ਼ਤਰਾ ਹੈ।

ਯੁੱਧ ਦੌਰਾਨ ਕੀਤੀ ਗਈ ਜਿਨਸੀ ਹਿੰਸਾ ਅਤੇ ਬਲਾਤਕਾਰ ਨੂੰ ਹੁਣ ਮਨੁੱਖਤਾ ਵਿਰੁੱਧ ਅਪਰਾਧ ਵਜੋਂ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਵਿਚ ਦੋਸ਼ੀਆਂ ਨੂੰ ਕੋਈ ਸਜ਼ਾ ਨਹੀਂ ਮਿਲਦੀ। ਇੱਥੋਂ ਤੱਕ ਕਿ ਵੱਡੀ ਗਿਣਤੀ ਵਿੱਚ ਪੀੜਤ ਲੋਕ ਇਸ ਬਾਰੇ ਰਿਪੋਰਟ ਦਰਜ ਕਰਾਉਣ ਦੇ ਸਮਰੱਥ ਨਹੀਂ ਹੁੰਦੇ। ਅਜਿਹੇ ਵਿਚ ਜੋ ਅੰਕੜੇ ਸਾਹਮਣੇ ਆਏ ਉਸ ਤੋਂ ਅਸਲ ਗਿਣਤੀ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਹੈ

ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਪ੍ਰਤੀਨਿਧੀ ਪ੍ਰਮਿਲਾ ਪੈਟਨ ਨੇ 2023 ਵਿੱਚ ਕਿਹਾ ਕਿ ਯੁੱਧ ਦੌਰਾਨ ਜਿਨਸੀ ਹਿੰਸਾ ਦੀ ਸਥਿਤੀ ਵਿਗੜਦੀ ਜਾ ਰਹੀ ਹੈ। ਇਥੋਪੀਆ ਵਿੱਚ ਦੋ ਸਾਲਾਂ ਦੀ ਘਰੇਲੂ ਜੰਗ (2020-2022) ਦੌਰਾਨ 100,000 ਤੋਂ ਵੱਧ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ। ਇਸ ਸਮੇਂ ਦੌਰਾਨ, ਤਿਗਾਰੇ ਭਾਈਚਾਰੇ ਦੀਆਂ ਲਗਭਗ 40 ਪ੍ਰਤੀਸ਼ਤ ਔਰਤਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਸੀ। ਜਿਨਸੀ ਹਿੰਸਾ ਦੀ ਵਰਤੋਂ ਸ਼ਕਤੀਸ਼ਾਲੀ ਤਾਕਤਾਂ ਦੁਆਰਾ ਹਾਰੇ ਸਮਾਜ ਦੀਆਂ ਔਰਤਾਂ ਅਤੇ ਲੜਕੀਆਂ ਵਿੱਚ ਡਰ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਕਈ ਯੁੱਧਾਂ ਦੌਰਾਨ, ਅਜਿਹੇ ਮਾਮਲੇ ਸਾਹਮਣੇ ਆਏ ਹਨ ਜਦੋਂ ਫੌਜ ਨੇ ਔਰਤਾਂ ਨੂੰ ਜ਼ਬਰਦਸਤੀ ਗਰਭਪਾਤ ਕਰਨ ਦੇ ਇਰਾਦੇ ਨਾਲ ਬਲਾਤਕਾਰ ਕੀਤਾ।

ਉਜਾੜਾ ਯੁੱਧ ਅਤੇ ਸੰਘਰਸ਼ ਦਾ ਇੱਕ ਖਤਰਨਾਕ ਨਤੀਜਾ ਹੈ। ਅਜਿਹੇ ਹਾਲਾਤਾਂ ਦੌਰਾਨ ਉਜਾੜੇ ਜਾਣ ਵਾਲਿਆਂ ਵਿੱਚ ਸਭ ਤੋਂ ਵੱਧ ਗਿਣਤੀ ਔਰਤਾਂ ਦੀ ਹੈ। ਸੂਡਾਨ ਵਿੱਚ ਚੱਲ ਰਹੇ ਸੰਘਰਸ਼ ਕਾਰਨ ਬੇਘਰ ਹੋਏ ਲੋਕਾਂ ਵਿੱਚ ਸਭ ਤੋਂ ਵੱਧ ਗਿਣਤੀ ਔਰਤਾਂ ਦੀ ਹੈ। ਟਕਰਾਅ ਕਾਰਨ ਇੱਥੋਂ ਦੀਆਂ 53 ਫੀਸਦੀ ਔਰਤਾਂ ਅਤੇ ਲੜਕੀਆਂ ਅੰਦਰੂਨੀ ਤੌਰ 'ਤੇ ਬੇਘਰ ਹੋ ਗਈਆਂ ਹਨ। ਫਲਸਤੀਨ ਅਤੇ ਇਜ਼ਰਾਈਲ ਵਿਚਾਲੇ ਸੰਘਰਸ਼ ਨੇ ਹੁਣ ਤੱਕ 10 ਲੱਖ ਤੋਂ ਵੱਧ ਔਰਤਾਂ ਅਤੇ ਲੜਕੀਆਂ ਨੂੰ ਬੇਘਰ ਕਰ ਦਿੱਤਾ ਹੈ।

ਸੀਰੀਆ ਦੀ ਲੜਾਈ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਅਤੇ ਔਰਤਾਂ ਅਨਾਥ ਅਤੇ ਵਿਧਵਾ ਹੋ ਗਈਆਂ ਅਤੇ ਹੁਣ ਕੈਂਪਾਂ ਵਿੱਚ ਰਹਿ ਰਹੀਆਂ ਹਨ

ਸੰਯੁਕਤ ਰਾਸ਼ਟਰ ਦੇ ਅੰਕੜੇ ਦਰਸਾਉਂਦੇ ਹਨ ਕਿ ਲੜਾਈਆਂ ਅਤੇ ਸੰਘਰਸ਼ਾਂ ਕਾਰਨ ਇਕ ਥਾਂ ਤੋਂ ਦੂਜੇ ਸਥਾਨ 'ਤੇ ਸਥਾਪਿਤ ਹੋਣ ਵਾਲਿਆਂ ਵਿਚ ਔਰਤਾਂ ਦਾ ਹਿੱਸਾ ਲਗਭਗ 75 ਪ੍ਰਤੀਸ਼ਤ ਹੈ। ਕਈ ਵਾਰ ਇਨ੍ਹਾਂ ਦੀ ਗਿਣਤੀ 90 ਫੀਸਦੀ ਤੱਕ ਵੀ ਪਹੁੰਚ ਜਾਂਦੀ ਹੈ। ਸੀਰੀਆ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੇ ਸਭ ਤੋਂ ਵੱਧ ਲੋਕ, 1 ਕਰੋੜ 20 ਲੱਖ ਤੋਂ ਵੱਧ, ਯੁੱਧ ਕਾਰਨ ਬੇਘਰ ਹੋਏ ਹਨ। ਇਨ੍ਹਾਂ ਵਿੱਚੋਂ ਸਿਰਫ਼ ਅੱਧੀਆਂ ਔਰਤਾਂ ਅਤੇ ਕੁੜੀਆਂ ਹਨ। ਇਹ ਬੇਘਰ ਔਰਤਾਂ ਵੀ ਸ਼ਰਨਾਰਥੀ ਵਜੋਂ ਸੰਘਰਸ਼ ਕਰਦੀਆਂ ਹਨ। ਜ਼ਿਆਦਾਤਰ ਸ਼ਰਨਾਰਥੀ ਔਰਤਾਂ ਬਿਨਾਂ ਕਿਸੇ ਅਧਿਕਾਰਤ ਪਛਾਣ ਦੇ ਆਪਣੀ ਬਾਕੀ ਦੀ ਜ਼ਿੰਦਗੀ ਬਿਤਾਉਂਦੀਆਂ ਹਨ

ਜੰਗ ਕਾਰਨ ਪੈਦਾ ਹੋਈ ਭੁੱਖਮਰੀ ਦੀ ਸਥਿਤੀ ਵੀ ਔਰਤਾਂ ਲਈ ਸਭ ਤੋਂ ਵੱਧ ਚੁਣੌਤੀਆਂ ਲੈ ਕੇ ਆਉਂਦੀ ਹੈ। ਫਲਸਤੀਨ ਵਿੱਚ ਭੋਜਨ ਦੀ ਕਮੀ ਦੇ ਦੌਰਾਨ, ਔਰਤਾਂ ਆਪਣੇ ਬੱਚਿਆਂ ਲਈ ਭੋਜਨ ਦਾ ਵੀ ਪ੍ਰਬੰਧ ਨਹੀਂ ਕਰ ਸਕੀਆਂ। ਜੇਕਰ ਉਹ ਅਜਿਹਾ ਕਰਨ ਦੇ ਸਮਰੱਥ ਵੀ ਹਨ ਤਾਂ ਉਹ ਖੁਦ ਨਾਲੋਂ ਬਚਿਆਂ ਨੂੰ ਪਹਿਲ ਦੇ ਰਹੀਆ ਹਨ। ਜੇਕਰ ਸੰਘਰਸ਼-ਗ੍ਰਸਤ ਸੁਡਾਨ ਦੀ ਸਮੱਸਿਆ ਦਾ ਮਨੁੱਖਤਾਵਾਦੀ ਹੱਲ ਜਲਦੀ ਤੋਂ ਜਲਦੀ ਨਾ ਲੱਭਿਆ ਗਿਆ ਤਾਂ ਸਿਹਤ ਅਤੇ ਪੋਸ਼ਣ ਸੰਬੰਧੀ ਲੋੜਾਂ ਪੂਰੀਆਂ ਨਾ ਹੋਣ ਕਾਰਨ 7000 ਨਵੀਆਂ ਮਾਵਾਂ ਦੀ ਮੌਤ ਹੋ ਸਕਦੀ ਹੈ।

ਜੰਗ ਦੀ ਸਥਿਤੀ ਔਰਤਾਂ ਲਈ ਸਿਹਤ ਸੰਬੰਧੀ ਅਜਿਹੀਆਂ ਕਈ ਚੁਣੌਤੀਆਂ ਲੈ ਕੇ ਆਉਂਦੀ ਹੈ। ਜੰਗ ਦੌਰਾਨ ਸਿਹਤ ਸੇਵਾਵਾਂ ਅਤੇ ਬੁਨਿਆਦੀ ਢਾਂਚਾ ਵੀ ਪ੍ਰਭਾਵਿਤ ਹੁੰਦਾ ਹੈ, ਜਿਸ ਦਾ ਸਿੱਧਾ ਅਸਰ ਉੱਥੋਂ ਦੇ ਆਮ ਲੋਕਾਂ 'ਤੇ ਪੈਂਦਾ ਹੈ। ਫਲਸਤੀਨ ਦੀਆਂ 690,000 ਕੁੜੀਆਂ ਅਤੇ ਔਰਤਾਂ ਨੂੰ ਹਰ ਮਹੀਨੇ 10 ਮਿਲੀਅਨ ਡਿਸਪੋਜ਼ੇਬਲ ਸੈਨੇਟਰੀ ਪੈਡ ਅਤੇ 40 ਮਿਲੀਅਨ ਮੁੜ ਵਰਤੋਂ ਯੋਗ ਪੈਡਾਂ ਦੀ ਲੋੜ ਹੁੰਦੀ ਹੈ। ਇਨ੍ਹਾਂ ਦੀ ਘਾਟ ਕਾਰਨ ਉਥੋਂ ਦੀਆਂ ਔਰਤਾਂ ਨੂੰ ਟੈਂਟਾਂ ਤੋਂ ਕੱਪੜੇ ਦੇ ਟੁਕੜੇ ਕੱਟ ਕੇ ਮਾਹਵਾਰੀ ਦੌਰਾਨ ਵਰਤਣ ਲਈ ਮਜਬੂਰ ਹੋਣਾ ਪੈਂਦਾ ਹੈ।

ਫਲਸਤੀਨ ਵਿੱਚ ਕਈ ਗਰਭਵਤੀ ਔਰਤਾਂ ਨੂੰ ਬਿਨਾਂ ਕਿਸੇ ਐਨੇਥੀਜਿਆ ਦੇ ਜਨਮ ਦੇਣਾ ਪਿਆ। ਬੰਬਾਰੀ ਕਾਰਨ ਨੁਕਸਾਨੇ ਗਏ ਹਸਪਤਾਲਾਂ, ਦਵਾਈਆਂ ਅਤੇ ਸਿਹਤ ਕਰਮਚਾਰੀਆਂ ਦੀ ਅਣਹੋਂਦ ਕਾਰਨ ਜ਼ਿਆਦਾਤਰ ਗਰਭਵਤੀ ਔਰਤਾਂ ਨੂੰ ਬਿਨਾਂ ਕਿਸੇ ਡਾਕਟਰੀ ਸਹਾਇਤਾ ਤੋਂ ਜਣੇਪਾ ਕਰਨਾ ਪੈਂਦਾ ਹੈ। ਗਾਜ਼ਾ ਦੇ ਸਿਹਤ ਮੰਤਰਾਲੇ ਦੇ ਬਿਆਨ ਮੁਤਾਬਕ ਹਰ ਮਹੀਨੇ ਪੰਜ ਹਜ਼ਾਰ ਗਰਭਵਤੀ ਔਰਤਾਂ ਖਤਰਨਾਕ ਹਾਲਾਤਾਂ, ਅਸੁਰੱਖਿਆ ਅਤੇ ਗੰਦਗੀ ਵਿੱਚ ਬੱਚਿਆਂ ਨੂੰ ਜਨਮ ਦੇਣ ਲਈ ਮਜਬੂਰ ਹਨ। ਨਤੀਜੇ ਵਜੋਂ, ਅਜਿਹੇ ਹਾਲਾਤਾਂ ਵਿੱਚ ਵਧੇਰੇ ਮਾਵਾਂ ਅਤੇ ਨਵਜੰਮੇ ਬੱਚਿਆਂ ਦੀ ਮੌਤ ਹੋ ਜਾਂਦੀ ਹੈ।



ਭਾਰਤ ਦੇ ਕਿਸਾਨ ਆਲਸੀ ਨਾ ਬਣਨ। ਅੱਗ ਲਾ ਕੇ ਵਾਤਾਵਰਣ ਖਰਾਬ ਨਾ ਕੀਤਾ ਜਾਵੇ। ਵਾਤਾਵਰਣ ਖਰਾਬ ਹੋਣ ਨਾਲ ਲੋਕ ਬਿਮਾਰ ਹੁੰਦੇ ਨੇ ਤੇ ਲੱਖਾਂ ਰੁਪਏ ਬਿਮਾਰੀਆਂ ਦੇ ਇਲਾਜ ਲਈ ਖਰਚ ਹੋ ਜਾਂਦੇ ਹਨ। ਉਹਨਾਂ ਨੂੰ ਸਮਝਾਇਆ ਜਾਵੇ ਕਿ ਅੱਗ ਨਾ ਲਾਓ, ਸਰਕਾਰਾਂ ਵੀ ਅੱਗ ਲਾਉਣ ਵਾਲਿਆਂ ਤੇ ਸਖਤੀ ਕਰਕੇ ਰੋਕਣ ਅਤੇ ਕਿਸਾਨਾਂ ਨੂੰ ਇਸ ਦਾ ਬਦਲਵਾਂ ਪ੍ਰਬੰਧ ਮੁਹੱਈਆ ਕੀਤਾ ਜਾਵੇ।

3 ਸਫ਼ੇ ਦੀ ਬਾਕੀ

## ਕੀ ਹੈ ਬਰਗਾੜੀ, ਬੇਅਦਬੀ ਕੇਸ ?

12 ਅਕਤੂਬਰ 2015 ਨੂੰ ਬਰਗਾੜੀ ਪਿੰਡ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿਲਰੇ ਹੋਏ ਮਿਲੇ।ਇਹ ਪੱਤਰੇ 1 ਜੂਨ 2015 ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਚੋਰੀ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਸਨ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਤਤਕਾਲੀ ਪੁਲਿਸ ਡਿਪਟੀ ਇੰਸਪੈਕਟਰ ਜਨਰਲ ਰਣਬੀਰ ਸਿੰਘ ਖਟੜਾ ਦੀ ਅਗਵਾਈ ਹੇਠ ਬਰਗਾੜੀ ਬੇਅਦਬੀ ਮਾਮਲੇ ਵਿੱਚ 7 ਡੇਰਾ ਸਿਰਸਾ ਸਮਰਥਕਾਂ ਨੂੰ ਜੂਨ 2018 ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿੱਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਮਹਿੰਦਰਪਾਲ ਸਿੰਘ ਬਿੱਟੂ, ਸ਼ਕਤੀ ਸਿੰਘ, ਸੁਖਜਿੰਦਰ ਅਤੇ ਹੋਰ ਡੇਰਾ ਪ੍ਰੇਮੀ ਕਥਿਤ ਤੌਰ ਉੱਤੇ ਸ਼ਾਮਲ ਸਨ। ਬਿੱਟੂ ਨੂੰ ਬਾਅਦ ਵਿੱਚ ਨਾਭਾ ਜੇਲ੍ਹ ਵਿੱਚ ਮਾਰ ਦਿੱਤਾ ਗਿਆ ਸੀ ਜਦਕਿ ਇੱਕ ਹੋਰ ਮੁਲਜ਼ਮ ਪਰਦੀਪ ਸਿੰਘ ਦਾ ਪਿਛਲੇ ਸਾਲ ਕੋਟਕਪੂਰਾ ਵਿੱਚ ਕਤਲ ਕਰ ਦਿੱਤਾ ਗਿਆ। ਏਡੀਜੀਪੀ ਐੱਸਪੀਐੱਸ ਪਰਮਾਰ ਦੀ ਅਗਵਾਈ ਵਾਲੀ ਐੱਸਆਈਟੀ ਨੇ ਡੇਰਾ ਸੌਦਾ ਦੇ ਮੁਖੀ ਤੇ ਹੋਰ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ ਜਦਕਿ ਚੰਡੀਗੜ੍ਹ ਅਦਾਲਤ ਵਿੱਚ ਇਸ ਕੇਸ ਦੀ ਸੁਣਵਾਈ ਚੱਲ ਰਹੀ ਹੈ।

## ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਸੰਬੰਧੀ ਬਿੱਲ ਬਾਰੇ ਮੋਦੀ ਸਰਕਾਰ ਦੀ ਟਾਲ ਮਟੋਲ ਨੀਤੀ

ਭਾਵੇਂ ਕਿ ਅਕਾਲੀ ਦਲ ਨੇ ਸਾਲ 2016 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਵਿਧਾਨ ਸਭਾ ਵਿੱਚ ਇੱਕ ਬਿੱਲ ਲਿਆਂਦਾ ਸੀ ਪਰ ਇਹ ਕੇਂਦਰ ਸਰਕਾਰ ਵੱਲੋਂ ਵਾਪਿਸ ਕਰ ਦਿੱਤਾ ਗਿਆ। ਸਾਲ 2018 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ ਅਸੈਂਬਲੀ ਵਿੱਚ ’ਇੰਡੀਅਨ ਪੀਨਲ ਕੋਡ (ਪੰਜਾਬ ਸੋਧ) ਬਿੱਲ, 2018 ਅਤੇ ਦਿ ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ 2018 ” ਨੂੰ ਸਰਬਸੰਮਤੀ ਨਾਲ ਪਾਸ ਕੀਤਾ ਸੀ। ਇਸ ਬਿੱਲ ਮੁਤਾਬਕ ਸ਼੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੀਮਦ ਭਗਵਤ ਗੀਤਾ, ਪਵਿੱਤਰ ਕੁਰਾਨ ਅਤੇ ਪਵਿੱਤਰ ਬਾਈਬਲ ਨੂੰ ਜੇ ਕੋਈ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਨੁਕਸਾਨ ਪਹੁੰਚਾਉਂਦਾ ਹੈ ਜਾਂ ਬੇਅਦਬੀ ਕਰਦਾ ਹੈ ਤਾਂ ਉਸ ਵਿਅਕਤੀ ਨੂੰ ਉਮਰ ਭਰ ਕੈਦ ਦੀ ਸਜ਼ਾ ਦੀ ਤਜਵੀਜ਼ ਕੀਤੀ ਗਈ ਹੈ। ਆਈ.ਪੀ.ਸੀ. ਦੀ ਧਾਰਾ 295 ਵਿਚ ਸੋਧ ਕਰਨ ਸੰਬੰਧੀ ਮਗਰਲੀ ਕਾਂਗਰਸ ਸਰਕਾਰ ਵਲੋਂ ਪਾਸ ਕੀਤੇ ਗਏ ਕਾਨੂੰਨ ਨੂੰ ਵੀ ਰਾਜ ਭਵਨ ਨੇ ਪ੍ਰਵਾਨਗੀ ਦੇਣ ਦੀ ਥਾਂ ਰਾਸ਼ਟਰਪਤੀ ਨੂੰ ਭੇਜ ਦਿੱਤਾ ਸੀ ਤੇ ਮਗਰਲੇ 6 ਸਾਲਾਂ ਤੋਂ ਇਹ ਬਿੱਲ ਭਾਰਤ ਸਰਕਾਰ ਆਪਣੇ ਕੋਲ ਰੱਖੀ ਬੈਠੀ ਹੈ ਤੇ ਇਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ। ਵਿਧਾਨ ਸਭਾ ਵਲੋਂ 2016 ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਲਈ ਸਜ਼ਾ ਸਖ਼ਤ ਕਰਨ ਲਈ ਜੋ ਕਾਨੂੰਨ ਬਣਾਇਆ ਗਿਆ ਸੀ, ਉਸ ’ਤੇ ਇਤਰਾਜ਼ ਸੀ ਕਿ ਸਜ਼ਾ ਸਾਰੇ ਧਾਰਮਿਕ ਗ੍ਰੰਥਾਂ ਸੰਬੰਧੀ ਇਕੋ ਜਿਹੀ ਹੋਣੀ ਚਾਹੀਦੀ ਹੈ ਤੇ 2018 ਦਾ ਕਾਨੂੰਨ ਸਾਰੇ ਧਾਰਮਿਕ ਗ੍ਰੰਥਾਂ ਸੰਬੰਧੀ ਬਣਾਇਆ ਗਿਆ ਸੀ, ਪਰ ਭਗਵੰਤ ਮਾਨ ਸਰਕਾਰ ਇਸ ਬਿੱਲ ਲਈ ਛੇਤੀ ਪ੍ਰਵਾਨਗੀ ਦਾ ਮਾਮਲਾ ਕਿਉਂ ਨਹੀਂ ਉਠਾ ਰਹੀ ਤੇ ਕੀ ਸਰਕਾਰ ’ਤੇ ਇਸ ਲਈ ਕੋਈ ਦਬਾਅ ਹੈ। ਸਰਕਾਰ ਨੂੰ ਇਸ ਸੰਬੰਧੀ ਵੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ।

ਦੂਜੇ ਸਿਆਸੀ ਦਲਾਂ ਦੀ ਇਸ ਮਾਮਲੇ ’ਤੇ ਚੁੱਪੀ ਤੋਂ ਇਹ ਪ੍ਰਭਾਵ ਜਾ ਰਿਹਾ ਹੈ ਕਿ ਕੀ ਉਹ ਭਗਵੰਤ ਮਾਨ ਸਰਕਾਰ ਦੀ ਟਾਲ-ਮਟੋਲ ਦੀ ਨੀਤੀ ਨਾਲ ਸਹਿਮਤ ਹਨ, ਪਰ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੀ ਬੇਅਦਬੀਆਂ ਦਾ ਮੁੱਦਾ ਇਨ੍ਹਾਂ ਚੋਣਾਂ ਵਿਚ ਵੀ ਉਠੇਗਾ ਤੇ ਮੌਜੂਦਾ ਸਰਕਾਰ ਦੀ ਬੇਅਦਬੀਆਂ ਦੇ ਕੇਸਾਂ ਸੰਬੰਧੀ ਕਾਰਗੁਜ਼ਾਰੀ ਲਈ ਉਸ ਨੂੰ ਜਵਾਬਦੇਹ ਬਣਾਇਆ ਜਾਵੇਗਾ ਜਾਂ ਨਹੀਂ।

## ਫਿਰੌਤੀ ਦੇ ਕੇ ਹਮਲਾ ਕਰਾਉਣ ਦੇ ਦੋਸ਼ ਵਿਚ ਭਾਜਪਾ ਆਗੂ ਨੀਰਜ ਸਮੇਤ ਤਿੰਨ ਗ੍ਰਿਫ਼ਤਾਰ

ਅੰਮ੍ਰਿਤਸਰ-ਮੋਹਕਮਪੁਰਾ ਥਾਣਾ ਪੁਲਿਸ ਨੇ ਫਿਰੌਤੀ ਦੇ ਕੇ ਹਮਲਾ ਕਰਵਾਉਣ ਦੇ ਦੋਸ਼ ਵਿਚ ਭਾਜਪਾ ਪ੍ਰਵਾਸੀ ਸੈੱਲ ਦੇ ਮੁਖੀ ਨੀਰਜ ਰਾਜਪੂਤ, ਉਸ ਦੇ ਭਤੀਜੇ ਸਮੇਤ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ 14 ਅਪ੍ਰੈਲ ਨੂੰ ਦਰਜ ਐਫਆਈਆਰ ਵਿਚ ਕਤਲ ਦੀ ਕੋਸ਼ਿਸ਼ ਦੀ ਧਾਰਾ ਵੀ ਸ਼ਾਮਲ ਕੀਤੀ ਹੈ। ਦੂਜੇ ਪਾਸੇ ਥਾਣਾ ਇੰਚਾਰਜ ਇੰਸਪੈਕਟਰ ਹਰਪ੍ਰੀਤ ਸਿੰਘ ਵਿਰਕ ਨੇ ਦੱਸਿਆ ਕਿ ਮਾਮਲੇ ਦੇ ਦੋ ਹੋਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਮੁੱਢਲੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਨੀਰਜ ਰਾਜਪੂਤ ਨੇ ਪੁਰਾਣੀ ਰੰਜਿਸ਼ ਕਾਰਨ ਇਹ ਸਾਜ਼ਿਸ਼ ਰਚੀ ਸੀ। ਉੱਤਰ ਪ੍ਰਦੇਸ਼ ਕਲਿਆਣ ਪਰਿਸ਼ਦ ਦੇ ਰਾਮ ਭਵਨ ਗੋਸਵਾਮੀ ਨੇ ਦੱਸਿਆ ਕਿ ਸ਼ਨੀਵਾਰ ਨੂੰ ਉੱਤਰ ਪ੍ਰਦੇਸ਼ ਕਲਿਆਣ ਪਰਿਸ਼ਦ ਦੇ ਪੰਜਾਬ ਪ੍ਰਧਾਨ ਸੁਗਰੀਵ ਸਿੰਘ ਆਪਣੇ ਬੇਟੇ ਵਿਜੇ ਨਰਾਇਣ ਨਾਲ ਇਲਾਕੇ ਵਿਚ ਕਿਸੇ ਕੰਮ ਲਈ ਗਏ ਹੋਏ ਸਨ। ਇਸ ਦੌਰਾਨ ਦੋ ਬਾਈਕ ’ਤੇ ਸਵਾਰ ਚਾਰ ਵਿਅਕਤੀਆਂ ਨੇ ਪਿਸਤੌਲ ਅਤੇ ਦਾਤਰ ਨਾਲ ਉਨ੍ਹਾਂ ’ਤੇ ਹਮਲਾ ਕਰ ਦਿੱਤਾ। ਘਟਨਾ ਤੋਂ ਬਾਅਦ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਅਤੇ ਮਾਮਲਾ ਦਰਜ ਕਰ ਲਿਆ ਗਿਆ। ਪੁਲਿਸ ਨੇ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਤਾਂ ਸਾਰਾ ਮਾਮਲਾ ਸਾਫ਼ ਹੋ ਗਿਆ। ਰਾਮ ਭਵਨ ਨੇ ਦੋਸ਼ ਲਾਇਆ ਕਿ ਜਾਂਚ ਦੌਰਾਨ ਭਾਜਪਾ ਪ੍ਰਵਾਸੀ ਸੈੱਲ ਦੇ ਮੁਖੀ ਨੀਰਜ ਰਾਜਪੂਤ ਅਤੇ ਉਸ ਦੇ ਭਤੀਜੇ ਸਾਜਨ ਸਿੰਘ ਦੇ ਨਾਂ ਸਾਹਮਣੇ ਆਉਣ ਲੱਗੇ ਹਨ। ਪੁਲਸ ਨੇ ਕਾਰਵਾਈ ਕਰਦੇ ਹੋਏ ਨੀਰਜ ਰਾਜਪੂਤ, ਸਾਜਨ ਸਿੰਘ ਅਤੇ ਬਾਈਕ ਸਵਾਰ ਨਿਸ਼ਾਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

## ਸੰਗਰੂਰ ਜੇਲ੍ਹ ਵਿਚ ਕੈਦੀਆਂ ਵਿਚਾਲੇ ਹੋਈ ਖ਼ੂਨੀ ਝੜਪ ਦੌਰਾਨ 2 ਹਲਾਕ, 2 ਜਖਮੀ

ਸੰਗਰੂਰ-ਜ਼ਿਲ੍ਹਾ ਜੇਲ ਸੰਗਰੂਰ ਵਿਖੇ ਜੇਲ੍ਹ ਅੰਦਰ ਬੰਦ ਵੱਖ-ਵੱਖ ਕੇਸਾਂ ਨਾਲ ਸਬੰਧਿਤ ਕੈਦੀਆਂ ਦੀ ਆਪਸੀ ਝੜਪ ਹੋ ਗਈ। ਇਹ ਝੜਪ ਇੰਨੀ ਖ਼ਤਰਨਾਕ ਸੀ ਕਿ ਇਸ ਦੌਰਾਨ 2



ਵਿਅਕਤੀਆਂ ਦੀ ਮੌਤ ਹੋ ਗਈ ਅਤੇ 2 ਲੋਕ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਸਿਵਲ ਹਸਪਤਾਲ ਸੰਗਰੂਰ ਦੇ ਸਿਹਤ ਅਧਿਕਾਰੀ ਅਨੁਸਾਰ ਜ਼ਿਲ੍ਹਾ ਜੇਲ੍ਹ ਸੰਗਰੂਰ ਦੀ ਪੁਲਸ ਅਤੇ ਡਾਕਟਰ ਸਾਹਿਬਾਨ ਵੱਲੋਂ 4 ਵਿਅਕਤੀਆਂ ਨੂੰ ਸਿਵਲ ਹਸਪਤਾਲ ਸੰਗਰੂਰ ਵਿਖੇ ਲਿਆਂਦਾ ਗਿਆ ਸੀ, ਜਿਨ੍ਹਾਂ ਵਿਚੋਂ ਹਰਸ਼ ਮਾਲੇਰਕੋਟਲਾ ਅਤੇ ਧਰਮਿੰਦਰ ਸਿੰਘ ਮਾਲੇਰਕੋਟਲਾ ਦੀ ਮੌਤ ਹੋ ਚੁੱਕੀ ਸੀ। ਇਸ ਤੋਂ ਇਲਾਵਾ ਸਹਿਜ ਬਾਜ ਮਾਲੇਰਕੋਟਲਾ ਤੇ ਗਗਨਦੀਪ ਸਿੰਘ ਜ਼ਿਲ੍ਹਾ ਬਰਨਾਲਾ ਗੰਭੀਰ ਜ਼ਖਮੀ ਹਾਲਤ ਵਿਚ ਸਨ। ਜ਼ਖਮੀਆਂ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਸੰਗਰੂਰ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਮੁੱਢਲੀ ਸਹਾਇਤਾ ਦੇਣ ਉਪਰੰਤ ਇਨ੍ਹਾਂ ਨੂੰ ਅੱਗੇ ਪਟਿਆਲਾ ਵਿਖੇ ਰੈਫ਼ਰ ਕਰ ਦਿੱਤਾ ਗਿਆ ਹੈ। ਇਸ ਸਬੰਧੀ ਥਾਣਾ ਸੰਗਰੂਰ ਦੀ ਪੁਲਸ ਵੱਲੋਂ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

## ਅਮਿਤ ਸ਼ਾਹ ਕੋਲ 36 ਕਰੋੜ ਦੀ ਜਾਇਦਾਦ

✪ 15 ਲੱਖ ਕਰਜ਼ਾ ਲਿਆ, ਆਪਣੀ ਕਾਰ ਨਹੀਂ, ਨਕਦੀ ਸਿਰਫ 24 ਹਜ਼ਾਰ


ਨਵੀਂ ਦਿੱਲੀ-ਬੀਤੇ ਦਿਨੀਂ ਕੇਂਦਰੀ ਗ੍ਰਹਿ ਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਗੁਜਰਾਤ ਦੇ ਗਾਂਧੀਨਗਰ ਤੋਂ ਲੋਕ ਸਭਾ ਚੋਣਾਂ ਲਈ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ। ਇਸ ਦੌਰਾਨ ਉਨ੍ਹਾਂ ਵਲੋਂ ਦਾਇਰ ਹਲਫ਼ਨਾਮੇ ਅਨੁਸਾਰ ਉਨ੍ਹਾਂ ਦੀ ਕੁੱਲ ਜਾਇਦਾਦ 36 ਕਰੋੜ ਰੁਪਏ ਹੈ, ਜਿਸ ਵਿਚ 20 ਕਰੋੜ ਰੁਪਏ ਦੀ ਚਲ ਤੇ 16 ਕਰੋੜ ਰੁਪਏ ਦੀ ਅਚਲ ਜਾਇਦਾਦ ਸ਼ਾਮਿਲ ਹੈ। ਹਾਲਾਂਕਿ, ਉਨ੍ਹਾਂ ਕੋਲ ਖ਼ੁਦ ਦੀ ਕਾਰ ਨਹੀਂ ਹੈ। ਅਮਿਤ ਸ਼ਾਹ ਨੇ ਦੱਸਿਆ ਕਿ ਉਨ੍ਹਾਂ ਦਾ ਮੁੱਖ ਕਿੱਤਾ ਤੇ ਆਮਦਨ ਦਾ ਸਰੋਤ ਖੇਤੀਬਾੜੀ ਹੈ। ਇਸ ਤੋਂ ਇਲਾਵਾ ਸੰਸਦ ਮੈਂਬਰ ਵਜੋਂ ਮਿਲਣ ਵਾਲੀ ਤਨਖ਼ਾਹ, ਘਰ ਤੇ ਜ਼ਮੀਨ ਦਾ ਕਿਰਾਇਆ ਤੇ ਸ਼ੇਅਰਾਂ ਤੋਂ ਵੀ ਆਮਦਨ ਹੁੰਦੀ ਹੈ। ਉਨ੍ਹਾਂ ਕੋਲ ਨਕਦੀ ਦੇ ਨਾਂਅ ’ਤੇ ਮਹਿਜ 24,164 ਰੁਪਏ ਹਨ, ਜਦੋਂਕਿ 15 ਲੱਖ ਰੁਪਏ ਦਾ ਕਰਜ਼ਾ ਵੀ ਹੈ। ਰਿਪੋਰਟਾਂ ਅਨੁਸਾਰ ਅਮਿਤ ਸ਼ਾਹ ਦੀ ਸਾਲਾਨਾ ਆਮਦਨ ਸਾਲ



2022-23 ਵਿਚ 75.09 ਲੱਖ ਰੁਪਏ ਸੀ, ਜਦੋਂਕਿ ਉਨ੍ਹਾਂ ਦੀ ਪਤਨੀ ਦੀ ਸਾਲਾਨਾ ਆਮਦਨ 39.54 ਲੱਖ ਰੁਪਏ ਹੈ। ਉਨ੍ਹਾਂ ਦੀ ਪਤਨੀ ਦੀ ਚੱਲ ਸੰਪਤੀ 22.46 ਕਰੋੜ ਰੁਪਏ ਅਤੇ ਅਚੱਲ ਸੰਪੱਤੀ 9 ਕਰੋੜ ਰੁਪਏ ਹੈ। ਉਨ੍ਹਾਂ ’ਤੇ 22.32 ਲੱਖ ਰੁਪਏ ਦਾ ਕਰਜ਼ਾ ਵੀ ਹੈ। ਅਮਿਤ ਸ਼ਾਹ ਕੋਲ 72 ਲੱਖ ਰੁਪਏ ਦੇ ਗਹਿਣੇ ਹਨ। ਇਨ੍ਹਾਂ ਵਿਚੋਂ ਖਰੀਦੇ ਹੋਏ ਸਿਰਫ 8.76 ਲੱਖ ਰੁਪਏ ਦੇ ਹਨ। ਉਨ੍ਹਾਂ ਦੀ ਪਤਨੀ ਕੋਲ 1.10 ਕਰੋੜ ਰੁਪਏ ਦੇ ਗਹਿਣੇ ਹਨ।

## ਗ਼ੈਰ ਕਾਨੂੰਨੀ ਢੰਗ ਨਾਲ ਅਮਰੀਕਾ ਗਏ ਪੰਜਾਬੀ ਦੀ ਹਿਰਾਸਤ ਦੌਰਾਨ ਮੌਤ

ਵਾਸ਼ਿੰਗਟਨ-ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਆਏ ਭਾਰਤੀ ਨਾਗਰਿਕ ਦੀ ਅਟਲਾਂਟਾ ਦੇ ਹਸਪਤਾਲ ਵਿਚ ਬੀਤੇ ਦਿਨੀਂ ਮੌਤ ਹੋ ਗਈ। ਉਸ ਨੂੰ ਭਾਰਤ ਵਾਪਸ ਭੇਜਿਆ ਜਾਣਾ ਸੀ। ਯੂ.ਐਸ. ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ ਵਿਭਾਗ ਨੇ ਕਿਹਾ ਕਿ ਭਾਰਤੀ ਕੌਂਸਲੇਟ ਨੂੰ ਜਸਪਾਲ ਸਿੰਘ (57) ਦੀ ਮੌਤ ਦੀ ਸੂਚਨਾ ਦਿੱਤੀ ਗਈ ਹੈ। ਨਾਲ ਹੀ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਜਸਪਾਲ ਸਿੰਘ ਪਹਿਲੀ ਵਾਰ 25 ਅਕਤੂਬਰ 1992 ਨੂੰ ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਦਾਖ਼ਲ ਹੋਇਆ ਸੀ। 21 ਜਨਵਰੀ 1998 ਨੂੰ ਇਮੀਗ੍ਰੇਸ਼ਨ ਜੱਜ ਨੇ ਉਸ ਨੂੰ ਅਮਰੀਕਾ ਛੱਡਣ ਦਾ ਹੁਕਮ ਦਿੱਤਾ, ਜਿਸ ਤੋਂ ਬਾਅਦ ਉਹ ਭਾਰਤ ਪਰਤ ਗਿਆ। 29 ਜੂਨ 2023 ਨੂੰ ਦੁਬਾਰਾ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਦੌਰਾਨ ਅਧਿਕਾਰੀਆਂ ਨੇ ਉਸ ਨੂੰ ਅਮਰੀਕਾ-ਮੈਕਸੀਕੋ ਸਰਹੱਦ ਤੋਂ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਅਟਲਾਂਟਾ ਦੇ ਇਨਫੋਰਸਮੈਂਟ ਐਂਡ ਰਿਮੂਵਲ ਅਪਰੇਸ਼ਨਜ਼ (ਈ.ਆਰ.ਓ.) ਦੇ ਹਵਾਲੇ ਕਰ ਦਿੱਤਾ ਗਿਆ ਸੀ, ਜਿਥੋਂ ਉਸ ਨੂੰ ਅਟਲਾਂਟਾ ਦੇ ਨਜ਼ਰਬੰਦੀ ਕੇਂਦਰ ਵਿਚ ਰੱਖਿਆ ਗਿਆ ਸੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*


Respectable Jatt Sikh family seek a suitable match for their canadian Born and British citizen son. He is 31 years old, 5'11" tall, education Bsc Mathematics and runs his own Business, Girl should be from UK Jatt Sikh family. Work Permit Holder considerable. Please contact UK Times between 8am to 8pm on Mobile: 07723 369240 or reply to ref. 881 (3025)

UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)

## CHANGE OF NAME

I, SANGEETA DAUGHTER OF MR BHAGWAN DASS WHOSE PERMANENT ADDRESS IN INDIA IS H NO 113, VILL SALEMPUR MUSALMANA, PO RANDHAWA MASANDAN, DISTT JALANDHAR, PUNJAB 144001 AND NOW LIVING AT 415 COLLEGE ROAD, BIRMINGHAM, B44 0HE HEREBY GIVE NOTICE OF MY INTENTION TO CHANGE MY NAME TO SANGEETA (GIVEN NAME) MASSIH (SURNAME). (U)

I, NAVNEET KAUR WIFE OF MR PALWINDER SINGH KAUR WHOSE PERMANENT ADDRESS IN INDIA IS VPO BHARATH, TEH: BATALA, DIST: GURDASPUR, PUNJAB 143527 AND NOW LIVING AT 5 PAIGNTON ROAD, BIRMINGHAM, B16 0JX HEREBY GIVE NOTICE OF MY INTENTION TO CHANGE MY NAME TO NAVNEET KAUR (GIVEN NAME) RIAR (SURNAME). (U/I)

## ਹਾਸਾ ਕਲੀਨਿਕ

**ਪੱਪੂ,** ਯਾਰ ਟੀਚਰ ਨਾਲ ਪਿਆਰ ਕਰਨਾ ਬਹੁਤ ਮੁਸ਼ਕਿਲ ਹੈ।

ਬੰਟੀ, ਕਿਉਂ, ਕੀ ਹੋ ਗਿਆ ?

ਪੱਪੂ, ਭਰਾ, ਇਕ ਲਵ ਲੈਟਰ ਭੇਜਿਆ ਸੀ, ਉਸ ਵਿੱਚ ਵੀ 8–10 ਸਪੈਲਿੰਗ ਮਿਸਟੇਕ ਮਾਰਕ ਕਰ ਦਿੱਤੇ।


## CHANGE OF NAME

Please one tick box

☐ £30 Print in UK only

☐ £60 Print UK & India

☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**


**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਪੋਰਨ ਸਟਾਰਾਂ ਨੂੰ ਪੈਸੇ ਦੇ ਕੇ ਫਸਾ ਰਹੇ ਨੇ ਡੋਨਾਲਡ ਟਰੰਪ

### ✪ ਵਿਰੋਧੀ ਵਕੀਲਾਂ ਨੇ ਟਰੰਪ ਨੂੰ ਕੀਤਾ ਜ਼ਲੀਲ ✪ ਪਲੇਬੁਆਏ ਮਾਡਲ ਨਾਲ ਆਪਣੇ ਜਿਨਸੀ ਸਬੰਧਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ



ਵਸ਼ਿੰਗਟਨ-ਡੋਨਾਲਡ ਟਰੰਪ ਨੇ ਨਾ ਸਿਰਫ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੋਰਨ ਸਟਾਰਸ ਨੂੰ ਗੁਪਤ ਤੌਰ 'ਤੇ ਪੈਸੇ ਦੇ ਕੇ ਇੱਕ ਪਲੇਬੁਆਏ ਮਾਡਲ ਨਾਲ ਆਪਣੇ ਜਿਨਸੀ ਸਬੰਧਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ, ਇਸਤਗਾਸਾ ਨੇ ਨਿਊਯਾਰਕ ਦੀ ਇੱਕ ਅਦਾਲਤ ਵਿੱਚ ਸੁਣਵਾਈ ਦੌਰਾਨ ਕਿਹਾ ਕਿ 2016 ਦੀਆਂ ਰਾਸ਼ਟਰਪਤੀ ਚੋਣਾਂ ਨੂੰ ਗੁਪਤ ਰੂਪ ਵਿੱਚ ਭ੍ਰਿਸ਼ਟ ਕੀਤਾ ਸੀ। ਹਾਲਾਂਕਿ ਡੋਨਾਲਡ ਟਰੰਪ ਦੇ ਵਕੀਲਾਂ ਨੇ ਅਦਾਲਤ ਵਿਚ ਵਿਰੋਧੀ ਵਕੀਲਾਂ ਦੇ ਦੋਸ਼ਾਂ ਨੂੰ ਨਕਾਰ ਦਿਤਾ ਤੇ ਕਿਹਾ ਕਿ ਡੋਨਾਲਡ ਟਰੰਪ ਨੇ ਅਜਿਹੀ ਕੋਈ ਗਲਤੀ ਨਹੀਂ ਕੀਤੀ ਹੈ। ਨਿਊਯਾਰਕ ਦੀ ਅਦਾਲਤ ਵਿੱਚ ਇਤਿਹਾਸਕ ਮੁਕੱਦਮੇ ਵਿੱਚ ਜੱਜਾਂ ਨੇ ਇਸਤਗਾਸਾ ਪੱਖ ਦੇ ਪਹਿਲੇ ਗਵਾਹ ਦੇ ਸੰਖੇਪ ਬਿਆਨ ਵੀ ਸੁਣੇ ਹਨ। ਇਨ੍ਹਾਂ ਗਵਾਹਾਂ ਵਿੱਚ ਨੈਸ਼ਨਲ ਇਨਕੁਆਇਰਰ ਦੇ ਸਾਬਕਾ ਪ੍ਰਕਾਸ਼ਕ ਡੇਵਿਡ ਪੈਕਰ ਵੀ ਸ਼ਾਮਲ ਹਨ, ਜਿਸ ਬਾਰੇ ਡੋਨਾਲਡ ਟਰੰਪ ਦੇ ਵਿਰੋਧੀ ਵਕੀਲਾਂ ਦਾ ਕਹਿਣਾ ਹੈ ਕਿ ਪਲੇਅਬੁਆਏ ਮਾਡਲ ਨੇ ਉਨ੍ਹਾਂ ਦੀ ਸੰਸਥਾ ਨੂੰ ਇੰਟਰਵਿਊ ਦਿੱਤੀ ਸੀ, ਜਿਸ ਵਿੱਚ ਉਸ ਨੇ ਡੋਨਾਲਡ ਟਰੰਪ ਨਾਲ ਆਪਣੇ ਸਬੰਧਾਂ ਦਾ ਖੁਲਾਸਾ ਕੀਤਾ ਸੀ, ਪਰ ਡੋਨਾਲਡ ਟਰੰਪ ਨੇ ਉਸ ਇੰਟਰਵਿਊ ਨੂੰ ਦਬਾ ਦਿੱਤਾ ਅਤੇ ਇਜਾਜ਼ਤ ਨਹੀਂ ਦਿੱਤੀ। ਇਸ ਨੂੰ ਪ੍ਰਕਾਸ਼ਿਤ ਨਹੀਂ ਹੋਣ ਦਿਤਾ।

# ਪਤਨੀ ਦੇ ਪ੍ਰੇਮ ਸਬੰਧਾਂ ਤੋਂ ਪ੍ਰੇਸ਼ਾਨ ਪਤੀ ਵੱਲੋਂ ਗੋਲੀ ਮਾਰ ਕੇ ਕੀਤੀ ਖ਼ੁਦਕੁਸ਼ੀ

ਅੰਮ੍ਰਿਤਸਰ-ਪਤਨੀ ਤੋਂ ਪ੍ਰੇਸ਼ਾਨ ਹੋ ਕੇ ਪਤੀ ਵੱਲੋਂ ਗੋਲੀ ਮਾਰ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਦਰ ਦੀ ਪੁਲਸ ਨੇ ਮ੍ਰਿਤਕ ਦੀ ਪਤਨੀ ਆਰਤੀ ਅਤੇ ਮਕਾਨ ਮਾਲਕ ਬਬਲੂ ਵਾਸੀ ਪੈਰਿਸ ਟਾਊਨ ਬਟਾਲਾ ਰੋਡ ਅਤੇ ਕੁਝ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਖੁਦਕੁਸ਼ੀ ਲਈ ਮਜ਼ਬੂਰ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਮ੍ਰਿਤਕ ਦੀ ਭੈਣ ਰਜਨੀ ਨੇ ਪੁਲਸ ਨੂੰ ਦੱਸਿਆ ਕਿ ਉਸਦੇ ਭਰਾ ਸੋਨੂੰ ਦਾ ਵਿਆਹ 2009 ਵਿਚ ਆਰਤੀ ਨਾਲ ਹੋਇਆ ਸੀ। ਦੋਵੇਂ ਪਤੀ-ਪਤਨੀ ਬਟਾਲਾ ਰੋਡ 'ਤੇ ਬਬਲੂ ਦੇ ਮਕਾਨ ਵਿਚ ਕਿਰਾਏ 'ਤੇ ਰਹਿੰਦੇ ਸਨ। ਉਸ ਦੀ ਭਰਜਾਈ ਦੇ ਕਿਸੇ ਵਿਅਕਤੀ ਨਾਲ ਨਾਜਾਇਜ਼ ਸਬੰਧ ਸਨ, ਜਿਸ ਕਾਰਨ ਦੋਵੇਂ ਪਤੀ-ਪਤਨੀ ਅਕਸਰ ਝਗੜਾ ਕਰਦੇ ਰਹਿੰਦੇ ਸਨ। 16 ਅਪ੍ਰੈਲ ਨੂੰ ਤੜਕੇ ਉਸ ਦੀ ਮਾਂ ਸ਼ਾਂਤੀ ਨੇ ਫੋਨ 'ਤੇ ਦੱਸਿਆ ਕਿ ਸੋਨੂੰ ਨੇ ਖੁਦ ਨੂੰ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ ਹੈ। ਜਦੋਂ ਉਹ ਸਵੇਰੇ ਆਪਣੀ ਮਾਂ ਨਾਲ ਆਪਣੇ ਭਰਾ ਬਲਰਾਮ ਦੇ ਘਰ ਗਈ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਭਰਜਾਈ ਅਤੇ ਮਕਾਨ ਮਾਲਕ ਬਬਲੂ ਨੇ ਪੁਲਸ ਨੂੰ ਬਿਨਾਂ ਦੱਸੇ ਅੰਤਿਮ ਸਸਕਾਰ ਕਰ ਦਿੱਤਾ।

# ਪੰਜਾਬ ਦੀਆਂ ਚੋਣਾਂ ਵਿਚ ਪ੍ਰਵਾਸੀ ਮਜ਼ਦੂਰ ਨਿਭਾਉਣਗੇ ਅਹਿਮ ਭੂਮਿਕਾ ?

### ✪ ਲੱਖਾਂ ਦੀ ਗਿਣਤੀ ਵਿਚ ਪ੍ਰਵਾਸੀਆਂ ਨੇ ਬਣਾਈਆਂ ਵੋਟਾਂ ! ✪ ਫਗਵਾੜਾ, ਹੁਸ਼ਿਆਰਪੁਰ, ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ, ਬਠਿੰਡਾ, ਫ਼ਤਿਹਗੜ੍ਹ ਸਾਹਿਬ ਵਿਚ ਭਈਆਂ ਦਾ ਬੋਲਬਾਲਾ

ਜਲੰਧਰ-ਪੰਜਾਬ ਵਿਚ 1 ਜੂਨ ਨੂੰ ਲੋਕ ਸਭਾ ਲਈ ਵੋਟਾਂ ਪੈਣਗੀਆਂ ਪਰ ਇਸ ਵਾਰ ਵੱਡੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਪੰਜਾਬ ਵਿੱਚ ਵੋਟਾਂ ਪਾਉਣਗੇ। ਪੰਜਾਬ ਇੱਕ ਖੇਤੀਬਾੜੀ ਸੂਬਾ ਹੈ ਜਿੱਥੇ ਫ਼ਸਲ ਦੀ ਬਿਜਾਈ ਤੇ ਵਾਢੀ ਲਈ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੀ ਲੋੜ ਪੈਂਦੀ ਹੈ। ਸਾਲ 1970 ਤੋਂ ਸ਼ੁਰੂ ਹੋਈ ਹਰੀ ਕ੍ਰਾਂਤੀ ਤੋਂ ਬਾਅਦ ਵੱਡੀ ਗਿਣਤੀ ਵਿੱਚ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਮਜ਼ਦੂਰਾਂ ਨੇ ਪੰਜਾਬ ਦਾ ਰੁਖ਼ ਕੀਤਾ ਹੈ ਜਿਸ ਵਿੱਚ ਜ਼ਿਆਦਾਤਰ ਪ੍ਰਵਾਸੀ ਪੰਜਾਬ ਵਿੱਚ ਹੀ ਰਹਿਣ ਲੱਗ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਪ੍ਰਵਾਸੀ ਵਿੰਗ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ, ਪੰਜਾਬ ਵਿੱਚ ਪ੍ਰਵਾਸੀਆਂ ਦੀ ਗਿਣਤੀ 39 ਲੱਖ ਸੀ ਜੋ ਕਿ ਪਿਛਲੇ ਕੁਝ ਸਾਲਾਂ ਵਿੱਚ ਵਧ ਕੇ 43 ਲੱਖ ਹੋ ਗਈ ਹੈ। ਜੇ ਕੋਰੋਨਾ ਵੇਲੇ ਦੇ ਆਂਕੜਿਆਂ ਉੱਤੇ ਨਜ਼ਰ ਮਾਰੀ ਜਾਵੇ ਤਾਂ 18 ਲੱਖ ਪ੍ਰਵਾਸੀ ਮਜ਼ਦੂਰਾਂ ਨੇ ਪੰਜਾਬ ਸਰਕਾਰ ਕੋਲ ਘਰ ਵਾਪਸੀ ਲਈ ਰਜਿਸਟ੍ਰੇਸ਼ਨ ਕਰਵਾਇਆ ਸੀ ਜਿਸ ਵਿੱਚੋਂ 10 ਲੱਖ ਮਜ਼ਦੂਰ ਉੱਤਰ ਪ੍ਰਦੇਸ਼ ਤੇ 6 ਲੱਖ ਮਜ਼ਦੂਰ ਬਿਹਾਰ ਤੇ ਬਾਕੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਹੋਏ ਸਨ।



ਜੇ ਸਾਲ 2017 ਦੇ ਵਿਧਾਨ ਸਭਾ ਆਂਕੜਿਆਂ ਦੀ ਗੱਲ ਕੀਤੀ ਜਾਵੇ ਤਾਂ ਉਸ ਮੁਤਾਬਕ ਪੰਜਾਬ ਵਿੱਚ ਤਕਰਬੀਨ 27 ਲੱਖ ਪ੍ਰਵਾਸੀ ਵੋਟਰ ਸਨ ਜਿਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਗਿਣਤੀ ਲੁਧਿਆਣਾ ਦੇ ਸਾਹਨੇਵਾਲ ਖੇਤਰ ਵਿੱਚ ਹੈ ਜਿੱਥੇ ਇਹ ਤਕਰੀਬਨ 50 ਹਜ਼ਾਰ ਹਨ। ਇਸ ਤੋਂ ਇਲਾਵਾ ਫਗਵਾੜਾ, ਹੁਸ਼ਿਆਰਪੁਰ, ਬਠਿੰਡਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਫ਼ਤਿਹਗੜ੍ਹ ਸਾਹਿਬ ਦੇ ਇਲਾਕਿਆਂ ਵਿੱਚ ਵੀ ਗਿਣਤੀ ਜ਼ਿਆਦਾ ਹੈ। 2017 ਵਿੱਚ ਲੁਧਿਆਣਾ ਜ਼ਿਲ੍ਹੇ ਦੀਆਂ 5 ਵਿਧਾਨ ਸਭਾ ਸੀਟਾਂ ਅਜਿਹੀਆਂ ਸਨ ਜਿੱਥੇ ਪ੍ਰਵਾਸੀ ਵੋਟਰਾਂ ਦਾ ਦਬਦਬਾ ਹੈ।

## ਮਾਸਟਰ ਹਰਨੇਕ ਸਿੰਘ ਸਿੱਧੂ ਦੀ ਪੋਤਰੀ ਅਤੇ ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ **ਬੇਟੀ ਜੀਵਨਜੋਤ ਕੌਰ ਸਿੱਧੂ ਦੇ 18ਵੇਂ** ਜਨਮ ਦਿਨ ਸਬੰਧੀ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਕਰਵਾਏ ਸ਼ੁਕਰਾਨਾ ਸਮਾਗਮ ਵਿੱਚ ਪਹੁੰਚੇ ਸਮੂਹ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦਾ ਅਮਨਦੀਪ ਸਿੰਘ ਸਿੱਧੂ, ਗੁਰਜੋਤ ਸਿੰਘ ਸਿੱਧੂ ਅਤੇ ਸਮੂਹ ਸਿੱਧੂ ਤੇ ਬਰਾੜ ਪਰਿਵਾਰਾਂ ਵੱਲੋਂ ਹਾਰਦਿਕ ਧੰਨਵਾਦ



# MANAK SOLICITORS



**Nosheen Bukhari**
Wills & Probate Director

Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.

Gravesend | Orpington | Sevenoaks | London



manaksolicitors.co.uk

**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)** **Surinder Singh Manak LLB (Hons)**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਖਾਲਸੇ ਦੇ ਸਾਜਨਾ ਦਿਵਸ ਤੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜੇ ਵਿਸ਼ਾਲ ਕੀਰਤਨ ਦਰਬਾਰ ਨੇ ਰਾਜਧਾਨੀ ਰੋਮ ਨੂੰ "ਮਾਨਸ ਕੀ ਜਾਤ ਸਬੈ ਏਕੈ ਪਹਿਚਾਣਬੋ" ਦੇ ਫਲਸਫੇ ਨਾਲ ਦਿੱਤਾ ਮਹਿਕਾ





ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)- ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫ਼ੇ ਉਪੱਰ ਡੱਟਵਾਂ ਪਹਿਰਾ ਦਿੰਦੇ ਹੋਏ ਲਾਸੀਓ ਸੂਬੇ ਦੇ ਪ੍ਰਸਿੱਧ ਤੇ ਪੁਰਾਣੇ ਗੁਰਦੁਆਰਾ ਸਾਹਿਬ ਹਰਗੋਬਿੰਦ ਸੇਵਾ ਸੁਸਾਇਟੀ ਮਾਸੀਮੀਨਾ ਰੋਮ ਦੀ ਪ੍ਰਬੰਧਕ ਕਮੇਟੀ ਵੱਲੋਂ ਇਟਲੀ ਦੀ ਸਮੂਹ ਸੰਗਤ ਤੇ ਗੁਰਦੁਆਰਾ ਸਾਹਿਬ ਦੇ ਸਹਿਯੋਗ ਨਾਲ ਮਹਾਨ ਕ੍ਰਾਂਤੀਕਾਰੀ ਸਤਿਗੁਰੂ ਰਵਿਦਾਸ ਮਹਾਰਾਜ ਜੀਓ ਦੇ 647ਵੇਂ ਆਗਮਨ ਪੁਰਬ ਤੇ ਦਸਮੇਸ਼ ਪਿਤਾ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਵੱਲੋਂ ਸਾਜੇ ਖਾਲਸਾ ਪੰਥ ਦੇ 325ਵੇਂ ਸਾਜਨਾ ਦਿਵਸ ਨੂੰ ਸਮਰਪਿਤ ਰਾਜਧਾਨੀ ਰੋਮ ਦੇ ਚੌਂਕ ਪਿਆਸਾ ਵਿਕਟੋਰੀਆ ਵਿਖੇ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿੱਚ ਪ੍ਰਸਿੱਧ ਪੰਥਕ ਸਖ਼ਸੀਅਤਾਂ ਤੇ ਰਾਗੀ, ਢਾਡੀ, ਕੀਰਤਨੀਏ ਆਦਿ ਨੇ ਭਰਵੀਂ ਹਾਜ਼ਰੀ ਭਰੀ।

ਵਿਸ਼ਾਲ ਸਜੇ ਕੀਰਤਨ ਦਰਬਾਰ ਵਿੱਚ ਸਿਰਮੌਰ ਕਵੀਸ਼ਰ ਜੱਥਾ ਭਾਈ ਦਲਬੀਰ ਸਿੰਘ ਮਹਿਮਾਂ ਚੱਕ, ਭਾਈ ਸੁਖਵਿੰਦਰ ਸਿੰਘ ਤੇ ਭਾਈ ਤਰਮੇਸ ਸਿੰਘ ਯੂ ਕੇ ਵਾਲਿਆਂ ਨੇ ਆਪਣੀ ਦਮਦਾਰ ਤੇ ਬੁਲੰਦ ਆਵਾਜ਼ ਵਿੱਚ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ।"ਮਾਨਸ ਕੀ ਜਾਤ ਸਬੈ ਏਕੈ ਪਹਿਚਾਣਬੋ"ਨੂੰ ਅਮਲੀ ਜਾਮਾਂ ਪਹਿਨਾਉਂਦਾ ਹੋਇਆ ਗੁਰਦੁਆਰਾ ਸਾਹਿਬ ਹਰਗੋਬਿੰਦ ਸੇਵਾ ਸੁਸਾਇਟੀ ਰੋਮ ਦਾ ਇਹ ਮਹਾਨ ਤੇ ਅਦਭੁੱਤ ਕੀਰਤਨ ਦਰਬਾਰ ਜਿਸ ਵਿੱਚ ਸੰਗਤਾਂ ਕਾਫ਼ਲੀਆਂ ਦੇ ਰੂਪ ਵਿੱਚ ਵੱਡੇ ਹਜੂਮ ਦਾ ਹਿੱਸਾ ਬਣਦੀਆਂ ਬੋਲੇ ਸੋ ਨਿਹਾਲ ਸਤਿ ਸ਼੍ਰੀ ਅਕਾਲ ਦੇ ਜੈਕਾਰੇ ਲਗਾਉਂਦੀਆਂ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀਆਂ ਸਨ ਇੱਕ ਸਲਾਘਾਯੋਗ ਕਾਰਜ ਸੀ।ਸੰਗਤ ਦੇ ਇਸ ਵਿਸ਼ਾਲ ਇੱਕਠ ਨੂੰ ਸੰਬੋਧਿਤ ਕਰਦਿਆਂ ਸਤਿਕਾਰਤ ਮੈਡਮ ਵੀਨਾ ਰਾਓ ਰਾਜਦੂਤ ਭਾਰਤੀ ਅੰਬੈਂਸੀ ਰੋਮ ਨੇ ਹਾਜ਼ਰੀਨ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਬੇਸ਼ੱਕ ਉਹਨਾਂ ਨੂੰ ਇਟਲੀ ਆਏ ਕੁਝ ਹਫ਼ਤੇ ਹੀ ਹੋਏ ਹਨ ਪਰ ਫਿਰ ਵੀ ਇਸ ਸਮਾਗਮ ਵਿੱਚ ਆਉਣਾ ਬਹੁਤ ਜ਼ਰੂਰੀ ਕਿਉਂਕਿ ਇਹ ਦਿਵਸ ਸਾਨੂੰ ਸਾਰਿਆਂ ਨੂੰ ਆਪਸ ਵਿੱਚ ਜੋੜਦਾ ਹੈ ਤੇ ਆਪਣੀ ਸੰਸਕ੍ਰਿਤੀ ਪ੍ਰੰਮਪਰਾ ਨੂੰ ਯਾਦ ਕਰਨ ਦਾ ਸੁਨਹਿਰੀ ਮੌਕਾ ਦਿੰਦਾ ਹੈ।ਅਜਿਹੇ ਸਮਾਗਮ ਹੀ ਹਨ ਜਿਹਨਾਂ ਵਿੱਚ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਮਹਾਨ ਸੱਭਿਆਚਾਰ ਤੇ ਮਹਾਨ ਸੰਸਕ੍ਰਿਤੀ ਜੋੜ ਸਕਦੇ ਹਾਂ।ਇਟਲੀ ਵਿੱਚ ਰਹਿਣ ਵਾਲੇ ਹਰ ਭਾਰਤੀ ਨੂੰ ਉਹਨਾਂ ਦਾ ਸੁਨੇਹਾ ਹੈ ਕਿ ਤੁਸੀ ਜੋ ਮਰਜ਼ੀ ਕੰਮ ਕਰਦੇ ਹੋ ਭਾਰਤੀ ਅੰਬੈਂਸੀ ਰੋਮ ਸਦਾ ਇਟਲੀ ਦੇ ਭਾਰਤੀ ਭਾਈਚਾਰੇ ਦੀ ਸੇਵਾ ਵਿੱਚ ਜਿਸ ਨੂੰ ਨਿਭਾਅ ਕਿ ਉਹਨਾਂ ਬਹੁਤ ਮਾਣ ਤੇ ਖੁਸ਼ੀ ਮਹਿਸੂਸ ਕਰਦੇ ਹਨ।ਮੈਡਮ ਵੀਨਾ ਰਾਓ ਜੋ ਕਿ ਆਪਣੇ ਪਰਿਵਾਰ ਨਾਲ ਇਸ ਸਮਾਗਮ ਵਿੱਚ ਪਹੁੰਚੇ।ਇਸ ਕੀਰਤਨ ਦਰਬਾਰ ਵਿੱਚ ਨੰਨੇ-ਮੁੰਨੇ ਬੱਚਿਆਂ ਵੀ ਆਪਣੀ ਮੋਹਣੀ ਆਵਾਜ਼ ਵਿੱਚ ਗਾਕੇ ਸਿੱਖ ਧਰਮ ਦੇ ਫਲਸਫ਼ੇ ਦੀ ਗੱਲ ਕੀਤੀ।ਲਾਸੀਓ ਸੂਬੇ ਦੇ ਪ੍ਰਸਿੱਧ ਗੱਤਕਾ ਅਖਾੜਾ 96 ਕਰੋੜੀ ਬਾਬਾ ਬੁੱਢਾ ਦਲ ਦੇ ਸਿੰਘਾਂ ਵੱਲੋਂ ਸਿੱਖ ਮਾਰਸ਼ਲ ਆਰਟ ਦੇ ਹੈਰਤਅੰਗੇਜ ਕਾਰਨਾਮੇ ਵੀ ਦਿਖਾਏ ਗਏ।ਇਸ ਪ੍ਰਗਟ ਦਿਵਸ ਸਮਾਗਮ ਵਿੱਚ ਵੱਖ-ਵੱਖ ਧਰਮਾਂ ਦੇ ਲੋਕਾਂ ਤੋਂ ਇਲਾਵਾਂ ਰੋਮ ਦੇ ਪ੍ਰਸ਼ਾਸ਼ਨ ਅਧਿਕਾਰੀਆਂ ਵੀ ਸਮੂਲੀਅਤ ਕੀਤੀ ।

ਗੁਰੂ ਦਾ ਆਸ਼ੀਰਵਾਦ ਲੈਣ ਪਹੁੰਚੀਆਂ ਸਮੂਹ ਸੰਗਤਾਂ ਲਈ ਗੁਰੂ ਦੇ ਅਨੇਕਾਂ ਪ੍ਰਕਾਰ ਦੇ ਲੰਗਰ ਤੇ ਜੂਸ ਦੀਆਂ ਛਬੀਲਾਂ ਅਤੁੱਟ ਵਰਤੀਆਂ ।ਗੁਰਦੁਆਰਾ ਸਾਹਿਬ ਹਰਗੋਬਿੰਦ ਸੇਵਾ ਸੁਸਾਇਟੀ ਮਾਸੀਮੀਨਾ ਰੋਮ ਦੀ ਪ੍ਰਬੰਧਕ ਕਮੇਟੀ ਨੇ ਮੈਡਮ ਵੀਨਾ ਰਾਓ,ਫਸਟ ਸੈਕਟਰੀ ਦੀਪੰਕਰ ਸ਼੍ਰੀ ਵਾਸਤਵ ਤੇ ਸਮੂਹ ਸੇਵਾਦਾਰਾਂ ਦਾ ਵਿਸ਼ੇਸ ਸਨਮਾਨ ਨਾਲ ਸਨਮਾਨ ਕਰਦਿਆਂ ਸਭ ਦਾ ਕੀਰਤਨ ਦਰਬਾਰ ਵਿੱਚ ਸ਼ਰੀਕ ਹੋਣ ਲਈ ਤਹਿ ਦਿਲੋ ਧੰਨਵਾਦ ਕੀਤਾ ਗਿਆ

# ਮੰਜੇ ਨਾਲ ਬੰਨ੍ਹ ਕੇ ਗਰਭਵਤੀ ਪਤਨੀ ਸਾੜੀ

## ✪ ਪੇਟ ਵਿਚ ਪਲ਼ ਰਹੇ ਸੀ ਜੌੜੇ ਬੱਚੇ, ਪਤੀ ਗ੍ਰਿਫਤਾਰ



ਬਾਬਾ ਬਕਾਲਾ-ਬਾਬਾ ਬਕਾਲਾ ਸਾਹਿਬ ਦੇ ਪਿੰਡ ਬੁਲੇ ਨੰਗਲਪਤੀ ਵਿਖੇ ਸੁਖਦੇਵ ਸਿੰਘ ਨੇ ਇੱਕ ਮਾਮੂਲੀ ਝਗੜੇ ਕਾਰਨ ਆਪਣੀ ਗਰਭਵਤੀ ਪਤਨੀ ਪਿੰਕੀ (23) ਨੂੰ ਮੰਜੀ ਨਾਲ ਬੰਨ੍ਹ ਕੇ ਜ਼ਿੰਦਾ ਸਾੜ ਦਿੱਤਾ। ਮ੍ਰਿਤਕਾ ਪਤਨੀ ਦੇ ਪੇਟ ਵਿੱਚ ਜੌੜੇ ਬੱਚੇ ਪਲ਼ ਰਹੇ ਸਨ, ਜੋ ਇਸ ਦੁਨੀਆ ਵਿੱਚ ਆਉਣ ਤੋਂ ਪਹਿਲਾਂ ਹੀ ਗੁਜ਼ਰ ਗਏ। ਦੱਸਿਆ ਜਾ ਰਿਹਾ ਹੈ ਕਿ ਮਹਿਲਾ 6 ਮਹੀਨਿਆਂ ਦੀ ਗਰਭਵਤੀ ਸੀ। ਪਤਨੀ ਸਮੇਤ ਘਰ ਦਾ ਸਾਰਾ ਸਾਮਾਨ ਸੜ ਚੁੱਕਾ ਹੈ। ਸਾਰੀ ਰਾਖ਼ ਬੋਰੀ ਵਿੱਚ ਭਰੀ ਗਈ ਹੈ ਪੁਲਿਸ ਨੇ ਪਤੀ ਨੂੰ ਗ੍ਰਿ.ਫਤਾਰ ਕਰ ਲਿਆ ਹੈ। ਥਾਣਾ ਬਿਆਸ ਦੇ ਐਸ ਐਚ ਓ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਸੁਖਦੇਵ ਸਿੰਘ ਮਜ਼ਦੂਰੀ ਦਾ ਕੰਮ ਕਰਦਾ ਸੀ। ਘਰੇਲੂ ਝਗੜੇ ਦੇ ਚੱਲਦਿਆਂ ਉਸ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਲੜਕੀ ਦਾ ਪੇਕਾ ਪਰਿਵਾਰ ਵੀ ਪੁਲਿਸ ਦੇ ਸੰਪਰਕ ਵਿੱਚ ਹੈ। ਉਨ੍ਹਾਂ ਦੇ ਬਿਆਨਾਂ ਦੇ ਆਧਾਰ ’ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਸਿਵਲ ਹਸਪਤਾਲ ਵਿਚੋਂ ਰਾਜੂ ਸ਼ੂਟਰ ਗੈਂਗਸਟਰ .ਫਰਾਰ

## ✪ ਦੋ ਵਿਅਕਤੀ ਹਸਪਤਾਲ ਵਿਚੋਂ ਭਜਾ ਕੇ ਲੈ ਗਏ



ਤਰਨਤਾਰਨ-ਕੁਝ ਮਹੀਨੇ ਪਹਿਲਾਂ ਫੜਿਆ ਗਿਆ ਰਾਜੂ ਸ਼ੂਟਰ ਨਾਂ ਦਾ ਅਪਰਾਧੀ ਰਾਤ ਨੂੰ ਤਰਨਤਾਰਨ ਦੇ ਸਿਵਲ ਹਸਪਤਾਲ ਵਿਚੋਂ .ਫਰਾਰ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਉਸਨੂੰ ਦੋ ਵਿਅਕਤੀ ਹਸਪਤਾਲ ਚੋਂ ਭਜਾ ਕੇ ਲੈ ਗਏ। ਹਾਲਾਕਿ ਉਸ ਸਮੇਂ ਜੇਲ੍ਹ ਦੀ ਗਾਰਦ ਦੇ ਕਰਮਚਾਰੀ ਉੱਥੇ ਮੌਜੂਦ ਸਨ। ਜ਼ਿਕਰਯੋਗ ਹੈ ਕਿ ਰਾਜੂ ਸ਼ੂਟਰ ਨੂੰ ਸੀਆਈ ਸਟਾਫ ਦੀ ਪੁਲਿਸ ਕੁਝ ਮਹੀਨੇ ਪਹਿਲਾਂ ਕਾਬੂ ਕੀਤਾ ਸੀ ਅਤੇ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ’ਚ ਬੰਦ ਰਾਜੂ ਸ਼ੂਟਰ ਕਿਸੇ ਤਕਲੀ.ਫ ਦੇ ਚੱਲਦਿਆਂ ਤਰਨਤਾਰਨ ਦੇ ਸਿਵਲ ਹਸਪਤਾਲ ਲਿਆਂਦਾ ਗਿਆ ਸੀ। ਦੂਜੇ ਪਾਸੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜੂ ਸ਼ੂਟਰ ਨੂੰ ਦਾਖ਼ਲ ਕਰਵਾਉਣ ਬਾਰੇ ਜੇਲ੍ਹ ਪ੍ਰਸ਼ਾਸਨ ਨੇ ਸਥਾਨਕ ਪੁਲਿਸ ਨੂੰ ਕੋਈ ਸੂਚਨਾ ਨਹੀਂ ਸੀ ਦਿੱਤੀ। ਉਨ੍ਹਾਂ ਦੱਸਿਆ ਉਕਤ ਘਟਨਾਕ੍ਰਮ ਬਾਰੇ ਕੇਸ ਦਰਜ ਕੀਤਾ ਜਾ ਰਿਹਾ ਹੈ।

# ਅਮਰੀਕਾ ਵਿਚ ਮੈਨਹਟਨ ਅਦਾਲਤ ਦੇ ਬਾਹਰ ਇਕ ਵਿਅਕਤੀ ਨੇ ਆਪਣੇ ਆਪ ਨੂੰ ਲਾਈ ਅੱਗ, ਬੁਰੀ ਤਰਾਂ ਝੁਲਸਿਆ ਹਾਲਤ ਨਾਜ਼ਕ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਇਕ ਅਦਾਲਤ ਜਿਥੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਅਪਰਾਧਕ ਮੁਕੱਦਮੇ ਦੀ ਸੁਣਵਾਈ ਹੋ ਰਹੀ ਹੈ, ਦੇ ਬਾਹਰ ਇਕ ਵਿਅਕਤੀ ਵੱਲੋਂ ਆਪਣੇ ਉਪਰ ਤੇਲ ਵਰਗਾ ਕੋਈ ਤਰਲ ਛਿੜ ਕੇ ਆਪਣੇ ਆਪ ਨੂੰ ਅੱਗ ਲਾ ਲਈ ਗਈ ਜਿਸ ਕਾਰਨ ਉਹ ਬੁਰੀ ਤਰਾਂ ਝੁਲਸ ਗਿਆ ਤੇ ਉਸ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਮੁੱਖੀ ਜੈਫਰੀ ਬੀ ਮੈਡਰੇ ਨੇ ਕਿਹਾ ਹੈ ਕਿ ਸੇਂਟ ਅਗੁਸਟਾਈਨ, ਫਲੋਰਿਡਾ ਵਾਸੀ ਮੈਕਸਵੈਲ ਅਜ਼ਾਰੇਲੋ (38) ਮੈਨਹਟਨ ਕ੍ਰਿਮੀਨਲ ਕੋਰਟਹਾਊਸ ਨੇੜੇ ਪਾਰਕ ਵਿਚ ਦੁਪਹਿਰ 1.30 ਵਜੇ ਦੇ ਆਸਪਾਸ ਦਾਖਲ ਹੋਇਆ। ਉਸ ਨੇ ਆਪਣੇ ਨਾਲ ਲਿਆਂਦੇ ਬੈਗ ਵਿਚੋਂ ਕੁਝ ਪਰਚੇ ਕੱਢੇ ਤੇ ਉਨਾਂ ਨੂੰ ਹਵਾ ਵਿਚ ਉਛਾਲ ਦਿੱਤਾ। ਬਾਅਦ ਵਿਚ ਉਸ ਨੇ ਆਪਣੇ ਉਪਰ ਤਰਲ ਛਿੜਕਿਆ ਤੇ ਲਾਈਟਰ ਨਾਲ ਅੱਗ ਲਾ ਲਈ। ਇਸ ਉਪਰੰਤ ਉਹ ਅਦਾਲਤ ਅੱਗੇ ਪੁਲਿਸ ਵੱਲੋਂ ਲਾਈਆਂ ਰੋਕਾਂ ਉਪਰ ਜਾ ਡਿੱਗਾ। ਪੁਲਿਸ ਮੁੱਖੀ ਅਨੁਸਾਰ ਪਾਰਕ ਵਿਚ ਮੌਜੂਦ ਲੋਕਾਂ, ਅਦਾਲਤ ਤੇ ਪੁਲਿਸ ਅਫਸਰਾਂ ਨੇ ਆਪਣੇ ਕੋਟਾਂ ਤੇ ਹੋਰ ਢੰਗ ਤਰੀਕਿਆਂ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਦੀ ਮੱਦਦ ਨਾਲ ਕੁਝ ਮਿੰਟਾਂ ਵਿਚ ਅੱਗ ਬੁਝਾ ਦਿੱਤੀ ਗਈ ਪਰੰਤੂ ਓਦੋਂ ਤੱਕ ਉਹ ਕਾਫੀ ਸੜ ਚੁੱਕਾ ਸੀ। ਉਸ ਨੂੰ ਗੰਭੀਰ ਹਾਲਤ ਵਿਚ ਨੇੜੇ ਹਸਪਤਾਲ ਲਿਜਾਇਆ ਗਿਆ। ਪੁਲਿਸ ਅਨੁਸਾਰ ਉਸ ਦੀ ਹਾਲਤ ਠੀਕ ਨਹੀਂ ਹੈ। ਅੱਗ ਵਿਭਾਗ ਦੇ ਕਮਿਸ਼ਨਰ ਲੌਰਾ ਕਾਵੰਘ ਨੇ ਕਿਹਾ ਹੈ ਕਿ ਇਸ ਘਟਨਾ ਵਿਚ 4 ਅਫਸਰ ਵੀ ਮਾਮੂਲੀ ਜਖਮੀ ਹੋਏ ਹਨ। ਪੁਲਿਸ ਅਜ਼ਾਰੇਲੋ ਵੱਲੋਂ ਸੁੱਟੇ ਪਰਚਿਆਂ ਦੀ ਜਾਂਚ ਕਰ ਰਹੀ ਹੈ। ਇਹ ਦੁੱਖਦਾਈ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ 12 ਜੱਜਾਂ ਦਾ ਪੂਰਾ ਬੈਂਚ ਡੋਨਲਡ ਟਰੰਪ ਵਿਰੁੱਧ ਅਪਰਾਧਕ ਮਾਮਲੇ ਦੀ ਸੁਣਵਾਈ ਲਈ ਅਦਾਲਤ ਵਿਚ ਮੌਜੂਦ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਘਟਨਾ ਤੋਂ ਪਹਿਲਾਂ ਇਕ ਪੋਸਟ ਵਿਚ ਅਜ਼ਾਰੇਲੋ ਨੇ ਕਿਹਾ ਹੈ ਕਿ ਉਸ ਨੇ ਅਮਰੀਕਾ ਦੇ ਰਾਜਸੀ ਤੇ ਆਰਥਕ ਸਿਸਟਮ ਵੱਲ ਧਿਆਨ ਖਿੱਚਣ ਲਈ ਆਪਣੇ ਆਪ ਨੂੰ ਜਿੰਦਾ ਸਾੜਣ ਦਾ ਫੈਸਲਾ ਲਿਆ ਹੈ।

# ਅਮਰੀਕਾ ਉਪਰ ਕਰਜ਼ਾ ਵਧਿਆ, ਡੂੰਘੀ ਮੰਦੀ ਦੀ ਸੰਭਾਵਨਾ

ਵਿਸ਼ੇਸ਼ ਰਿਪੋਟ

**✪ ਵਧਦੇ ਕਰਜ਼ੇ ਕਾਰਨ ਦੇਸ਼ ਵਿਚ ਮਹਿੰਗਾਈ ਅਸਮਾਨ ਛੂਹ ਸਕਦੀ ਏ ✪ ਦੁਨੀਆ ਭਰ ਦੀਆਂ ਸਰਕਾਰਾਂ ਆਰਥਿਕ ਸੰਕਟ ਦੇ ਬੋਝ ਨੂੰ ਲੋਕਾਂ ਸਿਰ ਸੁੱਟਣ ਦੀਆਂ ਕੋਸ਼ਿਸ਼ਾਂ ਵਿਚ ਰੁੱਝੀਆਂ**



The Hostage

**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਦੁਨੀਆ ਭਰ ਦੀਆਂ ਸਰਕਾਰਾਂ ਆਰਥਿਕ ਮੰਦਵਾੜੇ ਅਤੇ ਸੰਕਟ ਦੇ ਬੋਝ ਨੂੰ ਲੋਕਾਂ ਸਿਰ ਸੁੱਟਣ ਦੀਆਂ ਕੋਸ਼ਿਸ਼ਾਂ ਵਿਚ ਰੁੱਝੀਆਂ ਹੋਈਆਂ ਹਨ। ਅਮਰੀਕੀ ਸਰਕਾਰ ਨੇ ਨਾ ਤਾਂ ਕਾਰਪੋਰੇਟਾਂ ਉੱਤੇ ਟੈਕਸ ਵਧਾਉਣ ਦੀ ਗੱਲ ਕੀਤੀ ਹੈ ਤੇ ਨਾ ਹੀ ਫੌਜੀ ਖਰਚੇ ਘਟਾਉਣ ਬਾਰੇ ਕੋਈ ਚਰਚਾ ਛੇੜੀ ਹੈ। ਸਰਕਾਰਾਂ ਅਜਾਰੇਦਾਰ ਸਰਮਾਏਦਾਰਾਂ ਦਾ ਮੁਨਾਫ਼ਾ ਸੁਰੱਖਿਅਤ ਰੱਖਣ ਲਈ ਲੋਕਾਈ ਦੇ ਲਹੂ ਦਾ ਆਖਰੀ ਤੁਪਕਾ ਤੱਕ ਨਿਚੋੜਨ ਤੋਂ ਪਿੱਛੇ ਨਹੀਂ ਹਟਣਗੀਆਂ।**

ਆਈਐਮਐਫ ਦੇ ਮੁਲਾਂਕਣ ਨੂੰ ਬਿਡੇਨ ਪ੍ਰਸ਼ਾਸਨ ਦੀ ਵਿੱਤੀ ਨੀਤੀ ਦੀ ਸਖ਼ਤ ਆਲੋਚਨਾ ਵਜੋਂ ਦੇਖਿਆ ਗਿਆ ਹੈ। ਆਈਐਮਐਫ ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਸਰਕਾਰ ’ਤੇ ਵਧਦੇ ਕਰਜ਼ੇ ਕਾਰਨ ਦੇਸ਼ ’ਚ ਮਹਿੰਗਾਈ ਅਸਮਾਨ ਨੂੰ ਛੂਹ ਸਕਦੀ ਹੈ, ਜਿਸ ਦਾ ਵਿਸ਼ਵ ਅਰਥਚਾਰੇ ’ਤੇ ਲੰਬੇ ਸਮੇਂ ਤੱਕ ਅਸਰ ਪਵੇਗਾ

ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਚੇਤਾਵਨੀ ਦਿੱਤੀ ਹੈ ਕਿ ਅਮਰੀਕਾ ਵਿੱਚ ਵੱਧ ਰਹੇ ਸਰਕਾਰੀ ਕਰਜ਼ੇ ਦਾ ਵਿਸ਼ਵ ਅਰਥਚਾਰੇ ’ਤੇ ਡੂੰਘਾ ਮਾੜਾ ਅਸਰ ਪੈ ਸਕਦਾ ਹੈ। ਆਈਐਮਐਫ ਦੇ ਇਸ ਮੁਲਾਂਕਣ ਨੂੰ ਰਾਸ਼ਟਰਪਤੀ ਜੋ ਬਿਡੇਨ ਪ੍ਰਸ਼ਾਸਨ ਦੀ ਵਿੱਤੀ ਨੀਤੀ ਦੀ ਸਖ਼ਤ ਆਲੋਚਨਾ ਵਜੋਂ ਦੇਖਿਆ ਗਿਆ ਹੈ। ਵਾਸ਼ਿੰਗਟਨ ਸਥਿਤ ਇਸ ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਸਰਕਾਰ ਦੇ ਵਧਦੇ ਕਰਜ਼ੇ ਕਾਰਨ ਦੇਸ਼ ਵਿਚ ਮਹਿੰਗਾਈ ਅਸਮਾਨ ਛੂਹ ਸਕਦੀ ਹੈ, ਜਿਸ ਦਾ ਵਿਸ਼ਵ ਅਰਥਚਾਰੇ ’ਤੇ ਲੰਬੇ ਸਮੇਂ ਤੱਕ ਅਸਰ ਪਵੇਗਾ।

ਸੰਗਠਨ ਨੇ ਦੱਸਿਆ ਹੈ ਕਿ ਅਮਰੀਕਾ ਦਾ ਵਿੱਤੀ ਘਾਟਾ 2022 ਵਿਚ 1.4 ਟ੍ਰਿਲੀਅਨ ਡਾਲਰ ਸੀ, ਜੋ ਪਿਛਲੇ ਸਾਲ ਵਧ ਕੇ 1.7 ਟ੍ਰਿਲੀਅਨ ਡਾਲਰ ਹੋ ਗਿਆ ਹੈ। ਸਰਕਾਰ ਇਸ ਘਾਟੇ ਦੀ ਭਰਪਾਈ ਕਰਜ਼ੇ ਲੈ ਕੇ ਕਰ ਰਹੀ ਹੈ, ਜੋ ਇਸ ਵੇਲੇ 34 ਟ੍ਰਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਹੈ। ਆਈਐਮਐਫ ਦਾ ਅਨੁਮਾਨ ਹੈ ਕਿ ਅਗਲੇ ਦਸ ਸਾਲਾਂ ਵਿੱਚ ਅਮਰੀਕੀ ਸਰਕਾਰ ਉਪਰ ਕਰਜ਼ੇ ਦੀ ਰਕਮ $ 45.7 ਟ੍ਰਿਲੀਅਨ ਹੋ ਜਾਵੇਗੀ। ਵਰਤਮਾਨ ਵਿੱਚ, ਅਮਰੀਕਾ ਹਰ ਸਾਲ ਲਗਭਗ ਇੱਕ ਟ੍ਰਿਲੀਅਨ ਡਾਲਰ ਵਿਆਜ ਵਿੱਚ ਅਦਾ ਕਰ ਰਿਹਾ ਹੈ।

ਹਾਲਾਂਕਿ ਆਈਐਮਐਫ ਨੇ ਵੀ ਚੀਨ ’ਤੇ ਵਧੇ ਕਰਜ਼ੇ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ ਪਰ ਅਮਰੀਕਾ ਲਈ ਉਸ ਦੀ ਚਿਤਾਵਨੀ ਨੇ ਪੂਰੀ ਦੁਨੀਆ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਦਾ ਕਾਰਨ ਵਿਸ਼ਵ ਅਰਥਵਿਵਸਥਾ ’ਤੇ ਅਮਰੀਕਾ ਦਾ ਵਿਸ਼ੇਸ਼ ਪ੍ਰਭਾਵ ਹੈ। ਅਮਰੀਕੀ ਡਾਲਰ ਵਰਤਮਾਨ ਵਿੱਚ ਅੰਤਰਰਾਸ਼ਟਰੀ ਵਪਾਰ ਦੀ ਮੁੱਖ ਮੁਦਰਾ ਹੈ, ਜਿਸਦਾ ਮੁੱਲ ਵੱਖ-ਵੱਖ ਦੇਸ਼ਾਂ ਦੀਆਂ ਅੰਦਰੂਨੀ ਆਰਥਿਕਤਾਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਹੁਣ ਤਾਜ਼ਾ ਰੁਝਾਨ ਕਾਰਨ ਡਾਲਰ ਦੀ ਸਥਿਤੀ ਨੂੰ ਲੈ ਕੇ ਖਦਸ਼ਾ ਵਧਦਾ ਜਾ ਰਿਹਾ ਹੈ। ਇਸ ਖਬਰ ਨੇ ਇਸ ਖਦਸ਼ੇ ਨੂੰ ਹੋਰ ਵਧਾ ਦਿੱਤਾ ਹੈ ਕਿ ਡੋਨਾਲਡ ਟਰੰਪ ਦੀ ਟੀਮ ਨੇ ਚੀਨ ਦੇ ਨਾਲ ਚੱਲ ਰਹੇ ਵਪਾਰਕ ਯੁੱਧ ਵਿੱਚ ਅਮਰੀਕਾ ਦੀ ਬੜ੍ਹਤ ਵਧਾਉਣ ਲਈ ਡਾਲਰ ਦੇ ਭਾਰੀ ਮੁੱਲ ਨੂੰ ਘਟਾਉਣ ਦੀ ਯੋਜਨਾ ਬਣਾਈ ਹੈ।

ਟਰੰਪ ਆਪਣੇ ਸੰਭਾਵੀ ਅਗਲੇ ਕਾਰਜਕਾਲ ਵਿੱਚ ਇਸ ਨੂੰ ਲਾਗੂ ਕਰ ਸਕਦੇ ਹਨ। ਮੌਜੂਦਾ ਰਾਸ਼ਟਰਪਤੀ ਜੋਅ ਬਿਡੇਨ ਦੇ ਮੁਕਾਬਲੇ ਓਪੀਨੀਅਨ ਪੋਲ ਵਿੱਚ ਟਰੰਪ ਅੱਗੇ ਚੱਲ ਰਹੇ ਹਨ। ਜੇ ਟਰੰਪ ਸਤਾ ਵਿਚ ਆਉਣ ਤੋਂ ਬਾਅਦ ਸਰਕਾਰੀ ਦਖਲ ਦੁਆਰਾ ਸੱਚਮੁੱਚ ਡਾਲਰ ਦਾ ਮੁੱਲ ਘਟਾਉਂਦੇ ਹਨ, ਤਾਂ ਇਹ ਇੱਕ ਬੇਮਿਸਾਲ ਕਦਮ ਹੋਵੇਗਾ। ਇਸ ਨਾਲ ਡਾਲਰ ਦੀ ਭਰੋਸੇਯੋਗਤਾ ਹੋਰ ਕਮਜ਼ੋਰ ਹੋਵੇਗੀ। ਪਰ ਇਸ ਤੋਂ ਪਹਿਲਾਂ ਵੀ, ਅਮਰੀਕਾ ਦੀ ਮਾੜੀ ਵਿੱਤੀ ਸਥਿਤੀ ਨੇ ਆਈਐਮਐਫ ਵਰਗੀਆਂ ਸੰਸਥਾਵਾਂ ਨੂੰ ਵੀ ਚੌਕਸ ਕਰ ਦਿੱਤਾ ਹੈ। ਇਸ ਨੂੰ ਲੈ ਕੇ ਦੁਨੀਆ ਦਾ ਚਿੰਤਤ ਹੋਣਾ ਸੁਭਾਵਿਕ ਹੈ।

### ਅਮਰੀਕਾ ਉਪਰ ਕਰਜ਼ਾ ਵਧਣ ਦਾ ਕਾਰਣ

ਦੁਨੀਆ ਭਰ ਵਿਚ ਆਰਥਿਕ ਮਾਹਿਰਾਂ ਦੇ ਇੱਕ ਹਿੱਸੇ ਵੱਲੋਂ ਅਮਰੀਕਾ ਦੇ ਕਰਜ਼ੇ ਦੇ ਇੰਨਾ ਵਧਣ ਪਿੱਛੇ ਤਿੰਨ ਮਦਾਂ ਉੱਪਰ ਵਧੇ ਖਰਚੇ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਇਹ ਮਦਾਂ ਹਨ: ਅਮਰੀਕਾ ਵਿਚ ਕਾਰਪੋਰੇਟਾਂ ਨੂੰ ਖਰਬਾਂ ਡਾਲਰਾਂ ਦੀਆਂ ਸਬਸਿਡੀਆਂ ਤੇ ਟੈਕਸ ਛੋਟਾਂ, ਦਿਵਾਲੀਆ ਹੋਏ ਬੈਂਕ ਬਚਾਉਣ ਲਈ ਜਾਰੀ ਕੀਤੀਆਂ ਰਕਮਾਂ ਤੇ ਫੌਜੀ ਖਰਚਿਆਂ ਵਿਚ ਰਿਕਾਰਡ ਤੋੜ ਵਾਧਾ। ਓਬਾਮਾ ਹਕੂਮਤ ਦੌਰਾਨ 2011 ਵਿਚ ਜਦ ਕਰਜ਼ਾ ਸੀਮਾ ਵਧਾਈ ਸੀ, ਉਦੋਂ ਤੋਂ 2023 ਤੱਕ ਕਾਰਪੋਰੇਟ ਕਰਾਂ ਜਾਂ ਟੈਕਸਾਂ ਵਿਚ 60% ਗਿਰਾਵਟ ਆਈ ਹੈ।

ਸਿਰਫ 2022 ਵਿਚ ਹੀ ਅਮਰੀਕੀ ਸਰਕਾਰ ਨੇ ਫੌਜੀ ਖਰਚਿਆਂ ਉੱਤੇ ਇੱਕ ਖਰਬ ਅਮਰੀਕੀ ਡਾਲਰ ਤੋਂ ਵੱਧ ਖਰਚਾ ਕੀਤਾ ਤੇ ਸਿਰਫ ਬੀਤੇ ਸਾਲ ਵਿਚ ਹੀ ਯੂਕਰੇਨ ਨੂੰ ਰੂਸ ਖਿਲਾਫ ਜੰਗ ਵਿਚ (ਜੋ ਅਸਲ ਵਿਚ ਅਮਰੀਕਾ-ਰੂਸ ਸਾਮਰਾਜੀ ਜੰਗ ਹੀ ਹੈ) 113 ਅਰਬ ਅਮਰੀਕੀ ਡਾਲਰ ਦੀ ਰਕਮ ਜਾਰੀ ਕੀਤੀ।

ਅਸਲ ਵਿਚ ਇਹਨਾਂ ਤਿੰਨਾਂ ਮਦਾਂ ਉੱਤੇ ਖਰਚੇ ਵਧਣ ਪਿੱਛੇ ਮੂਲ ਕਾਰਨ ਸਰਮਾਏ ਉੱਤੇ ਮੁਨਾਫ਼ੇ ਦੀ ਦਰ ਦਾ ਕਾਫੀ ਹੇਠਾਂ ਆਉਣਾ ਹੈ।

## ਅਮਰੀਕਨ ਮੀਡੀਆ ਕਾਰਪੋਰੇਟ ਪੱਖੀ

ਇਹ ਕਿਆਸ-ਆਰਾਈਆਂ ਹਨ ਕਿ ਅਮਰੀਕੀ ਅਰਥਚਾਰਾ ਜਲਦ ਹੀ ਮੰਦਵਾੜੇ ਦੀ ਜਕੜ ਵਿਚ ਆ ਸਕਦਾ ਹੈ। ਮੁਨਾਫ਼ੇ ਦੀ ਦਰ ਦੇ ਕਾਫੀ ਹੇਠਾਂ ਆਉਣ ਤੇ ਆਰਥਿਕ ਸੰਕਟ ਦੇ ਸਿਰ ਉੱਤੇ ਮੰਡਰਾਉਣ ਦਾ ਹੀ ਪ੍ਰਗਟਾਵਾ ਦੁਨੀਆ ਭਰ ਵਿਚ ਸਾਮਰਾਜੀ ਖਿਹ-ਭੇੜ ਦੇ ਵਧੇਰੇ ਤਿੱਖੇ ਹੋਣ ਵਿਚ ਨਿੱਕਲਿਆ ਹੈ ਜਿਸ ਨੇ ਅਮਰੀਕਾ ਨੂੰ ਆਪਣੇ ਮੁਨਾਫ਼ੇ ਦੇ ਇੱਕ ਅਹਿਮ ਸਰੋਤ, ਇਹਦੇ ਆਧਾਰ ਖੇਤਰਾਂ ਵਿਚ ਚੀਨ-ਰੂਸ ਧੁਰੀ ਦਾ ਦਖਲ ਰੋਕਣ ਲਈ ਫੌਜੀ ਖਰਚੇ ਵਧਾਉਣ ਵੱਲ ਧੱਕਿਆ ਹੈ। ਮੁਨਾਫ਼ੇ ਦੀ ਦਰ ਹੇਠਾਂ ਆਉਣ ਕਰ ਕੇ ਹੀ ਸਰਕਾਰ ਨੂੰ ਅਜਾਰੇਦਾਰ ਸਰਮਾਏ ਉੱਤੇ ਕਰਾਂ ਵਿਚ ਕਾਟ ਲਾਉਣੀ ਪਈ ਹੈ, ਉਸ ਨੂੰ ਸਬਸਿਡੀਆਂ ਦੇਣੀਆਂ ਪਈਆਂ ਹਨ, ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਲਈ ਅਰਬਾਂ ਡਾਲਰ ਜਾਰੀ ਕਰਨੇ ਪਏ ਹਨ। ਆਪਣੇ ਹਾਕਮਾਂ ਦੇ ਹਿੱਤਾਂ ਦੀ ਰਾਖੀ ਲਈ ਹੀ ਅਮਰੀਕੀ ਸਰਕਾਰ ਸਿਰ ਇਸ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੋ ਰਹੀ ਹੈ।

ਅਮਰੀਕਾ ਦੀ ਹਾਕਮ ਜਮਾਤ ਦੇ ਚਾਕਰ ਮੀਡੀਆ ਨੇ ਪਿਛਲਾ ਸਾਰਾ ਮਹੀਨਾ ਅਸਲ ਤੱਥਾਂ ਨੂੰ ਅੱਖੋਂ ਓਹਲੇ ਕਰਦਿਆਂ ਇਹ ਪ੍ਰਚਾਰ ਕੀਤਾ ਹੈ ਕਿ ਸਰਕਾਰ ਸਿਰ ਕਰਜ਼ਾ ਵਧਣ ਦਾ ਅਸਲੀ ਕਾਰਨ ਲੋਕ ਭਲਾਈ ਸਕੀਮਾਂ ਉੱਤੇ ਵਧਦਾ ਖਰਚਾ ਹੈ। ਚਾਹੇ ਡੈਮੋਕ੍ਰੇਟ ਪੱਖੀ ਮੀਡੀਆ ਹੋਵੇ ਭਾਵੇਂ ਰਿਪਬਲਿਕਨ ਪਾਰਟੀ ਪੱਖੀ ਜਾਂ ਅਖੌਤੀ ਨਿਰਪੱਖ ਮੀਡੀਆ, ਇਹਨਾਂ ਸਾਰਿਆਂ ਨੇ ਹੀ ਅਮਰੀਕਾ ਦੀ ਲੋਕਾਈ ਨੂੰ ਮੁਫ਼ਤਖੋਰ ਕਹਿ ਕੇ ਭੰਡਦਿਆਂ ਉਹਨਾਂ ਨੂੰ ਸਰਕਾਰੀ ਖਜ਼ਾਨੇ ਸਿਰ ਬੋਝ ਦੱਸਿਆ ਹੈ। ਇਸ ਗੱਲ ਨੂੰ ਉਭਾਰਿਆ ਗਿਆ ਕਿ ਅਮਰੀਕੀ ਸਰਕਾਰ ਨੂੰ ਆਪਣਾ ਕੁੱਲ ਕਰਜ਼ਾ ਘਟਾਉਣ ਦੀ ਲੋੜ ਹੈ ਤੇ ਇਹ ਸਿੱਖਿਆ, ਸਿਹਤ, ਪੈਨਸ਼ਨ, ਬੇਰੁਜ਼ਗਾਰੀ ਭੱਤੇ, ਹੋਰ ਲੋਕ ਭਲਾਈ ਸਕੀਮਾਂ ਆਦਿ ਜਿਹੀਆਂ ਮਦਾਂ ਉੱਤੇ ਖਰਚਾ ਘਟਾ ਕੇ ਹੀ ਸੰਭਵ ਹੈ।

## ਕੈਨੇਡਾ ਵਿਖੇ 16 ਸਾਲਾ ਪੰਜਾਬੀ ਪਹਿਲਵਾਨ ਗੁਰਸ਼ੇਰ ਸਿੰਘ ਜੌਹਲ ਨੇ ਜਿੱਤਿਆ ਸੋਨੇ ਦਾ ਤਗਮਾ



ਐਬਟਸਫੋਰਡ-ਕੈਨੇਡਾ ਦੇ ਉਂਟਾਰੀਓ ਸੂਬੇ ਦੇ ਸ਼ਹਿਰ ਮਿਸੀਸਾਗਾ ਵਿਖੇ ਹੋਈ ਕੈਨੇਡੀਅਨ ਰੈਸਿਲੰਗ ਚੈਂਪੀਅਨਸ਼ਿਪ 2024 ਦੇ ਲੜਕਿਆਂ ਦੇ ਅੰਡਰ 17 ਰਾਸ਼ਟਰੀ ਕੁਸ਼ਤੀ ਮੁਕਾਬਲਿਆਂ ਵਿਚ ਮੀਰੀ ਪੀਰੀ ਰੈਸਿਲੰਗ ਕਲੱਬ ਐਬਟਸਫੋਰਡ ਦੇ 16 ਸਾਲਾ ਪੰਜਾਬੀ ਪਹਿਲਵਾਨ ਗੁਰਸ਼ੇਰ ਸਿੰਘ ਜੌਹਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨੇ ਦਾ ਤਗਮਾ ਜਿੱਤਿਆ ਹੈ। ਖੁਸ਼ੀ ਵਾਲੀ ਗੱਲ ਇਹ ਹੈ ਕਿ ਕੁਸ਼ਤੀ ਮੁਕਾਬਲਿਆਂ ਦੇ ਪ੍ਰਬੰਧਕਾਂ ਵਲੋਂ ਗੁਰਸ਼ੇਰ ਸਿੰਘ ਨੂੰ ‘ਮੋਸਟ ਆਊਟ ਸਟੈਂਡਿੰਗ ਰੈਸਲਰ’ ਦਾ ਸਨਮਾਨ ਦਿੱਤਾ ਗਿਆ ਹੈ। ਜਲੰਧਰ ਦੀ ਰਾਮਾ ਮੰਡੀ ਨੇੜਲੇ ਪਿੰਡ ਪੂਰਨਪੁਰ ਦੇ ਕੁਲਦੀਪ ਸਿੰਘ ਜੌਹਲ ਦਾ ਹੋਣਹਾਰ ਫਰਜੰਦ ਗੁਰਸ਼ੇਰ ਸਿੰਘ ਐਬਟਸਫੋਰਡ ਦੇ ਰਿੱਕ ਹੈਨਸਨ ਸੈਕੰਡਰੀ ਸਕੂਲ ਵਿਖੇ 10ਵੀਂ ਜਮਾਤ ਦਾ ਵਿਦਿਆਰਥੀ ਹੈ ਤੇ ਉਸ ਨੂੰ ਬਚਪਨ ਤੋਂ ਹੀ ਕੁਸ਼ਤੀ ਦਾ ਸ਼ੌਕ ਹੈ। ਗੁਰਸ਼ੇਰ ਸਿੰਘ ਜੌਹਲ ਨੇ ਇਹ ਸੋਨੇ ਦਾ ਤਗਮਾ 55 ਕਿੱਲੋਵਰਗ ਕੁਸ਼ਤੀ ਮੁਕਾਬਲੇ ਵਿਚ ਜਿੱਤਿਆ ਹੈ।


# ਸੁਪਰੀਮ ਕੋਰਟ ਦਾ ਸਖਤ ਫੈਸਲਾ ਬਾਬਾ ਰਾਮਦੇਵ ਨੂੰ ਯੋਗ ਕੈਂਪਾਂ ਲਈ ਸਰਵਿਸ ਟੈਕਸ ਦੇਣਾ ਪਵੇਗਾ

## ✪ 'ਪਤੰਜਲੀ ਦੀ ਦਲੀਲ ਕਿ ਸਿਹਤ ਤੇ ਤੰਦਰੁਸਤੀ ਸੇਵਾਵਾਂ' ਦੇ ਤਹਿਤ ਟੈਕਸਯੋਗ ਨਹੀਂ ਹਨ, ਅਦਾਲਤ ਵਲੋਂ ਰਦ

ਦਿੱਲੀ-ਬਾਬਾ ਰਾਮਦੇਵ ਦੇ ਪਤੰਜਲੀ ਯੋਗਪੀਠ ਟਰੱਸਟ ਨੂੰ ਸੁਪਰੀਮ ਕੋਰਟ ਤੋਂ ਝਟਕਾ ਲੱਗਿਆ ਹੈ। ਅਦਾਲਤ ਨੇ ਅਪੀਲੀ ਟ੍ਰਿਬਿਊਨਲ ਦੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ ਜਿਸ ਵਿੱਚ ਟਰੱਸਟ ਨੂੰ ਯੋਗਾ ਕੈਂਪਾਂ ਦੇ ਆਯੋਜਨ ਲਈ ਵਸੂਲੀ ਜਾਣ ਵਾਲੀ ਐਂਟਰੀ ਫੀਸ 'ਤੇ ਸਰਵਿਸ ਟੈਕਸ ਅਦਾ ਕਰਨ ਲਈ ਕਿਹਾ ਗਿਆ ਸੀ। ਜਸਟਿਸ ਅਭੈ ਐਸ ਓਕਾ ਅਤੇ ਜਸਟਿਸ ਉੱਜਵਲ ਭੁਈਯਾਂ ਦੀ ਬੈਂਚ ਨੇ ਕਸਟਮ, ਆਬਕਾਰੀ ਅਤੇ ਸੇਵਾ ਟੈਕਸ ਅਪੀਲੀ ਟ੍ਰਿਬਿਊਨਲ (ਸੀਐਸਟੀਏਟੀ) ਦੀ ਇਲਾਹਾਬਾਦ ਬੈਂਚ ਦੇ 5 ਅਕਤੂਬਰ, 2023 ਦੇ ਫੈਸਲੇ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ।

ਟਰੱਸਟ ਦੀ ਅਪੀਲ ਨੂੰ ਖਾਰਜ ਕਰਦਿਆਂ ਹੋਏ ਬੈਂਚ ਨੇ ਕਿਹਾ, "ਟ੍ਰਿਬਿਊਨਲ ਨੇ ਠੀਕ ਹੀ ਕਿਹਾ ਹੈ ਕਿ ਫੀਸ ਚਾਰਜ ਵਾਲੇ ਕੈਂਪਾਂ ਵਿੱਚ ਯੋਗਾ ਕਰਨਾ ਇੱਕ ਸੇਵਾ ਹੈ। ਸਾਨੂੰ ਇਸ ਆਦੇਸ਼ ਵਿੱਚ ਦਤਤਤਖਲ ਦੇਣ ਦਾ ਕੋਈ ਕਾਰਨ ਨਹੀਂ ਮਿਲਿਆ। ਅਪੀਲ ਖਾਰਜ ਕੀਤੀ ਜਾਂਦੀ ਹੈ।" ਸੀਈਐਸਟੀਏਟੀ ਨੇ ਆਪਣੇ ਆਦੇਸ਼ ਵਿੱਚ ਕਿਹਾ ਸੀ ਕਿ ਪਤੰਜਲੀ ਯੋਗਪੀਠ ਟਰੱਸਟ ਦੁਆਰਾ ਆਯੋਜਿਤ ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਯੋਗਾ ਕੈਂਪਾਂ ਵਿੱਚ ਸ਼ਾਮਲ ਹੋਣ ਲਈ ਫੀਸ ਵਸੂਲੀ ਜਾਂਦੀ ਹੈ, ਇਸ ਲਈ ਇਹ 'ਸਿਹਤ ਅਤੇ ਤੰਦਰੁਸਤੀ ਸੇਵਾ' ਦੀ ਸ਼੍ਰੇਣੀ ਵਿੱਚ ਆਉਂਦੀ ਹੈ ਅਤੇ ਇਸ 'ਤੇ ਸੇਵਾ ਟੈਕਸ ਲੱਗੇਗਾ।

**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਯੋਗ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਭਾਵੇਂ ਲਾਭਕਾਰੀ ਹੈ ਪਰ ਵਰਤਮਾਨ ਪ੍ਰਸੰਗਾਂ ਵਿੱਚ ਇਸ ਦਾ ਕਾਫ਼ੀ ਵਪਾਰੀਕਰਨ ਹੋ ਰਿਹਾ ਹੈ। ਉਂਝ ਵੀ ਪਤੰਜਲੀ ਯੋਗਪੀਠ ਟਰੱਸਟ ਦੇ ਕਰਤਾ-ਧਰਤਾ, ਯੋਗ ਗੁਰੂ ਰਾਮਦੇਵ ਦਾ ਕਾਰੋਬਾਰ ਹੁਣ ਹਜ਼ਾਰਾਂ ਕਰੋੜਾਂ ਤੱਕ ਫੈਲ ਚੁੱਕਾ ਹੈ।**



ਯੋਗ ਗੁਰੂ ਰਾਮਦੇਵ ਅਤੇ ਉਨ੍ਹਾਂ ਦੇ ਸਹਿਯੋਗੀ ਆਚਾਰੀਆ ਬਾਲਕ੍ਰਿਸ਼ਨ ਦੀ ਅਗਵਾਈ ਹੇਠ ਕੰਮ ਕਰ ਰਿਹਾ ਇਹ ਟਰੱਸਟ ਵੱਖ-ਵੱਖ ਕੈਂਪਾਂ ਵਿੱਚ ਯੋਗਾ ਦੀ ਸਿਖਲਾਈ ਦੇਣ ਵਿੱਚ ਲੱਗਾ ਹੋਇਆ ਸੀ। ਟ੍ਰਿਬਿਊਨਲ ਨੇ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਯੋਗ ਕੈਂਪਾਂ ਦੀ ਫੀਸ ਭਾਗੀਦਾਰਾਂ ਤੋਂ ਦਾਨ ਵਜੋਂ ਵਸੂਲੀ ਗਈ ਸੀ। ਹਾਲਾਂਕਿ ਇਹ ਰਕਮ ਦਾਨ ਦੇ ਤੌਰ 'ਤੇ ਇਕੱਠੀ ਕੀਤੀ ਗਈ ਸੀ, ਪਰ ਇਹ ਸਿਰਫ ਉਕਤ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਫੀਸ ਸੀ। ਇਸ ਲਈ ਇਹ ਫੀਸ ਦੀ ਪਰਿਭਾਸ਼ਾ ਦੇ ਅਧੀਨ ਆਉਂਦਾ ਹੈ।

### 4.5 ਕਰੋੜ ਦਾ ਭਰਨਾ ਹੋਵੇਗਾ ਟੈਕਸ

ਕਸਟਮ ਅਤੇ ਕੇਂਦਰੀ ਆਬਕਾਰੀ ਕਮਿਸ਼ਨਰ, ਮੇਰਠ ਰੇਂਜ ਨੇ ਅਕਤੂਬਰ, 2006 ਤੋਂ ਮਾਰਚ, 2011 ਦੀ ਮਿਆਦ ਲਈ ਜੁਰਮਾਨੇ ਅਤੇ ਵਿਆਜ ਸਮੇਤ ਲਗਭਗ 4.5 ਕਰੋੜ ਰੁਪਏ ਦੇ ਸੇਵਾ ਟੈਕਸ ਦੀ ਮੰਗ ਕੀਤੀ ਸੀ। ਇਸ ਦੇ ਜਵਾਬ ਵਿੱਚ ਟਰੱਸਟ ਨੇ ਦਲੀਲ ਦਿੱਤੀ ਸੀ ਕਿ ਉਹ ਅਜਿਹੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਜੋ ਬਿਮਾਰੀਆਂ ਦੇ ਇਲਾਜ ਲਈ ਹਨ। ਇਸ ਵਿੱਚ ਕਿਹਾ ਗਿਆ ਸੀ ਕਿ ਇਹ ਸੇਵਾਵਾਂ 'ਸਿਹਤ ਅਤੇ ਤੰਦਰੁਸਤੀ ਸੇਵਾਵਾਂ' ਦੇ ਤਹਿਤ ਟੈਕਸਯੋਗ ਨਹੀਂ ਹਨ। ਹੁਣ ਪਤੰਜਲੀ ਨੂੰ ਇਹ 4.5 ਕਰੋੜ ਰੁਪਏ ਅਦਾ ਕਰਨੇ ਪੈਣਗੇ।

ਸੋ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਇਸ ਸਿਧਾਂਤ ਨੂੰ ਸਪੱਸ਼ਟ ਕੀਤਾ ਹੈ ਕਿ ਜਦੋਂ ਵਪਾਰਕ ਕੰਮਾਂ ਦੀ ਗੱਲ ਆਉਂਦੀ ਹੈ ਤਾਂ ਕਿਸੇ ਵੀ ਇਕਾਈ ਨੂੰ ਸਰਕਾਰੀ ਖ਼ਜ਼ਾਨੇ ਵਿੱਚ ਹਿੱਸਾ ਪਾਉਣ ਤੋਂ ਛੋਟ ਨਹੀਂ ਦਿੱਤੀ ਜਾ ਸਕਦੀ। ਕਸਟਮ, ਆਬਕਾਰੀ ਤੇ ਸੇਵਾ ਟੈਕਸ ਅਪੀਲੀ ਟ੍ਰਿਬਿਊਨਲ ਨੇ ਹੁਕਮ ਦਿੱਤਾ ਹੈ ਕਿ ਯੋਗ ਕੈਂਪ ਭਾਵੇਂ ਕਿਸੇ ਟਰੱਸਟ ਵੱਲੋਂ 'ਚੰਦੇ' ਦੇ ਨਾਂ ਉੱਤੇ ਮੁਫ਼ਤ ਵਿੱਚ ਵੀ ਕਰਵਾਏ ਜਾਣ ਤਾਂ ਵੀ ਇਹ 'ਸਿਹਤ ਤੇ ਫਿਟਨੈੱਸ ਸੇਵਾਵਾਂ' ਦੇ ਘੇਰੇ ਵਿੱਚ ਆਉਣਗੇ ਅਤੇ ਸਰਵਿਸ ਟੈਕਸ ਦੇਣਾ ਪਏਗਾ। ਕਾਨੂੰਨੀ ਤੌਰ 'ਤੇ ਇਹ ਤਰਕ ਸਹੀ ਹੈ ਕਿਉਂਕਿ ਟ੍ਰਿਬਿਊਨਲ ਨੇ ਦੇਖਿਆ ਹੈ ਕਿ ਦਿੱਤੀਆਂ ਜਾ ਰਹੀਆਂ ਸੇਵਾਵਾਂ ਹੈਲਥ ਕਲੱਬਾਂ ਤੇ ਫਿਟਨੈੱਸ ਸੈਂਟਰਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਵਰਗੀਆਂ ਹੀ ਹਨ ਤੇ ਪੂਰੀ ਤਰ੍ਹਾਂ ਟੈਕਸ ਦੇ ਘੇਰੇ ਵਿੱਚ ਹਨ। ਟਰੱਸਟ ਦੀ ਇਹ ਦਲੀਲ ਹਲਕੀ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ ਦਾ ਮੰਤਵ ਬਿਮਾਰੀਆਂ ਦੂਰ ਕਰਨਾ ਹੈ, ਇਸ ਲਈ ਇਨ੍ਹਾਂ ਉੱਤੇ ਟੈਕਸ ਨਹੀਂ ਲੱਗ ਸਕਦਾ।

ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਫ਼ੈਸਲੇ ਆ ਚੁੱਕੇ ਹਨ ਜਿਨ੍ਹਾਂ ਵਿੱਚ ਕੇਰਲਾ ਹਾਈਕੋਰਟ ਵੱਲੋਂ ਫਰਵਰੀ ਵਿਚ ਦਿੱਤਾ ਹੁਕਮ ਵੀ ਸ਼ਾਮਲ ਹੈ। ਹਾਈਕੋਰਟ ਨੇ ਕਿਹਾ ਸੀ ਕਿ ਯੋਗ ਤੇ ਮੈਡੀਟੇਸ਼ਨ ਲਈ ਵਸੂਲੀ ਜਾਂਦੀ ਰਾਸ਼ੀ 'ਕੇਰਲਾ ਟੈਕਸ ਆਨ ਲਗਜ਼ਰੀਜ਼ ਐਕਟ' ਤਹਿਤ ਕਰ ਅਦਾ ਕਰਨ ਦੇ ਘੇਰੇ ਵਿੱਚ ਹੈ। ਵੱਖੋ-ਵੱਖਰੇ ਅਧਿਕਾਰ ਖੇਤਰਾਂ ਵਿੱਚ ਕਾਨੂੰਨੀ ਵਿਆਖਿਆ ਦੀ ਇਕਸਾਰਤਾ ਕਾਨੂੰਨ ਅੱਗੇ ਹਰੇਕ ਦੇ ਬਰਾਬਰ ਹੋਣ ਦੇ ਸਿਧਾਂਤ ਨੂੰ ਪੁਖਤਾ ਕਰਦੀ ਹੈ ਤੇ ਟੈਕਸ ਪ੍ਰਸ਼ਾਸਨ 'ਚ ਵੀ ਇਕਸਾਰਤਾ ਨੂੰ ਯਕੀਨੀ ਬਣਾਉਂਦੀ ਹੈ। ਇਹ ਫ਼ੈਸਲਾ ਜ਼ਿੰਮੇਵਾਰ ਇਸ਼ਤਿਹਾਰਬਾਜ਼ੀ ਤੇ ਖਪਤਕਾਰ ਸੁਰੱਖਿਆ ਦੇ ਵਿਆਪਕ ਮੁੱਦਿਆਂ ਨੂੰ ਵੀ ਉਭਾਰਦਾ ਹੈ। 'ਡਰੱਗਜ਼ ਐਂਡ ਮੈਜਿਕ ਰੈਮੇਡੀਜ਼' (ਇਤਰਾਜ਼ਯੋਗ ਇਸ਼ਤਿਹਾਰਬਾਜ਼ੀ) ਐਕਟ-1954 ਤਹਿਤ ਪਤੰਜਲੀ ਆਯੁਰਵੇਦ ਖ਼ਿਲਾਫ਼ ਕੀਤੀ ਗਈ ਪੜਤਾਲ ਨੇ ਇਸ ਗੱਲ ਦੀ ਜ਼ਰੂਰਤ ਨੂੰ ਉਭਾਰਿਆ ਹੈ ਕਿ ਇਸ਼ਤਿਹਾਰਾਂ ਵਿੱਚ ਕੀਤੇ ਜਾਂਦੇ ਦਾਅਵੇ ਖਾਸ ਤੌਰ 'ਤੇ ਜੋ ਸਿਹਤ ਤੇ ਤੰਦਰੁਸਤੀ ਨਾਲ ਜੁੜੇ ਹੁੰਦੇ ਹਨ, ਸੱਚੇ ਤੇ ਸਾਬਤ ਹੋਣੇ ਚਾਹੀਦੇ ਹਨ।

# ਹਾਂਗਕਾਂਗ ਨੇ ਐਵਰੈਸਟ ਅਤੇ ਐਮਡੀਐਚ ਮਸਾਲਿਆਂ ਉਪਰ ਲੱਗਾਈ ਪਾਬੰਦੀ

## ✪ ਉਤਪਾਦਾਂ ਵਿੱਚ ਕੀਟਨਾਸ਼ਕ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖਤਰਾ

ਹਾਂਗਕਾਂਗ-ਹਾਂਗਕਾਂਗ ਨੇ ਐਮਡੀਐਚ ਪ੍ਰਾਈਵੇਟ ਲਿਮਟਿਡ ਅਤੇ ਐਵਰੈਸਟ ਫੂਡ ਪ੍ਰੋਡਕਟਸ ਲਿਮਟਿਡ ਦੇ ਕਰੀ ਮਸਾਲਿਆਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ। ਦੋਵਾਂ ਕੰਪਨੀਆਂ ਦੇ ਉਤਪਾਦਾਂ ਵਿੱਚ ਕਾਰਸੀਨੋਜੇਨਿਕ ਕੀਟਨਾਸ਼ਕ ਐਥੀਲੀਨ ਆਕਸਾਈਡ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਹ ਫੈਸਲਾ ਲਿਆ ਗਿਆ ਹੈ। ਇਨ੍ਹਾਂ ਉਤਪਾਦਾਂ ਵਿੱਚ ਇਸ ਕੀਟਨਾਸ਼ਕ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖਤਰਾ ਹੈ। ਹਾਂਗਕਾਂਗ ਤੋਂ ਪਹਿਲਾਂ ਸਿੰਗਾਪੁਰ ਦੇ ਅਧਿਕਾਰੀਆਂ ਨੇ ਵੀ ਇਸੇ ਕਾਰਨ ਐਵਰੈਸਟ ਦੇ ਫਿਸ਼ ਕਰੀ ਸਪਾਈਸ ਨੂੰ ਬਾਜ਼ਾਰ ਤੋਂ ਵਾਪਸ ਮੰਗਵਾਉਣ ਦਾ ਆਦੇਸ਼ ਜਾਰੀ ਕੀਤਾ ਸੀ।

ਹਾਂਗਕਾਂਗ ਦੇ ਫੂਡ ਸੇਫਟੀ ਡਿਪਾਰਟਮੈਂਟ ਨੇ ਕਿਹਾ ਕਿ ਐਮਡੀਐਚ ਗਰੁੱਪ ਦੇ ਤਿੰਨ ਮਸਾਲੇ ਮਿਕਸ ਮਦਰਾਸ ਕਰੀ ਪਾਊਡਰ, ਸਾਂਭਰ ਮਸਾਲਾ ਪਾਊਡਰ ਅਤੇ ਕਰੀ ਪਾਊਡਰ - ਵਿੱਚ ਕਾਰਸੀਨੋਜਨਿਕ ਪੈਸਟੀਸਾਈਡ ਐਥੀਲੀਨ ਆਕਸਾਈਡ ਦੀ ਮਾਤਰਾ ਵੱਧ ਪਾਈ ਗਈ ਸੀ। ਰੁਟੀਨ ਸਰਵੀਲਾਂਸ ਪ੍ਰੋਗਰਾਮ ਦੇ ਤਹਿਤ ਐਵਰੈਸਟ ਦੇ ਫਿਸ਼ ਕਰੀ ਮਸਾਲੇ ਵਿੱਚ ਵੀ ਇਹ ਕੀਟਨਾਸ਼ਕ ਪਾਇਆ ਗਿਆ ਹੈ। ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਨੇ ਐਥੀਲੀਨ ਆਕਸਾਈਡ ਨੂੰ ਗਰੁੱਪ 1 ਕਾਰਸਿਨੋਜੇਨ ਵਜੋਂ ਸ਼੍ਰੇਣੀਬੱਧ ਕੀਤਾ ਹੈ। ਭੋਜਨ ਨਿਯਮਾਂ ਦੇ ਅਨੁਸਾਰ, ਕੀਟਨਾਸ਼ਕਾਂ ਵਾਲੇ ਭੋਜਨ ਨੂੰ ਮਨੁੱਖੀ ਖਪਤ ਲਈ ਤਾਂ ਹੀ ਵੇਚਿਆ ਜਾ ਸਕਦਾ ਹੈ ਜੇਕਰ ਭੋਜਨ ਖਤਰਨਾਕ ਜਾਂ ਸਿਹਤ ਲਈ ਹਾਨੀਕਾਰਕ ਨਾ ਹੋਵੇ।




ਵਿਭਾਗ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸੈਂਟਰ ਫਾਰ ਫੂਡ ਸੇਫਟੀ ਨੇ ਵਿਕਰੇਤਾਵਾਂ ਨੂੰ ਬੇਨਿਯਮੀਆਂ ਬਾਰੇ ਸੂਚਿਤ ਕੀਤਾ ਹੈ ਤੇ ਉਨ੍ਹਾਂ ਨੂੰ ਵਿਕਰੀ ਬੰਦ ਕਰਨ ਅਤੇ ਇਨ੍ਹਾਂ ਉਤਪਾਦਾਂ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਸੈਂਟਰ ਫਾਰ ਫੂਡ ਸੇਫਟੀ ਦੀਆਂ ਹਦਾਇਤਾਂ ਅਨੁਸਾਰ, ਵਿਤਰਕਾਂ ਅਤੇ ਦਰਾਮਦਕਾਰਾਂ ਨੇ ਪ੍ਰਭਾਵਿਤ ਉਤਪਾਦਾਂ ਨੂੰ ਵਾਪਸ ਮੰਗਵਾਉਣਾ ਸ਼ੁਰੂ ਕਰ ਦਿੱਤਾ ਹੈ।

ਸਿੰਗਾਪੁਰ ਦੇ ਅਧਿਕਾਰੀਆਂ ਨੇ ਐਵਰੈਸਟ ਦੇ ਫਿਸ਼ ਕਰੀ ਮਸਾਲਾ ਨੂੰ ਵਾਪਸ ਮੰਗਾਉਣ ਦਾ ਆਦੇਸ਼ ਜਾਰੀ ਕੀਤਾ ਹੈ। ਅਜਿਹਾ ਇਸ ਕਰਕੇ ਕੀਤਾ ਗਿਆ ਹੈ ਕਿਉਂਕਿ ਇਸ ਵਿੱਚ ਐਥੀਲੀਨ ਆਕਸਾਈਡ ਦੀ ਮਾਤਰਾ ਸੀਮਾ ਤੋਂ ਵੱਧ ਹੈ। ਐਥੀਲੀਨ ਆਕਸਾਈਡ ਇੱਕ ਕੀਟਨਾਸ਼ਕ ਹੈ। ਸਿੰਗਾਪੁਰ ਇਸ ਮਸਾਲੇ ਨੂੰ ਭਾਰਤ ਤੋਂ ਇਮਪੋਰਟ ਕਰਦਾ ਹੈ। ਸਿੰਗਾਪੁਰ ਫੂਡ ਏਜੰਸੀ ਨੇ ਦਰਾਮਦਕਾਰ ਐਸਪੀ ਮੁਥੀਆ ਐਂਡ ਸੰਨਜ਼ ਨੂੰ ਵਾਪਸ ਬੁਲਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਭਾਰਤੀ ਕੰਪਨੀ ਐਵਰੈਸਟ ਦੇ ਉਤਪਾਦ 80 ਤੋਂ ਵੱਧ ਦੇਸ਼ਾਂ ਵਿੱਚ ਸਪਲਾਈ ਕੀਤੇ ਜਾਂਦੇ ਹਨ।

ਬੀਤੇ ਦਿਨੀਂ ਇਹ ਖੁਲਾਸਾ ਹੋਇਆ ਸੀ ਕਿ ਐਫਐਮਸੀਜੀ ਕੰਪਨੀ ਨੇਸਲੇ ਦੇ ਬੇਬੀ ਫੂਡ ਉਤਪਾਦਾਂ ਵਿੱਚ ਵਾਧੂ ਖੰਡ ਪਾਈ ਗਈ ਸੀ। ਸਵਿਟਜ਼ਰਲੈਂਡ ਦੇ ਪਬਲਿਕ ਆਈ ਅਤੇ ਇੰਟਰਨੈਸ਼ਨਲ ਬੇਬੀ ਫੂਡ ਐਕਸ਼ਨ ਨੈੱਟਵਰਕ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਨੈਸਲੇ ਭਾਰਤ ਸਮੇਤ ਏਸ਼ੀਆ ਅਤੇ ਅਫਰੀਕਾ ਦੇ ਦੇਸ਼ਾਂ ਵਿਚ ਵਿਕਣ ਵਾਲੇ ਬੇਬੀ ਉਤਪਾਦਾਂ ਵਿਚ ਵਾਧੂ ਖੰਡ ਮਿਲਾਉਂਦੀ ਹੈ। ਭਾਰਤ ਸਰਕਾਰ ਨੇ ਵੀ ਇਸ ਮਾਮਲੇ ਦਾ ਨੋਟਿਸ ਲਿਆ ਹੈ।

ਫੂਡ ਸੇਫਟੀ ਐਂਡ ਸਟੈਂਡਰਡਸ ਅਥਾਰਟੀ ਆਫ ਇੰਡੀਆ ਨੇ ਕਿਹਾ ਕਿ ਪਬਲਿਕ ਆਈ ਅਤੇ ਇੰਟਰਨੈਸ਼ਨਲ ਬੇਬੀ ਫੂਡ ਐਕਸ਼ਨ ਨੈੱਟਵਰਕ ਦੁਆਰਾ ਰਿਪੋਰਟ ਕੀਤੇ ਗਏ ਦੋਸ਼ਾਂ ਦੀ ਜਾਂਚ ਕੀਤੀ ਜਾਵੇਗੀ। ਫੂਡ ਸੇਫਟੀ ਐਂਡ ਸਟੈਂਡਰਡਸ ਅਥਾਰਟੀ ਆਫ ਇੰਡੀਆ ਨੇ ਕਿਹਾ ਕਿ ਇਸ ਨੂੰ ਵਿਗਿਆਨਕ ਪੈਨਲ ਦੇ ਸਾਹਮਣੇ ਰੱਖਿਆ ਜਾਵੇਗਾ।

# ਅੰਮ੍ਰਿਤਸਰ ਵਿਚ ਕਿਸਾਨਾਂ ਨੂੰ ਪੱਥਰ ਮਾਰਨ ਵਾਲੇ ਭਾਜਪਾ ਆਗੂਆਂ ਖਿਲਾਫ ਕੇਸ ਦਰਜ

## ✪ ਅੱਧੀ ਦਰਜਨ ਦੇ ਕਰੀਬ ਕਿਸਾਨ ਜ਼ਖ਼ਮੀ ਹੋਏ ਸਨ



ਅੰਮ੍ਰਿਤਸਰ-ਬੀਤੇ ਦਿਨੀਂ ਅੰਮ੍ਰਿਤਸਰ ਵਿਚ ਲੋਪੋਕੇ ਅਧੀਨ ਪੈਂਦੇ ਪਿੰਡ ਭੱਟੇਵੜ ਵਿਚ ਭਾਜਪਾ ਆਗੂ ਮੁਖਵਿੰਦਰ ਸਿੰਘ ਮਾਹਲ ਵੱਲੋਂ ਪ੍ਰੋਗਰਾਮ ਕਰਵਾਇਆ ਗਿਆ ਸੀ ਤਾਂ ਇਸ ਪ੍ਰੋਗਰਾਮ ਦਾ ਵਿਰੋਧ ਕਰਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਵਰਕਰ ਝੰਡੇ ਲੈ ਕੇ ਪੁੱਜੇ ਸਨ। ਜਿਸ ਤੋਂ ਬਾਅਦ ਪਿੰਡ ਭਿੱਟੇਵੱਡ ਦੇ ਮੁੱਖ ਭਾਜਪਾ ਪ੍ਰਚਾਰਕ ਜਗਬੀਰ ਸਿੰਘ ਅਤੇ ਕੇਵਲ ਸਿੰਘ ਨੇ ਕਿਸਾਨਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਬਹਿਸ ਦੌਰਾਨ ਦੋਵਾਂ ਧਿਰਾਂ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਫਿਰ ਧੱਕਾ-ਮੁੱਕੀ ਕੀਤੀ।

ਇਸ ਦੌਰਾਨ ਭਾਜਪਾ ਵਰਕਰਾਂ ਨੇ ਕਿਸਾਨਾਂ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਘਟਨਾ ਵਿੱਚ ਗੁਰਵੇਲ ਸਿੰਘ ਢੋਲ, ਪ੍ਰਗਟ ਸਿੰਘ ਖਿਆਲ, ਬਲਕਾਰ ਸਿੰਘ ਕਾਲੇ ਘਣੂਪੁਰ ਆਦਿ ਗੰਭੀਰ ਜ਼ਖ਼ਮੀ ਹੋ ਗਏ। ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਭੇਜ ਕੇ ਇਲਾਜ ਕਰਵਾਇਆ ਗਿਆ। ਜਦੋਂ ਇਹ ਘਟਨਾ ਵਾਪਰੀ ਤਾਂ ਪੁਲਿਸ ਪ੍ਰਸ਼ਾਸਨ ਵੀ ਉਥੇ ਮੌਜੂਦ ਸੀ। ਘਟਨਾ ਤੋਂ ਬਾਅਦ ਕਿਸਾਨਾਂ ਨੇ ਅਗਲੇ ਹੀ ਦਿਨ ਅੰਮ੍ਰਿਤਸਰ ਦਿਹਾਤੀ ਦੇ ਐਸਐਸਪੀ ਦਫ਼ਤਰ ਦਾ ਘਿਰਾਓ ਕੀਤਾ ਅਤੇ ਐਫਆਈਆਰ ਦਰਜ ਕਰਨ ਦੀ ਮੰਗ ਕੀਤੀ। ਇਸ ਪੂਰੀ ਘਟਨਾ ਵਿੱਚ ਅੱਧੀ ਦਰਜਨ ਦੇ ਕਰੀਬ ਕਿਸਾਨ ਜ਼ਖ਼ਮੀ ਹੋ ਗਏ ਜ਼ਾਂਚ ਤੋਂ ਬਾਅਦ ਪੁਲਿਸ ਨੇ ਨਰਿੰਦਰ ਸਿੰਘ ਦੀ ਸ਼ਿਕਾਇਤ 'ਤੇ ਦੋਵਾਂ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਘਟਨਾ ਵਾਲੇ ਦਿਨ ਪੁਲਿਸ ਮੌਕੇ 'ਤੇ ਮੌਜੂਦ ਸੀ।

# ਹਾਈਕੋਰਟ ਵਲੋਂ ਕੇਜਰੀਵਾਲ ਨੂੰ 75 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ

## ✪ ਰਿਹਾਅ ਕਰਨ ਦੀ ਮੰਗ ਵਾਲੀ ਜਨਹਿੱਤ ਪਟੀਸ਼ਨ ਕੀਤੀ ਖ਼ਾਰਜ

ਨਵੀਂ ਦਿੱਲੀ-ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਸਮੇਤ ਦਰਜ ਸਾਰੇ ਅਪਰਾਧਿਕ ਮਾਮਲਿਆਂ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅਸਾਧਾਰਨ ਅੰਤਰਿਮ ਜ਼ਮਾਨਤ 'ਤੇ ਰਿਹਾਅ ਕਰਨ ਦੀ ਮੰਗ ਨੂੰ ਲੈ ਕੇ ਦਾਇਰ ਪਟੀਸ਼ਨ 'ਤੇ ਕਈ ਸਵਾਲ ਖੜ੍ਹੇ ਕਰਦੇ ਹੋਏ ਦਿੱਲੀ ਹਾਈ ਕੋਰਟ ਨੇ 75 ਹਜ਼ਾਰ ਰੁਪਏ ਦਾ ਜੁਰਮਾਨਾ ਲਗਾ ਕੇ ਇਸ ਨੂੰ ਰੱਦ ਕਰ ਦਿੱਤਾ।

ਐਕਟਿੰਗ ਚੀਫ਼ ਜਸਟਿਸ ਮਨਮੋਹਨ ਸਿੰਘ ਅਤੇ ਜਸਟਿਸ ਮਨਮੀਤ ਪ੍ਰੀਤਮ ਸਿੰਘ ਅਰੋੜਾ ਦੇ ਬੈਂਚ ਨੇ ਕਿਹਾ ਕਿ ਅਦਾਲਤ ਨੇ ਕਿਹਾ ਕਿ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਭਾਰਤ ਦੇ ਸੰਵਿਧਾਨ ਵਿੱਚ ਦਰਜ ਸਮਾਨਤਾ ਦਾ ਸਿਧਾਂਤ ਸਰਵਉੱਚ ਅਤੇ ਕਾਨੂੰਨ ਦੀ ਸਰਵਉੱਚ ਹੈ ਅਤੇ ਇਸ ਨੂੰ ਜਨਤਕ ਤੌਰ 'ਤੇ ਬਣਾਈ ਰੱਖਣਾ ਜ਼ਰੂਰੀ ਹੈ।

ਬੈਂਚ ਨੇ ਕਿਹਾ ਕਿ ਇਸ ਅਦਾਲਤ ਦਾ ਵਿਚਾਰ ਹੈ ਕਿ ਪਟੀਸ਼ਨਕਰਤਾ ਦਾ ਭਾਰਤ ਦੇ ਲੋਕਾਂ ਦੇ ਸਰਪ੍ਰਸਤ ਅਤੇ ਨੁਮਾਇੰਦੇ ਹੋਣ ਦਾ ਦਾਅਵਾ ਬੇਬੁਨਿਆਦ ਹੈ ਅਤੇ ਇਹ ਵੀ ਅਜੀਬ ਹੈ ਕਿ ਪਟੀਸ਼ਨਕਰਤਾ ਨੇ ਕੇਜਰੀਵਾਲ ਦੇ ਹੱਕ ਵਿੱਚ ਇੱਕ ਨਿਜੀ ਬਾਂਡ ਦਿੱਤਾ ਹੈ। ਜਿਸ ਨਾਲ ਇਹ ਵਾਅਦਾ ਕੀਤਾ ਗਿਆ ਹੈ ਕਿ ਕੇਜਰੀਵਾਲ ਗਵਾਹ ਨੂੰ ਪ੍ਰਭਾਵਿਤ ਨਹੀਂ ਕਰਨਗੇ। ਅਦਾਲਤ ਨੇ ਕਿਹਾ ਕਿ ਪਟੀਸ਼ਨਰ ਕੋਲ ਅਜਿਹੇ ਬਿਆਨ ਦੇਣ ਜਾਂ ਨਿੱਜੀ ਬਾਂਡ ਰੱਖਣ ਦੀ ਕੋਈ ਪਾਵਰ ਆਫ਼ ਅਟਾਰਨੀ ਨਹੀਂ



ਹੈ, ਅਦਾਲਤ ਨੇ ਕਿਹਾ ਕਿ ਪਟੀਸ਼ਨ ਬੇਬੁਨਿਆਦ ਹੈ ਅਤੇ ਕੇਜਰੀਵਾਲ ਨਿਆਂਇਕ ਹੁਕਮਾਂ ਤਹਿਤ ਨਿਆਂਇਕ ਹਿਰਾਸਤ ਵਿੱਚ ਹਨ।

ਅਦਾਲਤ ਨੇ ਕਿਹਾ ਕਿ ਇਹ ਅਦਾਲਤ ਆਪਣੇ ਰਿੱਟ ਦੇ ਅਧਿਕਾਰ ਖੇਤਰ ਵਿੱਚ ਉੱਚ ਅਹੁਦੇ 'ਤੇ ਕਾਬਜ਼ ਵਿਅਕਤੀ ਵਿਰੁੱਧ ਸ਼ੁਰੂ ਕੀਤੇ ਬਕਾਇਆ ਮਾਮਲਿਆਂ ਵਿੱਚ ਅਸਧਾਰਨ ਅੰਤਰਿਮ ਜ਼ਮਾਨਤ ਨਹੀਂ ਦੇ ਸਕਦੀ। ਇਹ ਪਟੀਸ਼ਨ ਇਕ ਵਿਦਿਆਰਥੀ ਨੇ, ਹਮ ਭਾਰਤ ਕੇ ਲੋਗ ਦੇ ਨਾਂ 'ਤੇ ਦਾਇਰ ਕੀਤੀ ਹੈ।

# ਸਾਲ 2022 ਦੌਰਾਨ 66 ਹਜ਼ਾਰ ਭਾਰਤੀਆਂ ਨੂੰ ਮਿਲੀ ਅਮਰੀਕੀ ਨਾਗਰਿਕਤਾ



ਵਾਸ਼ਿੰਗਟਨ-ਸਾਲ 2022 ਵਿਚ ਘੱਟੋ-ਘੱਟ 65,960 ਭਾਰਤੀ ਅਧਿਕਾਰਤ ਤੌਰ 'ਤੇ ਅਮਰੀਕੀ ਨਾਗਰਿਕ ਬਣ ਗਏ ਅਤੇ ਇਸ ਨਾਲ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਹੈ, ਉਨ੍ਹਾਂ ਦੀ ਸੰਖਿਆ ਦੇ ਮਾਮਲੇ ਵਿਚ ਭਾਰਤ, ਮੈਕਸੀਕੋ ਤੋਂ ਬਾਅਦ ਦੂਜੇ ਸਥਾਨ 'ਤੇ ਪਹੁੰਚ ਗਿਆ। ਯੂ.ਐੱਸ. ਜਨਗਣਨਾ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇਖਣ ਦੇ ਅੰਕੜਿਆਂ ਅਨੁਸਾਰ, 2022 ਵਿੱਚ ਵਿਦੇਸ਼ੀ ਮੂਲ ਦੇ ਅੰਦਾਜ਼ਨ 4 ਕਰੋੜ 60 ਲੱਖ ਲੋਕ ਅਮਰੀਕਾ ਵਿੱਚ ਰਹੇ, ਜੋ ਅਮਰੀਕਾ ਦੀ ਕੁੱਲ 33 ਕਰੋੜ 33 ਲੱਖ ਆਬਾਦੀ ਦਾ ਲਗਭਗ 14 ਫ਼ੀਸਦੀ ਹਿੱਸਾ ਹੈ।

ਸੁਤੰਤਰ ਕਾਂਗਰੇਸ਼ਨਲ ਰਿਸਰਚ ਸਰਵਿਸ (ਸੀ.ਆਰ.ਐੱਸ.) ਦੀ ਵਿੱਤੀ ਸਾਲ 2022 ਲਈ 'ਯੂ.ਐੱਸ. ਨੈਚੁਰਲਾਈਜ਼ੇਸ਼ਨ ਪਾਲਿਸੀ' (ਅਮਰੀਕੀ ਨਾਗਰਿਕਤਾ ਨੀਤੀ) 'ਤੇ 15 ਅਪ੍ਰੈਲ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਵਿੱਤੀ ਸਾਲ 2022 ਵਿੱਚ 9,69,380 ਵਿਅਕਤੀ ਅਮਰੀਕੀ ਨਾਗਰਿਕ ਬਣੇ। ਰਿਪੋਰਟ ਵਿੱਚ ਕਿਹਾ ਗਿਆ ਹੈ, "ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਲੋਕਾਂ ਵਿਚ ਮੈਕਸੀਕੋ ਵਿੱਚ ਪੈਦਾ ਹੋਏ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਰਹੀ। ਇਸ ਤੋਂ ਬਾਅਦ ਭਾਰਤ, ਫਿਲੀਪੀਨਜ਼, ਕਿਊਬਾ ਅਤੇ ਡੋਮਿਨਿਕਨ ਰੀਪਬਲਿਕ ਦੇ ਲੋਕਾਂ ਨੂੰ ਸਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ।"

ਸੀ.ਆਰ.ਐੱਸ ਨੇ ਦੱਸਿਆ ਕਿ 2022 ਵਿੱਚ ਮੈਕਸੀਕੋ ਦੇ 1,28,878 ਨਾਗਰਿਕ ਅਮਰੀਕਾ ਦੇ ਨਾਗਰਿਕ ਬਣੇ। ਉਨ੍ਹਾਂ ਤੋਂ ਬਾਅਦ ਭਾਰਤ (65,960), ਫਿਲੀਪੀਨ (53,413), ਕਿਊਬਾ (46,913), ਡੋਮਿਨਿਕਨ ਰੀਪਬਲਿਕ (34,525), ਵੀਅਤਨਾਮ (33,246) ਅਤੇ ਚੀਨ (27,038) ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ। ਉਨ੍ਹਾਂ ਕਿਹਾ ਕਿ 2023 ਤੱਕ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕਾਂ ਵਿੱਚ ਭਾਰਤ ਦੇ ਲੋਕਾਂ ਦੀ ਗਿਣਤੀ 2,831,330 ਸੀ, ਜੋ ਕਿ ਮੈਕਸੀਕੋ (10,638,429) ਤੋਂ ਬਾਅਦ ਦੂਜੀ ਸਭ ਤੋਂ ਵੱਡੀ ਗਿਣਤੀ ਹੈ। ਇਸ ਤੋਂ ਬਾਅਦ ਇਸ ਸੂਚੀ ਵਿੱਚ ਚੀਨ (2,225,447) ਦਾ ਨੰਬਰ ਆਉਂਦਾ ਹੈ।

# ਮਸਤ ਸਾਧ ਦੇ ਡੇਰੇ ਗਈ ਨਾਬਾਲਗ ਲੜਕੀ ਨਾਲ 8 ਮੁੰਡਿਆਂ ਵਲੋਂ ਰੇਪ

## ✪ ਪੁਲਿਸ ਵਲੋਂ 8 ਦੋਸ਼ੀ ਗ੍ਰਿਫਤਾਰ

ਜਲੰਧਰ-ਨਕੋਦਰ ਕਸਬੇ ਵਿਚ 16 ਸਾਲਾ ਨਾਬਾਲਗ ਨਾਲ ਸਮੂਹਿਕ ਬਲਾਤਕਾਰ ਦੇ ਮਾਮਲੇ ਵਿਚ ਪੁਲਿਸ ਨੇ 8 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਗੱਲ ਦੀ ਪੁਸ਼ਟੀ ਜਲੰਧਰ ਦਿਹਾਤੀ ਪੁਲਿਸ ਦੀ ਐਸਪੀ ਜਸਰੂਪ ਕੌਰ ਬਾਠ ਨੇ ਕੀਤੀ ਹੈ। ਮੁਲਜ਼ਮਾਂ ਖ਼ਿਲਾਫ਼ ਜਬਰ ਜਨਾਹ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੱਸ ਦੇਈਏ ਕਿ ਲੜਕੀ ਸ੍ਰੀ ਮੁਕਤਸਰ ਸਾਹਿਬ ਦੇ ਮਲੋਟ ਤੋਂ ਨਕੋਦਰ ਵਿਖੇ ਮਸਤਾਂ ਦੇ ਡੇਰੇ ਮੱਥਾ ਟੇਕਣ ਆਈ ਸੀ। ਇਸ ਦੌਰਾਨ ਉਕਤ ਦੋਸ਼ੀਆਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਐਸਪੀ ਜਸਰੂਪ ਕੌਰ ਬਾਠ ਨੇ ਕਿਹਾ- ਸਾਰੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ।

ਸ੍ਰੀ ਮੁਕਤਸਰ ਸਾਹਿਬ ਦੀ ਰਹਿਣ ਵਾਲੀ ਪੀੜਤ ਲੜਕੀ ਨੇ ਪੁਲਿਸ ਨੂੰ ਦੱਸਿਆ ਕਿ ਬੀਤੇ ਦਿਨ ਉਹ ਨਕੋਦਰ ਦੇ ਇੱਕ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਆਈ ਸੀ। ਇਸ ਦੌਰਾਨ ਜਦੋਂ ਕਾਫੀ ਸਮਾਂ ਹੋ ਗਿਆ ਤਾਂ ਉਹ ਜਲੰਧਰ ਦੀ ਇਕ ਧਰਮਸ਼ਾਲਾ ਵਿਚ ਰਹਿਣ ਚਲੀ ਗਈ। ਜਦੋਂ ਉਹ ਕਮਰਾ ਲੈਣ ਲਈ ਡੇਰਾ ਕਮ ਧਰਮਸ਼ਾਲਾ ਗਈ ਤਾਂ ਸੁੰਦਰ ਨਗਰ ਨਕੋਦਰ ਦਾ ਰਹਿਣ ਵਾਲਾ ਕਰਨ ਉਸ ਨੂੰ ਕਮਰਾ ਦਿਵਾਉਣ ਲਈ ਆਪਣੇ ਨਾਲ ਲੈ ਗਿਆ। ਕਰਨ ਦੇ ਨਾਲ ਉਨ੍ਹਾਂ ਦਾ ਦੋਸਤ ਪਵਨ ਵੀ ਸੀ। ਇਹ ਦੋਵੇਂ ਲੜਕੀ ਨੂੰ ਬਾਈਕ 'ਤੇ ਬਿਠਾ ਕੇ ਜਲੰਧਰ ਰੋਡ 'ਤੇ ਸਿਆਣੀਵਾਲ ਫਾਟਕ ਨੇੜੇ ਇਕ ਸੁੰਨਸਾਨ ਜਗ੍ਹਾ 'ਤੇ ਲੈ ਗਏ ਅਤੇ ਉਸ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਲੜਕੀ ਨੇ ਰੌਲਾ ਪਾਇਆ ਤਾਂ ਮੁਲਜ਼ਮ ਫਿਰ ਲੜਕੀ ਨੂੰ ਨਕੋਦਰ ਸਬਜ਼ੀ ਮੰਡੀ ਨੇੜੇ ਛੱਡ ਗਏ। ਕੁੜੀ ਕਿਸੇ ਤਰ੍ਹਾਂ ਫਿਰ ਡੇਰੇ ਪਹੁੰਚ ਗਈ।

ਡੇਰੇ ਨੇੜੇ ਸੁੰਦਰ ਨਗਰ ਨਕੋਦਰ ਦਾ ਰਹਿਣ ਵਾਲਾ ਮੁਕੇਸ਼ ਕੁਮਾਰ ਯਾਦਵ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਸ਼ੰਕਰ ਨਹਿਰ ਦੇ ਕੰਢੇ ਲੈ ਗਿਆ। ਜਿੱਥੇ ਮੁਕੇਸ਼ ਯਾਦਵ ਨੇ ਉਸ ਦੀ ਕੁੱਟਮਾਰ ਕਰਕੇ ਉਸ ਨਾਲ ਬਲਾਤਕਾਰ ਕੀਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਨੇ ਆਪਣੇ ਸਾਥੀਆਂ ਨਵਨੀਤ ਸਿੰਘ, ਚੰਦਨ ਅਤੇ ਵਿਕਰਾਲ ਰਾਜ ਵਾਸੀ ਆਜ਼ਾਦ ਨਗਰ, ਮੁਕੇਸ਼ ਵਾਸੀ ਰਹਿਮਾਨਪੁਰਾ ਅਤੇ ਅਜੈ ਕੁਮਾਰ ਵਾਸੀ ਵਿਜੇ ਨਗਰ ਕਲੋਨੀ ਨੂੰ ਵੀ ਬੁਲਾ ਲਿਆ ਅਤੇ ਉਨ੍ਹਾਂ ਨੇ ਵੀ ਜਬਰ ਜਨਾਹ ਕੀਤਾ।

ਇਸ ਤੋਂ ਬਾਅਦ ਪੀੜਤਾ ਨੇ ਪੂਰੇ ਮਾਮਲੇ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ। ਪੁਲਿਸ ਨੇ ਹੁਣ ਤੱਕ ਸਾਰੇ ਦੋਸ਼ੀਆਂ ਖਿਲਾਫ ਪੋਕਸੋ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ‘ਅੱਖੀਂ ਵੇਖ ਨਾ ਰੱਜੀਆਂ’ - ਆਪਣਾ ਸਫ਼ਰਨਾਮਾ ਮੁੜ ਪੜ੍ਹਦਿਆਂ

## ਸਫ਼ਰਨਾਮਾ

ਪ੍ਰਿੰ. ਸਰਵਣ ਸਿੰਘ




ਕਦੇ ਸਬੱਬ ਹੀ ਐਸਾ ਬਣ ਜਾਂਦੈ ਕਿ ਲੇਖਕ ਆਪਣੀ ਪੁਰਾਣੀ ਕਿਤਾਬ ਮੁੜ ਪੜ੍ਹਨ ਲੱਗ ਪੈਂਦੈ। ਮੈਂ ਵੀ ਆਪਣਾਸਫ਼ਰਨਾਮਾ ‘ਅੱਖੀਂ ਵੇਖ ਨਾ ਰੱਜੀਆਂ (ਮੇਰੀ ਅਮਰੀਕੀ ਫੇਰੀ) ਫਿਰ ਖੋਲ੍ਹ ਬੈਠਾਂ ਜੋ 50ਵੇਂ ਸਾਲ ਦੀ ਉਮਰ ਵਿਚ ਲਿਖਿਆ ਸੀ। ਉਹਵੀ ਕਿਆ ਦਿਨ ਸਨ! ਇਕ ਥਾਂਲਿਖਿਆ ਸੀ: ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਉਡ ਜਾਣਾ ਓਏ ਬੱਦਲਾ ਧੁੰਦ ਦਿਆ...। ਉਦੋਂ ‘ਸੱਜਣਾ ਦੇ ਸ਼ਹਿਰ ਬੇਕਰਸਫੀਲਡ ਵਿਚ ਮੇਰਾ 50ਵਾਂ ਜਨਮ ਦਿਨ ਮਨਾਇਆ ਗਿਆ ਸੀ। ਉਸ ਤੋਂ ਪਹਿਲਾਂ ਮੈਨੂੰ ਪਤਾ ਹੀ ਨਹੀਂ ਸੀ ਕਿ ਸਾਧਾਰਨ ਕਿਸਾਨਘਰਾਂ ’ਚ ਜੰਮਿਆ ਦੇ ਵੀ ਜਨਮ ਦਿਨ ਮਨਾਏ ਜਾਂਦੇ ਹਨ!

ਆਉਂਦੀ 8 ਜੁਲਾਈ ਨੂੰ ਮੈਂ ਚੁਰਾਸੀ ਸਾਲਾਂ ਦਾ ਹੋ ਜਾਣੈ ਜਿਸ ਨਾਲ ਕਹਿੰਦੇ ਨੇਕਿ ਚੁਰਾਸੀ ਕੱਟੀ ਜਾਂਦੀਐ। ਹੁਣ ਭਾਵੇਂਮੇਰੀ ਉਮਰਲੰਮੇ ਤੋਰੇ ਫੇਰੇ ਕਰਨ ਤੇ ਉਡਾਰੀਆਂ ਭਰਨ ਦੀ ਨਹੀਂ, ਫਿਰ ਵੀ ਪਤਾ ਨਹੀਂ ਕਿਉਂ ਟਿਕ ਕੇ ਨੀ ਬੈਠ ਹੁੰਦਾ? ਇਕ ਦਿਨ ਅਚਾਨਕ ਰਉਂ ਬਣ ਗਿਆ ਕਿ ਚਲੋ ਐਤਕੀਂ ਕੈਲੇਫੋਰਨੀਆ ਵੱਲ ਦਾ ਹੀ ਗੇੜਾ ਮਾਰ ਆਈਏ। ਪੁਰਾਣੇ ਸੱਜਣਾਂ ਮਿੱਤਰਾਂ ਨੂੰ ਮੁੜ ਮਿਲ ਗਿਲ ਲਈਏ। ਸੱਚੀ ਗੱਲ ਐ ਜੱਗ ਜਿਉਂਦਿਆਂ ਦੇ ਮੇਲੇ ਹੁੰਦੇ ਨੇ। ਫੇਰ ਪਤਾ ਨਹੀਂ ਮਿਲ ਸਕੀਏ ਜਾਂ ਨਾ। ਪ੍ਰੋਗਰਾਮ ਬਣਾ ਲਿਐ, 28 ਅਪ੍ਰੈਲ ਨੂੰ ਲਾਸ ਵੇਗਸ, 30 ਨੂੰ ਬੇਕਰਸਫੀਲਡ ਤੇ ਫਿਰ 8 ਮਈ ਤਕ ਚੱਲ ਸੋ ਚੱਲ। ਸਾਡਾ ਮੁੱਖ ਟਿਕਾਣਾ ਹੋਵੇਗਾ ‘ਸੱਜਣਾਂ ਦਾ ਸ਼ਹਿਰ ਬੇਕਰਸਫੀਲਡ।

ਸਬੱਬੀਂ ਮੇਰੇਪਹਿਲੇ ਸਫ਼ਰਨਾਮੇ ‘ਅੱਖੀਂ ਵੇਖ ਨਾ ਰੱਜੀਆਂ ਦੀ ਇਕ ਪੁਰਾਣੀ ਕਾਪੀਲੱਭ ਗਈ। ਉਸ ਦਾ ਟਾਈਟਲ ਸਵਰਨਜੀਤ ਸਵੀ ਨੇ ਬਣਾਇਆ ਸੀ ਤੇ ਕਿਤਾਬ1992 ਵਿਚ ਲਾਹੌਰ ਬੁੱਕ ਸ਼ਾਪ ਨੇ ਪ੍ਰਕਾਸ਼ਿਤ ਕੀਤੀ ਸੀ। ਉਹਸਫ਼ਰਨਾਮਾ ਤੁਰਤ ਪੰਜਾਬ ਯੂਨੀਵਰਸਿਟੀ ਦੀ ਪਾਠ ਪੁਸਤਕ ਬਣ ਗਿਆ ਜੋ ਬੀਏ ਭਾਗ ਦੂਜਾਤੇ ਤੀਜਾ ਦੀਆਂ ਜਮਾਤਾਂ ’ਚ ਛੇ ਸਾਲ ਪੜ੍ਹਾਇਆ ਜਾਂਦਾ ਰਿਹਾ। ਮੈਨੂੰ ਜਦ ਕਦੇ ਪੁਰਾਣੇ ਵਿਦਿਆਰਥੀ ਮਿਲਦੇ ਹਨ ਤਾਂ ਅਕਸਰ ਇਸ ਸਫ਼ਰਨਾਮੇ ਦਾ ਜ਼ਿਕਰ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਉਹ ਪਾਠ ਪੁਸਤਕ ਵਜੋਂ ਪੜ੍ਹਨਾ ਪਿਆ ਸੀ।

ਮੈਂ ਪਹਿਲੀ ਵਾਰ ਅਮਰੀਕਾ/ਕੈਨੇਡਾ 1990 ’ਚ ਗਿਆ ਸਾਂ। ਦਸ ਕੁ ਹਫ਼ਤਿਆਂ ਦੇ ਸੈਰ ਸਪਾਟੇ ਪਿੱਛੋਂ ਇਹ ਸਫ਼ਰਨਾਮਾ ਲਿਖਿਆ ਗਿਆ ਸੀ ਜੋ ਲੜੀਵਾਰ ‘ਪੰਜਾਬੀ ਟ੍ਰਿਬਿਊਨ ਤੇ ‘ਇੰਡੋ ਕੈਨੇਡੀਅਨ ਟਾਈਮਜ਼ ਵਿਚ ਛਪਦਾ ਰਿਹਾ। ਫਿਰ ਕਿਤਾਬੀ ਰੂਪ ’ਚ ਪ੍ਰਕਾਸ਼ਿਤ ਹੋਇਆ। ਤਤਕਰਾ ਸੀ: ਅਮਰੀਕਾ ਦੀ ਰਾਹਦਾਰੀ, ਹਵਾਈ ਜਹਾਜ਼ ਦੇ ਹੂਟੇ, ਮਿਲਣੀ ਮਿੱਤਰਾਂ ਦੀ, ਸੱਜਣਾਂ ਦਾ ਸ਼ਹਿਰ, ਬਾਗਾਂ ਦੀ ਧਰਤੀ, ਕੈਲੇਫੋਰਨੀਆ ਦਾ ਫਾਰਮੀ ਜੀਵਨ, ਯੂਬਾ ਸਿਟੀ ਵਿਚ ਕਬੱਡੀ, ਕੈਲੇਫੋਰਨੀਆ ਤੋਂ ਕੈਨੇਡਾ, ਗਰਮ ਪਾਣੀ ਦੇ ਚਸ਼ਮੇ, ਬਾਬਿਆਂ ਦੀ ਸੱਥ, ਵਿਸਲਰ ਦੇ ਹੁਸੀਨ ਨਜ਼ਾਰੇ, ਗੁਰਦਵਾਰਿਆਂ ਦੀ ਗਹਿਮਾ-ਗਹਿਮੀ,




ਦਾਅਵਤਾਂ ਦੇ ਦੌਰ, ਵੈਨਕੂਵਰ ਦਾ ਪੰਜਾਬੀ ਖੇਡ ਮੇਲਾ, ਵਿਕਟੋਰੀਆ ਦੀ ਸੈਰ, ਕੁਝ ਮੇਲ ਮੁਲਾਕਾਤਾਂ, ਬੱਸ ਦਾ ਲੰਮਾ ਸਫ਼ਰ, ਫਰਿਜ਼ਨੋ ਦੇ ਆਸ ਪਾਸ, ਸੋਨ ਸੁਨਹਿਰਾ ਸਾਨ ਫਰਾਂਸਿਸਕੋ, ਜੁਏਬਾਜ਼ਾਂ ਦਾ ਸ਼ਹਿਰ ਰੀਨੋ, ਗੇੜਾ ਹਾਲੀਵੁੱਡ ਦਾ, ਸੁਫ਼ਨਿਆਂ ਦੀ ਸੈਰਗਾਹ ਡਿਜ਼ਨੀਲੈਂਡ ਤੇ ਅੱਖੀਂ ਵੇਖ ਨਾ ਰੱਜੀਆਂ। ਲਓ ਟ੍ਰੇਲਰ ਤੁਸੀਂ ਵੀ ਵੇਖ ਲਓ:

ਬੜੀ ਸੋਹਣੀ ਕੁੜੀ ਖਿੜਕੀ ਪਿੱਛੇ ਬੈਠੀ ਸੀ। ਸੁਨਹਿਰੀ ਧੁੱਪ ਵਰਗਾ ਰੰਗ, ਨੀਲੀਆਂ ਬਲੌਰੀ ਅੱਖਾਂ, ਪਤਲੇ ਗੁਲਾਬੀ ਬੁੱਲ੍ਹ ਤੇ ਲੰਮੇ ਖੁੱਲ੍ਹੇ ਵਾਲ। ਖਿੜਕੀ ’ਚੋਂ ਖ਼ੁਸ਼ਬੋ ਦੇ ਬੁੱਲੇ ਆ ਰਹੇ ਸਨ। ਉਹ ਹਰ ਇਕ ਨਾਲ ਮੁਸਕਰਾ ਕੇ ਗੱਲ ਕਰਦੀ। ਕਦੇ ਨਿੱਕਾ ਜਿਹਾ ਹਾਸਾ ਵੀ ਝਾਂਜਰ ਵਾਂਗ ਛਣਕ ਜਾਂਦਾ। ਵੀਜ਼ੇ ਵਾਲੇ ਪਾਸਪੋਰਟ ਲੈਣ ਲਈ ਸਾਨੂੰ ਚਾਰ ਵਜੇ ਸੱਦਿਆ ਗਿਆ ਸੀ। ਕਤਾਰ ਵਿਚ ਲੱਗੇ ਅਸੀਂ ਨੇੜੇ ਆਏ ਤਾਂ ਮੇਰਾ ਮਨ ਰੁਮਾਂਚਿਕ ਹੋ ਉਠਿਆ। ਮੈਂ ਆਪਣੀ ਪਤਨੀ ਨੂੰ ਕਿਹਾ, “ਵੇਖ ਕਿੰਨੀ ਸੋਹਣੀ ਕੁੜੀ ਐ, ਅਮਰੀਕਾ ਦੀ ਅਪੱਸਰਾ। ਅਗਲਿਆਂ ਨੇ ਪ੍ਰਭਾਵ ਪਾਉਣ ਲਈ ਮਾਡਲ ਵੀ ਚੁਣ ਕੇ ਰੱਖਿਆ। ਇਹ ਤਾਂ ਭਾਵੇਂ ਵੀਜ਼ੇ ਤੋਂ ਇਨਕਾਰ ਹੀ ਕਰ ਦੇਵੇ। ਆਖਾਂਗੇ ਕੋਈ ਗੱਲ ਨੀ। ਇਨਕਾਰ ਤਾਂ ਇਨਕਾਰ ਸਹੀ ਪਰ ਨਾਲ ਅਣਮੁੱਲੀ ਮੁਸਕ੍ਰਾਹਟ ਤਾਂ ਮਿਲੀ! ਦੱਸਿਆ ਕਰਾਂਗੇ ਇਨਕਾਰ ਕਿਸੇ ਐਰੇ ਗੈਰੇ ਨੇ ਨਹੀਂ, ਅੰਤਾਂ ਦੀ ਸੋਹਣੀ ਕੁੜੀ ਨੇ ਕੀਤਾ ਸੀ ਤੇ ਉਹ ਵੀ ਹੱਸ ਕੇ।

ਉਹੀ ਗੱਲ ਹੋਈ। ਸਾਡੇ ਪਾਸਪੋਰਟ ਉਸ ਕੁੜੀ ਤਕ ਨਹੀਂ ਸਨ ਪੁੱਜੇ। ਉਸ ਨੇ ਪਾਸੇ ਪਏ ਪਾਸਪੋਰਟ ਦੁਬਾਰਾ ਵੇਖੇ ਤੇ ਮੁਸਕਰਾ ਕੇ ਕਹਿਣ ਲੱਗੀ, “ਮਿਸਟਰ ਸਿੰਘ ਤੁਹਾਨੂੰ ਉਡੀਕ ਕਰਨੀ ਪਏਗੀ।”

ਮੈਂ ਪੁੱਛਿਆ, “ਕਿੰਨੀ ਕੁ?”

ਉਹ ਫਿਰ ਮੁਸਕਰਾਈ, “ਏਹੋ ਕੋਈ ਦਸ ਵੀਹ ਮਿੰਟ।”

ਮੇਰੇ ਮਚਲੇ ਮਨ ਨੇ ਕਿਹਾ, “ਲੈ ਕਿੱਡੀ ਛਾਲ ਮਾਰੀ ਐ! ਤੂੰ ਤਾਂ ਦਸ ਵੀਹ ਸਾਲ ਵੀ ਕਹਿੰਦੀ ਤਾਂ ਵੀ ਸ਼ੁਕਰ ਕਰਨਾ ਸੀ।”

ਅਸੀਂ ਧੁੱਪੇ ਖੜ੍ਹੇ ਸਾਂ। ਮੇਰੀ ਪਤਨੀ ਨੇ ਮੇਰੇ ਲਹਿਰੀ ਮਨ ਦੀਆਂ ਵਾਗਾਂ ਮੋੜੀਆਂ ਤੇ ਅਸੀਂ ਛਾਵੇਂ ਜਾ ਬੈਠੇ। ਸਾਰੀ ਕਤਾਰ ਭੁਗਤ ਗਈ ਤਾਂ ਅਸੀਂ ਦੁਬਾਰਾ ਖਿੜਕੀ ਵੱਲ ਵਧੇ। ਸਾਡੇ ਪਾਸਪੋਰਟ ਹਾਲਾਂ ਵੀ ਨਦਾਰਦ ਸਨ। ਪਤਨੀ ਨੇ ਵਿਅੰਗ ਕਸਿਆ, “ਸੁਣ ਲਓ ਇਨਕਾਰ ਹੁਣ ਸੋਹਣੀ ਕੁੜੀ ਤੋਂ!”

ਪਰ ਉਸ ਸੋਹਣੀ ਕੁੜੀ ਨੇ ਮੈਨੂੰ ਛਿੱਥਾ ਪੈਣੋਂ ਬਚਾ ਲਿਆ ਤੇ ਸਾਡੇ ਨਾਵਾਂ ਦੇ ਪਾਸਪੋਰਟ ਉਹਦੇ ਹੱਥਾਂ ਤਕ ਅਪੜ ਗਏ। ਉਸ ਨੇ ਮੁਸਕਰਾ ਕੇ ਦੇਰੀ ਲਈ ਮਾਫੀ ਮੰਗੀ ਤੇ ਹੱਸ ਕੇ ਵਧਾਈ ਦਿੰਦਿਆਂ ਪਾਸਪੋਰਟ ਸਾਡੇ ਹੱਥ ਫੜਾਏ। ਅਸੀਂ ਪਾਸਪੋਰਟ ਖੋਲ੍ਹ ਕੇ ਵੇਖੇ ਤਾਂ ਉਨ੍ਹਾਂ ਉਤੇ ਅਮਰੀਕਾ ਦੀ ਰਾਹਦਾਰੀ ਦਾਇਕ ਇਕ ਸਾਲ ਦਾ ਰੰਗ ਬਰੰਗਾ ਠੱਪਾ ਲੱਗਾ ਹੋਇਆ ਸੀ। ਉਸ ਪਲ ਉਹ ਠੱਪੇ ਵੀ ਸਾਨੂੰ ਉਸ ਅਮਰੀਕਨ ਕੁੜੀ ਦੇ ਹੱਸਦੇ ਮੂੰਹ ਵਰਗੇ ਲੱਗੇ। ਹਨੇਰੇ ਪਏ ਅਸੀਂ ਹਵਾਈ ਅੱਡੇ ’ਤੇ ਪਹੁੰਚੇ। ਚੁਫੇਰੇ ਰੰਗ ਬਰੰਗੀਆਂ ਬੱਤੀਆਂ ਜਗ ਰਹੀਆਂ ਸਨ। ਮੁੱਖ ਦੁਆਰ ਮੂਹਰੇ ਤਾਂ ਰਾਤ ਨੂੰ ਦਿਨ ਚੜ੍ਹਿਆ ਲੱਗਦਾ ਸੀ। ਉਥੇ ਹਵਾਈ ਜਹਾਜ਼ ਚੜ੍ਹਾਉਣ ਵਾਲਿਆਂ ਤੇ ਅੱਗੋਂ ਲੈਣ ਵਾਲਿਆਂ ਦਾ ਧੱਕਾ ਪੈਂਦਾ ਸੀ। ਪੰਜਾਬੀ ਮੁਸਾਫ਼ਿਰ ਕਾਫੀ ਗਿਣਤੀ ਵਿਚ ਸਨ। ਉਨ੍ਹਾਂ ’ਚ ਵਧੇਰੇ ਬਜ਼ੁਰਗ ਸਨ ਜਿਨ੍ਹਾਂ ਨੂੰ ਪਰਦੇਸੀਂਰਹਿੰਦੇ ਧੀਆਂ-ਪੁੱਤਰਾਂ ਨੇ ਆਪਣੇ ਕੋਲ ਸੱਦਿਆ ਸੀ। ਕੁਝ ਸੱਜ ਵਿਆਹੀਆਂ ਕੁੜੀਆਂ ਸਨ ਜੋ ਪਰਦੇਸੀਂ ਰਹਿੰਦੇ ਆਪਣੇ ਕੰਤਾਂ ਕੋਲ ਚੱਲੀਆਂ ਸਨ...।

ਇਕ ਨਵ-ਵਿਆਹੀ ਪੰਜਾਬਣ ਮੁਟਿਆਰ ਸੀ। ਸਾਢੇ ਪੰਜ ਫੁੱਟ ਤੋਂ ਉੱਚੀ, ਮਹਿੰਦੀ ਲਾਈ ਹੋਈ, ਹਾਰ-ਸ਼ਿੰਗਾਰ ਕੀਤਾ ਤੇ ਕਲੀਰੇ ਪਾਏ ਹੋਏ। ਅੱਖਾਂ ’ਚ ਕਜਲੇ ਦੀਆਂ ਧਾਰਾਂ ਤੇ ਹੱਥਾਂ-ਕੰਨਾਂ ’ਚ ਗਹਿਣੇ। ਕਿਸੇ ਵੱਡੇ ਘਰ ਦੀ ਧੀ ਪਰਦੇਸਸਹੁਰੀਂ ਚੱਲੀ ਸੀ। ਮਾਪਿਆਂ ਤੋਂ ਨਿਖੜਦਿਆਂ ਵੇਖ ਕੇ ਨੇੜੇ ਖੜ੍ਹਿਆਂ ਸਭ ਦੀਆਂ ਅੱਖਾਂ ਡੁਬ-ਡੁਬਾ ਗਈਆਂ ਸਨ। ਅਸੀਂ ਕੁੜੀ ਦਾ ਸਿਰ ਪਲੋਸਦਿਆਂ ਮਾਪਿਆਂ ਦਾ ਦਿਲ ਧਰਾਇਆ ਕਿ ਟੋਕੀਓ ਤਕ ਤਾਂ ਅਸੀਂ ਇਸ ਦੇ ਨਾਲ ਹਾਂ ਤੇ ਅੱਗੋਂ ਵੀ ਇਹਨੂੰ ਪਹਿਲਾਂ ਜਹਾਜ਼ ਚੜ੍ਹਾ ਕੇ ਫੇਰ ਆਪ ਚੜ੍ਹਾਂਗੇ। ਏਨੀ ਕੁ ਅਪਣੱਤ ਜਤਾਉਣ ਨਾਲ ਹੀ ਉਨ੍ਹਾਂ ਦਾ ਰਉਂ ਕੁਝ ਸੁਖਾਵਾਂ ਹੋ ਗਿਆ ਤੇ ਵਿਦਾਇਗੀ ਸੌਖੀ ਹੋ ਗਈ...।

ਏਅਰ ਹੋਸਟੈਸ ਤੋਂ ਮੈਂ ਪਾਣੀ ਹੀ ਲਿਆ ਕਿਉਂਕਿ ਸੈਵਨ ਅੱਪ ਦਾ ਪਤਾ ਨਹੀਂ ਸੀ ਕਿ ਉਹ ਕਿੰਨਾ ਅੱਪ ਜਾਂ ਡਾਊਨ ਕਰੇਗਾ। ਹੌਲ਼ੀ-ਹੌਲ਼ੀ ਹਾੜਾ ਲਾਇਆ ਤਾਂ ਮਨ ਸਰੂਰ ਨਾਲ ਭਰਦਾ ਗਿਆ। ਵੰਨ-ਸੁਵੰਨੀਆਂ ਸੂਰਤਾਂ ਨਿਹਾਰਦਿਆਂ ਮੇਰੀ ਕਲਪਨਾ ਹੁਲਾਰੇ ਵਿਚ ਆ ਗਈ। ਮੈਨੂੰ ਲੱਗਾ ਅੱਧ-ਅਸਮਾਨੇ ਮਿੰਨੀ ਦੁਨੀਆ ਵਸੀ ਪਈ ਸੀ, ਰੰਗਾਂ ਨਸਲਾਂ ਤੋਂ ਉਤੇ, ਜਾਤਾਂ ਪਾਤਾਂ ਤੋਂ ਪਰੇ ਤੇ ਧਰਮਾਂ ਕਰਮਾਂ ਤੋਂ ਨਿਰਲੇਪ। ਉਡਣ ਖਟੋਲਾ ਉਡਿਆ ਜਾ ਰਿਹਾ ਸੀ ਜਿਸ ਨੇ ਮੇਰੀ ਕਲਪਨਾ ਨੂੰ ਪਰ ਲਾ ਦਿੱਤੇ ਸਨ। ਮੈਂ ਕਿਸੇ ਵਜਦ ਵਿਚ ਮਖ਼ਮੂਰ ਸਾਂ ਤੇ ਮੇਰੇ ਧੁਰ ਅੰਦਰੋਂ ਸੁੱਤੇ ਬੋਲ ਜਾਗ ਰਹੇ ਸਨ- ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ, ਤੈਂ ਉਡ ਜਾਣਾ ਓਏ ਬੱਦਲਾਂ ਧੁੰਦ ਦਿਆ...!

ਅਸੀਂ ਬੇਕਰਸਫੀਲਡ ਪਹੁੰਚਣਾ ਸੀ। ਘੁਸਮੁਸੇ ਹਨ੍ਹੇਰੇ ਵਿਚ ਕਾਰ ਹਵਾ ਨੂੰ ਗੰਢਾਂ ਦਿੰਦੀ ਆਈ। ਲਾਸ ਏਂਜਲਸ ਤੋਂ ਬੇਕਰਸਫੀਲਡ ਡੇਢ ਕੁ ਘੰਟੇ ਦਾ ਸਫ਼ਰ ਸੀ। ਅਮਰੀਕਾ ਵਿਚ ਸ਼ਹਿਰਾਂ ਥਾਵਾਂ ਦਾ ਫਾਸਲਾ ਮੀਲਾਂ ਵਿਚ ਨਹੀਂ ਸਗੋਂ ਘੰਟਿਆਂ ਮਿੰਟਾਂ ਵਿਚ ਗਿਣਿਆ ਜਾਂਦਾ ਹੈ। ਘਰੋਂ ਕੰਮ ਦੀ ਥਾਂ 20 ਮਿੰਟ ਦਾ ਸਫ਼ਰ, ਸਟੋਰ 5 ਮਿੰਟ ਦਾ, ਬੈਂਕ 7 ਮਿੰਟ ਤੇ ਸਕੂਲ 10 ਮਿੰਟ ਦਾ। ਹਸਪਤਾਲ 12 ਮਿੰਟ ਤੇ ਗੈਸ ਸਟੇਸ਼ਨ 3 ਮਿੰਟ। ਏਵੇਂ ਜਿਵੇਂ ਸਾਕ-ਸਕੀਰੀਆਂ ਤੇ ਦੋਸਤਾਂ ਮਿੱਤਰਾਂ ਤਕ ਮਿਲਣ ਜਾਣ ਦਾ ਸਮਾਂ ਨਿਸ਼ਚਿਤ ਹੈ। ਉਂਜ ਅਮਰੀਕਾ ਵਿਚ ਹਾਲਾਂ ਵੀ ਮੀਲ ਹੀ ਚਲਦੇ ਹਨ ਜਦ ਕਿ ਕੈਨੇਡਾ ਨੇ ਕਿਲੋਮੀਟਰ ਅਪਨਾ ਲਏ ਹਨ।

ਭਜਨ (ਮੇਰਾ ਛੋਟਾ ਭਰਾ) ਸਾਡੇ ਨਾਲ ਬਾਹਰ ਆਇਆ ਤੇ ਆਂਢ ਗੁਆਂਢ ਦੀ ਜਾਣਕਾਰੀ ਦੇਣ ਲੱਗਾ। ਉਹਦੀ ਬੀਹੀ ਵਿਚ ਮੈਕਸੀਕੇ, ਕਾਲ਼ੇ ਤੇ ਗੋਰਿਆਂ ਦੇ ਘਰ ਸਨ। ਪਾਕਿਸਤਾਨ ਦਾ ਇਕ ਪਰਿਵਾਰ ਥੋੜ੍ਹੇ ਦਿਨ ਪਹਿਲਾਂ ਹੀ ਭਜਨ ਹੋਰਾਂ ਦਾ ਗੁਆਂਢੀ ਬਣਿਆ ਸੀ। ਉਹ ਪਿੱਛੋਂ ਸਾਹੀਵਾਲ ਦੇ ਸਨ। ਉਨ੍ਹਾਂ ਤੋਂ ਪਹਿਲਾਂ ਮਰਹੂਮ ਸ਼ਾਇਰ ਪਾਸ਼ ਦੇ ਮਾਤਾ ਪਿਤਾ, ਉਹਦੀ ਪਤਨੀ ਤੇ ਧੀ ਰਹਿੰਦੇ ਸਨ। ਹੁਣ ਉਹ ਉਥੋਂ ਥੋੜ੍ਹੇ ਹਟਵੇਂ ਰਹਿੰਦੇ ਹਨ। ਆਂਢ ਗੁਆਂਢ ਬਾਰੇ ਦੱਸ ਕੇ ਭਜਨ ਨੇ ਨੇੜੇ ਹੀ ਇਕ ਸਕੂਲ ਦਾ ਗਰਾਊਂਡ ਵਿਖਾਇਆ ਜਿਥੇ ਅਸੀਂ ਸੈਰ ਤੇ ਕਸਰਤ ਕਰ ਸਕਦੇ ਸਾਂ...।

ਇਕ ਚੌਕ ’ਚ ਦੋ ਅਧਨੰਗੀਆਂ ਕੁੜੀਆਂ ਧੁੱਪੇ ਹੀ ਪੀਜ਼ੇ ਦੀ ਮਸ਼ਹੂਰੀ ਵਾਲਾ ਬੈਨਰ ਚੁੱਕੀ ਖੜ੍ਹੀਆਂ ਸਨ। ਕਾਰਾਂ ਵਾਲੇ ਪਹਿਲਾਂ ਕੁੜੀਆਂ ਦੇ ਹੁਸਨ ਵੱਲ ਵੇਖਦੇ ਤੇ ਫਿਰ ਮਸ਼ਹੂਰੀ ਪੜ੍ਹਦੇ। ਨੰਗੇਜ ਵਿਖਾ ਕੇ ਸੌਦਾ ਵੇਚਣ ਦਾ ਇਹ ਵੀ ਆਪਣਾ ਢੰਗ ਸੀ। ਮੈਨੂੰ ਮੁਕਸਰ ਦਾ ਮੇਲਾ ਯਾਦ ਆ ਗਿਆ। ਸੰਨ 1961-62 ’ਚ ਮੈਂ ਉਥੋਂ ਬੀਐੱਡ ਕੀਤੀ ਸੀ। ਮਾਘੀ ਮੇਲੇ ਦੀ ਰਾਤ ਨੂੰ ਇਕ ਜਮਾਤੀ ਸਾਨੂੰ ਹੋਸਟਲ ’ਚੋਂ ਉਠਾ ਕੇ ਸਰਕਸਾਂ ਤੇ ਜਿੰਦਾ ਡਾਨਸਾਂ ਦੇ ਪੰਡਾਲਾਂ ਵੱਲ ਲੈ ਗਿਆ। ਇਕ ਪੰਡਾਲ ਮੂਹਰੇ ਦਰਸ਼ਕਾਂ ਦਾ ਧੱਕਾ ਪੈ ਰਿਹਾ ਸੀ। ਇਹੋ ਨਜ਼ਾਰਾ ਵੇਖ ਕੇ ਸਾਡੇ ਸਾਥੀ ਨੇ ਸਾਨੂੰ ਅੱਧੀ ਰਾਤ ਆ ਜਗਾਇਆ ਸੀ। ਰਸਤੇ ਵਿਚ ਉਹ ਅੱਖੀਂ ਵੇਖੇ ਨਜ਼ਾਰਿਆਂ ਦੀਆਂ ਸਿਫ਼ਤਾਂ ਸੁਣਾਉਂਦਾ ਆਇਆ ਸੀ। ਅਖੇ ਬਾਹਰ ਫੱਟੇ ਉਤੇ ਨੱਚਦਾ ਖੁਸਰਾ ਹੈਲਨ ਨੂੰ ਵੀ ਮਾਤ ਪਾਈ ਜਾਂਦਾ! ਅੱਖ ਮਾਰ ਕੇ ਅਗਲੇ ਨੂੰ ਪੈਰੋਂ ਕੱਢ ਦਿੰਦੈ!

ਬਾਕੀ ਹਿਸਾ ਸਫ਼ਾ 58 ਤੇ ਪੜ੍ਹੋ

### 57 ਸਫ਼ੇ ਦੀ ਬਾਕੀ

ਭੀੜ ਵਿਚ ਥਾਂ ਬਣਾਉਂਦੇ ਅਸੀਂ ਅੱਗੇ ਵਧਣ ਲੱਗੇ। ਸਰਕਸ ਦੇ ਵੱਡੇ ਪੰਡਾਲ ਅੱਗੇ ਗੱਡੇ ਫੱਟਿਆਂ 'ਤੇ ਮਧੂ ਬਾਲਾ ਬਣਿਆ ਨਚਾਰ ਨੱਚ ਰਿਹਾ ਸੀ। ਉਹਦੇ ਬੂਟੀਆਂ ਵਾਲਾ ਲਾਲ ਜੰਪਰ ਪਾਇਆ ਹੋਇਆ ਸੀ। ਕਾਲੀ ਚੁੰਨੀ, ਮੂੰਹ 'ਤੇ ਪਾਊਡਰ ਮਲ਼ਿਆ, ਬੁੱਲ੍ਹਾਂ 'ਤੇ ਸੁਰਖ਼ੀ ਲਾਈ ਤੇ ਲੰਮੀ ਗੁੱਤ ਕੀਤੀ ਹੋਈ ਸੀ। ਲਾਊਡ ਸਪੀਕਰ ਦੇ ਗਾਣੇ 'ਤੇ ਨਚਦਾ ਉਹ ਲੱਕ ਲਿਚਕਾਅ ਕੇ ਅੱਖ ਮਾਰਦਾ। ਜਗਦੇ ਗੈਸ ਦੇ ਚਾਨਣ ਵਿਚ ਉਹਦੀਆਂ ਅੱਖਾਂ ਵੀ ਮਤਾਬੀ ਵਾਂਗ ਜਗ ਰਹੀਆਂ ਸਨ। ਉਹਦੇ ਨਾਲ ਅੱਖ ਮਿਲਾਉਣ ਲਈ ਦਰਸ਼ਕ ਇਕ ਦੂਜੇ ਦੇ ਉਤੋਂ ਦੀ ਉਲਰ-ਉਲਰ ਪੈਂਦੇ। ਜੀਹਦੀ ਅੱਖ ਮਿਲ ਜਾਂਦੀ ਤੇ ਜੀਹਨੂੰ ਅੱਖ ਵੱਜ ਜਾਂਦੀ, ਉਹ ਹਿੱਕ 'ਤੇ ਹੱਥ ਧਰ ਕੇ ਆਖਦਾ 'ਹਾਇ ਤੇ ਪਿੱਛੋਂ ਸਾਥੀਆਂ ਨੂੰ ਕਹਿੰਦਾ, "ਲੈ ਆਪਾਂ ਨੀ ਹੁਣ ਛੇ ਮਹੀਨੇ ਡੋਲਦੇ!" ਤੇ ਉਹ ਟਿਕਟਾਂ ਲੈ ਕੇ ਅੰਦਰਲਾ ਸੋ ਵੇਖਣ ਤੁਰ ਪੈਂਦੇ!

ਚੌਕ 'ਚ ਬੈਨਰ ਚੁੱਕੀ ਖੜ੍ਹੀਆਂ ਉਹ ਅਧਨੰਗੀਆਂ ਅਮਰੀਕਨ ਕੁੜੀਆਂ ਮੈਨੂੰ ਮਾਘੀ ਦੇ ਮੇਲੇ ਦਾ ਹੀ ਰੂਪ ਲੱਗੀਆਂ।

ਉਥੇ ਐਸ਼ ਆਰਾਮ ਦਾ ਸਿਖਰ ਵੀ ਵੇਖਿਆ ਤੇ ਹਉਕੇ ਲੈਂਦੀਆਂ ਉਦਾਸੀਆਂ ਵੀ ਤੱਕੀਆਂ। ਵਾਰ ਵਾਰ ਖਿਆਲ ਆਇਆ ਕਿ ਅਸਲੀ ਖ਼ੁਸ਼ੀ ਕਿਥੇ ਐ? ਖੁ ਬਾਹਰ ਹੈ ਜਾਂ ਅੰਦਰ? ਖ਼ੁਸ਼ੀ ਅਮੀਰੀ ਤੇ ਡਾਲਰਾਂ ਵਿਚ ਹੋਵੇ ਤਾਂ ਅਮਰੀਕਾ ਕੈਨੇਡਾ ਵਰਗੇ ਮੁਲਕਾਂ ਵਿਚ ਕੋਈ ਗ਼ਮਗੀਨ ਕਿਉਂ ਹੋਵੇ? ਮੇਰੇ ਕੰਨਾਂ ਨੇ ਇਕ ਵਾਰ ਨਹੀਂ ਵਾਰ ਵਾਰ ਸੁਣਿਆ ਕਿ ਅੰਕਲ ਸਾਡਾ ਇਥੇ ਜੀਅ ਨਹੀਂ ਲੱਗਦਾ, ਭਾਅ ਜੀ ਡਾਲਰਾਂ ਨੂੰ ਚੱਟਣਾ ਜੇ ਚਿੱਤ ਈ ਖ਼ੁਸ਼ ਨਾ ਹੋਇਆ? ਤੇ ਅਜਿਹੇ ਬੋਲ ਵੀ ਸੁਣਨ ਨੂੰ ਮਿਲੇ, "ਚੰਗਾ ਖਾਨੇ ਆਂ, ਚੰਗਾ ਪਹਿਨਦੇ ਆਂ, ਕਾਰਾਂ 'ਤੇ ਚੜ੍ਹਦੇ ਆਂ, ਕਿਸੇ ਨੂੰ ਟਿੱਚ ਨੀ ਜਾਣਦੇ। ਹੋਰ ਦੱਸੋ ਕੀ ਵੰਝ ਲੈਣਾ?"

ਸਿਆਣੇ ਸੱਚ ਕਹਿੰਦੇ ਹਨ ਕਿ ਕਿਸੇ ਨੂੰ ਮਾਂਹ ਮਾਫਕ, ਕਿਸੇ ਨੂੰ ਬਾਦੀ। ਅਮਰੀਕਾ-ਕੈਨੇਡਾ ਦੇ ਸੋਹਲੇ ਗਾਉਣ ਵਾਲੇ ਵੀ ਬਥੇਰੇ ਹਨ ਤੇ ਨਿੰਦਣ ਭੰਡਣ ਵਾਲਿਆਂ ਦਾ ਵੀ ਘਾਟਾ ਨਹੀਂ। ਸੁਖਮਭਾਵੀ ਵਿਅਕਤੀ ਉਥੇ ਕੁਝ ਵਧੇਰੇ ਪਰੇਸ਼ਾਨ ਲੱਗੇ ਜਦ ਕਿ ਮੋਟੀ ਬੁੱਧੀ ਵਾਲੇ ਬੜੇ ਖ਼ੁਸ਼ ਤੇ ਢੋਲੇ ਦੀਆਂ ਲਾਉਣ ਵਾਲੇ ਟੱਕਰੇ।

ਉਥੇ ਤਿੰਨ ਡਬਯੂਆਂ ਦਾ ਕੋਈ ਇਤਬਾਰ ਨਹੀਂ। ਵੋਮੈਨ, ਵੈਦਰ ਤੇ ਵਰਕ। ਅਰਥਾਤ ਤੀਵੀਂ, ਮੌਸਮ ਤੇ ਕੰਮ ਦਾ ਕੋਈ ਵਿਸਾਹ ਨਹੀਂ। ਕੋਈ ਪਤਾ ਨਹੀਂ ਤੀਵੀਂ ਕਦੋਂ ਪਾਸਾ ਵੱਟ ਜਾਵੇ, ਮੌਸਮ ਕਦੋਂ ਖਰਾਬ ਹੋ ਜਾਵੇ ਤੇ ਕੰਮ ਕਦੋਂ ਛੁੱਟ ਜਾਵੇ। ਉਥੇ ਲੋਕ ਬਦਲ ਬਦਲ ਕੇ ਕਈ ਤਰ੍ਹਾਂ ਦੇ ਕਿੱਤੇ ਤੇ ਕਾਰੋਬਾਰ ਕਰਦੇ ਹਨ। ਘਰ ਬਦਲਦੇ ਹਨ, ਵਿਆਹ ਬਦਲਦੇ ਹਨ, ਦੋਸਤ ਕੁੜੀਆਂ ਤੇ ਦੋਸਤ ਮੁੰਡੇ ਬਦਲਦੇ ਹਨ। ਦੋ ਤਿੰਨ ਵਿਆਹ ਹੋਣੇ ਤਾਂ ਆਮ ਜਿਹੀ ਗੱਲ ਹਨ। ਜਿਹੜਾ ਜੋੜਾ 25 ਵਰ੍ਹੇ 'ਕੱਠਾ ਕੱਟ ਜਾਵੇ ਯਾਨੀ ਸਿਲਵਰ ਜੁਬਲੀ ਮਨਾ ਜਾਵੇ, ਉਹਦੀਆਂ ਤਾਂ ਫਿਰ ਅਖ਼ਬਾਰਾਂ ਵਿਚ ਖ਼ਬਰਾਂ ਛਪਦੀਆਂ ਹਨ। ਪੰਜਾਬ ਵਿਚ ਜਿਵੇਂ ਮਰਗ ਦੇ ਭੋਗ ਦਾ ਕਾਰਡ ਛਪਦਾ ਉਵੇਂ ਉਥੇ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਦੇ ਹਨ ਕਿ ਅਸੀਂ ਪੱਚੀ ਸਾਲਾਂ ਤੋਂ ਵਿਆਹੇ ਹੋਏ ਹਾਂ ਤੇ ਫੇਰ ਵੀ ਬੜੇ ਖ਼ੁਸ਼ ਆਂ!

ਅਜਿਹੇ ਇਸ਼ਤਿਹਾਰ ਪੜ੍ਹ ਕੇ ਪਾਠਕ ਉਸ ਜੋੜੇ ਨੂੰ ਹਾਰਦਿਕ ਵਧਾਈਆਂ ਦਿੰਦੇ ਹਨ ਕਿ ਤੁਸੀਂ ਧੰਨ ਹੋ ਜਿਹੜੇ ਏਨਾ ਸਮਾਂ 'ਕੱਠੇ ਕੱਟ ਗਏ! ਉਹ ਸ਼ੁਭ ਕਾਮਨਾਵਾਂ ਭੇਜਦੇ ਹਨ ਕਿ ਤੁਹਾਡੇ 'ਚ ਅੱਗੇ ਜਾ ਕੇ ਵੀ ਫਰਕ ਨਾ ਪਵੇ ਤੇ ਤੁਹਾਡੀ ਗੋਲਡਨ ਜੁਬਲੀ ਮਨਾਉਣ ਤਕ ਬਣੀ ਰਹੇ!

ਤੜਕਸਾਰ ਸਾਡਾ ਜਹਾਜ਼ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਿਆ। ਜੀਟੀ ਰੋਡ 'ਤੇ ਉਹੀ ਭੀੜਾਂ ਸਨ, ਉਹੀ ਹੌਰਨ ਤੇ ਉਹੀ ਧੂੜਾਂ। ਪੁਰੇ ਦੀ 'ਵਾ ਵਗ ਰਹੀ ਸੀ ਤੇ ਝੋਨੇ ਦੇ ਖੇਤ ਝੂੰਮ ਰਹੇ ਸਨ। ਡਰਾਈਵਰਾਂ ਦੀਆਂ ਗਾਲ੍ਹਾਂ ਸਨ, ਗੱਡੀਆਂ ਦੇ ਝਟਕੇ ਤੇ ਟਰੱਕਾਂ ਦਾ ਉਡਾਇਆ ਘੱਟਾ ਮੁੜ ਮੁੜ ਅੱਖਾਂ 'ਚ ਪੈ ਰਿਹਾ ਸੀ। ਪਰ ਇਹ ਮਿੱਟੀ-ਘੱਟਾ ਆਪਣੇ ਵਤਨ ਦਾ ਸੀ ਇਸ ਲਈ ਅੱਖਾਂ 'ਚ ਪੈਣ ਦੇ ਬਾਵਜੂਦ ਪਿਆਰਾ ਪਿਆਰਾ ਲੱਗ ਰਿਹਾ ਸੀ। ਆਪਣੇਪਣ ਦਾ ਅਜਬ ਅਹਿਸਾਸ ਹੋ ਰਿਹਾ ਸੀ। ਏਥੇ ਆਪਣੀ ਮਿੱਟੀ ਸੀ, ਆਪਣਾ ਪਾਣੀ, ਆਪਣੀ ਧੁੱਪ ਤੇ ਆਪਣੇ ਲੋਕ। ਸੜਕ ਕੰਢੇ ਝੂੰਮਦੇ ਸਫੈਦਿਆਂ ਦੇ ਝੁੰਡ ਪਲ ਦੀ ਪਲ ਇਉਂ ਲੱਗੇ ਜਿਵੇਂ ਉਹ ਸਾਡਾ ਸਵਾਗਤ ਕਰਦੇ ਹੋਣ।

ਦੁਨੀਆ ਲੱਖ ਸੋਹਣੀ ਹੋਵੇ ਪਰ ਉਹ ਕਦੇ ਪਿਆਰੇ ਵਤਨ ਤੋਂ ਸੋਹਣੀ ਨਹੀਂ ਹੋ ਸਕਦੀ।

ਖ਼ੈਰ ਇਹ ਟ੍ਰੇਲਰ ਹੈ। ਫਿਲਮ ਕਦੇ ਫੇਰ ਸਹੀ।

*principalsarwansingh@gmail.com*

## ਯੂਰਪੀਅਨ ਯੂਨੀਅਨ ਨੇ ਭਾਰਤੀਆਂ ਲਈ ਬਦਲੇ ਵੀਜ਼ਾ ਨਿਯਮ, 5 ਸਾਲ ਦੀ ਵੈਧਤਾ ਵਾਲਾ ਮਲਟੀਪਲ ਐਂਟਰੀ ਸ਼ੈਂਗੇਨ ਵੀਜ਼ਾ ਮਿਲੇਗਾ

ਯੂਰਪੀਅਨ ਯੂਨੀਅਨ ਨੇ 5 ਸਾਲ ਦੀ ਵੈਧਤਾ ਵਾਲੇ ਭਾਰਤੀਆਂ ਲਈ ਮਲਟੀਪਲ ਐਂਟਰੀ ਸ਼ੈਂਗੇਨ ਵੀਜ਼ਾ ਲਈ ਨਿਯਮ ਲਾਗੂ ਕੀਤੇ ਹਨ। ਇਸ ਸ਼ੈਂਗੇਨ ਵੀਜ਼ਾ ਨਾਲ ਤੁਸੀਂ 29 ਯੂਰਪੀ ਦੇਸ਼ਾਂ ਦਾ ਦੌਰਾ ਕਰ ਸਕੋਗੇ।

ਸ਼ੈਂਗੇਨ ਵੀਜ਼ਾ 90 ਦਿਨਾਂ ਤੱਕ ਜਾਰੀ ਕੀਤਾ ਜਾਣ ਵਾਲਾ 'ਸ਼ਰਟ ਸਟੇਅ' ਵੀਜ਼ਾ ਹੈ। ਇਹ ਵੀਜ਼ਾ ਕਿਸੇ ਵੀ ਯੂਰਪੀਅਨ ਦੇਸ਼ਾਂ ਵਿੱਚ ਮੁਫਤ ਯਾਤਰਾ ਕਰਨ ਦੀ ਆਗਿਆ ਦਿੰਦਾ ਹੈ। ਪਹਿਲਾਂ ਵੀਜ਼ਾ 3 ਸਾਲ ਵਿੱਚ ਦੋ ਵਾਰ ਲੈਣਾ ਪੈਂਦਾ ਸੀ। ਪਰ ਹੁਣ 18 ਅਪ੍ਰੈਲ ਤੋਂ ਲਾਗੂ ਨਿਯਮਾਂ ਅਨੁਸਾਰ ਭਾਰਤੀਆਂ ਨੂੰ ਮਲਟੀਪਲ ਐਂਟਰੀ ਸ਼ੈਂਗੇਨ ਵੀਜ਼ਾ ਮਿਲੇਗਾ। ਇਸ ਨਾਲ ਵੀਜ਼ਾ ਦਾ ਖਰਚਾ ਵੀ ਬਚੇਗਾ। ਵਰਤਮਾਨ ਵਿੱਚ ਥੋੜ੍ਹੇ ਸਮੇਂ ਲਈ ਵੀਜ਼ੇ ਦੀ ਕੀਮਤ ਲਗਭਗ 7 ਹਜ਼ਾਰ ਰੁਪਏ ਹੈ। ਜਦੋਂ ਕਿ ਅਮਰੀਕਾ ਵਿੱਚ ਇਹ 10 ਸਾਲ ਹੈ। ਇਹ ਇੱਕ ਸਟਿੱਕਰ ਦੇ ਰੂਪ ਵਿੱਚ ਹੁੰਦਾ ਹੈ, ਜੋ ਤੁਹਾਡੇ ਪਾਸਪੋਰਟ ਜਾਂ ਯਾਤਰਾ ਦਸਤਾਵੇਜ਼ 'ਤੇ ਚਿਪਕਾਇਆ ਜਾਂਦਾ ਹੈ। ਇਹ ਸਟਿੱਕਰ ਖੁਦ ਸ਼ੈਂਗੇਨ ਰਾਜਾਂ ਵਿੱਚ ਯਾਤਰਾ ਕਰਨ ਦੀ ਤੁਹਾਡੀ ਇਜਾਜ਼ਤ ਦਾ ਪ੍ਰਤੀਕ ਹੈ। ਤੁਹਾਨੂੰ ਸਿਰਫ ਤਾਂ ਹੀ ਦਾਖਲਾ ਦਿੱਤਾ ਜਾਂਦਾ ਹੈ ਜੇਕਰ ਤੁਸੀਂ ਸ਼ੈਂਗੇਨ ਕਨਵੈਨਸ਼ਨ ਦੁਆਰਾ ਨਿਰਧਾਰਤ ਹੋਰ ਸ਼ਰਤਾਂ ਨੂੰ ਪੂਰਾ ਕਰਦੇ ਹੋ (ਜਿਵੇਂ ਕਿ ਯਾਤਰਾ ਦਾ ਉਦੇਸ਼, ਯਾਤਰਾ ਦੀਆਂ ਸ਼ਰਤਾਂ ਅਤੇ ਤੁਹਾਡੇ ਕੋਲ ਲੋੜੀਂਦੇ ਫੰਡ ਹੋਣੇ ਚਾਹੀਦੇ ਹਨ)।

## ਅਮਰੀਕਾ ਵਿਚ 2 ਔਰਤਾਂ ਦੀਆਂ ਹੱਤਿਆਵਾਂ ਦੇ ਮਾਮਲੇ ਵਿਚ 4 ਸ਼ੱਕੀ ਦੋਸ਼ੀਆਂ ਨੂੰ ਬਾਂਡ 'ਤੇ ਰਿਹਾਈ ਤੋਂ ਨਾਂਹ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਓਕਲਾਹੋਮਾ ਰਾਜ ਵਿਚ ਦੋ ਔਰਤਾਂ ਨੂੰ ਅਗਵਾ ਕਰਨ ਤੇ ਉਨਾਂ ਦੀਆਂ ਹੱਤਿਆਵਾਂ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ 4 ਸ਼ੱਕੀ ਦੋਸ਼ੀਆਂ ਨੂੰ ਅਦਾਲਤ ਨੇ ਬਾਂਡ ਉਪਰ ਰਿਹਾਅ ਕਰਨ ਤੋਂ ਨਾਂਹ ਕਰ ਦਿੱਤੀ ਹੈ। ਗ੍ਰਿਫਤਾਰ ਸ਼ੱਕੀ ਦੋਸ਼ੀਆਂ ਦਾ ਸਬੰਧ ਕਥਿੱਤ ਤੌਰ 'ਤੇ ਸਰਕਾਰ ਵਿਰੋਧੀ ਇਕ ਧਾਰਮਿਕ ਸਮੂੰਹ ਨਾਲ ਜੁੜਿਆ ਹੋਇਆ ਹੈ।

ਗ੍ਰਿਫਤਾਰ ਸ਼ੱਕੀ ਦੋਸ਼ੀਆਂ ਵਿਚ ਦੋ ਮਰਦ ਤੇ 2 ਔਰਤਾਂ ਸ਼ਾਮਿਲ ਹਨ। ਟੈਕਸਾਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਪਿਛਲੇ ਮਹੀਨੇ ਦੇ ਆਖੀਰ ਵਿਚ ਕੰਨਸਾਸ ਨਾਲ ਲੱਗਦੀ ਸਰਹੱਦ ਦੇ ਨੇੜੇ ਓਕਲਾਹੋਮਾ ਪੈਨਹੈਂਡਲ ਦੇ ਦਿਹਾਤੀ ਖੇਤਰ ਵਿਚ ਵੇਰੋਨੀਸਾ ਬਟਲਰ (27) ਤੇ ਜਿਲੀਅਨ ਕੈਲੀ (39) ਨਾਮੀ ਔਰਤਾਂ ਇਕੱਠੀਆਂ ਬੱਚਿਆਂ ਨੂੰ ਲੈਣ ਗਈਆਂ ਸਨ ਪਰੰਤੂ ਵਾਪਿਸ ਨਹੀਂ ਮੁੜੀਆਂ। ਗ੍ਰਿਫਤਾਰ ਸ਼ੱਕੀ ਦੋਸ਼ੀਆਂ ਵਿਚ ਟੈਡ ਬਰਟ ਕੁਲਮ (43), ਟਿਫਾਨੀ ਮਚੈਲ ਐਡਮਜ (54), ਕੋਲ ਅਰਲ ਟੁਮਬਲਾਈ (50) ਤੇ ਕੋਰਾ ਗੇਲ ਟੁਮਬਲਾਈ (40) ਸ਼ਾਮਿਲ ਹਨ। ਇਨਾਂ ਵਿਰੁੱਧ ਯੋਜਨਾਬੱਧ ਢੰਗ ਨਾਲ ਅਗਵਾ ਕਰਨ ਤੇ ਹੱਤਿਆਵਾਂ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜਾਂ ਅਨੁਸਾਰ ਟਿਫਾਨੀ ਮਚੈਲ ਐਡਮਜ ਮ੍ਰਿਤਕ ਬਟਲਰ ਦੇ ਬੱਚਿਆਂ ਦੀ ਦਾਦੀ ਹੈ ਤੇ ਦੋਨਾਂ ਵਿਚਾਲੇ ਬੱਚਿਆਂ ਦੀ ਸਪੁਰਦਗੀ ਨੂੰ ਲੈ ਕੇ ਝਗੜਾ ਚਲ ਰਿਹਾ ਹੈ।

ਇਸ ਦੇ ਇਲਾਵਾ ਐਡਮਜ ਅਤੇ ਟੈਡ ਬਰਟ ਕੁਲਮ ਵਿਚਾਲੇ ਨੇੜੇ ਦੇ ਸਬੰਧ ਹਨ। ਕੋਲ ਅਰਲ ਟੁਮਬਲਾਈ ਤੇ ਕੋਰਾ ਗੇਲ ਟੁਮਬਲਾਈ ਵਿਆਹੀ ਜੋੜੀ ਹੈ। ਅਦਾਲਤੀ ਦਸਤਾਵੇਜਾਂ ਅਨੁਸਾਰ ਬਟਲਰ ਨੂੰ ਫਰਵਰੀ ਵਿਚ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ।

## ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀ ਪੁਲਿਸ ਨਾਲ ਭਿੜੇ, 100 ਤੋਂ ਵਧ ਗ੍ਰਿਫਤਾਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਹੱਥੋਪਾਈ ਹੋਣ ਦੀ ਖਬਰ ਹੈ । ਇਕ ਲਾਅ ਇਨਫੋਰਸਮੈਂਟ ਅਫਸਰ ਅਨੁਸਾਰ ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਤਿਤਰ ਬਿਤਰ ਕਰਨ ਲਈ ਯੁਨੀਵਰਸਿਟੀ ਵਿਚ ਦਾਖਲ ਹੋਈ ਤੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂ ਵੱਲੋਂ 100 ਤੋਂ ਵਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਇਹ ਪ੍ਰਦਰਸ਼ਨ ਯੁਨੀਵਰਸਿਟੀ ਦੇ ਪ੍ਰਧਾਨ ਨੇਮਤ " ਮਿਨਓਚ" ਸ਼ਫਿਕ ਦੀ ਯਹੂਦੀਆਂ ਨਾਲ ਭੇਦਭਾਵ ਬਾਰੇ ਵਾਸ਼ਿੰਗਟਨ, ਡੀ ਸੀ ਵਿਚ ਸਦਨ ਦੀ ਸਿੱਖਿਆ ਕਮੇਟੀ ਅੱਗੇ ਪੇਸ਼ੀ ਤੋਂ ਪਹਿਲਾਂ ਹੋਇਆ ਹੈ। ਪੁਲਿਸ ਅਫਸਰ ਅਨੁਸਾਰ ਕੁਝ ਪ੍ਰਦਰਸ਼ਨਕਾਰੀਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਹਿਰਾਸਤ ਵਿਚ ਲੈ ਲਿਆ ਗਿਆ। ਪ੍ਰਦਰਸ਼ਨਕਾਰੀ ਅਪਰ ਮੈਨਹਟਨ ਵਿਚ ਇਕੱਠੇ ਹੋਏ ਤੇ ਉਨਾਂ ਨੇ ਉਥੇ ਟੈਂਟ ਲਾ ਦਿੱਤੇ। ਇਸ ਉਪਰੰਤ ਇਸਰਾਈਲ ਸਮਰਥਕ ਸਮੂੰਹ ਵੀ ਉਥੇ ਪਹੁੰਚ ਗਿਆ। ਅਨੇਕਾਂ ਪ੍ਰਦਰਸ਼ਨਕਾਰੀਆਂ ਜਿਨਾਂ ਦੇ ਹੱਥਾਂ ਵਿਚ ਫਲਸਤੀਨੀ ਝੰਡੇ ਫੜੇ ਹੋਏ ਸਨ, ਦੀ ਪੁਲਿਸ ਅਫਸਰਾਂ ਨਾਲ ਬਹਿਸ ਹੋਈ ਤੇ ਕੁਝ ਪ੍ਰਦਰਸ਼ਨਕਾਰੀ ਪੁਲਿਸ ਅਫਸਰਾਂ ਨਾਲ ਭਿੜ ਗਏ। ਪੁਲਿਸ ਨੇ ਗ੍ਰਿਫਤਾਰ ਕੀਤੇ ਗਏ ਪ੍ਰਦਰਸ਼ਨਕਾਰੀਆਂ ਵਿਰੁੱਧ ਦਾਇਰ ਮਾਮਲੇ ਬਾਰੇ ਕੁਝ ਨਹੀਂ ਕਿਹਾ ਤੇ ਨਾ ਹੀ ਗ੍ਰਿਫਤਾਰੀਆਂ ਬਾਰੇ ਕੋਈ ਹੋਰ ਜਾਣਕਾਰੀ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਯੁਨੀਵਰਸਿਟੀ ਵਿਚ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ ਤੇ ਕੈਂਪਸ ਦੇ ਗੇਟ ਬੰਦ ਕਰ ਦਿੱਤੇ ਗਏ ਹਨ। ਯੁਨੀਵਰਸਿਟੀ ਦਾ ਸ਼ਨਾਖਤੀ ਕਾਰਡ ਵਿਖਾ ਕੇ ਹੀ ਅੰਦਰ ਦਾਖਲ ਹੋਇਆ ਜਾ ਸਕਦਾ ਹੈ। ਇਸੇ ਦੌਰਾਨ ਕੋਲੰਬੀਆ ਯੁਨੀਵਰਸਿਟੀ ਦੇ ਪ੍ਰਧਾਨ ਨੇਮਤ " ਮਿਨਓਚ" ਸ਼ਫਿਕ ਨੇ ਕਿਹਾ ਹੈ ਕਿ ਉਸ ਨੇ ਪੁਲਿਸ ਨੂੰ ਇਕ ਪੱਤਰ ਲਿਖ ਕੇ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਹਟਾਉਣ ਲਈ ਕਿਹਾ ਸੀ। ਪ੍ਰਧਾਨ ਨੇ ਕਿਹਾ ਹੈ ਕਿ ਪ੍ਰਦਰਸ਼ਨਕਾਰੀ ਯੁਨੀਵਰਸਿਟੀ ਦੇ ਨਿਯਮਾਂ ਤੇ ਨੀਤੀਆਂ ਦੀ ਉਲੰਘਣਾ ਕਰ ਰਹੇ ਹਨ। ਉਨਾਂ ਕਿਹਾ ਕਿ ਮੈ ਇਹ ਅਸਧਾਰਨ ਕਦਮ ਚੁੱਕਿਆ ਹੈ ਕਿਉਂਕਿ ਅਸਧਾਰਨ ਹਾਲਾਤ ਪੈਦਾ ਹੋ ਗਏ ਸਨ।

# ਵੈਕਸੀਨੇਸ਼ਨ ਕਰਾਓ-ਹਰ ਜ਼ਿੰਦਗੀ ਬਚਾਓ

**ANIL DHEER**
Columnist Alternative Therapist
Certified in IPC, TropicalÍ DÍ (WÍHÍO)
Covid-19 Vaccine-specific resources
PHR, UNICEF & Health Educator Awardee



"ਵਿਸ਼ਵ ਟੀਕਾਕਰਨ ਵੀਕ 2024 ਟੀਕਾਕਰਨ ਦਾ ਮਕਸਦ, ਸਾਰਿਆਂ ਦੀ ਲੰਬੀ ਉਮਰ, ਤੰਦਰੁਸਤ ਜ਼ਿੰਦਗੀ ਜੀਉਣ ਲਈ, ਹੱਲ ਲੱਬਣ 'ਤੇ ਜਾਗਰੁਕ ਕਰਨ ਬਾਰੇ ਹੈ। ਟੀਕਾਕਰਨ ਲਾਈਫ ਵਿਚ ਖਤਰਨਾਕ ਛੂਤ ਦੀਆਂ ਬੀਮਾਰੀਆਂ ਨੂੰ ਕੰਟ੍ਰੋਲ ਕਰਨ ਅਤੇ ਖਤਮ ਕਰਨ ਲਈ ਇੱਕ ਕਾਰਗਰ ਸਾਧਨ ਹੈ"-

ਹੈਲਥ ਮੀਡੀਆ ਕੈਨੇਡਾ : ਵਿਸ਼ਵ ਟੀਕਾਕਰਨ ਵੀਕ 2024 ਦੌਰਾਣ ਤੰਦਰੁਸਤੀ ਲਈ ਲੋਕਾਂ ਨੂੰ ਵੈਕਸੀਨੇਸ਼ਨ ਪ੍ਰਤੀ ਹਰ ਪੱਧਰ 'ਤੇ ਜਾਗਰੁਕ ਕੀਤਾ ਜਾ ਰਿਹਾ ਹੈ। ਅੱਜ ਪੂਰੀ ਦੂਨੀਆ ਵਿੱਚ ਆ ਰਹੇ ਨਵੇਂ-ਨਵੇਂ ਵੇਰੀਏਂਟਸ, ਬੈਕਟੀਰੀਆ ਕਾਰਨ ਬਿਮਾਰੀਆਂ ਨੇ ਚਿੰਤਾ ਵੱਧਾ ਦਿੱਤੀ ਹੈ। ਵਿਸ਼ਵ ਟੀਕਾਕਰਨ ਵੀਕ 2024 ਦੇ ਮੌਕੇ'ਤੇ ਵਿਸ਼ਵ ਸਿਹਤ ਸੰਸਥਾ ਨੇ ਕਿਹਾ ਹੈ ਟੀਕੇ ਸਾਨੂੰ ਨਜ਼ਦੀਕ ਲੈ ਕੇ ਆਉਂਦੇ ਹਨ। ਪੂਰਾ ਵਿਸ਼ਵ ਟੀਕਾਕਰਨ ਨੂੰ ਪਹਿਲ ਦੇ ਰਿਹਾ ਹੈ। ਅਜੇ ਭੀ ਮਹਾਂਮਾਰੀ ਕੋਵਿਡ-19 ਦੇ ਵੇਰੀਐਂਟਸ ਵਿਸ਼ਵ ਭਰ ਲਈ ਚੁਣੋਤੀ ਬਣੇ ਹੋਏ ਹਨ। ਕੋਵਿਡ-ਵੇਰੀਐਂਟਸ ਦੇ ਖਿਲਾਫ ਵੈਕਸੀਨ ਦੀ 1,2,3, ਅਤੇ ਚੋਥੀ ਡੋਜ਼ ਦੇ ਨਾਲ ਰੋਗੀਆਂ ਦਾ ਆਂਕੜਾ ਵੀ ਘੱਟਿਆ ਹੈ। ਪਰ ਕਈ ਲੋਕਾਂ ਨੂੰ ਕੋਵਿਡ ਵੈਕਸੀਨ ਤੋਂ ਬਾਅਦ ਮਾੜਾ ਅਸਰ ਵੀ ਦੇਖਿਆ ਗਿਆ ਹੈ। ਵਿਸ਼ਵ ਟੀਕਾਕਰਨ ਹਫਤੇ ਦਾ ਉਦੇਸ਼ ਜਾਗਰੂਕਤਾ ਦੇ ਨਾਲ-ਨਾਲ ਬੱਚਿਆਂ ਤੋਂ ਲੈ ਕੈ ਹਰ ਉਮਰ ਦੇ ਵਿਅਕਤੀ ਨੂੰ ਇਨਫੈਕਸ਼ਨ ਛੂਤ ਵਰਗੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਵੈਕਸੀਨ ਦੀ ਵਰਤੋਂ ਪ੍ਰਤੀ ਉਤਸ਼ਾਹਤ ਕਰਨਾ ਹੈ। ਅੱਜ ਵੀ ਵਿਸ਼ਵ ਭਰ ਵਿਚ ਕਰੀਬਨ 21 ਮਿਲੀਅਨ ਤੋਂ ਵੱਧ ਬੱਚੇ ਲੋੜੀਂਦੇ ਟੀਕਿਆਂ ਤੋਂ ਬਿਨਾ ਰਹਿ ਜਾਂਦੇ ਹਨ। ਹਰ ਸਾਲ ਟੀਕਾਕਰਨ ਲੱਖਾਂ ਲੋਕਾਂ ਨੂੰ ਬਚਾਉਂਦਾ ਹੈ। 200 ਤੋਂ ਵੱਧ ਸਾਲਾਂ ਤੋਂ ਖਤਰਨਾਕ ਬਿਮਾਰੀਆਂ ਦੀ ਛੂਤ ਤੋਂ ਕੇਵਲ ਟੀਕਿਆਂ ਨੇ ਦੁਨਿਆ ਨੂੰ ਬਚਾਇਆ ਹੈ।

ਇਮਿਉਨਿਟੀ ਲਈ ਜਾਨਲੇਵਾ ਬਿਮਾਰੀ ਕੋਵਿਡ-19 ਵੈਕਸੀਨ, ਟੀਕੇ ਨਾਲ ਬੱਚੇਦਾਨੀ ਦੇ ਕੈਂਸਰ, ਟੀ ਬੀ, ਬਚਪਨ ਦੇ ਰੋਗ ਖਸਰਾ ਵਗੈਰਾ ਤੋਂ ਬਚਾਅ ਹੋ ਜਾਂਦਾ ਹੈ। ਆਪਣੇ ਬੱਚਿਆਂ ਨੂੰ ਟੀਕਾਕਰਨ ਦੁਆਰਾ ਬੇਹਤਰ ਇਮਿਉਨਿਟੀ ਦਿਓ ਅਤੇ ਗੰਭੀਰ ਬਿਮਾਰੀਆਂ ਤੋਂ ਬਚਾਓ।




### ਬਿਮਾਰੀਆਂ ਲਈ ਟੀਕੇ:

ਬੈਕਟੀਰੀਆ, ਵਾਇਰਸ 'ਤੇ ਵੇਰੀਐਂਟਸ ਦੀ ਇਨਫੈਕਸ਼ਨ ਤੋਂ ਪੈਦਾ ਹੋਣ ਵਾਲੀ ਬਿਮਾਰੀ ਨਾਲ ਲੜਨ 'ਤੇ ਬਚਣ ਲਈ ਸਰੀਰ ਅੰਦਰ ਇਮਿਉਨਿਟੀ ਦੀ ਲੋੜ ਹੁੰਦੀ ਹੈ। ਇਨਫੈਕਸ਼ਨ ਨਾਲ ਲੜਨ ਲਈ ਚਿੱਟੇ ਸੈੱਲ, ਮੈਕਰੋਫੇਜ, ਬੀ-ਲਿੰਫੋਸਾਈਟਸ ਅਤੇ ਟੀ ਲਿੰਫੋਸਾਈਟਸ, ਟਿਸ਼ੂ ਅਤੇ ਸਰੀਰਕ ਅੰਗਾਂ ਨੂੰ ਆਕਸੀਜ਼ਨ ਪਹੁੰਚਾਉਂਦੇ ਹਨ। ਇਹ ਟੀਕੇ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਅੱਗੇ ਬਿਮਾਰੀਆਂ ਮੁਤਾਬਿਕ ਟੀਕਾਕਰਨ ਕਰਨ ਨਾਲ ਪੂਰੇ ਸਮਾਜ ਨੂੰ ਬਚਾਇਆ ਜਾ ਸਕਦਾ ਹੈ।

ਭਵਿੱਖ ਵਿਚ ਖਤਰਨਾਕ ਬਿਮਾਰੀਆਂ ਡਿਪਥੀਰੀਆ, ਹੀਮੋਫਿਲਸ ਇਨਫਲੂਐਨਜ਼ਾ, ਹਿਪੇਟਾਈਟਸ ਏ-ਬੀ; ਸ਼ਿੰਗਲਸ; ਸੈਕਸ-ਰੋਗ ਐਚਪੀਵੀ; ਮੀਸਲਜ਼; ਦਿਮਾਗੀ ਰੋਗ ਮੇਨਿੰਨਗੋਕੋਕਲ; ਮੰਮਪਸ; ਕੁਕਰ ਖਾਂਸੀ; ਨੀਉਮੋਕੋਕਲ; ਰੋਟਾਵਾਇਰਸ, ਰੂਬੇਲਾ, ਟਿਟਨਸ, ਤੋਂ ਬਚਣ ਲਈ ਪ੍ਰੈਗਨੈਂਸੀ ਤੋਂ ਪਹਿਲਾਂ ਐਮਐਮ ਆਰ 'ਤੇ ਵੀ ਵੈਕਸੀਨ; ਅਤੇ ਬਾਕੀ ਟੀਡੈਪ ਅਤੇ ਫਲੂ ਵੈਕਸੀਨ; ਜਨਮ ਤੋਂ ਬਾਅਦ ਹੇਪੇਟਾਇਟਟਸ ਬੀ; ਡੀਟੀਏਪੀ; ਹਿਬ; ਪੋਲਿਓ(ਆਈਪੀਵੀ); ਪੀਸੀਵੀ-13; ਅਤੇ ਆਰਵੀ; ਚਿਕਨਪੋਕਸ; ਐਚਪੀਵੀ; ਮੈਨਏਸੀਡਬਲਿਊ ਵਾਈ; ਅਤੇ ਮੈਨ ਬੀ; ਅਚਏਐਚਵੀ; ਐਲਜ਼ੈਡਵੀ; ਆਰਜ਼ੈਡਵੀ; ਐਚਪੀਵੀ ਵੈਕਸੀਨ; ਆਈਵੀ-3; ਐਲਏਵੀ3-4; ਪੀਅਨ ਈਯੂ ਸੀ-10, 13, ਪੀਐਨਈਯੂ ਪੀ-23; ਰੋਟ-5 ਅਤੇ ਰੋਟ-1 ਵਗੈਰਾ ਦਿੱਤੇ ਜਾਂਦੇ ਹਨ।

ਨਵੇਂ-ਨਵੇਂ ਵੇਰੀਐਂਟਸ, ਵਾਇਰਸ-ਬੈਕਟੀਰੀਆ ਦੇ ਰੋਗਾਂ ਤੌਂ ਬਚਾਅ ਅਤੇ ਇਮਿਊਨ ਸਿਸਟਮ ਦੀ ਤਾਕਤ ਬਰਕਰਾਰ ਰੱਖਣ ਲਈ ਅਗੇ ਲਿਖੇ ਉਪਾਅ ਕਰ ਸਕਦੇ ਹੋ:

ਫੇਫੜਿਆਂ ਨੂੰ ਮਜ਼ਬੂਤ ਕਰਨ ਲਈ ਲੰਬੇ ਸਾਹ ਲਵੋ-ਰੋਕੋ-ਛੱਡਣ ਦੀ ਕ੍ਰਿਆ ਬਾਰ-ਬਾਰ ਕਰੋ। ਯੋਗਾ ਕਰਨ ਵਾਲੇ ਮੈਡੀਟੇਸ਼ਨ, ਪ੍ਰਾਨਾਯਾਮ, ਕਪਾਲਭਾਤੀ, ਤੇ ਮੂੰਹ ਅੰਦਰ ਹਵਾ ਭਰੋ ਤੇ ਛੱਡੋ ਦੀ ਕ੍ਰਿਆ ਰੋਜ਼ਾਨਾ ਕਰਨ।

ਐਂਟੀ-ਆਕਸੀਡੈਂਟ ਡਾਰਕ ਗ੍ਰੀਨ ਮੌਸਮੀ ਰੰਗਦਾਰ ਸਬਜ਼ੀਆਂ ਬ੍ਰੋਕਲੀ, ਪਾਲਕ, ਕੇਲ, ਐਵੋਕੇਡਾ, ਬੀਟਰੂਟ, ਬੈਂਗਨ, ਛੱਲ਼ੀ-ਸਵੀਟ ਕੋਰਨ, ਗਾਜ਼ਰ, ਸ਼ਕਰਕੰਦੀ, ਮਸ਼ਰੂਮ, ਨਿੰਬੂ,ਤੇ ਮਿਕਸ ਵੇਜ਼ੀਟੇਬਲ ਸੂਪ, ਅਤੇ ਫੱਲ ਬਲੂ ਬੇਰੀਜ਼, ਲਾਲ-ਹਰੇ-ਕਾਲੇ ਅੰਗੂਰ, ਪਰੂਨ, ਰੇਸਿਨ, ਖਜੂਰ, ਚੇਰੀਜ਼, ਲਾਲ ਬੈਲ-ਪੀਪਰ, ਦੀ ਵਰਤੌਂ ਜ਼ਿਆਦਾ ਕਰੋ।

ਸਵੇਰੇ-ਸ਼ਾਮ ਤਾਜ਼ਾ ਜ਼ਿੰਜ਼ਰ ਜੂਸ ਸ਼ਹਿਦ ਮਿਲਾ ਕੇ ਲਵੋ।

ਸਟ੍ਰੈਸ ਘਟਾਉਣ ਦਾ ਯਤਨ ਕਰੋ ਅਤੇ ਡੇਲੀ 8 ਘੰਟੇ ਨੀਂਦ ਜਰੂਰ ਲੈਣੀ ਚਾਹੀਦੀ ਹੈ।

ਤਾਜ਼ੀ ਹਲਦੀ ਦਾ ਸਲਾਦ ਵਿੱਚ ਖੀਰਾ, ਇੰਗਲਿਸ਼ ਕੁਕੂਮਬਰ, ਲੇਟਸ, ਲਾਲ ਪਿਆਜ਼, ਚੁਕੰਦਰ, ਜ਼ਿਆਦਾ ਖਾਓ।

ਸਵੇਰੇ ਜ਼ਾਗਦੇ ਹੀ ਲਸਨ ਕਲੋਵ 1, ਅੱਧਾ ਚਮਚ ਹਲਦੀ ਪਾਓਡਰ 1 ਕੱਪ ਦੂੱਧ ਵਿੱਚ ਊਬਾਲ ਕੇ ਇਸਤੇਮਾਲ ਕਰੋ।

ਵਾਇਰਸ-ਬੈਕਟੀਰੀਆ ਤੌਂ ਬਚਾਅ ਲਈ ਪਰਸਨਲ ਹਾਈਜ਼ੀਨ ਦਾ ਖਾਸ ਖਿਆਲ ਰੱਖੋ।

ਡਾਰਕ-ਚਾਕਲੇਟ, ਗ੍ਰੀਨ-ਟੀ, ਸੈਸਮੇ ਤੇ ਸਨਫਲਾਵਰ ਸੀਡਜ਼ ਨੂੰ ਖੁਰਾਕ ਵਿੱਚ ਸ਼ਾਮਿਲ ਕਰੋ।

ਦੂੱਧ, ਦਹੀਂ, ਕਾਟੇਜ ਚੀਜ਼, ਪ੍ਰੋਬਾਓਿਟਿਕਸ ਇਸਤੇਮਾਲ ਕਰੋ।

ਆਯਰਵੈਦਿਕ ਚਿਅਵਨਪ੍ਰਾਸ਼, ਔਲੇ ਦਾ ਮੁਰੱਬਾ ਰੋਜ਼ਾਨਾ ਇਸਤੇਮਾਲ ਕਰਕੇ ਸ਼ਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਪੈਦਾ ਕਰੋ।

ਸ਼ਰਾਬ, ਚੀਨੀ ਘੱਟ ਤੇ ਤੰਬਾਕੂ ਦਾ ਇਸਤੇਮਾਲ ਯਾਨਿ ਸਮੋਕਿੰਗ ਤੌਂ ਬਚੋ।


ਮਲਟੀ-ਵਿਟਾਮਿਨ ਜ਼ਿੰਕ, ਸੇਲੀਨੀਅਮ, ਕੋਪਰ, ਫੋਲਿਕ ਏਸਿਡ, ਵਿਟਾਮਿਨ-ਏ, ਬੀ-6, ਸੀ ਅਤੇ ਈ ਆਦਿ ਸਪਲੀਮੈਂਟਸ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰਨੇ ਚਾਹੀਦੇ ਹਨ। ਸਿੰਥੈਟਿਕ ਸਪਲੀਮੈਂਟਸ ਲੈਣ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।

ਨੋਟ: ਤੰਦਰੁਸਤੀ ਲਈ ਟੀਕਾਕਰਣ ਕਰਾਓ, ਜ਼ਿੰਦਗੀ ਬਚਾਓ।

## ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ।
ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਸੁਮਨ ਉਬਰਾਏ ਦੀਆਂ ਮਿੰਨੀ ਕਹਾਣੀਆਂ



### ਮੂਲਮੰਤਰ

ਉਹ ਆਪਣੇ ਬੇਟੇ-ਬਹੂ ਕੋਲ ਰਹਿਣ ਤਾਂ ਗਏ ਸਨ ਪਰ ਛੇਤੀ ਹੀ ਬਹੁਤ ਦੁਖੀ ਅਤੇ ਨਿਰਾਸ਼ ਹੋ ਕੇ ਪਰਤੇ। ਬੇਟੇ-ਬਹੂ ਦੇ ਵਿਵਹਾਰ ਤੋਂ ਬਹੁਤ ਪ੍ਰੇਸ਼ਾਨ ਸਨ। ਦਿਲ-ਦਿਮਾ.ਗ ਵਿੱਚ ਤੂ.ਫਾਨ ਉਠ ਰਿਹਾ ਸੀ। ਜੀਅ ਹੌਲ਼ਾ ਕਰਨ ਲਈ ਉਹ ਆਪਣੇ ਗੁਆਂਢੀ ਦੋਸਤ ਦੇ ਘਰ ਗਏ। ਉੱਥੇ ਬੇਟੇ-ਬਹੂ ਦੀਆਂ ਜੀਅ ਭਰ ਕੇ ਸ਼ਿਕਾਇਤਾਂ ਕੀਤੀਆਂ। ਉਨ੍ਹਾਂ ਦੀ ਪਤਨੀ ਦਾ ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਪਰ ਉਨ੍ਹਾਂ ਦੇ ਗੁਆਂਢੀ ਸ਼ਾਂਤੀ ਨਾਲ ਸਾਰੀਆਂ ਗੱਲਾਂ ਸੁਣ ਰਹੇ ਸਨ। ਅਚਾਨਕ ਉਨ੍ਹਾਂ ਨੇ ਗੁਆਂਢੀ ਨੂੰ ਪ੍ਰਸ਼ਨ ਕੀਤਾ - ਭਾਈ ਸਾਹਿਬ, ਤੁਸੀਂ ਵੀ ਤਾਂ ਆਪਣੇ ਬੇਟੇ-ਬਹੂ ਕੋਲ਼ ਅਮਰੀਕਾ ਜਾਂਦੇ ਹੋ, ਉਹ ਵੀ ਛੇ-ਛੇ ਮਹੀਨੇ ਲਈ। ਜਦੋਂ ਤੁਸੀਂ ਮੁੜਦੇ ਹੋ ਤਾਂ ਬੜੇ ਸ਼ਾਂਤ ਦਿੱਸਦੇ ਹੋ, ਕਦੇ ਕੋਈ ਸ਼ਿਕਾਇਤ ਨਹੀਂ ਕਰਦੇ। ਜਦ ਕਿ ਅਸੀਂ ਇਉਂ ਸੋਚ ਕੇ ਦਿੱਲੀ ਜਾਂਦੇ ਹਾਂ ਕਿ ਉਨ੍ਹਾਂ ਕੋਲ ਘੱਟੋ ਘੱਟ ਤਿੰਨ ਚਾਰ ਮਹੀਨੇ ਰਹਾਂਗੇ, ਪਰ ਉੱਥੇ ਇੰਨੀ ਖਟਪਟ ਹੁੰਦੀ ਹੈ, ਇੰਨਾਂ ਦੁਰ-ਵਿਹਾਰ ਹੁੰਦਾ ਹੈ ਕਿ ਮਹੀਨੇ ਬਾਦ ਹੀ ਬੇਇੱਜ਼ਤ ਹੋ ਕੇ ਮੁੜ ਆਉਂਦੇ ਹਾਂ। ਕੀ ਤੁਹਾਡੀ ਆਪਣੇ ਬੇਟੇ-ਬਹੂ ਨਾਲ ਕਦੇ ਖਟਪਟ ਨਹੀਂ ਹੁੰਦੀ? ਉੱਥੇ ਤੁਸੀਂ ਇੰਨਾਂ ਲੰਬਾ ਸਮਾਂ ਕਿਵੇਂ ਰਹਿੰਦੇ ਹੋ? ਕੋਈ ਮੂਲਮੰਤਰ ਹੈ ਤਾਂ ਸਾਨੂੰ ਵੀ ਦੱਸੋ। ਗੁਆਂਢੀ ਨੇ ਬੜੀ ਸਹਿਜਤਾ ਨਾਲ ਦੱਸਿਆ - ਗਾਂਧੀ ਜੀ ਦੇ ਤਿੰਨ ਬਾਂਦਰਾਂ ਵਾਂਗ ਅੱਖਾਂ, ਕੰਨ, ਮੂੰਹ ਬੰਦ ਰੱਖੋ, ਇਹੋ ਅੱਜ ਦੇ ਜ਼ਮਾਨੇ ਦਾ ਮੂਲਮੰਤਰ ਹੈ।

### ਸਮਰਪਿਤ ਕਾਰਜਕਰਤਾ

ਰੂਲਿੰਗ-ਪਾਰਟੀ ਦਾ ਸਾਲਾਨਾ ਸਮਾਗਮ ਨੇੜੇ ਹੀ ਸੀ। ਸਾਰੇ ਕਾਰਜਕਰਤਾ ਪੂਰੇ ਜੋਸ਼ ਨਾਲ ਪ੍ਰੋਗਰਾਮ ਦੀਆਂ ਤਿਆਰੀਆਂ ਵਿੱਚ ਲੱਗੇ ਹੋਏ ਸਨ। ਜੋਸ਼ ਕਿਉਂ ਨਾ ਹੋਵੇ! ਇਸ ਸ਼ਾਨਦਾਰ ਸਮਾਗਮ ਵਿੱਚ ਪਾਰਟੀ ਦੀ ਚੜ੍ਹਦੀਕਲਾ ਵਿੱਚ ਸਕ੍ਰਿਅ ਭੂਮਿਕਾ ਨਿਭਾਉਣ ਵਾਲੇ ਕਾਰਜਕਰਤਾਵਾਂ ਨੂੰ ਸਨਮਾਨਿਤ ਕਰਨ ਦੀ ਯੋਜਨਾ ਸੀ। ਸਾਰਿਆਂ ਨੂੰ ਨਾਵਾਂ ਦੇ ਐਲਾਨ ਦੀ ਉਡੀਕ ਸੀ। ਪਾਰਟੀ ਸਕੱਤਰ ਨਾਵਾਂ ਦੀ ਲਿਸਟ ਲੈ ਕੇ ਅੰਤਿਮ .ਫੈਸਲੇ ਲਈ ਪਾਰਟੀ ਮੁਖੀ ਕੋਲ ਗਏ। ਉਹ ਇੱਕ-ਇੱਕ ਨਾਂ ਨੂੰ ਧਿਆਨ ਨਾਲ ਵੇਖਦੇ, ਮਨ ਹੀ ਮਨ ਤੋਲਦੇ-ਪਰਖਦੇ, ਫਿਰ ਸਹਿਮਤੀ ਦੇ ਦਿੰਦੇ। ਇੱਕ ਨਾਂ ਨੂੰ ਵੇਖ ਕੇ ਉਹ ਤ੍ਰਭਕ ਗਏ। ਝੱਟ ਬੋਲੇ - ਬਈ, ਇਹਦਾ ਨਾਂ? ਇਹ ਏਥੇ ਕਿਵੇਂ? ਇਹ ਤਾਂ ਸ਼ਹਿਰ ਦਾ ਗੁੰਡਾ ਹੈ, ਇਹਨੂੰ ਕਿਸ ਗੱਲ ਦਾ ਸਨਮਾਨ? ਪਾਰਟੀ ਸਕੱਤਰ ਨੇ ਬੜੀ ਨਿਮਰਤਾ ਨਾਲ ਕਿਹਾ - ਸਰ, ਇਨ੍ਹਾਂ ਦੇ ਕਰਕੇ ਹੀ ਤਾਂ ਅਸੀਂ ਜਨਤਾ ਅਤੇ ਵਿਰੋਧੀਆਂ ਦੀਆਂ ਟਿੱਪਣੀਆਂ ਤੋਂ ਬਚੇ ਰਹਿੰਦੇ ਹਾਂ। ਇਹ ਸਾਡੇ ਸਭ ਤੋਂ ਵੱਧ ਸਕ੍ਰਿਅ ਕਾਰਜਕਰਤਾ ਹਨ। ਉਹ ਕਿਵੇਂ? - ਮੁਖੀ ਦੀਆਂ ਤਿਉੜੀਆਂ ਚੜ੍ਹ ਗਈਆਂ। ਜੀ ਇਸ ਤਰ੍ਹਾਂ, ਜਦੋਂ ਜਨਤਾ ਜਾਂ ਵਿਰੋਧੀਆਂ ਤੋਂ ਸਾਨੂੰ ਕਿਸੇ ਮੁੱਦੇ ਤੇ ਵਿਰੋਧ ਦਾ ਸ਼ੱਕ ਹੁੰਦਾ ਹੈ ਤਾਂ ਅਸੀਂ ਜਿੱਥੇ ਕਹੀਏ, ਉੱਥੇ ਹੀ ਇਹ ਦੰਗਾ ਕਰਵਾ ਦਿੰਦੇ ਹਨ, ਜਨਤਾ ਅਤੇ ਵਿਰੋਧੀਆਂ ਦਾ ਧਿਆਨ ਮੁੱਦੇ ਤੋਂ ਹਟ ਕੇ ਦੰਗਿਆਂ ਵੱਲ ਹੋ ਜਾਂਦਾ ਹੈ ਅਤੇ ਅਸੀਂ ਵਾਧੂ ਦੀ ਆਲੋਚਨਾ ਤੋਂ ਬਚ ਜਾਂਦੇ ਹਾਂ। - ਸਕੱਤਰ ਨੇ ਸ਼ਾਂਤੀ ਨਾਲ ਜਵਾਬ ਦਿੱਤਾ। ਮੁਖੀ ਦਾ ਅਗਲਾ ਸੁਆਲ ਸੀ - ਪਰ ਇਹਨੂੰ ਕਿਹੜੀ ਸ਼੍ਰੇਣੀ ਅਧੀਨ ਸਨਮਾਨਿਤ ਕਰੋਗੇ? ਤੁਰੰਤ ਜਵਾਬ ਮਿਲਿਆ- ਸਮਰਪਿਤ ਕਾਰਜਕਰਤਾ ਦੀ ਸ਼੍ਰੇਣੀ।



# ਅਨੁ - ਪ੍ਰੋ. ਨਵ 9417692015.

# ਇੱਕ ਪਤੀਵਰਤਾ ਔਰਤ ਦੀ ਬੇਮਿਸਾਲ ਕਹਾਣੀ ਹੈ ਫ਼ਿਲਮ "ਬੁੱਕਲ਼ ਦੇ ਸੱਪ"

## ਫ਼ਿਲਮੀਂ ਸਮੀਖਿਆ


ਸ਼ਿਵਚਰਨ ਜੱਗੀ ਕੁੱਸਾ



ਹਰ ਕਲਾ ਇੱਕ ਸਾਧਨਾ ਅਤੇ ਮਿਹਨਤ ਦੀ ਮੰਗ ਕਰਦੀ ਹੈ। ਜਦ ਸਾਧਨਾ, ਹਿੰਮਤ ਅਤੇ ਮਿਹਨਤ ਇੱਕ ਜੁੱਟ ਹੋ ਤੁਰਦੀਆਂ ਹਨ, ਤਾਂ ਉਥੇ ਆਸਾਂ ਨੂੰ ਬੂਰ ਵੀ ਪੈਂਦਾ ਹੈ ਅਤੇ ਮਿਹਨਤ ਦਾ ਮੁੱਲ ਵੀ ਮੁੜਦਾ ਹੈ। ਦੂਜੀ ਗੱਲ ਇਹ ਵੀ ਧਿਆਨ ਮੰਗਦੀ ਹੈ, ਕਿ ਜਿਤਨੀ ਦੇਰ ਕਿਰਤਅਤੇ ਫ਼ਿਲਮ ਨਿਰਦੇਸ਼ਕ 'ਇੱਕ ਜੋਤ ਨਹੀਂ ਹੁੰਦੇ, ਨਾ ਦਰਸ਼ਕ ਅਤੇ ਨਾ ਬਣਾਉਣ ਵਾਲ਼ੇ ਨੂੰ ਸੰਤੁਸ਼ਟੀਨਸੀਬ ਹੋਵੇਗੀ। ਇਸ ਫ਼ਿਲਮ ਦੇ ਵਿਸ਼ੇ ਬਾਰੇ, ਜਾਂ ਕਹਾਣੀ ਬਾਰੇ ਮੈਂ ਬਹੁਤਾ ਵਿਸਥਾਰਪੂਰਵਕ ਚਾਨਣਾ ਨਹੀਂ ਪਾਵਾਂਗਾ, ਕਿਉਂਕਿ ਜੇ ਦਰਸ਼ਕ ਖ਼ੁਦ ਮੂਵੀ ਦੇਖ ਕੇ ਕਹਾਣੀ ਅਤੇ ਵਿਸ਼ੇ ਦੀ ਪੜਚੋਲ਼ ਕਰੇ ਅਤੇ ਫ਼ੈਸਲਾ ਦੇਵੇ, ਤਾਂ ਇਹ ਗੀਤਸੋਨੇ 'ਤੇ ਸੁਹਾਗੇ ਦਾ ਕਾਰਜ ਕਰੇਗੀ। ਫ਼ਿਲਮ ਦਾ 'ਅਸਲ ਜੱਜ ਤਾਂ ਦਰਸ਼ਕ ਹੀ ਹੋਣਾ ਚਾਹੀਦਾ ਹੈ, ਕਿਉਂਕਿ ਅੱਜ-ਕੱਲ੍ਹ ਦੇ 'ਵਿਕਾਊ ਜ਼ਮਾਨੇ' ਵਿੱਚ ਸਮੀਖਿਆ ਤਾਂ ਖ਼ਰੀਦੀ ਵੀ ਜਾ ਸਕਦੀ ਹੈ। ਅੱਜ-ਕੱਲ੍ਹ ਉਹ 'ਮਾਣ ਵੀ ਰੱਖੇ ਜਾਂਦੇ ਨੇ ਕਿ ਅੱਧੀ ਤੇਰੀਆਂ ਮੁਲ੍ਹਾਜੇਦਾਰਾ, ਵੇ ਅੱਧੀ ਆਂ ਗ਼ਰੀਬ ਜੱਟ ਦੀ...। ਵਿਦੇਸ਼ਾਂ ਵਿੱਚੋਂ ਮਿਲਦੀ 'ਸਬਸਿਡੀ ਸਾਡੀਆਂ ਪੰਜਾਬੀ ਫ਼ਿਲਮਾਂ ਨੂੰ ਘੁਣ ਬਣ ਕੇ ਚਿੰਬੜ ਚੁੱਕੀ ਹੈ ਅਤੇ ਦੈਂਤ ਵਾਂਗਨਿਘਾਰ ਵੱਲ ਧੂਹ ਰਹੀ ਹੈ।

'ਬਦਲਾ ਜੱਟੀ ਦਾ ਅਤੇ 'ਜੱਟ ਜਿਉਣਾ ਮੌੜ ਵਰਗੀਆਂ ਬਹੁ-ਚਰਚਿਤ ਪੰਜਾਬੀ ਫ਼ਿਲਮਾਂ ਦੇ ਸਿਰਮੌਰ ਨਿਰਦੇਸ਼ਕ ਬਾਈ ਰਵਿੰਦਰ ਰਵੀ ਦੇ ਨਿਰਦੇਸ਼ਨ ਅਧੀਨ ਅਤੇ ਬਾਈ ਜੀਤ ਸਿੰਘ ਸੰਧੂ ਦੇ ਚਰਚਿਤ ਨਾਵਲ 'ਤੇ ਅਧਾਰਿਤ ਬਣੀ ਫ਼ਿਲਮ "ਬੁੱਕਲ਼ ਦੇ ਸੱਪ" ਮੈਂ ਯੂ-ਟਿਊਬ 'ਤੇ ਦੋ ਵਾਰ ਦੇਖੀ। ਇਸ ਫ਼ਿਲਮ ਦੀ ਨਾਇਕਾ ਕੰਵਲ (ਜੋਤ ਚਾਹਲ) ਆਪਣੇ ਪਤੀ ਰਣਜੀਤ (ਸੋਨਪ੍ਰੀਤ ਜਵੰਧਾ) ਨੂੰ ਬੇਪਨਾਹ ਮੁਹੱਬਤ ਕਰਦੀ ਹੈ। ਪਰ ਉਸ ਨੂੰ ਆਪਣੇ ਆਪ ਉੱਪਰ ਇੱਕ ਸ਼ਿਕਵਾ ਅਤੇ ਰੋਸਾ ਵੀ ਹੈ ਕਿ ਉਹ ਵਿੱਡੋਂ ਨਹੀਂ ਫੁੱਟੀ ਅਤੇ ਆਪਣੇ ਪਤੀ ਨੂੰ ਕੋਈ ਬੱਚਾ ਨਹੀਂ ਦੇ ਸਕੀ। ਰਿਸ਼ਤੇ ਪ੍ਰਤੀ ਇਮਾਨਦਾਰੀ ਅਤੇ ਫ਼ਰਜ਼ ਨੂੰ ਸਮਝਦਿਆਂਉਸ ਦੀ ਰੀਝ ਹੀ ਇਹ ਹੈ ਕਿ ਉਹਨਾਂ ਦੇ ਵਿਹੜੇ ਵਿੱਚ ਕੋਈ ਬਾਲ ਚਾਂਭੜਾਂ ਪਾਵੇ।

ਆਖ਼ਰ ਕੰਵਲ ਦੀ ਇਹ ਰੀਝ ਇੱਕ 'ਜਨੂੰਨ ਅਤੇ ਫ਼ਿਰ 'ਪਾਗਲਪਨ ਦਾ ਰੂਪ ਧਾਰਨਕਰਲੈਂਦੀ ਹੈ। ਉਹ ਆਪਣੇ ਪਤੀ ਉੱਪਰ ਦੂਜਾ ਵਿਆਹ ਕਰਵਾਉਣ ਲਈ ਦਬਾਅ ਪਾਉਣ ਲੱਗਦੀ ਹੈ। ਪਰ ਉਸ ਦਾ ਪਤੀ ਭਵਿੱਖ ਪ੍ਰਤੀ ਸੁਚੇਤ ਹੈ। ਉਹ ਭਲੀ-ਭਾਂਤ ਜਾਣੂੰ ਹੈ ਕਿ ਉਸ ਦਾ ਦੂਜਾ ਵਿਆਹ ਉਸ ਦੀ ਪਹਿਲੀ ਪਤਨੀ ਕੰਵਲ ਦੀ ਖ਼ੁਸ਼ਹਾਲ ਜ਼ਿੰਦਗੀ 'ਨਰਕ ਬਣਾ ਦੇਵੇਗਾ। ਅਖ਼ੀਰ ਹੁੰਦਾ ਓਹੀ ਕੁਝ ਹੈ, ਜਿਸ ਦਾ ਕੰਵਲ ਦੇ ਪਤੀ ਰਣਜੀਤ ਨੂੰ ਡਰ ਸੀ।




ਆਪਣੀ ਪਹਿਲੀ ਪਤਨੀ ਦੀ ਜ਼ਿਦ ਅੱਗੇ ਹਾਰ ਕੇ ਬੇਵੱਸ ਅਤੇ ਲਾਚਾਰ ਰਣਜੀਤ ਦੂਜਾ ਵਿਆਹ ਕਰਵਾ ਲੈਂਦਾ ਹੈ। ਫ਼ਿਰ 'ਸੌਂਕਣ ਬਣੀ ਰਣਜੀਤ ਦੀ ਦੂਜੀ ਪਤਨੀ ਸਮੁੰਦਰੋ (ਕੁਲਵਿੰਦਰ ਕੌਰ) ਉਸ ਦੀ ਪਹਿਲੀ ਪਤਨੀ ਕੰਵਲ ਦਾ ਜਿਉਣਾ ਕਿਵੇਂ ਦੁੱਭਰ ਕਰਦੀ ਹੈ, ਫ਼ਿਲਮ ਦੇਖ ਕੇ ਹੀ ਪਤਾ ਲੱਗਦਾ ਹੈ। ਫ਼ਿਲਮ ਦੀ ਕਹਾਣੀ ਉਸ ਵੇਲ਼ੇ ਜ਼ਬਰਦਸਤ ਮੋੜ ਕੱਟਦੀ ਹੈ, ਜਦ ਰਣਜੀਤ ਦੀ ਦੂਜੀ ਪਤਨੀ ਦਾ ਰਿਸ਼ਤੇਦਾਰ 'ਬਲੌਰੀ (ਨੀਟੂ ਪੰਧੇਰ) ਜਮਦੂਤ ਬਣ, ਸ਼ਾਂਤ ਮਾਹੌਲ ਵਿੱਚ ਆ ਡਿੱਗਦਾ ਅਤੇ "ਮਾਣਸ-ਬੂ-ਮਾਣਸ-ਬੂ" ਕਰਦਾ ਫ਼ਿਰਦਾ ਹੈ। ਇਸ ਫ਼ਿਲਮ ਵਿੱਚ ਸ਼ਰੀਕੇਬਾਜ਼ੀ ਦਾ ਸਿਖ਼ਰ ਬਲੌਰੀ ਦੀ ਕਮੀਨਗੀ ਭਰੀ ਕਾਰਗੁਜ਼ਾਰੀ ਹੈ। ਰਣਜੀਤ ਦੀ ਦੂਜੀ ਪਤਨੀ ਸਮੁੰਦਰੋ ਚੁੜੇਲ ਬਿਰਤੀ ਵਾਲ਼ੀ ਕੁਪੱਤੀ ਔਰਤ ਹੈ ਸ਼ਤਰ ਅਤੇ ਕਮੀਨਾਂ ਬਲੌਰੀ ਕਿਵੇਂ ਉਸ ਨੂੰ ਆਪਣੇ ਜਾਲ਼ ਵਿੱਚ ਫ਼ਸਾ ਕੇ ਜਿਸਮਾਨੀ ਅਤੇ ਆਰਥਿਕ ਤੌਰ 'ਤੇ ਵਰਤਦਾ ਹੈ, ਇਹ ਸ਼ਰੀਕੇਬਾਜ਼ੀ ਅਤੇ ਕਮੀਨਗੀ ਦੀ 'ਹੱਦ ਹੈ।

ਕਲਾਕਾਰ ਕਿਸੇ ਵੀ ਫ਼ਿਲਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਫ਼ਿਲਮ ਵਿੱਚ ਸਾਰੇ ਕਲਾਕਾਰ ਨੂੰਹੇਂ ਦੇ ਡੰਗ ਵਰਗੇ ਨੇ। ਸਾਰੀ ਫ਼ਿਲਮ ਸੋਨਪ੍ਰੀਤ ਜਵੰਧਾ ਅਤੇ ਜੋਤ ਚਾਹਲ ਦੁਆਲ਼ੇ ਘੁੰਮਦੀ ਹੈ ਅਤੇ ਬਿਨਾ ਸ਼ੱਕ ਉਹਨਾਂ ਨੇ ਇਹਨਾਂ ਕਿਰਦਾਰਾਂ ਵਿੱਚ ਜਾਨ ਪਾ ਦਿੱਤੀ। ਕਾਮਰੇਡ ਦਾ ਰੋਲ ਹੌਬੀ ਧਾਲ਼ੀਵਾਲ਼ ਅਤੇ ਉਸ ਦੀ ਪਤਨੀ ਦਾ ਕਿਰਦਾਰ ਮੈਡਮ ਕੁਲਵੰਤ ਖ਼ੁਰਮੀਂ ਨੇ ਬਾ-ਕਮਾਲ ਨਿਭਾਅ ਕੇ ਆਪਣੀਪ੍ਰਤਿਭਾਦਾਸਬੂਤਦਿੱਤਾ। ਬਲੌਰੀ ਦਾ ਕਿਰਦਾਰ ਨੀਟੂ ਪੰਧੇਰ ਨੇ ਬਾਖ਼ੂਬੀ ਨਿਭਾਹਿਆ ਹੈ। ਇੱਕ ਗੱਲ ਨੀਟੂ ਪੰਧੇਰ ਬਾਰੇ ਜ਼ਰੂਰ ਲਿਖਾਂਗਾ। ਨੀਟੂ ਪੰਧੇਰ ਪੰਜਾਬੀ ਫ਼ਿਲਮਾਂ ਦਾ 'ਗੱਬਰ ਸਿੰਘ ਹੈ। ਉਸ ਦੀ ਕਲਾ ਬਾ-ਕਮਾਲ ਅਤੇ ਸ਼ਾਨਦਾਰ ਹੈ। ਉਹ ਆਪਣੇ ਕਿਰਦਾਰ ਨੂੰ ਜਿਉਂਦਾ ਹੈ। ਪਰ ਬੇਹੱਦ ਅਫ਼ਸੋਸ ਨਾਲ਼ ਕਹਿਣਾ ਪੈ ਰਿਹਾ ਹੈ ਕਿ ਉਸ ਦੀ ਕਲਾ ਦੀ ਪੰਜਾਬੀ ਫ਼ਿਲਮ ਇੰਡਸਟਰੀ ਨੇ ਉੱਕਾ ਕਦਰ ਨਹੀਂ ਪਾਈ। ਜੇ ਹਿੰਦੀ ਅਤੇ ਪੰਜਾਬੀ ਫ਼ਿਲਮ ਇੰਡਸਟਰੀ ਨੀਟੂ ਪੰਧੇਰ ਨੂੰ ਮੌਕਾ ਦੇਵੇ, ਤਾਂ ਮੈਂ ਦਾਅਵੇ ਨਾਲ਼ ਕਹਿਣ ਨੂੰ ਤਿਆਰ ਹਾਂ ਕਿ ਆਪਣੀ ਕਲਾ ਦਾ ਪ੍ਰਦਰਸ਼ਨਕਰਨ ਵਿੱਚ ਉਹ ਪੂਰਾ ਸਮਰੱਥ ਕਲਾਕਾਰ ਹੈ। ਫ਼ਿਲਮ ਵਿੱਚ ਸੀਰੀ ਦਾ ਭਾਵਨਾਤਮਿਕ ਕਿਰਦਾਰ ਕੁਲਦੀਪ ਨਿਆਮੀਂ ਨੇ ਨਿਭਾਅ ਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ। ਪਰ ਸਭ ਤੋਂ ਅਲੱਗ ਤਰ੍ਹਾਂ ਦਾ ਰੋਲ ਨੀਟੂ ਪੰਧੇਰਨੇ 'ਬਲੌਰੀ ਦਾ ਅਤੇ ਕੁਲਵਿੰਦਰ ਕੌਰ ਨੇ' ਸਮੁੰਦਰੋ ਦਾ ਕਰਕੇ ਇਹ ਦਰਸਾ ਦਿੱਤਾ ਕਿ ਇੱਕ ਰਵਾਇਤੀ ਕਲਾਕਾਰੀ ਨਾਲ਼ੋਂ 'ਸੁਭਾਇਕੀ ਕੀਤੀ ਕਲਾਕਾਰੀ ਕਿੰਨੀ ਜਾਨਦਾਰ ਅਤੇ ਵਜ਼ਨਦਾਰ ਹੁੰਦੀ ਹੈ।

ਫ਼ਿਲਮ "ਬੁੱਕਲ਼ ਦੇ ਸੱਪ" ਯੂ-ਟਿਊਬ ਉੱਪਰ ਉਪਲੱਬਧ ਹੈ। ਪਰ ਇਹ ਗੱਲ ਕਹਿਣ ਤੋਂ ਵੀ ਸੰਕੋਚ ਨਹੀਂ ਕਰਾਂਗਾ ਕਿ ਇਹ ਫ਼ਿਲਮ ਤੁਸੀਂ ਆਪਣੇ ਪ੍ਰੀਵਾਰ ਨਾਲ ਬੈਠ ਕੇ ਨਹੀਂ ਦੇਖ ਸਕਦੇ, ਕਿਉਂਕਿ ਇਸ ਵਿੱਚ ਕੁਝ 'ਬੋਲਡ ਅਤੇ ਕੁਝ ਇਤਰਾਜ਼ਯੋਗ ਦ੍ਰਿਸ਼ ਪਾਏ ਗਏ ਹਨ। ਫ਼ਿਲਮ ਦਾ ਨਿਚੋੜ ਤਾਂ ਇਹ ਦਰਸਾਉਂਦਾ ਹੈ ਕਿ ਜਦ ਆਫ਼ਰੇ ਸ਼ਰੀਕ, ਗਲ਼ ਥਾਣੀਂ ਪਜਾਮਾ ਲਾਹੁੰਣੋਂ ਬਾਜ ਨਾ ਆਉਣ, ਤਾਂ ਆਖ਼ਰ ਹਥਿਆਰ ਨੂੰ ਹੱਥ ਪਾਉਣ ਤੋਂ ਇਲਾਵਾ ਬੰਦੇ ਕੋਲ਼ ਹੋਰ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਇੱਕ ਘਾਗ ਨਿਰਦੇਸ਼ਕ ਰਵਿੰਦਰ ਰਵੀ ਦੇ ਪੀਠੇ ਦਾ ਛਾਣਨਾ ਕੀ...? ਬਾਈ ਰਵਿੰਦਰ ਰਵੀ ਅਤੇ ਨਿਰਮਾਤਾ ਸਵਰਨ ਸਿੰਘ ਵਧਾਈ ਦੇ ਪਾਤਰ ਹਨ, ਜਿੰਨ੍ਹਾਂ ਨੇ ਇੱਕ ਵੱਖਰਾ ਵਿਸ਼ਾ ਲੈ ਕੇ ਫ਼ਿਲਮ ਬਣਾਉਣ ਲਈ ਦਿਲ ਕੱਢਿਆ।

jaggikussa@yahoo.de

## ਲੋਕੀਂ ਸੱਚੀਂ ਉਸ ਨੂੰ ਇੱਕ ਮਸ਼ਹੂਰ ਬਾਬਾ ਸਮਝ ਕਿ ਅਸ਼ੀਰਵਾਦ ਲੈਣ ਲੱਗ ਪਏ-ਪੰਕਜ ਸਹਿਦੇਵ



ਜਲੰਧਰ ਦਾ ਏ ਜੀ ਬਿਜ਼ਨਸ ਹਾਊਸ ਵਿਖੇ ਡੀ ਐਸ ਐਲ ਜਿਹੜੀ "ਤਬਾਹੀ ਰਿਲੋਡਡ" ਦੇ ਪ੍ਰਚਾਰ ਲਈ ਆਪਣਾ ਯੋਗਦਾਨ ਦੇ ਰਹੀ ਹੈ ਦੇ ਆਫਿਸ ਵਿੱਚੋ ਕਲਾਕਾਰ ਗੁਰਵਿੰਦਰ ਬਿੱਟਾ ਨੂੰ ਮਿਲ ਬਾਹਰ ਦਲੇਰ ਮਹਿਤਾ ਨਾਲ ਕਲਾਕਾਰ ਪੰਕਜ ਸਹਿਦੇਵ ਆਏ ਤਾਂ ਓਹਨਾਂ ਦੀ ਦਾਹੜੀ ਦਾ ਸਟਾਈਲ ਤੇ ਲੁੱਕ ਦੇਖ ਕਿ ਭੀੜ ਇਕੱਠੀ ਹੋਈ ਤੇ "ਬਾਬਾ ਜੀ" ਸਮਝ ਓਹਨਾਂ ਤੋ ਆਮ ਲੋਕ ਅਸ਼ੀਰਵਾਦ ਲੈਂਦੇ ਦਿਖਾਈ ਦਿੱਤੇ। ਪੰਕਜ ਦੁਬਿਧਾ ਵਿੱਚ ਨਾ ਤਾਂ ਓਹ ਅਜਿਹਾ ਕਰਨ ਤੋ ਪਾਸਾ ਵੱਟ ਸਕਦੇ ਸਨ ਤੇ ਨਾ ਹੀ ਓਹਨਾਂ ਨੂੰ ਪਹੁੰਚੇ ਹੋਏ ਬਾਬਾ ਅਖਵਾਉਣਾ ਪਸੰਦ ਸੀ। ਖੈਰ ਓਹਨਾਂ ਅਸ਼ੀਰਵਾਦ ਦਿੱਤੇ। ਪੰਕਜ ਨੇ ਦੱਸਿਆ ਕਿ ਫ਼ਿਲਮ "ਤਬਾਹੀ ਰੀਲੋਡਡ" ਵਿੱਚ ਓਹਨਾਂ ਬਾਬਾ ਦੀ ਭੂਮਿਕਾ ਨਿਭਾਈ ਹੈ ਤੇ ਪ੍ਰਚਾਰ ਲਈ ਓਹ ਇਸ ਸਟਾਇਲ ਵਿੱਚ ਆਏ ਹਨ। ਫ਼ਿਲਮ ਵਿੱਚ ਅੱਯਾਸ਼ੀ ਬਾਬਾ ਦਾ ਕਿਰਦਾਰ ਪੰਕਜ ਨੇ ਚੰਗਾ ਕੀਤਾ ਹੈ। ਪੰਕਜ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਨੌਜਵਾਨ ਹਨ। ਓਹਨਾਂ ਕਿਹਾ ਕਿ ਇਸ ਕਿਰਦਾਰ ਨੂੰ ਕਰ ਕਿ ਓਹ ਅਤਿਅੰਤ ਖੁਸ਼ ਹੋਏ ਹਨ। "ਤਬਾਹੀ" ਡੇਰਾਵਾਦ,ਢੌਂਗੀ ਬਾਬੇ ਸਭ ਮੇਰਾ ਮੇਰਾ ਤੇ ਭਗਤ ਬਾਬੇ ਦੇ ਸਭ ਤੇਰਾ ਤੇਰਾ ਕਰਦੇ ਹਨ। ਪੰਕਜ ਨੂੰ ਫ਼ਿਲਮ ਦਾ ਪਲੱਸ ਪੁਆਇੰਟ ਨਸੀਬੋ ਦਾ ਗਾਇਆ ਗੀਤ "ਇਸ਼ਕ ਬੁਢਾਪੇ ਦਾ" ਲੱਗਦਾ ਹੈ ਜਿਸ ਤੇ ਸਾਰਾ ਹਾਲ ਨੱਚ ਉੱਠੇਗਾ। ਪੰਕਜ ਸਹਿਦੇਵ ਨੇ ਸੁੱਚੀ ਬਿਰਗੀ, ਮਨਜੋਤ ਸਿੰਘ,ਜਰਮਨ ਮੱਲ੍ਹੀ ਤੇ ਪੂਜਾ ਗਾਬਾ) ਸਵਰਨ ਸਿੰਘ ਦੀ ਜੋੜੀ ਨੂੰ ਵਧੀਆ ਕਿਰਦਾਰ ਕਰਨ ਲਈ ਮੁਬਾਰਕ ਦਿੱਤੀ ਹੈ। ਫ਼ਿਲਮ ਰਲੀਜ਼ ਹੋਣੀ ਹੈ ਤੇ ਨਿਰਮਾਣ ਟਾਂਡਾ ਫ਼ਿਲਮਜ਼ ਦਾ ਹੈ। ਹਿਸਾਬ ਲਾਓ ਕਿ ਭੋਲੇ ਭਾਲੇ ਲੋਕ ਕਿਵੇਂ ਬਾਬਾ ਚੱਕਰਵਿਊ ਵਿੱਚ ਆਪ ਫਸਦੇ ਹਨ।-ਅੰਮ੍ਰਿਤ ਪਵਾਰ

# ਇਟਲੀ ਨੇ ਗੌਰਵਮਈ ਇਤਿਹਾਸ ਦੀਆਂ ਬਾਤਾਂ ਪਾਉਂਦੇ ਅਜਾਇਬ ਘਰਾਂ ਨੂੰ ਲੋਕ 25 ਅਪ੍ਰੈਲ, 2 ਜੂਨ ਤੇ 4 ਨਵੰਬਰ ਨੂੰ ਦੇਖ ਸਕਿਆ ਕਰਨਗੇ ਬਿਲਕੁਲ ਮੁੱਫ਼ਤ, ਸਰਕਾਰ ਨੇ ਕੀਤਾ ਐਲਾਨ




ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਇਟਲੀ ਸਰਕਾਰ ਨੂੰ ਆਪਣੀਆਂ ਵਿਰਾਸਤੀ ਇਮਾਰਤਾਂ ਤੇ ਅਜਾਇਬ ਘਰਾਂ ਜਿਹੜੇ ਕਿ ਇਟਲੀ ਦਾ ਹਜ਼ਾਰਾ ਸਾਲ ਪੁਰਾਣਾ ਗੌਰਵਮਈ ਇਤਿਹਾਸ ਸੰਭਾਲੀ ਬੈਠੇ ਹਨ ਇਹਨਾਂ ਇਤਿਹਾਸ ਦੀਆਂ ਬਾਤਾਂ ਪਾਉਂਦੇ ਅਜਾਇਬ ਘਰਾਂ ਨੂੰ ਸਾਰਾ ਸਾਲ ਦੁਨੀਆਂ ਦੇ ਕੋਨੇ-ਕੋਨੇ ਤੋਂ ਦੇਖਣ ਵਾਲਿਆ ਦਾ ਤਾਂਤਾ ਲੱਗਾ ਰਹਿੰਦਾ ਹੈ ਜਿਸ ਨਾਲ ਸਰਕਾਰ ਨੂੰ ਲੱਖਾਂ ਯੂਰੋ ਦੀ ਆਮਦਨ ਹੁੰਦੀ ਹੈ।

ਇਹਨਾਂ ਇਤਿਹਾਸਕ ਸਮਾਰਕਾਂ ਤੇ ਅਜਾਇਬ ਘਰਾਂ ਨੂੰ ਕੋਈ ਨੁਕਦਾਨ ਨਾ ਪਹੁੰਚਾਵੇ ਇਸ ਬਾਬਤ ਸਰਕਾਰ ਨੇ ਪਿਛਲੇ ਸਾਲ ਹੀ ਇੱਕ ਸਖ਼ਤ ਕਾਨੂੰਨ ਵੀ ਬਣਾਇਆ ਜਿਸ ਵਿੱਚ ਜੇਕਰ ਕੋਈ ਦਿਖਾਵਾਕਾਰੀ ਇਟਲੀ ਸਰਕਾਰ ਦੀ ਕਿਸੇ ਵੀ ਇਤਿਹਾਸਕ ਇਮਾਰਤ ਜਾਂ ਸਮਾਰਕ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ ਕਰਦਾ ਹੈ ਤਾਂ ਉਸ ਨੂੰ ਹਜ਼ਾਰਾਂ ਯੂਰੋ ਜੁਰਮਾਨਾ ਹੋਵੇਗਾ। ਇਸ ਦੇ ਨਾਲ ਹੀ ਸਰਕਾਰ ਨੇ ਇੱਕ ਵਿਸੇ ਐਲਾਨ ਕੀਤਾ ਹੈ ਕਿ ਇਟਲੀ ਦੇ ਅਜਾਇਬ ਘਰ ਜਿਹਨਾਂ ਨੂੰ ਦੇਖਣ ਲਈ ਸਰਕਾਰੀ ਫੀਸ ਰੱਖੀ ਗਈ ਹੈ ਹੁਣ ਉਹ ਸਾਲ ਦੇ 3 ਵਿਸੇ ਦਿਨਾਂ ਦੌਰਾਨ ਜਨਤਾ ਤੋਂ ਨਹੀਂ ਵਸੂਲੀ ਜਾਵੇਗੀ ਜਿਸ ਬਾਬਤ ਜੈਨਾਰੋ ਸੰਨਜੁਲੀਆਨੋ ਸੱਭਿਆਚਾਰਕ ਮੰਤਰੀ ਇਟਲੀ ਸਰਕਾਰ ਵਲੋਂ ਇੱਕ ਐਲਾਨ ਕੀਤਾ ਗਿਆ ਹੈ ਕਿ 25 ਅਪ੍ਰੈਲ 2024 ਨੂੰ ਇਟਲੀ ਦੀ ਅਜ਼ਾਦੀ ਦਿਹਾੜੇ ਮੌਕੇ ਦੇਸ ਦੇ ਇਤਿਹਾਸਿਕ ਅਜਾਇਬ ਘਰਾਂ ਤੇ ਪਾਰਕਾਂ ਨੂੰ ਆਮ ਲੋਕਾਂ ਤੇ ਸੈਲਾਨੀਆ ਲਈ ਮੁਫਤ ਵਿੱਚ ਖੁੱਲੇ ਰੱਖਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਦੇਸ਼ ਦੀ ਅਜ਼ਾਦੀ ਦਿਹਾੜੇ ਮੌਕੇ ਦੇਸ਼ ਵਾਸੀਆ ਲਈ ਇਹ ਖਾਸ ਤੋਹਫ਼ਾ ਹੋਵੇਗਾ।

25 ਅਪ੍ਰੈਲ ਦੇ ਨਾਲ ਹੀ 2 ਜੂਨ ਕੇ 4 ਨਵੰਬਰ ਦੇ ਇਤਿਹਾਸਿਕ ਦਿਨਾਂ ਮੌਕੇ ਵੀ ਇਟਲੀ ਦੇ ਸਾਰੇ ਅਜਾਇਬ ਘਰਾਂ ਤੇ ਪਾਰਕਾਂ ਨੂੰ ਖੁੱਲੇ ਰੱਖਣ ਲਈ ਐਲਾਨ ਕੀਤਾ ਗਿਆ ਹੈ। ਉਨ੍ਹਾ ਕਿਹਾ "ਅਸੀਂ ਇਸ ਸਾਲ ਦੁਬਾਰਾ ਪਹਿਲਕਦਮੀ ਦਾ ਨਵੀਨੀਕਰਨ ਕਰ ਰਹੇ ਹਾਂ ਕਿਉਕਿ 25 ਅਪ੍ਰੈਲ ਤਿੰਨ ਨਵੇਂ ਮੁਫਤ ਦਿਨਾਂ ਵਿੱਚੋਂ ਪਹਿਲਾ ਦਿਨ ਹੋਵੇਗਾ ਤੇ ਅਸੀ ਜਿਸਨੂੰ ਰਾਸ਼ਟਰ ਲਈ ਸੱਭਿਆਚਾਰ ਦੇ ਸਥਾਨਾਂ 'ਤੇ ਜਾਣ ਲਈ ਇੱਕ ਉੱਚ ਪ੍ਰਤੀਕ ਸਮਾਗਮ ਨਾਲ ਜੋੜਨਾ ਚਾਹੁੰਦਾ ਹਾਂ। ਤਾਂ ਜੋ ਦੇਸ਼ ਵਾਸੀ ਰਲ-ਮਿਲ ਕੇ ਇਨ੍ਹਾਂ ਸਮਾਗਮ ਨੂੰ ਮਨਾ ਸਕਣ ਤੇ ਇਟਲੀ ਦੀ ਮਹਾਨ ਸੱਭਿਆਤਾ ਨੂੰ ਸਮਝ ਸਕਣ। ਦੱਸਣਯੋਗ ਹੈ ਕਿ 25 ਅਪ੍ਰੈਲ 1945 ਨੂੰ ਇਟਲੀ ਦੇਸ਼ ਤਾਨਾਸ਼ਾਹੀ ਰਾਜ ਤੋਂ ਜ਼ਾਦ ਹੋਇਆ ਸੀ ਤੇ 2 ਜੂਨ 1946 ਨੂੰ ਦੇਸ਼ ਨੂੰ ਗਣਤੰਤਰ ਰਾਜ ਲਾਗੂ ਹੋਇਆ ਸੀ ਤੇ 4 ਨਵੰਬਰ 1922 ਨੂੰ ਇਟਲੀ ਦੇਸ਼ ਦੇ ਵਾਸੀ ਰਾਸ਼ਟਰੀ ਏਕਤਾ ਦਿਵਸ ਵਜੋ ਮਨਾਉਦੇ ਆ ਰਹੇ ਹਨ। ਦੂਜੇ ਪਾਸੇ ਇਟਲੀ ਦੇ ਸੱਭਿਚਾਰਕ ਮੰਤਰੀ ਵਲੋਂ ਲਏ ਗਏ ਇਸ ਫ਼ੈਸਲੇ ਨਾਲ ਦੇਸ਼ ਦੇ ਨਾਗਰਿਕਾਂ ਵਿੱਚ ਖੁਸ਼ੀ ਪਾਈ ਦਾ ਰਹੀ ਹੈ ਕਿਉਕਿ ਜੋ ਲੋਕ ਇਨ੍ਹਾ ਇਤਿਹਾਸਿਕ ਦੇ ਪੁਰਾਤਨ ਪਾਰਕਾਂ ਨੂੰ ਦੇਖਣ ਤੋ ਆਸਮਰੱਥ ਸਨ ਉਨ੍ਹਾ ਲਈ ਇਹ ਇਤਿਹਾਸਿਕ ਦਿਨ ਤੇ ਸਮਾਂ ਬਹੁਤ ਹੀ ਸੁਭਾਗਾਂ ਭਰਿਆਂ ਸਾਬਤ ਹੋਵੇਗਾ।

## ਅਮਰੀਕਾ ਵਿਚ ਲਾਪਤਾ ਦੋ ਔਰਤਾਂ ਦੀਆਂ ਮਿਲੀਆਂ ਲਾਸ਼ਾਂ, 4 ਵਿਰੁੱਧ ਮਾਮਲਾ ਦਰਜ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਓਕਲਾਹੋਮਾ ਰਾਜ ਵਿਚ 2 ਲਾਪਤਾ ਔਰਤਾਂ ਦੀਆਂ ਲਾਸ਼ਾਂ ਮਿਲਣ ਦੀ ਖਬਰ ਹੈ। ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਕਿਹਾ ਹੈ ਕਿ ਚੀਫ ਮੈਡੀਕਲ ਜਾਂਚਕਾਰ ਨੇ ਮਿਲੀਆਂ ਲਾਸ਼ਾਂ ਦੀ ਪਛਾਣ ਕਰ ਲਈ ਹੈ। ਇਹ ਲਾਸ਼ਾਂ ਵੇਰੋਨੀਸਾ ਬਟਲਰ (27) ਤੇ ਜਿਲੀਅਨ ਕੈਲੀ (39) ਦੀਆਂ ਹਨ ਜੋ ਪਿਛਲੇ ਮਹੀਨੇ ਤੋਂ ਲਾਪਤਾ ਸਨ। ਓਕਲਾਹੋਮਾ ਵਿਚਲੇ ਟੈਕਸਾਸ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਪਿਛਲੇ ਮਹੀਨੇ ਦੇ ਅਖੀਰ ਵਿਚ ਇਹ ਔਰਤਾਂ ਇਕੱਠੇ ਬੱਚਿਆਂ ਨੂੰ ਲੈਣ ਗਈਆਂ ਸਨ ਪਰੰਤੂ ਵਾਪਸ ਨਹੀਂ ਮੁੜੀਆਂ। ਇਸ ਮਾਮਲੇ ਵਿਚ ਟੈਡ ਬਰਟ ਕੁਲਮ (43), ਟਿਫਾਨੀ ਮਚੈਲ ਐਡਮਜ (54), ਕੋਲ ਅਰਲ ਟੂਮਬਲਾਈ (50) ਤੇ ਕੋਰਾ ਗੇਲ ਟੂਮਬਲਾਈ (40) ਵਿਰੁੱਧ ਹੱਤਿਆਵਾਂ, ਅਗਵਾ ਸਮੇਤ ਹੋਰ ਦੋਸ਼ਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਰੋਮ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਸੁਰੱਖਿਆ ਪ੍ਰਬੰਧਾਂ ਵਿੱਚ 7ਵੀਂ ਵਾਰ ਬਣਿਆ ਯੂਰਪ ਭਰ ਵਿੱਚ 1 ਨੰਬਰ * ਦੋਹਾ ਕਤਰ ਦਾ ਹਮਾਦ ਅੰਤਰਰਾਸ਼ਟਰੀ ਹਵਾਈ ਅੱਡਾ ਬਣਿਆ ਵਿਸ਼ਵ ਦਾ ਸਰਬਉਤੱਮ ਹਵਾਈ ਅੱਡਾ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਇਸ ਵਿੱਚ ਕੋਈ ਦੋ ਰਾਏ ਨਹੀ ਕਿ ਯੂਰਪ ਦਾ ਬੇਹੱਦ ਖੂਬਸੂਰਤ ਦੇਸ਼ ਇਟਲੀ ਜਿਹੜਾ ਕਿ ਆਪਣੀਆਂ ਅਨੇਕਾਂ ਖੂਬੀਆਂ ਲਈ ਦੁਨੀਆ ਵਿੱਚ ਵਿਲੱਖਣ ਸਥਾਨ ਰੱਖਦਾ ਹੈ ਤੇ ਹੁਣ ਵੀ ਇਟਲੀ ਦਾ ਨਾਮ ਕਿਸੇ ਨਾ ਕਿਸੇ ਖੇਤਰ ਵਿੱਚ ਆਏ ਦਿਨ ਧੂਮ ਮਚਾ ਰਿਹਾ ਹੈ। ਜਿਨ੍ਹਾਂ ਲੋਕਾਂ ਦਾ ਮਹਿਬੂਬ ਦੇਸ਼ ਇਟਲੀ ਹੈ ਉਨ੍ਹਾ ਲੋਕ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਇਟਲੀ ਦੀ ਰਾਜਧਾਨੀ ਰੋਮ ਦੇ ਪ੍ਰਸਿੱਧ ਅੰਤਰਰਾਸ਼ਟਰੀ ਹਵਾਈ ਅੱਡਾ 'ਲਿਓਨਾਰਦੋ ਦਾ ਵਿਨਚੀ' ਪਿਛਲੇ ਛੇਂ ਸਾਲਾਂ ਤੋਂ ਯੂਰਪੀਅਨ ਦੇਸ਼ਾਂ ਦੇ ਹਵਾਈ ਅੱਡਿਆਂ ਨੂੰ ਪਛਾੜ ਕੇ ਦੁਨੀਆਂ ਭਰ ਵਿੱਚ ਯਾਤਰੀਆਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਵਧੀਆ ਸੇਵਾਵਾਂ ਦੇਣ ਵਾਲਾ ਯੂਰਪ ਦਾ ਪਹਿਲੇ ਦਰਜੇ ਦਾ ਹਵਾਈ ਅੱਡਾ ਹੋਣ ਦਾ ਮਾਣਮੱਤਾ ਖਿਤਾਬ 6ਵੀਂ ਵਾਰ ਆਪਣੀ ਝੋਲੀ ਪੁਆ ਚੁੱਕਾ ਹੈ।

ਸਕਾਈਟਰੈਕਸ ਸੰਸਥਾ ਵਲੋ ਜਾਰੀ ਕੀਤੇ ਗਏ ਸਾਲ 2024 ਦੇ ਸਰਵੇਖਣ ਵਿੱਚ ਦੱਸਿਆ ਹੈ ਕਿ ਰੋਮ ਹਵਾਈ ਅੱਡੇ ਤੇ ਯਾਤਰੀਆਂ ਨੂੰ ਵਧੀਆ ਸਹੂਲਤਾਂ ਤੇ ਸੁਰੱਖਿਆ ਪ੍ਰਤੀ ਵਧੀਆ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਜਿਸ ਕਰਕੇ ਉਹਨਾਂ ਲਗਾਤਾਰ ਛੇਵੀ ਵਾਰ ਫਿਊਮੀਚੀਨੋ ਹਵਾਈ ਅੱਡੇ ਨੂੰ ਇਸ ਖਿਤਾਬ ਨਾਲ ਨਿਵਾਜਿਆ ਹੈ। ਦੂਜੇ ਪਾਸੇ ਹਵਾਈ ਅੱਡੇ ਦੇ ਸੀ, ਈ, ਓ ਮਾਰਕੋ ਤਰੋਨਕੋਨੇ ਨੇ ਹਰ ਵਾਰ ਦੀ ਤਰ੍ਹਾ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਹਨਾਂ ਨੂੰ ਉਚੇਚੇ ਤੌਰ ਤੇ ਮਾਣ ਹੈ ਕਿ ਸਾਲ 2024 ਵਿੱਚ ਵੀ ਰੋਮ ਹਵਾਈ ਅੱਡੇ ਨੂੰ ਸਰਵਉੱਤਮ ਹਵਾਈ ਸੇਵਾਵਾਂ ਤੇ ਸੁਰੱਖਿਆ ਪ੍ਰਬੰਧਕਾਂ ਕਰਕੇ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਦੱਸਣਯੋਗ ਹੈ ਕਿ ਫਿਊਮੀਚੀਨੋ ਹਵਾਈ ਅੱਡੇ ਨੂੰ ਸਾਲ 2020 ਸਤੰਬਰ ਮਹੀਨੇ ਵਿੱਚ ਵਿੱਚ ਕੋਵਿਡ ਸਮੇਂ ਦੌਰਾਨ ਯਾਤਰੀ ਦੀ ਸਿਹਤ ਸੰਬੰਧੀ ਵਧੀਆ ਸਹੂਲਤਾਂ ਦੇਣ ਵਾਲਾ ਖਿਤਾਬ ਵੀ ਮਿਲ ਚੁੱਕਾ ਹੈ ਤੇ ਨਾਲ ਹੀ ਸਕਾਈਟਰੈਕਸ ਵਲੋਂ ਇਸ ਹਵਾਈ ਅੱਡੇ ਨੂੰ ਪੰਜ ਸਿਤਾਰਾ ਐਂਟੀ ਕੋਵਿਡ ਹਵਾਈ ਅੱਡੇ ਦਾ ਖਿਤਾਬ ਹਾਸਲ ਹੋਇਆ ਸੀ। ਰੋਮ ਹਵਾਈ ਅੱਡੇ ਨੂੰ 7ਵੀਂ ਵਾਰ ਯੂਰਪ ਦਾ ਸਰਵਉੱਤਮ ਹਵਾਈ ਅੱਡੇ ਦਾ ਖਿਤਾਬ ਮਿਲਣਾ ਇਟਲੀ ਵਾਸੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।

ਦੂਜੇ ਪਾਸੇ ਅਰਬ ਦੇਸ਼ ਦੋਹਾ ਕਤਰ ਦੇ "ਹਮਾਦ ਅੰਤਰਰਾਸ਼ਟਰੀ ਹਵਾਈ "ਅੱਡੇ ਨੂੰ ਵਿਸ਼ਵ ਦਾ ਸਰਬਉਤੱਮ ਹਵਾਈ ਅੱਡਾ ਹੋਣ ਮਾਨਮੱਤਾ ਖਿਤਾਬ ਹਾਸਿਲ ਹੋਇਆ ਹੈ। ਜੋ ਕਿ ਦੁਨੀਆ ਭਰ ਦੇ ਹਵਾਈ ਅੱਡਿਆਂ ਵਿੱਚੋ ਪਹਿਲੇ ਨੰਬਰ ਤੇ ਆ ਗਿਆ ਹੈ। ਇਸ ਦੇ ਨਾਲ ਹੀ ਰਾਜਧਾਨੀ ਰੋਮ ਦੇ ਹਵਾਈ ਅੱਡੇ ਫਿਊਮੀਚੀਨੋ ਨੂੰ ਵਿਸ਼ਵ ਭਰ ਵਿੱਚ 12ਵਾਂ ਸਥਾਨ ਹਾਸਿਲ ਹੋਇਆ ਹੈ । ਇਸ ਰੈਂਕਿੰਗ ਤਹਿਤ ਸਰਵਉੱਚ ਏਅਰਪੋਰਟ ਵਿੱਚ 1 ਦੋਹਾ ਹਮਾਦ 2 ਸਿੰਘਾਪੁਰ ਚਾਗੀ, 3 ਸਿਓਲ ਇਨਚੇਓਨ, 4 ਟੋਕਿਓ ਹਾਨੇਡਾ, 5 ਟੋਕਿਓ ਨਾਰੀਟਾ, 6 ਪੈਰਿਸ ਸੀ ਡੀ ਜੀ, 7 ਡੁਬਈ, 8 ਮਊਨਿਚ ,9 ਜ਼ਯੂਰਿਕ, 10 ਇਸਟਨਬੁਲ, 11 ਹੌਂਗ ਕੌਂਗ, 12 ਫਿਊਮੀਚੀਨੋ 13 ਵਿਆਨਾ, 14 ਹੇਲਸਿਨਕੀ ਵਨਟਾਅ, 15 ਮਦਰਿਦ ਬਾਰਾਜਸ, 16 ਸੈਨਟੇਅਰ ਨਾਗੋਆ, 17 ਵੈਨਕੂਵਰ, 18 ਕੇਨਜਾਈ, 19 ਮੈਲਬੋਰਨ, 20 ਕੋਪਨਹੈਗਨ ਦਾ ਉਚੇਚਾ ਜ਼ਿਕਰ ਆ ਰਿਹਾ ਹੈ।

## ਪਰਿਵਾਰ ਨੂੰ ਧਮਕਾ ਦੇ ਕੇ ਲੁਧਿਆਣਾ ਦੇ ਕਾਰੋਬਾਰੀ ਕੋਲੋਂ ਮੰਗੀ 3 ਕਰੋੜ ਰੁਪਏ ਦੀ ਫਿਰੌਤੀ, ਦੋ ਦੋਸ਼ੀ ਗ੍ਰਿਫ਼ਤਾਰ

ਲੁਧਿਆਣਾ-ਧਾਗਾ ਕਾਰੋਬਾਰੀ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਕੁਝ ਵਿਅਕਤੀਆਂ ਨੇ ਉਸ ਕੋਲੋਂ 3 ਕਰੋੜ ਰੁਪਏ ਦੀ ਫਿਰੌਤੀ ਮੰਗੀ। ਇੰਨਾ ਹੀ ਨਹੀਂ ਕੁਝ ਦਿਨ ਪਹਿਲਾਂ ਫਾਰਚੂਨਰ ਕਾਰ ਸਵਾਰ ਅਣਪਛਾਤੇ ਵਿਅਕਤੀਆਂ ਵੱਲੋਂ ਕਾਰੋਬਾਰੀ ਦੇ ਪਰਿਵਾਰ ਦਾ ਪਿੱਛਾ ਵੀ ਕੀਤਾ ਗਿਆ। ਇਸ ਮਾਮਲੇ ਵਿੱਚ ਥਾਣਾ ਸਰਾਭਾ ਨਗਰ ਦੀ ਪੁਲਿਸ ਨੇ ਅਗਰ ਨਗਰ ਦੇ ਰਹਿਣ ਵਾਲੇ ਕਾਰੋਬਾਰੀ ਗੌਰਵ ਮਿੱਤਲ ਦੀ ਸ਼ਿਕਾਇਤ ਤੇ ਰਾਜਗੁਰੂ ਨਗਰ ਦੇ ਵਾਸੀ ਤੇਜਿੰਦਰ ਪਾਲ ਸਿੰਘ ਅਤੇ ਪਿੰਡ ਬੋੜਾ ਪੱਤੀ ਮੁੱਲਾਪੁਰ ਦੇ ਰਹਿਣ ਵਾਲੇ ਅੰਮ੍ਰਿਤਪਾਲ ਸਿੰਘ ਖਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਕਾਰੋਬਾਰੀ ਗੌਰਵ ਮਿੱਤਲ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਦੇਸ਼ੀ ਨੰਬਰ ਤੋਂ ਇੱਕ ਵ੍ਹਟਸਐਪ ਕਾਲ ਆਈ ਲ ਫੋਨ ਕਰਨ ਵਾਲੇ ਵਿਅਕਤੀਆਂ ਨੇ ਕਾਰੋਬਾਰੀ ਕੋਲੋਂ ਤਿੰਨ ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕਰਦਿਆਂ ਆਖਿਆ ਕਿ ਰਕਮ ਨਾ ਦੇਣ ਦੀ ਸੂਰਤ ਵਿੱਚ ਉਹ ਉਸਦੇ ਪਰਿਵਾਰ ਨੂੰ ਮਾਰ ਦੇਣਗੇ। ਏਐਸਆਈ ਹਰਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਪੜਤਾਲ ਦੌਰਾਨ ਮੁਲਜ਼ਮਾਂ ਦਾ ਪਤਾ ਲਗਾਕੇ ਦੋਸ਼ੀ ਤੇਜਿੰਦਰਪਾਲ ਸਿੰਘ ਤੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ ਵਿਚੋਂ ਇੱਕ ਫਾਰਚੂਨਰ ਕਾਰ ਤੇ 6 ਮੋਬਾਈਲ ਫੋਨ ਬਰਾਮਦ ਕੀਤੇ ਹਨ।

# ਗੁਰਦੁਆਰਾ ਸਿੰਘ ਸਭਾ ਪਾਰਮਾ ਵਿਖੇ ਸਜਾਇਆ ਗਿਆ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਸਰਬੰਸਦਾਨੀ ਸਾਹਿਬ-ਏ-ਕਮਾਲ ਨੀਲੇ ਦੇ ਸ਼ਾਹ ਅਸਵਾਰ ਕਲਗੀਧਰ ਪਿਤਾ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵਿਸਾਖੀ ਨੂੰ ਖ਼ਾਲਸੇ ਦੀ ਸਿਰਜਣਾ ਕਰਕੇ ਜੋ ਸਿੱਖ ਧਰਮ (ਪੰਥ) ਪੈਦਾ ਕੀਤਾ ਉਹ ਦੁਨੀਆਂ ਦੇ ਇਤਿਹਾਸ ਵਿੱਚ ਹਮੇਸ਼ਾ ਲਈ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ। ਦੁਨੀਆਂ ਦੇ ਵੱਖ ਵੱਖ ਦੇਸ਼ਾਂ ਜਿੱਥੇ ਵੀ ਸਿੱਖ ਕੌਮ ਵੱਸਦੀ ਹੈ। ਇਸ ਦਿਨ ਨੂੰ ਖ਼ਾਲਸਾ ਸਾਜਨਾ ਦਿਵਸ(ਵਿਸਾਖੀ) ਦੇ ਤੌਰ ਤੇ ਮਨਾਉਂਦੀ ਹੈ। ਇਸੇ ਹੀ ਲੜੀ ਤਹਿਤ ਉਤਰੀ ਇਟਲੀ ਦੇ ਸੂਬਾ ਇਮੀਲੀਆ ਰੋਮਾਨੀਆ ਦੇ ਜ਼ਿਲ੍ਹਾ ਪਾਰਮਾ ਵਿਖੇ ਬੀਤੇ ਦਿਨ 20 ਅਪ੍ਰੈਲ 2024 ਦਿਨ ਸ਼ਨੀਵਾਰ ਨੂੰ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜ਼ਿਕਰਯੋਗ ਹੈ ਕਿ ਨਗਰ ਕੀਰਤਨ ਦੀ ਅਰੰਭਤਾ ਤੋਂ ਪਹਿਲਾਂ ਪਾਰਮਾ ਸ਼ਹਿਰ ਦੇ ਮੇਅਰ ਮੀਕੇਲੇ ਗੁਐਰਾ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਇਸ ਦਿਹਾੜੇ ਦੀਆਂ ਅਤੇ ਨਗਰ ਕੀਰਤਨ ਦੀਆਂ ਵਧਾਈਆਂ ਦਿੱਤੀਆਂ। ਨਗਰ ਕੀਰਤਨ ਦੀ ਅਰੰਭਤਾ ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਾਢੇ ਗਿਆਰਾ ਵਜੇ ਗੁਰਦੁਆਰਾ ਸਾਹਿਬ ਤੋਂ ਹੋਈ।



ਨਗਰ ਕੀਰਤਨ ਸ਼ਹਿਰ ਵਿੱਚੋ ਪ੍ਰਕਰਮਾ ਕਰਦਾ ਹੋਇਆ ਸ਼ਾਮ ਤਿੰਨ ਵੱਜ ਕੇ ਤੀਹ ਮਿੰਟ ਤੇ ਗੁਰਦੁਆਰਾ ਸਾਹਿਬ ਵਿਖੇ ਵਾਪਸ ਪਹੁੰਚਿਆ। ਇਸ ਨਗਰ ਕੀਰਤਨ ਵਿੱਚ ਪੰਥ ਦੇ ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆ ਵੱਲੋ ਸ਼ਬਦ ਗੁਰਬਾਣੀ ਅਤੇ ਗੁਰ ਇਤਿਹਾਸ ਸਰਵਣ ਕਰਵਾਇਆ ਗਿਆ। ਸੰਗਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਸਜਾ ਪਾਲਕੀ ਦੇ ਪਿੱਛੇ-ਪਿੱਛੇ ਗੁਰੂ ਜਸ ਕਰ ਰਹੀਆਂ ਸਨ।ਸਮਾਪਤੀ ਮੌਕੇ ਅਰਦਾਸ ਤੋਂ ਬਾਅਦ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਭਾਈ ਭੁਪਿੰਦਰ ਸਿੰਘ, ਲਖਵਿੰਦਰ ਸਿੰਘ, ਇੰਦਰਸ਼ਿਵਦਿਆਲ ਸਿੰਘ, ਸੁਖਜਿੰਦਰ ਸਿੰਘ, ਗੁਰਦੇਵ ਸਿੰਘ, ਬਲਵੰਤ ਸਿੰਘ, ਦਲਜੀਤ ਸਿੰਘ, ਆਤਮਾ ਸਿੰਘ, ਪ੍ਰੇਮ ਸਿੰਘ, ਪਰਮਜੀਤ ਸਿੰਘ, ਜਸਪਾਲ ਸਿੰਘ ਵੱਲੋਂ ਪਹੁੰਚੀਆਂ ਸਮੂਹ ਸੰਗਤਾਂ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ,ਲੰਗਰਾਂ ਦੇ ਸੇਵਾਦਾਰਾਂ,ਪਤਵੰਤੇ ਸੱਜਣਾਂ ਅਤੇ ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਦਾ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਨ ਲਈ ਧੰਨਵਾਦ ਕੀਤਾ ਅਤੇ ਸਿਰੋਪਾਓ ਦੀ ਬਖਸ਼ਿਸ਼ ਵੀ ਕੀਤੀ ਗਈ। ਜ਼ਿਕਰਯੋਗ ਹੈ ਕਿ ਇਸ ਸਾਰੇ ਸਮਾਗਮ ਦਾ ਲਾਈਵ ਕਲਤੂਰਾ ਸਿੱਖ ਟੀ ਵੀ ਤੇ ਕੀਤਾ ਗਿਆ।

# ਪਿੰਡ ਆਲਮਵਾਲਾ ਵਿਚ ਪ੍ਰੇਮੀ ਨਾਲ ਮਿਲ ਕੇ ਪਤੀ ਦਾ ਕੀਤਾ ਕਤਲ

## ✪ ਔਰਤ ਤੇ ਉਸ ਦਾ ਪ੍ਰੇਮੀ ਗ੍ਰਿਫ਼ਤਾਰ

ਪੰਨੀਵਾਲਾ-ਪਿੰਡ ਆਲਮਵਾਲਾ 'ਚ ਇਕ ਔਰਤ ਨੇ ਪ੍ਰੇਮੀ ਨਾਲ ਮਿਲ ਕੇ ਆਪਣੇ ਪਤੀ ਦਾ ਕਤਲ ਕਰ ਦਿੱਤਾ। ਇਸ ਮਾਮਲੇ ਵਿਚ ਪੁਲਿਸ ਵੱਲੋਂ ਆਧੁਨਿਕ ਤਰੀਕੇ ਨਾਲ ਕਾਰਵਾਈ ਕਰਦਿਆਂ ਔਰਤ ਤੇ ਉਸ ਦੇ ਪ੍ਰੇਮੀ ਨੂੰ ਗ੍ਰਿਫਤਾਰ ਕਰ ਲਿਆ ਹੈ। ਜ਼ਿਲ੍ਹਾ ਪੁਲਿਸ ਮੁਖੀ ਭਾਗੀਰਥ ਸਿੰਘ ਮੁਕਤਸਰ ਨੇ ਦੱਸਿਆ ਕਿ ਫਤਿਹ ਸਿੰਘ ਬਰਾੜ ਡੀਐਸਪੀ (ਲੰਬੀ) ਦੀ ਨਿਗਰਾਨੀ ਹੇਠ ਐਸਆਈ ਰਣਜੀਤ ਸਿੰਘ ਮੁੱਖ ਅਫਸਰ ਥਾਣਾ ਕਬਰਵਾਲਾ ਪੁਲਿਸ ਵੱਲੋਂ ਪਿੰਡ ਆਲਮਵਾਲਾ ਵਿਖੇ ਜਸਕੌਰ ਸਿੰਘ ਨੂੰ ਕਤਲ ਕਰਨ ਵਾਲੇ 2 ਮੁਲਜ਼ਮਾਂ ਕੁਲਦੀਪ ਕੌਰ ਪਤਨੀ ਜਸਕੌਰ ਸਿੰਘ ਤੇ ਜਗਮੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ।

ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਕੁਲਦੀਪ ਕੌਰ ਦੇ ਜਗਮੀਤ ਸਿੰਘ ਦੇ ਨਾਲ ਸਬੰਧ ਸਨ ਜਿਸ 'ਤੇ ਮ੍ਰਿਤਕ ਜਸਕੌਰ ਸਿੰਘ ਨੂੰ ਉਹ ਆਪਣੇ ਰਾਹ ਦਾ ਰੋੜਾ ਸਮਝਦੇ ਸਨ, ਇਸ ਲਈ ਉਨ੍ਹਾਂ ਨੇ ਰਲ ਕੇ ਜਸਕੌਰ ਸਿੰਘ ਨੂੰ ਕੋਈ ਨਸ਼ਾ ਦੇ ਕੇ ਉਸ ਦਾ ਸਿਰਹਾਣੇ ਨਾਲ ਸਾਹ ਘੁੱਟ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

# ਬੈਲਜ਼ੀਅਮ ਵਿਖੇ ਖ਼ਾਲਸਾ ਸਾਜਨਾਂ ਦਿਵਸ ਦੀ 325ਵੀਂ ਵਰੇਗੰਢ ਮੌਕੇ ਵਿਸ਼ਵ ਯੁੱਧਾਂ ਵਿੱਚ ਸ਼ਹੀਦ ਸਿੱਖ ਫੌਜ਼ੀਆਂ ਨੂੰ ਦਿੱਤੀ ਜਾਵੇਗੀ ਸ਼ਰਧਾਜਲੀ

ਈਪਰ, ਬੈਲਜ਼ੀਅਮ (ਪ੍ਰਗਟ ਸਿੰਘ ਜੋਧਪੁਰੀ)-ਖ਼ਾਲਸਾ ਸਾਜਨਾਂ ਦਿਵਸ ਦੀ 325ਵੀਂ ਵਰੇਗੰਢ ਮੌਕੇ ਦੋਨਾਂ ਵਿਸ਼ਵ ਯੁੱਧਾਂ ਵਿੱਚ ਸ਼ਹੀਦ ਸਿੱਖ ਫੌਜੀਆਂ ਦੀ ਯਾਦ ਨੂੰ ਸਮਰਪਿਤ ਇੱਕ ਵਿਸਾਲ ਧਾਰਮਿਕ ਸਮਾਗਮ ਬੈਲਜ਼ੀਅਮ ਦੇ ਇਤਿਹਾਸਿਕ ਸ਼ਹਿਰ ਈਪਰ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਈਪਰ ਦੇ ਪ੍ਰਸਾਸ਼ਨ, ਫਲਾਂਨਦਰਨ ਫੀਲਡ ਮਿਊਜ਼ੀਅਮ ਅਤੇ ਸਿੱਖਜ਼ ਔਨ ਦ ਵੈਸਟਰਨ ਫਰੰਟ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਅਤੇ ਦਸਵੰਧ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਸਮਾਗਮ ਵਿੱਚ ਸਿੱਖ ਕੌਮ ਦੀਆਂ ਮਹਾਨ ਸ਼ਖਸੀਅਤਾਂ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖਤ ਸ਼੍ਰੀ ਦਮਦਮਾ ਸਾਹਿਬ, ਭਾਈ ਰਵੀ ਸਿੰਘ ਖ਼ਾਲਸਾ ਮੁੱਖ ਸੇਵਾਦਾਰ ਖ਼ਾਲਸਾ ਏਡ, ਡਾਕਟਰ ਸੁਖਪ੍ਰੀਤ ਸਿੰਘ ਉਦੋਕੇ, ਭਾਈ ਮਨਧੀਰ ਸਿੰਘ, ਵਿਸ਼ਵ ਯੁੱਧਾਂ 'ਤੇ ਖੋਜ ਭਰਪੂਰ ਕਿਤਾਬਾਂ ਦੇ ਲੇਖਕ ਸਰਦਾਰ ਭੁਪਿੰਦਰ ਸਿੰਘ ਹੌਲੈਂਡ, ਲੇਖਕ ਬਲਵਿੰਦਰ ਸਿੰਘ ਚਾਹਲ ਇੰਗਲੈਂਡ, ਦਲ ਸਿੰਘ ਢੇਸੀ ਇੰਗਲੈਂਡ, ਡਾ ਸੁਰਜੀਤ ਸਿੰਘ ਜਰਮਨੀ ਸਮੇਤ ਯੂਰਪ ਭਰ ਦੇ ਪੰਥਕ ਆਗੂ ਇਸ ਸਮਾਗਮ ਵਿੱਚ ਸ਼ਿਰਕਤ ਕਰਨਗੇ। ਈਪਰ ਦੀ ਮੇਅਰ ਅਤੇ ਮੈਂਬਰ ਪਾਰਲੀਮੈਂਟ ਇਮਲੀ ਟਾਲਪੇ ਸਮੇਤ ਕਈ ਸ਼ਹਿਰਾਂ ਦੇ ਮੇਅਰ ਅਤੇ ਕਥਾਵਾਚਕ ਭਾਈ ਹਰਪਾਲ ਸਿੰਘ



ਫਤਿਹਗੜ੍ਹ ਸਾਹਿਬ 'ਤੋਂ ਇਲਾਵਾ ਸਿੱਖ ਧਰਮ ਦੀਆਂ ਹੋਰ ਵੀ ਮਹਾਨ ਸ਼ਖਸੀਅਤਾਂ ਪਹੁੰਚ ਰਹੀਆਂ ਹਨ। 26 ਅਪ੍ਰੈਲ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 28 ਅਪ੍ਰੈਲ ਨੂੰ ਭੋਗ ਪਾਏ ਜਾਣਗੇ। ਉਪਰੰਤ ਕਥਾ-ਕੀਰਤਨ ਦਰਬਾਰ, ਪੰਜਾਬ ਸਮੇਤ ਦੁਨੀਆਂ ਭਰ ਵਿੱਚੋਂ ਪਹੁੰਚੀਆਂ ਸ਼ਖਸੀਅਤਾਂ ਸੰਗਤਾਂ ਦੇ ਰੂਬਰੂ ਹੋਣਗੀਆਂ।

ਦੁਪਿਹਰੇ 2 'ਤੋਂ ਤਿੰਨ ਵਜੇ ਤੱਕ "ਦੇਹ ਸਿਵਾ ਵਰ ਮੋਹਿ ਇਹੇ" ਸਬਦ ਦੀ ਧੁਨ ਇਤਿਹਾਸਿਕ ਚਰਚ ਵਿੱਚੋਂ ਵਿਸੇਸ਼ ਤੌਰ ਤੇ ਵਜਾਈ ਜਾਵੇਗੀ।

ਦੁਪਿਹਰ ਬਾਅਦ 5 ਵਜੇ ਹੋਲੇਬੇਕੇ ਸਮਾਰਕ ਦੀ ਸਥਾਪਤੀ ਦੇ 25 ਸਾਲ ਪੂਰੇ ਹੋਣ ਤੇ 25ਵੀਂ ਵਰੇਗੰਢ ਮੌਕੇ ਅੱਧੇ ਕੁ ਘੰਟੇ ਦਾ ਸਮਾਗਮ ਸ਼ਹਿਰ ਦੇ ਪ੍ਰਸਾਸ਼ਨ ਅਤੇ ਫਲਾਂਨਦਰਨ ਫੀਲਡ ਮਿਊਜ਼ੀਅਮ ਵੱਲੋਂ ਹੋਵੇਗਾ।

ਇਹਨਾਂ ਪ੍ਰਬੰਧਾਂ ਲਈ ਯੂਰਪ ਭਰ ਦੇ ਸਿੱਖ



ਆਗੂਆਂ, ਬੈਲਜ਼ੀਅਮ ਦੇ ਸਾਰੇ ਗੁਰਦਵਾਰਾ ਸਾਹਿਬਾਨਾਂ ਅਤੇ ਖੇਡ ਕਲੱਬਾਂ ਦਾ ਪੂਰਨ ਸਹਿਯੋਗ ਹੈ ਅਤੇ ਤਿੰਨੇ ਦਿਨ ਗੁਰੂ ਕਾ ਅਤੁੱਟ ਲੰਗਰ ਵਰਤੇਗਾ। ਸਿੱਖਜ਼ ਔਨ ਦ ਵੈਸਟਰਨ ਫਰੰਟ ਦੇ ਆਗੂ ਭਾਈ ਮਨਜੋਤ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਦੁਪਹਿਰ ਬਾਅਦ 5 ਵਜੇ ਹੋਲੇਬੇਕੇ ਸਮਾਰਕ ਦੀ 25ਵੀਂ ਵਰੇਗੰਢ ਫਲਾਨਦਰਨ ਫੀਲਡ ਮਿਊਜ਼ੀਅਮ ਅਤੇ ਈਪਰ ਪ੍ਰਸਾਸ਼ਨ ਵੱਲੋਂ ਹੋਲੇਬੇਕੇ ਵਿਖੇ ਮਨਾਈ ਜਾਵੇਗੀ।

*ਕੀ ਹੈ ਹੋਲੇਬੇਕੇ ਸਮਾਰਕ :* ਖ਼ਾਲਸਾ ਸਾਜਨਾਂ ਦੇ 300ਵਾਂ ਦਿਵਸ ਵੀ ਯੂਰਪ ਭਰ ਦੀਆਂ ਸਿੱਖ ਸੰਗਤਾਂ ਨੇ ਈਪਰ ਸ਼ਹਿਰ ਵਿਖੇ ਅਪ੍ਰੈਲ 1999 ਵਿੱਚ ਵੱਡੇ ਪੱਧਰ ਤੇ ਮਨਾਇਆ ਸੀ। ਇਸੇ ਸਮੇਂ ਹੀ ਪੰਜ ਪਿਆਰਿਆਂ ਦੀ ਅਗਵਾਹੀ ਹੇਠ ਹੋਲੇਬੇਕੇ ਸਮਾਰਕ ਦਾ ਉਦਘਾਟਨ ਕੀਤਾ ਗਿਆ ਸੀ ਜਿਥੇ ਹਰ ਸਾਲ 11 ਨਵੰਬਰ ਨੂੰ ਸਿੱਖ ਸੰਗਤ ਸ਼ਹੀਦ ਫੌਜੀਆਂ



ਦੀ ਯਾਦ ਵਿੱਚ ਅਰਦਾਸ ਕਰਨ ਉਪਰੰਤ ਲੰਗਰ ਛਕਦੀ ਹੈ। 26 ਅਕਤੂਬਰ 1914 ਨੂੰ ਪਹਿਲੀ ਵਾਰ ਇਸ ਜਗ੍ਹਾ 'ਤੋਂ ਹੀ ਅੰਗਰੇਜ ਹਕੂਮਤ ਅਧੀਨ ਭਾਰਤੀ ਫੌਜਾਂ ਨੇ ਜੰਗ ਵਿੱਚ ਹਿੱਸਾ ਲਿਆ ਸੀ।

ਮੀਨਨ ਗੇਟ ਸਮਾਰਕ 'ਤੇ ਸ਼ਾਮ 8 ਵਜੇ ਰੋਜਾਨਾਂ ਹੁੰਦੀ ਪਰੇਡ ਵੀ ਇਸ ਦਿਨ ਸ਼ਹੀਦ ਸਿੱਖ ਫੌਜ਼ੀਆਂ ਨੂੰ ਸਮਰਪਿਤ ਹੋਵੇਗੀ। ਮੀਨਨ ਗੇਟ ਉਹ ਸਮਾਰਕ ਹੈ ਜਿਸ ਉੱਪਰ 54896 ਉਹਨਾਂ ਸ਼ਹੀਦਾਂ ਦੇ ਨਾਂਮ ਹਨ ਜਿੰਨ੍ਹਾਂ ਦੇ ਦਫਨਾਉਣ ਦੀ ਜਗ੍ਹਾ ਦੀ ਕੋਈ ਪੁੱਖਤਾ ਜਾਣਕਾਰੀ ਮੌਜੂਦ ਨਹੀ ਹੈ। 14 ਜੁਲਾਈ 1927 ਨੂੰ ਹੋਏ ਉਦਘਾਟਨ 'ਤੋਂ ਹੁਣ ਤੱਕ ਇਸ ਗੇਟ 'ਤੇ ਰੋਜਾਨਾਂ ਪਰੇਡ ਹੁੰਦੀ ਜੋ ਸਿਰਫ ਦੂਜੇ ਵਿਸ਼ਵ ਯੁੱਧ ਸਮੇਂ ਕੁੱਝ ਦਿਨਾਂ ਲਈ ਹੀ ਰੋਕੀ ਗਈ ਸੀ। ਇਹ ਪਰੇਡ ਲਾਸਟ ਪੋਸਟ ਐਸੋਸੀਏਸ਼ਨ ਦਾ ਤਿੰਨ 'ਤੋਂ ਪੰਜ ਜਣਿਆਂ ਦਾ ਇੱਕ ਗਰੁੱਪ ਬੁਗਲ ਵਜਾ ਕੇ ਕਰਦਾ ਹੈ।

# • ਪੰਜਾਬੀ ਫ਼ਿਲਮ ਦਰਪਣ •

## ਮਨੂ ਸਿੰਘ ਕਰ ਰਹੀ ਪੰਜਾਬੀ ਫ਼ਿਲਮਾਂ



ਮੁੰਬਈ ਵੀ ਮਨੂ ਸਿੰਘ ਦੀ ਟੀਵੀ ਤੇ ਫ਼ਿਲਮਾਂ ਵਿੱਚ ਚੰਗੀ ਥਾਂ ਹੈ ਤੇ ਓਹ "ਆਸਰਾ" "ਹੰਕਾਰ" "ਵਾਰਿਸ" ਤੇ "ਵੱਡਾ ਕਲਾਕਾਰ" ਫ਼ਿਲਮਾਂ ਕਰ ਚੁੱਕੀ ਹੈ। "ਰੋਜ ਰੋਜ਼ੀ ਤੇ ਗੁਲਾਬ" ਓਸ ਦੀ ਤਾਜ਼ਾ ਫ਼ਿਲਮ ਹੈ। ਅਜੇ ਵੀ ਚੁਲਬੁਲੀ ਪਿਆਰੀ ਮਨੂ ਸਿੰਘ ਨੇ "ਲਵ ਸ਼ਵ ਪਿਆਰ ਵਿਆਰ" ਤੇ "ਰਾਏਬਰੇਲੀ" ਫ਼ਿਲਮਾਂ ਕੀਤੀਆਂ ਹਨ। ਗੱਲ ਕੀ ਰੰਗਮੰਚ ,ਟੀਵੀ ਤੇ ਹਿੰਦੀ ਪੰਜਾਬੀ ਫ਼ਿਲਮਾਂ ਦੀ ਇਹ ਅਭਿਨੇਤਰੀ ਹੁਣ ਤੇਜ਼ੀ ਨਾਲ ਪਾਲੀਵੁੱਡ ਵਿੱਚ ਛਾ ਜਾਣ ਲਈ ਤਿਆਰ ਹੈ। "ਸ਼ਿੰਦਾ ਤੇ ਰਾਣੋ" ਓਸ ਦੀ ਆ ਰਹੀ ਫ਼ਿਲਮ ਹੈ। "ਮਿਮੀ" ਜਿਹੀ ਫ਼ਿਲਮ ਕਰਨ ਵਾਲੀ ਮਨੂ ਸਿੰਘ ਇਸ ਸਾਲ ਪਾਲੀਵੁੱਡ ਦੀ ਸਟਾਰ ਬਣੇ ਓਸ ਦੇ ਚਹੇਤੇ ਇਹੀ ਚਾਹੁੰਦੇ ਹਨ।

## ਕੰਵਲਜੀਤ ਮਾਨਾਂਵਾਲਾ ਦੀ ਨਜ਼ਰ ਕਲਾਕਾਰ



ਅੰਤਰ ਰਾਸ਼ਟਰੀ ਪੱਧਰ ਦੇ ਟੀਵੀ ਐਂਕਰ ਤੇ ਹੁਣ ਕਈ ਪੰਜਾਬੀ ਚੈਨਲਾਂ ਦੇ ਸੀਈਓ ਕੰਵਲਜੀਤ ਮਾਨਾਂਵਾਲਾ ਦੀ ਇੱਜ਼ਤ ਸਾਰੇ ਕਲਾਕਾਰ ਕਰਦੇ ਹਨ ਤੇ ਓਹ ਵੀ ਹਰੇਕ ਨੂੰ ਆਪਣੀ ਆਪਣੀ ਥਾਂ ਵਧੀਆ ਸਮਝਦੇ ਹਨ। ਸੁਰਿੰਦਰ ਲਾਡੀ, ਬਲਜਿੰਦਰ ਰਿੰਪੀ, ਧਿਰਾ ਗਿੱਲ ਤੇ ਸ਼ੇਰਾ ਬੋਹੜ ਵਾਲੀਆ ਦਾ ਤਾਂ ਕੈਰੀਅਰ ਸੰਵਾਰਨ ਵਿੱਚ ਓਹਨਾਂ ਦਾ ਖਾਸ ਯੋਗਦਾਨ ਹੈ। ਫ਼ਿਲਮ ਲੇਖਕ ਤੇ ਕਮੇਡੀਅਨ ਦੀਦਾਰ ਗਿੱਲ ਨੂੰ ਓਹ ਭਵਿੱਖ ਦਾ ਕਪਿਲ ਸ਼ਰਮਾ ਆਖਦੇ ਹਨ। ਮਾਨਾਂਵਾਲਾ ਹੁਣ ਸ਼ੰਮੀ ਖਾਂ, ਅਜੇ ਸਿੰਘ, ਗੁਰਜਿੰਦਰ ਭਿੰਡਰ, ਦਿਲਪ੍ਰੀਤ ਨੂੰ ਉਤਸ਼ਾਹਿਤ ਕਰ ਰਹੇ ਹਨ। ਖੁਦ ਇੱਕ ਫ਼ਿਲਮ ਤੇ ਕੰਮ ਕਰ ਰਹੇ ਕੰਵਲਜੀਤ ਮਾਨਾਂਵਾਲਾ ਦੀ ਸੋਚ ਪੰਜਾਬੀ ਭਾਸ਼ਾ ਨੂੰ ਪੰਜਾਬੀ ਟੀਵੀ ਚੈਨਲਾਂ ਤੇ ਖ਼ੂਬ ਉਤਸ਼ਾਹਿਤ ਕਰਨ ਦੀ ਹੈ ਤੇ ਓਹ ਕਈ ਫ਼ਿਲਮਜ਼ ਵਿੱਚ ਅਭਿਨੈ ਵੀ ਕਰ ਚੁੱਕੇ ਹਨ।

## ਆਸ਼ਾ ਸ਼ਰਮਾ ਮਲਕਾ ਹੈ ਸਟੇਜ ਦੀ, ਲਫ਼ਜ਼ਾਂ ਦੀ ਜਾਦੂਗਰਨੀ



ਗੁਰਦਾਸ ਮਾਨ ਤੋਂ ਰਣਜੀਤ ਬਾਵਾ, ਸਤਵਿੰਦਰ ਬਿੱਟੀ ਤੋਂ ਕੌਰ ਬੀ ਤੇ ਹਰਭਜਨ ਮਾਨ ਤੋਂ ਵੀਤ ਬਲਜੀਤ ਸਭ ਆਸ਼ਾ ਸ਼ਰਮਾ ਦੁਆਰਾ ਸਟੇਜ ਤੇ ਪੇਸ਼ ਹੋਣਾ ਮਾਣ ਸਮਝਦੇ ਹਨ। ਬਰਨਾਲਾ ਤੋਂ ਚਲ ਕਿ ਮੇਲੇ ਲਾਉਂਦੀ ਆਪਣੀ ਸਟੇਜ ਪੇਸ਼ਕਾਰੀ ਨਾਲ ਮਨ ਮੋਹ ਲੈਂਦੀ ਆਸ਼ਾ ਸ਼ਰਮਾ ਅੱਜ ਯੂ ਐਸ ਏ ਸਥਾਪਿਤ ਹੈ। ਓਥੇ ਫਿਲਮੀ ਤੇ ਗਾਇਕੀ ਸ਼ੋ ਅੱਜ ਵੀ ਓਸ ਤੇਜ਼ੀ ਨਾਲ ਕਰ ਰਹੀ ਹੈ ਜਿਵੇਂ ਬਰਨਾਲਾ ਤੋਂ ਗੰਗਾਨਗਰ ਸੁਪਰ ਫਾਸਟ ਟਰੇਨ ਕਰਦੀ ਹੈ। ਆਸ਼ਾ ਸ਼ਰਮਾ ਨੂੰ ਸੁਖਦੇਵ ਸਾਹਿਲ ਆਵਾਜ਼ ਦੀ ਜਾਦੂਗਰਨੀ ਆਖਦੇ ਨੇ ਕਿ ਭੈਣ ਆਸ਼ਾ ਜੀ ਠੇਠ ਪੰਜਾਬੀ ਸ਼ਬਦਾਵਲੀ ਦੀ ਮਲਕਾ ਹਨ ਤੇ ਮਲਕਾ ਹਮੇਸ਼ਾ ਰਾਜ ਕਰਦੀ ਹੈ। ਆਸ਼ਾ ਸ਼ਰਮਾ ਨੇ ਦਰਸਾ ਦਿੱਤਾ ਕਿ ਪੰਡਤਾਂ ਦੀ ਧੀ ਜੱਟੀਆਂ ਦੀ ਬੋਲੀ ਦੀ ਸਰਦਾਰਨੀ ਹੈ, ਅਰਥਾਤ ਪੰਜਾਬੀ ਭਾਸ਼ਾ ਤੇ ਓਸ ਦੀ ਪਕੜ ਬੇਹੱਦ ਮਜ਼ਬੂਤ ਹੈ।


## ਅਰਜਨ ਗਾਇਕੀ ਦਾ ਲਾਡਲਾ,



## ਪ੍ਰਨੀਤ ਤੇ ਲਵ ਦੀਆਂ "ਬੋਲੀਆਂ"

ਸੱਚਮੁੱਚ ਨੌਜਵਾਨ ਗਾਇਕ ਅਰਜਨ ਲਾਡਲਾ ਪੰਜਾਬੀ ਗਾਇਕੀ ਦਾ ਲਾਡਲਾ ਪੁੱਤਰ ਹੈ। "ਨੋਟ" ਤੇ "ਪਟਵਾਰੀ" ਗੀਤਾਂ ਵਾਲੇ ਅਰਜਨ ਲਾਡਲਾ ਨੇ ਹਨ ਪ੍ਰਨੀਤ ਢਿੱਲੋਂ ਤੇ ਲਵ ਰੰਧਾਵਾ ਨਾਲ "ਲੋਕ ਬੋਲੀਆਂ" ਰਿਕਾਰਡ ਕਰਵਾ ਲਈਆਂ ਹਨ। ਪ੍ਰਨੀਤ ਢਿੱਲੋਂ ਬਹੁਤ ਸੁਰੀਲੀ ਕੁੜੀ ਹੈ ਤੇ ਲਵ ਰੰਧਾਵਾ ਸੁਰ ਵਾਲਾ ਕਲਾਕਾਰ ਹੈ। ਐਨੀ ਸਿੰਘ ਦੇ ਸੰਗੀਤ ਵਿੱਚ ਲੋਕ ਰੰਗ ਦਿਖਾਈ ਦੇਵੇਗਾ ਤੇ ਅਰਜਨ, ਪ੍ਰਨੀਤ ਤੇ ਲਵ ਦੀਆਂ ਇਹ ਬੋਲੀਆਂ ਵਿਆਹਾਂ ਤੇ ਡੀ ਜੇ ਉਪਰ ਨ੍ਹੇਰੀ ਲਿਆ ਦੇਣਗੀਆਂ। ਸ਼ੰਮੀ ਖਾਨ ਦਾ ਕਹਿਣੈ ਕਿ ਮਲਕੀਤ ਸਿੰਘ ਵਾਂਗ ਇਹ ਲੋਕ ਬੋਲੀਆਂ ਇਤਿਹਾਸਕ ਬਣ ਜਾਣਗੀਆਂ।

## ਇਕਬਾਲ ਢਿੱਲੋਂ ਦਿਖਾ "ਬੁਢਾਪੇ ਦਾ ਇਸ਼ਕ" ਲਿਆ ਰਿਹਾ "ਤਬਾਹੀ" ਓਹ ਵੀ ਰਿਲੋਡੇਡ




ਹਰ ਫ਼ਿਲਮ ਤਕਰੀਬਨ ਹਿੱਟ, ਇਤਿਹਾਸ ਪੰਜਾਬੀ ਫ਼ਿਲਮਾਂ ਦਾ ਗਵਾਹ "ਪੁੱਤ ਜੱਟਾਂ ਦੇ" ਤੋਂ ਪਹਿਲੀ, "ਤਬਾਹੀ" ਤੱਕ ਅਨੇਕਾਂ ਹਿੱਟ ਫ਼ਿਲਮਜ ਵਾਲੇ ਮੇਕਰ ਇਕਬਾਲ ਢਿੱਲੋਂ ਦੀ ਮੌਜੂਦਾ 5 ਅਪ੍ਰੈਲ ਨੂੰ ਆ ਰਹੀ ਫ਼ਿਲਮ "ਤਬਾਹੀ ਰੀਲੋਡਡ" ਵਿੱਚ ਹੈ ਐਨਾ ਮਸਾਲਾ ਕਿ ਪੱਕੀ ਕਾਮਯਾਬ ਹੋਊ। ਸ਼ਰਾਬ ਤੇ ਸ਼ਬਾਬ ਨਾਲ ਕਬਾਬ ਮੰਤਰੀ, ਸੰਤਰੀ ਤੇ ਨੇਤਾ ਸੀ ਐਮ ਪਾਰਟੀ ਗਾਣਾ "ਬੁਢਾਪੇ ਦਾ ਇਸ਼ਕ" ਤੇ ਚੇਹਰੇ ਦੇਖ ਪੰਜਾਬੀਆਂ ਨੂੰ ਸਭ ਯਾਦ ਆਏਗਾ ਕਿ ਇੰਜ ਹੀ ਇਥੇ ਹੁੰਦਾ ਰਿਹਾ। ਖੈਰ ਨਸੀਬੋ ਨੇ ਅਲਤਾਫ ਬਾਜਵਾ ਦਾ ਲਿਖਿਆ ਤੇ ਗੌਹਰ ਅਲੀ ਦਾ ਸੰਗੀਤਬੱਧ ਗੀਤ "ਇਸ਼ਕ ਬੁਢਾਪੇ ਦਾ" ਗਾ ਕਿ "ਤਬਾਹੀ" ਮਚਾ ਦਿੱਤੀ ਹੈ। ਪੂਜਾ ਗਾਬਾ, ਸਵਰਨ ਸਿੰਘ, ਦਲੇਰ ਮਹਿਤਾ, ਗੁਰ ਰੰਧਾਵਾ, ਜਰਮਨਜੀਤ ਮੱਲ੍ਹੀ ਦੀ ਕਲਾਕਾਰੀ ਬਲਬੀਰ ਟਾਂਡਾ ਦੀ "ਤਬਾਹੀ ਰੇਲੋਡੇਡ" ਫ਼ਿਲਮ ਨੂੰ ਕਾਮਯਾਬ ਬਣਾਏ ਦੁਆ ਕਰੋ, ਪੰਜਾਬੀ ਫ਼ਿਲਮਾਂ ਕਾਮਯਾਬ ਤਾਂ ਬੋਲੀ ਦਾ ਵਿਕਾਸ। ਇਕਬਾਲ ਢਿੱਲੋਂ ਦੀ ਸੁਰਜੀਤ ਮੂਵੀਜ਼ ਦੀ ਟੀਮ ਨੂੰ ਮੁਬਾਰਕਾਂ।

## ਗੁਰਦੀਪ ਸੰਧੂ ਦੀ ਮਾਡਲਿੰਗ ਦਾ ਨਜ਼ਾਰਾ ਹੀ ਹੋਰ ਹੈ



ਮਾਡਲ ਸੁਨੱਖਾ ਤੇ ਐਕਟਿੰਗ ਜਾਣਦਾ ਹੋਏ ਤਾਂ ਗਾਣਾ ਆਪ ਹੀ ਕਾਮਯਾਬ ਵੀਡਿਓ ਏ ਬੋਲਦਾ ਹੈ ਤੇ ਮਾਡਲਿੰਗ ਵਿੱਚ ਗੁਰਦੀਪ ਸੰਧੂ ਦਾ ਜਵਾਬ ਨਹੀਂ ਹੈ। ਗੁਰਦੀਪ ਸੰਧੂ ਨੇ ਸ਼ੰਮੀ ਖਾਨ ਦੇ ਚਰਚਿਤ ਗੀਤ "ਕਬੱਡੀਆਂ, ਲਈ ਲਾਜਵਾਬ ਮਾਡਲਿੰਗ ਕੀਤੀ। ਹਸਮੁੱਖ ਤੇ ਦਲੇਰ ਸੁਭਾਅ ਕਾਰਨ ਮਾਡਲ ਕੁੜੀਆਂ ਤੇ ਕਿਰਨ ਸਾਰੇ ਆਖਦੇ ਨੇ ਗੁਰਦੀਪ ਸੰਧੂ ਨਾਲ ਵੀਡਿਓ ਕਰਨਾ ਤੀਆਂ ਦੇ ਬਰਾਬਰ ਹੈ। ਗੁਰਦੀਪ ਸੰਧੂ ਨੂੰ ਮਿਰਜ਼ਾ ਦਿਖਾ ਸ਼ੰਮੀ ਖਾਨ ਨੇ ਜਿਹੜਾ ਵੀਡਿਓ ਕੀਤਾ ਓਸ ਦੇ ਵਿਊ ਲੱਖਾਂ ਵਿੱਚ ਆਏ ਤੇ ਆ ਰਹੇ ਹਨ।

ਫਿਲਮੀ ਨਾਇਕ ਹੋਣ ਕਾਰਨ ਗੁਰਦੀਪ ਸੰਧੂ ਲੱਗਦਾ ਹੀ ਜਤਿੰਦਰ ਹੈ ਤੇ ਜਤਿੰਦਰ ਨਾਲ ਅਰਥਾਤ ਸੰਧੂ ਨਾਲ ਕੀ ਸ਼੍ਰੀ ਦੇਵੀ, ਕੀ ਜਯਾ ਪ੍ਰਦਾ ਅਰਥਾਤ ਸ਼ਵੇਤਾ ਤੇ ਰੁਪਾਲੀ ਹਰ ਐਕਟ੍ਰੈਸ ਮਾਡਲ ਕੰਮ ਕਰਨਾ ਖੁਸ਼ੀ ਨਾਲ ਸਵੀਕਾਰਦੀ ਹੈ।

ਪੇਸ਼ਕਸ਼ : ਅੰਮ੍ਰਿਤ ਪਵਾਰ

# ਅਮਰੀਕਾ ਦੇ ਨੈਸ਼ਨਲ ਏਅਰਪੋਰਟ 'ਤੇ ਦੋ ਜਹਾਜ਼ਾਂ ਵਿਚਾਲੇ ਹਾਦਸਾ ਮਸਾਂ ਟਲਿਆ

**○ ਗਲਤੀ ਕਾਰਨ ਇਕੋ ਪੱਟੜੀ 'ਤੇ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਦਿੱਤੀ ਹਰੀ ਝੰਡੀ**



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਰੋਨਾਲਡ ਰੀਗਨ ਨੈਸ਼ਨਲ ਏਅਰੋਪਰਟ 'ਤੇ ਇਕੋ ਪੱਟੜੀ ਉਪਰ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਹਰੀ ਝੰਡੀ ਮਿਲਣ ਉਪਰੰਤ ਤੁਰੰਤ ਗਲਤੀ ਦਾ ਅਹਿਸਾਸ ਹੋਣ 'ਤੇ ਜਹਾਜ਼ਾਂ ਨੂੰ ਇਕ ਦੂਸਰੇ ਤੋਂ ਕੁਝ ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਘਟਨਾ ਦੀ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਜਾਂਚ ਕਰੇਗਾ। ਸਵੇਰ 7.40 ਵਜੇ ਏਅਰਪੋਰਟ ਦੇ ਕੰਟਰੋਲਰ ਨੇ ਜੈੱਟ ਬਲਿਊ ਏਅਰਵੇਅਜ ਫਲਾਈਟ ਨੂੰ ਉਡਾਣ ਭਰਨ ਦੀ ਇਜਾਜਤ ਦਿੱਤੀ। ਇਸੇ ਸਮੇ 'ਤੇ ਹੀ ਟੈਕਸਿੰਗ ਏਅਰਕਰਾਫਟ ਦੇ ਕੰਟਰੋਲਰ ਨੇ ਸਾਊਥਵੈਸਟ ਏਅਰਲਾਈਨ ਜੈੱਟ ਨੂੰ ਉਸੇ ਹੀ ਪੱਟੜੀ ਉਪਰ ਉਡਾਣ ਭਰਨ ਲਈ ਹਰੀ ਝੰਡੀ ਦੇ ਦਿੱਤੀ। ਤਕਰੀਬਨ 30 ਸਕਿੰਟ ਬਾਅਦ ਗਲਤੀ ਦਾ ਅਹਿਸਾਸ ਹੋਣ 'ਤੇ ਕੰਟਰੋਲਰ ਨੇ ਦੋਨਾਂ ਜਹਾਜ਼ ਨੂੰ ਤੁਰੰਤ ਰੋਕ ਦੇਣ ਦਾ ਆਦੇਸ਼ ਦਿੱਤਾ। ਦੋਨਾਂ ਜਹਾਜ਼ਾਂ ਨੂੰ ਤਕਰੀਬਨ 400 ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਉਪਰੰਤ ਏਅਰਪੋਰਟ ਦੇ ਕੰਟਰੋਲਰ ਨੇ ਸੁੱਖ ਦਾ ਸਾਹ ਲਿਆ। ਜੇਕਰ ਸਮੇ ਸਿਰ ਪਤਾ ਨਾ ਲੱਗਦਾ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ।

# ਸਾਡੀ ਡਿਜ਼ੀਟਲ ਲਾਈਫ਼


## ਪ੍ਰੋ. ਕੁਲਬੀਰ ਸਿੰਘ






ਐਜ਼ਰਾ ਕਲੇਨ 'ਦਾ ਨਿਊਯਾਰਕ ਟਾਈਮਜ਼' ਦਾ ਕਾਲਮਨਵੀਸ ਹੈ। ਚਰਚਿਤ ਪੱਤਰਕਾਰ ਹੈ ਅਤੇ 'ਐਜ਼ਰਾ ਕਲੇਨ ਸ਼ੋਅ' ਨਾਂਅ ਦਾ ਟੈਲੀਵਿਜ਼ਨ ਪ੍ਰੋਗਰਾਮ ਪੇਸ਼ ਕਰਦਾ ਹੈ। ਬੀਤੇ ਦਿਨੀਂ ਮੈਂ ਉਸਦਾ ਇਕ ਆਰਟੀਕਲ ਪੜ੍ਹ ਰਿਹਾ ਸਾਂ ਜਿਸ ਵਿਚ ਉਸਨੇ ਆਪਣੀ ਡਿਜ਼ੀਟਲ ਲਾਈਫ਼ ਵਿਚ ਜਮ੍ਹਾਂ ਹੋਏ ਕਬਾੜ ਦੇ ਢੇਰਾਂ ਦਾ ਜ਼ਿਕਰ ਕੀਤਾ ਸੀ। ਉਸਨੇ ਦੱਸਿਆ ਸੀ ਕਿ 10 ਲੱਖ ਦੇ ਕਰੀਬ ਈ ਮੇਲ ਬਿਨ੍ਹਾਂ ਪੜ੍ਹੇ ਪਈਆਂ ਹਨ। ਉਹ ਇਹ ਵੀ ਜਾਣਦਾ ਹੈ ਕਿ ਉਨ੍ਹਾਂ ਵਿਚ ਯਕੀਨਨ ਕੁਝ ਜ਼ਰੂਰੀ ਈ ਮੇਲ ਵੀ ਹਨ। ਪਰ ਉਸਨੂੰ ਸਮਝ ਨਹੀਂ ਆ ਰਹੀ ਕਿ ਉਨ੍ਹਾਂ ਨੂੰ ਕਿਵੇਂ ਢੰਗ-ਸਿਰ ਕਰੇ ਅਤੇ ਜ਼ਰੂਰੀ ਦੀ ਛਾਂਟੀ ਕਰਕੇ ਉਨ੍ਹਾਂ ਨੂੰ ਪੜ੍ਹ ਸਕੇ। ਇਹਦੇ ਵਿਚ ਅਜਿਹੀ ਕੋਈ ਵੀ ਤਕਨੀਕੀ ਸਹੂਲਤ ਉਸਦੇ ਕੰਮ ਨਹੀਂ ਆ ਰਹੀ।

ਅਖ਼ੀਰ ਵਿਚ ਉਹ ਕਹਿੰਦਾ ਹੈ ਕਿ ਮੇਰੀ ਡਿਜ਼ੀਟਲ ਲਾਈਫ਼ ਬਾਗ਼-ਬਗੀਚੇ ਵਰਗੀ ਹੋਣੀ ਚਾਹੀਦੀ ਹੈ ਜਿੱਥੇ ਉਹ ਤਰੋਤਾਜ਼ਾ ਹੋਣ ਲਈ ਜਾਵੇ। ਨਾਲ ਹੀ ਪੁੱਛਦਾ ਹੈ - ਕੀ, ਅਜਿਹਾ ਸੰਭਵ ਹੈ? ਸੱਚਮੁਚ ਸਾਡੀ ਡਿਜ਼ੀਟਲ ਲਾਈਫ਼ ਬੜੀ ਗੁੰਝਲਦਾਰ, ਬੜੀ ਉਕਾਊ, ਬੜੀ ਤਣਾਓ ਭਰੀ ਹੋ ਗਈ ਹੈ। ਹਰ ਕੋਈ ਇਹਦੇ ਵਿਚ ਰਹਿਣਾ ਵੀ ਚਾਹੁੰਦਾ ਹੈ, ਨਹੀਂ ਵੀ ਰਹਿਣਾ ਚਾਹੁੰਦਾ। ਸੋਸ਼ਲ ਮੀਡੀਆ ਦੇ ਵੱਡੇ ਵੱਡੇ ਫੰਨੇ ਖਾਂ ਇਸਤੋਂ ਤੌਬਾ ਕਰ ਗਏ ਹਨ। ਫੇਸਬੁੱਕ ਦੇ ਧਨੰਤਰ ਇਸ ਨੂੰ ਅਲਵਿਦਾ ਕਹਿ ਗਏ ਹਨ। ਇੰਟਰਨੈਟ ਦੀ ਦੁਨੀਆਂ ਤੋਂ ਕਰੋੜਾਂ ਲੋਕ ਅੱਕੇ ਪਏ ਹਨ। ਈ ਮੇਲ, ਮੈਸਜ, ਵੱਟਸਐਪ ਦਾ ਕਚਰਾ ਸਾਫ਼ ਕਰ ਕਰ ਥੱਕੇ ਪਏ ਹਨ।

ਕੋਈ ਬੇਨਤੀਆਂ ਕਰ ਰਿਹਾ ਮੈਨੂੰ ਟੈਗ ਨਾ ਕਰੋ। ਕੋਈ ਤਰਲੇ ਲੈ ਰਿਹਾ ਮੈਨੂੰ ਬਲੋੜੇ ਮੈਸਜ਼ ਨਾ ਭੇਜੋ। ਕੋਈ ਧਮਕੀਆਂ ਦੇ ਰਿਹਾ ਮੈਨੂੰ ਧੱਕੇ ਨਾਲ ਗਰੁੱਪਾਂ ਵਿਚ ਸ਼ਾਮਲ ਨਾ ਕਰੋ। ਡਿਜ਼ੀਟਲ ਲਾਈਫ਼ ਲੜਾਈ ਦਾ ਮੈਦਾਨ ਬਣ ਗਈ ਹੈ।

ਮੈਂ ਇਕ ਡਾਕਟਰ ਨੂੰ ਵੇਖਿਆ ਕਿ ਇਕ ਮਰੀਜ਼ ਤੋਂ ਦੂਸਰੇ ਮਰੀਜ਼ ਵਿਚਾਲੇ ਮਿਲਦੇ ਭੋਰਾ ਜਿਹੇ ਵਕਤ ਨੂੰ ਉਹ ਫਾਲਤੂ ਈ ਮੇਲ ਡਲੀਟ ਕਰਨ ਲਈ ਵਰਤ ਰਿਹਾ ਸੀ।

ਮਨੁੱਖ ਅਤੇ ਮਸ਼ੀਨ ਵਿਚ ਅੰਤਰ ਹੈ। ਇਹ ਕੁਦਰਤ ਦੀ ਸਿਰਜੀ ਹੋਈ ਮਸ਼ੀਨ ਹੈ। ਪਰ ਅਜੋਕੇ ਡਿਜ਼ੀਟਲ ਦੌਰ ਵਿਚ ਮਨੁੱਖ ਦੁਆਰਾ ਬਣਾਈਆਂ ਅਤੇ ਕੁਦਰਤ ਦੁਆਰਾ ਸਿਰਜੀ ਇਸ ਮਸ਼ੀਨ ਵਿਚਲਾ ਅੰਤਰ ਘੱਟਦਾ ਜਾ ਰਿਹਾ ਹੈ।

ਜਦੋਂ ਤੁਸੀਂ ਸੋਸ਼ਲ ਮੀਡੀਆ 'ਤੇ ਕਿਸੇ ਨੂੰ ਬੁਰਾ ਭਲਾ ਕਹਿੰਦੇ ਹੋ, ਬੋਲ ਕਬੋਲ ਲਿਖਦੇ ਹੋ, ਗਾਲੀ ਗਲੋਚ ਕਰਦੇ ਹੋ। ਕਿਸੇ ਨੂੰ ਨਿਸ਼ਾਨਾ ਬਣਾ ਕੇ ਪੋਸਟਾਂ ਪਾਉਂਦੇ ਹੋ ਤਾਂ ਤੁਸੀਂ ਤੰਦਰੁਸਤ ਨਹੀਂ ਹੋ। ਕੋਈ ਨਾ ਕੋਈ ਸਰੀਰਕ ਮਾਨਸਿਕ ਵਿਗਾੜ ਉੱਭਰ ਆਏ ਹਨ ਅਤੇ ਉਹ ਡਿਜ਼ੀਟਲ ਲਾਈਫ਼ ਦੇ ਹੀ ਪੈਦਾ ਕੀਤੇ ਹੋਏ ਹਨ।

ਸ਼ੁਰੂ ਵਿਚ ਛੇਤੀ ਕੀਤੇ ਅਜਿਹਾ ਵਿਅਕਤੀ ਮੰਨਣ ਸਮਝਣ ਲਈ ਤਿਆਰ ਨਹੀਂ ਹੁੰਦਾ ਕਿ ਉਹ ਬੁਰੀ ਤਰ੍ਹਾਂ ਡਿਜ਼ੀਟਲ ਲਾਈਫ਼ ਵਿਚ ਘਿਰ ਗਿਆ ਹੈ। ਉਸਨੂੰ ਸੋਸ਼ਲ ਮੀਡੀਆ ਦੀ ਲੱਤ ਲੱਗ ਚੁੱਕੀ ਹੈ। ਉਹ ਰੋਜ਼ਾਨਾ ਇਕ ਦੋ ਪੋਸਟਾਂ ਪਾਏ ਬਿਨ੍ਹਾਂ ਰਹਿ ਨਹੀਂ ਸਕਦਾ। ਮਾਹਿਰ ਇਸ ਨੂੰ ਡਿਜ਼ੀਟਲ ਅਡਿਕਸ਼ਨ ਦਾ ਨਾਂ ਦਿੰਦੇ ਹਨ। ਤੁਸੀਂ ਆਪਣੇ ਜ਼ਰੂਰੀ ਕੰਮ ਛੱਡ ਕੇ ਵਾਰ ਵਾਰ ਸਮਾਰਟ ਫੋਨ ਖੋਲ੍ਹਦੇ ਹੋ। ਫੇਸਬੁੱਕ, ਵੱਟਸਐਪ, ਟਵਿੱਟਰ 'ਤੇ ਜਾਂਦੇ ਹੋ। ਸਟੇਟਸ ਚੈੱਕ ਕਰਦੇ ਹੋ। ਜਿਧਰ ਨਜ਼ਰ ਮਾਰੋ ਹਰ ਕੋਈ ਫੋਨ 'ਤੇ ਰੁੱਝਾ ਹੋਇਆ ਹੈ। ਬੈਠਾ ਹੋਇਆ, ਖੜੋਤਾ ਹੋਇਆ, ਤੁਰਦਾ ਹੋਇਆ, ਇਕੱਲਾ, ਗਰੁੱਪ ਵਿਚ। ਪਤਾ ਨਹੀਂ ਸ਼ੀਸ਼ੇ ਦੇ ਇਸ ਛੋਟੇ ਜਿਹੇ ਟੁਕੜੇ ਵਿਚੋਂ ਅਸੀਂ ਕੀ ਲੱਭਦੇ ਹਾਂ? ਇਸ ਨਕਲੀ ਸੰਸਾਰ ਵਿਚ ਕੀ ਗਵਾਚ ਗਿਆ ਹੈ ਸਾਡਾ? ਹਰ ਕਿਸੇ 'ਤੇ ਪ੍ਰਸਿੱਧ ਹੋਣ ਦੀ, ਚਰਚਿਤ ਹੋਣ ਦੀ, ਮਸ਼ਹੂਰ ਹੋਣ ਦੀ, ਵੱਡਾ ਵਿਅਕਤੀ ਦਿਸਣ ਦੀ ਧੁਨ ਸਵਾਰ ਹੈ।

80-85 ਫੀਸਦੀ ਪੋਸਟਾਂ ਬੇਕਾਰ ਹੁੰਦੀਆਂ ਹਨ। ਪੰਜਾਹ ਪ੍ਰਤੀਸ਼ਤ ਇਕ ਦੂਸਰੇ ਨੂੰ ਨੀਵਾਂ ਵਿਖਾਉਣ, ਗਿਲੇ ਸ਼ਿਕਵੇ ਪ੍ਰਗਟਾਉਣ, ਧਮਕੀਆਂ ਦੇਣ ਲਈ ਪਾਈਆਂ ਹੁੰਦੀਆਂ ਹਨ। ਦਸ-ਪੰਦਰਾਂ ਪ੍ਰਤੀਸ਼ਤ ਹੀ ਅਰਥ ਭਰਪੂਰ ਅਤੇ ਮਹੱਤਵਪੂਰਨ ਹੁੰਦੀਆਂ ਹਨ।

ਚਿੰਤਾ, ਗੁੱਸਾ, ਡਰ, ਤਣਾਅ, ਡਿਪਰੈਸ਼ਨ, ਬਦਲੇ ਦੀ ਭਾਵਨ, ਘਬਰਾਹਟ ਡਿਜ਼ੀਟਲ ਲਾਈਫ਼ ਕਾਰਨ ਹਨ। ਇਨ੍ਹਾਂ ਕਾਰਨ ਅੱਗੋਂ ਅਨੇਕਾਂ ਸਰੀਰਕ ਮਾਨਸਿਕ ਬਿਮਾਰੀਆਂ ਦੇ ਰਾਹ-ਰਸਤੇ ਤਿਆਰ ਹੁੰਦੇ ਹਨ। ਸਾਡਾ ਜੀਵਨ ਇੰਟਰਨੈਟ 'ਤੇ ਨਿਰਭਰ ਹੋ ਗਿਆ ਹੈ। ਡਿਜ਼ੀਟਲ ਲਾਈਫ਼ ਬਚਪਨ ਵਿਚ ਹੀ ਸ਼ਖ਼ਸੀਅਤ ਵਿਕਾਸ, ਯਾਦਸ਼ਕਤੀ, ਪੜ੍ਹਨ-ਲਿਖਣ ਯੋਗਤਾ, ਸੋਚਣ-ਸ਼ਕਤੀ ਅਤੇ ਇਕਾਗਰਤਾ ਨੂੰ ਪ੍ਰਭਾਵਤ ਕਰ ਰਹੀ ਹੈ।

ਬੇਲੋੜੀ, ਫਾਲਤੂ ਦੀ ਜਾਣਕਾਰੀ ਸਿਰ ਵਿਚ ਭਰੀ ਜਾਂਦੇ ਹਾਂ। ਜਦੋਂ ਇੰਟਰਨੈਟ ਨਹੀਂ ਸੀ, ਜਦੋਂ ਫੇਸਬੁਕ ਟਵਿੱਟਰ ਨਹੀਂ ਸਨ, ਕੀ ਉਦੋਂ ਜੀਵਨ ਨਹੀਂ ਸੀ। ਕੀ ਸਾਡੇ ਵੱਡੇ ਵਡੇਰੇ ਸਾਡੇ ਨਾਲੋਂ ਚੰਗਾ, ਖੁਸ਼, ਸਹਿਜ, ਤੰਦਰੁਸਤ ਜੀਵਨ ਨਹੀਂ ਸੀ ਜਿਉਂਦੇ? ਕੀ ਉਦੋਂ ਕਦੇ ਤਣਾਅ, ਡਿਪਰਸ਼ਨ ਬਾਰੇ ਕਿਸੇ ਨੇ ਸੁਣਿਆ ਸੀ?

ਜਾਣਕਾਰੀ ਦੀ ਵੰਨਸੁਵੰਨਤਾ ਐਨੀ ਵੱਧ ਗਈ ਹੈ ਕਿ ਸਹੀ ਗਲਤ ਦਾ ਨਿਰਣਾ ਕਰਨਾ ਕਠਿਨ ਹੋ ਗਿਆ ਹੈ। ਗੂਗਲ, ਐਮਾਜ਼ੋਨ, ਮਾਈਕਰੋਸਾਫ਼ਟ ਅਤੇ ਫੇਸਬੁੱਕ 'ਤੇ 1200 ਪੇਟਾਬਾਈਟਸ ਬਣਦੀ ਹੈ। ਇਕ ਟੇਰਾਬਾਈਟ 1000 ਗੀਗਾਬਾਈਟਸ ਦੇ ਬਰਾਬਰ ਹੈ।

ਜਾਣਕਾਰੀ ਦੇ ਇਨ੍ਹਾਂ ਢੇਰਾਂ ਨਾਲ ਸਪਸ਼ਟਤਾ ਦੀ ਬਜਾਏ ਭਰਮ-ਭੁਲੇਖੇ ਵਧਦੇ ਹਨ। ਐਜ਼ਰਾ ਕਲੇਨ ਨੇ ਇਸਨੂੰ ਕਬਾੜ ਕਿਹਾ ਹੈ। ਨਿਯਮ-ਕਾਨੂੰਨ ਦੇ ਨਾਲ ਨਾਲ ਸਵੈ-ਜ਼ਾਬਤਾ ਵੀ ਹੈ। ਫਿਰ ਵੀ ਇਧਰੋਂ ਉਧਰੋਂ ਅਣਚਾਹੇ ਫੋਨ, ਮੈਸਜ, ਈ ਮੇਲ ਆਈ ਜਾ ਰਹੇ ਹਨ। ਉਨ੍ਹਾਂ ਨੂੰ ਵੇਖਣਾ ਪੜ੍ਹਨਾ ਤਾਂ ਵੱਖਰੀ ਗੱਲ, ਹਟਾਉਣ ਮਿਟਾਉ ਲਈ ਵੀ ਵਾਹਵਾ ਸਮਾਂ ਚਾਹੀਦਾ ਹੈ। ਉਹ ਸਮਾਂ ਕੋਈ ਕਿੱਥੋਂ ਲਿਆਵੇ? ਐਜ਼ਰਾ ਕਲੇਨ ਲਈ ਇਹ ਕਬਾੜ ਵੱਡੀ ਪ੍ਰੇਸ਼ਾਨੀ ਬਣ ਗਿਆ ਹੈ। ਮੇਰੇ ਲਈ ਵੀ। ਮੇਰੇ ਈਮੇਲ, ਮੈਸਜ, ਵੱਟਸਐਪ ਭਰੇ ਪਏ ਹਨ। ਆਓ ਡਿਜ਼ੀਟਲ ਲਈਫ਼ ਨੂੰ ਬਾਗ਼-ਬਗੀਚੇ ਵਰਗੀ ਬਣਾਈਏ ਜਿੱਥੇ ਤਰੋਤਾਜ਼ਾ ਹੋਣ ਲਈ ਜਾਈਏ।

# ਉਪਕਾਰ ਸੋਸਾਇਟੀ ਵਲੋਂ 'ਉਪਕਾਰ ਯੁਵਾ ਕਲੱਬ' ਦੀ ਸਥਾਪਨਾ



ਨਵਾਂ ਸ਼ਹਿਰ – (ਤਰਲੋਚਨ ਸਿੰਘ ਦੁਪਾਲ ਪੁਰ)–ਲਗਭਗ 18 ਸਾਲ ਤੋਂ ਦੋ ਸਮਾਜਿਕ ਬੁਰਾਈਆਂ ਕੰਨਿਆਂ ਭਰੂਣ ਹੱਤਿਆ ਅਤੇ ਨਸ਼ਾ ਖੋਰੀ ਵਿਰੁੱਧ ਜਾਗਰੂਕਤਾ ਨੂੰ ਸਮਰਪਤ ਪ੍ਰਸਿੱਧ ਸੰਸਥਾ 'ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨਵਾਂ ਸ਼ਹਿਰ ਵਲੋਂ ਉਪਕਾਰ ਯੁਵਾ ਕਲੱਬ ਦੀ ਸਥਾਪਨਾ ਸ. ਸ. ਸ. ਸਕੂਲ ਲੰਗੜੋਆ (ਨਵਾਂ ਸ਼ਹਿਰ)ਵਿਖੇ ਕੀਤੀ ਗਈ! ਇੱਥੇ ਆਯੋਜਿਤ ਇੱਕ ਵਿਸ਼ੇਸ਼ ਇਕੱਤਰਤਾ ਦੌਰਾਨ ਨਵਗਠਿਤ ਯੁਵਾ ਕਲੱਬ ਦੇ ਅਹੁਦੇਦਾਰਾਂ ਵਜੋਂ ਸਰਦਾਰ ਤਨਬੀਰ ਸਿੰਘ ਭਾਰਟਾ ਨੂੰ ਪ੍ਰਧਾਨ, ਅਕਰਸ਼ ਬਾਲੀ ਨੂੰ ਸਕੱਤਰ ਤੇ ਹਰਸਿਮਰਨ ਕੌਰ ਤੱਖੀ ਨੂੰ ਕੈਸ਼ੀਅਰ ਦੀ ਜਿੰਮੇਂਵਾਰੀ ਸੌਂਪੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਾਲ ਸ਼੍ਰੀ ਸੁਰਿੰਦਰਪਾਲ ਅਗਨੀਹੋਤਰੀ, ਮਾਸਟਰ ਸੁਖਵਿੰਦਰ ਲਾਲ, ਹਰਿੰਦਰ ਸਿੰਘ ਮੈਡਮ ਗੁਨੀਤ ਅਤੇ ਰਣਜੀਤ ਕੌਰ ਆਈ. ਟੀ. ਆਈ. (ਮਹਿਲਾ) ਨਵਾਂ ਸ਼ਹਿਰ ਤੋਂ ਮੈਡਮ ਪ੍ਰਿਆ ਅਤੇ ਵਿਦਿਆਰਥਣਾ ਸਨ। ਉਪਕਾਰ ਸੰਸਥਾ ਵਲੋਂ ਜਸਪਾਲ ਸਿੰਘ ਗਿੱਦਾ, ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋ ਮਜਾਰਾ, ਡਾ: ਅਵਤਾਰ ਸਿੰਘ ਦੇਣੋ ਵਾਲ ਕਲਾਂ, ਦੇਸ ਰਾਜ ਬਾਲੀ, ਬੀਰਬਲ ਤੱਖੀ, ਨਰਿੰਦਰ ਪਾਲ ਸਾਬਕਾ ਪੋਸਟ ਮਾਸਟਰ, ਮੈਡਮ ਬਲਵਿੰਦਰ ਕੌਰ ਬਾਲੀ,ਮੈਡਮ ਜਯੋਤੀ ਬੱਗਾ ਤੇ ਪਰਮਜੀਤ ਸਿੰਘ ਹਾਜਰ ਸਨ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਅਗਨੀਹੋਤਰੀ ਜੀ ਨੇ ਕਿਹਾ ਕਿ ਭਾਵੇਂ ਸਮਾਜਿਕ ਬੁਰਾਈਆਂ ਦੀ ਸੂਚੀ ਬਹੁਤ ਲੰਬੀ ਹੈ ਪਰ ਬੱਚੀਆਂ ਨੂੰ ਮਾਂ ਦੀ ਕੁੱਖ ਵਿੱਚ ਹੀ ਮਾਰ ਮੁਕਾਉਣ ਤੇ ਨਸ਼ਿਆਂ ਦਾ ਕੋਹੜ ਸਾਡੇ ਸਮਾਜ ਨੂੰ ਖਤਰੇ 'ਚ ਪਾ ਰਹੇ ਹਨ।ਇਨ੍ਹਾਂ ਦੀ ਰੋਕਥਾਮ ਅਤਿ ਲੋੜੀਂਦੀ ਹੈ !

ਉਨਾਂ ਉਪਕਾਰ ਸੋਸਾਇਟੀ ਵਲੋਂ ਦੋਨਾਂ ਸਮਾਜਿਕ ਬੁਰਾਈਆਂ ਵਿਰੁੱਧ ਲੰਬੇ ਸਮੇਂ ਤੋਂ ਜਾਗਰੂਕਤਾ ਫੈਲਾਉਣ ਲਈ ਸੰਸਥਾ ਦਾ ਧੰਨਵਾਦ ਕੀਤਾ! ਜਸਪਾਲ ਸਿੰਘ ਗਿੱਦਾ ਨੇ ਸਿਹਤ ਵਿਭਾਗ ਵਲੋਂ ਜਾਰੀ ਕੀਤੇ ਅੰਕੜਿਆਂ ਦੀ ਬਿਨਾ 'ਤੇ ਦੱਸਿਆ ਕਿ ਇੱਕ ਹਜਾਰ ਮੁੰਡਿਆਂ ਪਿੱਛੇ

962 ਕੁੜੀਆਂ ਦੀ ਗਿਣਤੀ ਨਾਲ ਸ਼ਹੀਣ ਭਗਤ ਸਿੰਘ ਨਗਰ ਪੰਜਾਬ ਭਰ 'ਚੋਂ ਪਹਿਲਾ ਸਥਾਨ ਗ੍ਰਹਿਣ ਕਰ ਚੁੱਕਾ ਹੈ।

ਨਸ਼ਿਆਂ ਦੀ ਭਿਆਨਕਤਾ ਬਾਰੇ ਅੰਕੜੇ ਪੇਸ਼ ਕਰਦਿਆਂ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਣ ਦੀ ਪ੍ਰੇਰਨਾ ਕੀਤੀ।ਉਪਕਾਰ ਸੋਸਾਇਟੀ ਵਲੋਂ ਸ੍ਰੀ ਅਗਨੀਹੋਤਰੀ ਜੀ ਦਾ ਸਨਮਾਨ ਵੀ ਕੀਤਾ ਗਿਆ।ਮਾਸਟਰ ਸੁਖਵਿੰਦਰ ਲਾਲ ਨੇ ਸਟੇਜ ਦਾ ਸਫ਼ਲ ਸੰਚਾਲਨ ਕੀਤਾ।ਸਮਾਪਤੀ 'ਤੇ ਮੈਡਮ ਗੁਨੀਤ ਨੇ ਪਤਵੰਤੇ ਪ੍ਰਬੰਧਕ ਸਾਹਿਬਾਨ ਅਤੇ ਸਮੂੰਹ ਹਾਜਰੀਨ ਦਾ ਧੰਨਵਾਦ ਕੀਤਾ!

# ਮੈਡੀਕਲ ਖੋਜ ਕਾਰਜਾਂ ਲਈ ਮ੍ਰਿਤਕ ਦੇਹ ਪ੍ਰਦਾਨੀ ਬੀਬੀ ਹਰਬੰਸ ਕੌਰ ਦਾ ਸਤਿਕਾਰ ਸਮਾਗਮ ਵੱਡੇ ਸੁਨੇਹੇ ਦੇ ਗਿਆ ਹੈ





ਫਗਵਾੜਾ-ਤਰਕਸ਼ੀਲ ਤੇ ਜਮਹੂਰੀ ਲਹਿਰ ਦੀ ਹਮਦਰਦ ਬੀਬੀ ਹਰਬੰਸ ਕੌਰ ਰਿਟਾਇਰਡ ਟੀਚਰ ਕੈਂਸਰ ਦੀ ਬੀਮਾਰੀ ਕਾਰਨ 12 ਅਪ੍ਰੈਲ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮ੍ਰਿਤਕ ਸਾਥੀ ਹਰਬੰਸ ਕੌਰ ਦੇ ਪਤੀ ਸੁਖਦੇਵ ਸਿੰਘ ਅਤੇ ਪਰਿਵਾਰ ਵਲੋਂ ਬੀਬੀ ਜੀ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਸੀ ਐਮ ਸੀ ( ਕ੍ਰਿਸ਼ਚੀਅਨ ਮੈਡੀਕਲ ਕਾਲਜ) ਲੁਧਿਆਣਾ ਨੂੰ ਪ੍ਰਦਾਨ ਕੀਤੀ ਗਈ। ਅੱਜ ਹਰਬੰਸ ਕੌਰ ਜੀਵਲੋਂ ਜਿਉਂਦੇ ਜੀਅ ਕੀਤੇ ਕਾਰਜਾਂ ਅਤੇ ਮੌਤੋਂ ਬਾਦ ਮ੍ਰਿਤਕ ਸਰੀਰ ਮੈਡੀਕਲ ਖੋਜਕਾਰਜਾਂ ਲਈ ਭੇਂਟ ਕਰਨ ਦੇ ਉਦਮੀ ਕਾਰਜ ਲਈ ਪਰੰਪਰਾਵਾਦੀ ਲੀਹਾਂ ਤੋਂ ਹਟ ਕੇ ਨਨਕਾਣਾ ਬਰਾਦਰੀ ਜੰਞਘਰ ਫਗਵਾੜਾ ਵਿਖੇ ਹਰਬੰਸ ਕੌਰ ਸਤਿਕਾਰ ਸਮਾਗਮ ਅਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਤਰਕਸ਼ੀਲ ਲਹਿਰ, ਸਮਾਜਿਕ - ਜਮਹੂਰੀ ਜਥੇਬੰਦੀਆਂ ਅਤੇ ਰਿਸ਼ਤੇਦਾਰਾਂ ਤੇ ਸੰਗੀਆਂ ਸਾਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੱਭ ਤੋਂ ਪਹਿਲਾਂ ਆਏ ਲੋਕਾਂ ਨੇ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਕੇ ਬੀਬੀ ਜੀ ਨੂੰ ਨਮਨ ਕੀਤਾ ਅਤੇ ਫਿਰ ਫੋਟੋ ਨੂੰ ਫੁੱਲ ਅਰਪਿਤ ਕਰਕੇ ਸਤਿਕਾਰ ਭੇਂਟ ਕੀਤਾ। ਸਤਿਕਾਰ ਸਮਾਗਮ ਦੇ ਇਕੱਠ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਮੁਖੀ ਰਜਿੰਦਰ ਭਦੌੜ, ਜਮਹੂਰੀ ਅਧਿਕਾਰ ਸ਼ਭਾ ਦੇ ਆਗੂ ਬੂਟਾ ਸਿੰਘ ਮਹਿਦੂਦਪੁਰ, ਅਧਿਆਪਕ ਭਲਾਈ ਕਮੇਟੀ ਆਗੂ ਪ੍ਰਿੰਸੀਪਲ ਹਰਮੇਸ਼ ਪਾਠਕ, ਮਨਪ੍ਰੀਤ ਕੌਰ ਜਮਹੂਰੀ ਕਾਰਕੁੰਨ, ਮੈਗਜੀਨ ਵਰਗ ਚੇਤਨਾ ਦੇ ਸੰਪਾਦਕ ਯਸ਼ਪਾਲ, ਤਰਕਸ਼ੀਲ ਆਗੂ ਸੁਰਜੀਤ ਟਿੱਬਾ ਅਤੇ ਬੀਬੀ ਜੀ ਦੇ ਦਾਮਾਦ ਡਾ ਪੰਕਜ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰਬੰਸ ਕੌਰ ਨੇ ਜਿਉਂਦੇ ਜੀਅ ਲੰਬਾ ਸਮਾਂ ਅਧਿਆਪਨ ਦਾ ਕੰਮ ਬੜੀ ਇਮਾਨਦਾਰੀ ਨਾਲ ਕੀਤਾ, ਲੋਕ ਹਿਤਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਦਾ ਪੂਰਨ ਸਹਿਯੋਗ ਕੀਤਾ ਅਤੇ ਆਪਣੇ ਪਤੀ ਸੁਖਦੇਵ ਫਗਵਾੜਾ ਦੇ ਮੁਲਾਜਮ, ਜਮਹੂਰੀ ਲਹਿਰ ਤੇ ਤਰਕਸ਼ੀਲ ਕੰਮਾਂ ਲਈ ਮੋਢੇ ਨਾਲ ਮੋਢਾ ਲਾ ਕੇ ਖੜੀ ਰਹੀ। ਸੁਖਦੇਵ ਫਗਵਾੜਾ ਪਿਛਲੇ ਲੰਬੇ ਸਮੇਂ ਤੋਂ ਅੰਧ ਵਿਸ਼ਵਾਸ਼ ਤੇ ਵਹਿਮ ਭਰਮ ਖਿਲਾਫ ਕੰਮ ਕਰਦੀ ਤਰਕਸ਼ੀਲ ਲਹਿਰ ਦਾ ਆਗੂ ਰੋਲ ਨਿਭਾਉਂਦਾ ਆ ਰਿਹਾ ਹੈ। ਵਿਗਿਆਨਿਕ ਵਿਚਾਰਧਾਰਾ ਹਰ ਪ੍ਰਕਾਰ ਦੀ ਗੈਬੀ ਸ਼ਕਤੀਆਂ ਜਾਂ ਦੁਨੀਆਂ ਦੇ ਸਿਰਜਣਹਾਰ ਵਾਲੀਆਂ ਧਾਰਮਿਕ ਮਨੌਤਾਂ ਨੂੰ ਰੱਦ ਕਰਦੀ ਆ ਰਹੀ ਹੈ। ਲੋਕ ਹਿਤਾਂ ਨਾਲ ਧੁਰ ਅੰਦਰ ਤੱਕ ਜੁੜੀ ਹੋਈ ਹਰਬੰਸ ਕੌਰ ਦੇ ਪਰਿਵਾਰ ਸੁਖਦੇਵ ਸਿੰਘ, ਡਾ ਨਵਕਿਰਨ, ਡਾ ਪੰਕਜ, ਨਵਦੀਪ ਤੇ ਅਮਨਦੀਪ ਕੌਰ ਅਸਟ੍ਰੇਲੀਆਨੇ ਹਰਬੰਸ ਕੌਰ ਦੇ ਮਿਤਕ ਸਰੀਰ ਨੂੰ ਲੋਕ ਹਿਤਾਂ ਲਈ ਮੈਡੀਕਲ ਖੋਜ ਕਾਰਜਾਂ ਲਈ ਅਰਪਿਤ ਕਰਕੇ ਸਮਾਜ ਨੂੰ ਵੱਡੀ ਸੇਧ ਦਿੱਤੀ ਹੈ। ਬੁਲਾਰਿਆਂ ਹੋਰ ਕਿਹਾ ਸਰਕਾਰਾਂ ਦੀ ਲੋਕਾਂ ਪ੍ਰਤੀ ਬੇਰੁਖੀ ਕਾਰਨ ਲੋਕ ਬੀਮਾਰੀਆਂ, ਗਰੀਬੀ, ਬੇਰੁਜਗਾਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਸਰਕਾਰਾਂ ਸਰਮਾਏਦਾਰਾਂ ਦੇ ਹਿਤਾਂ ਨੂੰ ਤਰਜੀਹਾਂ ਦੇ ਰਹੀ ਹੈ। ਲੋਕਾਂ ਨੂੰ ਅਣਗੌਲਿਆ ਕਰਨ ਵਾਲੀਆਂ ਹਕੂਮਤਾਂ ਧਾਰਮਿਕ ਜਨੂੰਨ ਅਤੇ ਅੰਧਵਿਸ਼ਵਾਸ਼ੀ ਪਰੰਪਰਾਵਾਂ ਦੀ ਆੜ ਹੇਠ ਆਪਣੇ ਗੁਨਾਹ ਛੁਪਾਉਂਦੀਆਂ ਹਨ ਅਤੇ ਲੋਕਾਂ ਦੇ ਦਿਮਾਗ ਨੂੰ ਖੁੰਡਾ ਕਰਦੀਆਂ ਹਨ ਤਾਂ ਜੋ ਲੋਕ ਕਿਤੇ ਵਿਗਿਆਨਿਕ ਵਿਚਾਰਧਾਰਾ ਨਾਲ ਲੈਸ ਹੋ ਕੇ ਲੁਟੇਰਿਆਂ ਤੇ ਲੁਟੇਰੀ ਵਿਵਸਥਾ ਖਿਲਾਫ ਅਵਾਜ ਬੁਲੰਦ ਨਾ ਕਰ ਸਕਣ। ਇਹ ਸਤਿਕਾਰ ਸਮਾਗਮ ਧਾਰਮਿਕ ਰਸਮਾਂ ਰਿਵਾਜਾਂ ਤੋਂ ਰਹਿਤ ਹੈ ਕਿਉਂਕਿ ਅਸੀ ਸਮਝਦੇ ਹਾਂ ਕਿ ਇਹ ਰਸਮਾਂ ਰਿਵਾਜ ਮਨੁੱਖੀ ਸਮਾਜ ਦੀ ਉਨਤੀ ਵਿੱਚ ਕੋਈ ਰੋਲ ਨਹੀਂ ਨਿਭਾਉਂਦੇ ਸਗੋਂ ਉਲਟਾ ਕਾਰਨਾਂ ਉਤੇ ਪਰਦਾ ਪਾਉਂਦੇ ਹਨ ਅਤੇ ਗੁਨਾਹਾਂ ਦੇ ਜਿੰਮੇਵਾਰਾਂ ਹਾਕਮਾਂ ਲਈ ਢਾਲ ਬਣਦੇ ਹਨ। ਬੁਲਾਰਿਆਂ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਸਮਾਜ ਨੂੰ ਜਿਊਣਯੋਗ ਬਨਾਉਣ ਲਈ ਸਾਨੂੰ ਹਰ ਪ੍ਰਕਾਰ ਦੇ ਅੰਧ ਵਿਸ਼ਵਾਸ਼ ਅਤੇ ਵਹਿਮ ਭਰਮ ਤੋਂ ਲੋਕਾਂ ਨੂੰ ਮੁਕਤ ਹੋਣਾ ਚਾਹੀਦਾ ਅਤੇ ਵਿਗਿਆਨਿਕ ਵਿਚਾਰਾਂ ਦੇ ਧਾਰਨੀ ਬਣ ਕੇ ਸਮਾਜਿਕ ਤਬਦੀਲੀ ਕਰਨੀ ਚਾਹੀਦੀ ਹੈ। ਬੀਬੀ ਜੀ ਦੇ ਪੁੱਤ ਭਤੀਜੇ ਜਸਬੀਰ ਨੰਬਰਦਾਰ ਨੇ ਇੱਕ ਭਾਵ ਭਿੰਨੀ ਕਵਿਤਾ ਪੇਸ਼ ਕਰਕੇ ਮਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਦੇਸ਼ ਵਿਦੇਸ਼ ਤੋਂ ਪਰਾਪਤ ਸ਼ੋਕ ਸੰਦੇਸ਼ਾਂ ਰਾਹੀਂ ਪੰਜਾਬ ਲੋਕ ਸਭਿਆਚਾਰਕ ਮੰਚ, ਦੇਸ਼ ਭਗਤ ਯਾਦਗਰ ਕਮੇਟੀ ਜਲੰਧਰ, ਭਗਵੰਤ ਸਿੰਘ ਯੂ ਕੇ,ਬਾਈ ਅਵਤਾਰ ਕਨੇਡਾ, ਤਰਕਸ਼ੀਲ ਸੁਸਾਇਟੀ ਕਨੇਡਾ, ਡਾ ਨਵਸ਼ਰਨ, ਡਾ ਅਰੀਤ , ਡਾ ਪਰਮਿੰਦਰ ਸਿੰਘ ਅਮਰਿਤਸਰ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ,ਡੀ ਐਮ ਐਫ ਫਗਵਾੜਾ, ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੁਲਾਰਾਏ ਦਾ ਸਟਾਫ, ਡੀ ਟੀ ਐਫ ਜਿਲਾ ਜਲੰਧਰ,ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬਰਟੇਨ,ਪੰਜਾਬ ਖੇਤ ਮਜਦੂਰ ਯੂਨੀਅਨ, ਡੀ ਟੀ ਐਫ ਪ੍ਰਧਾਨ ਦਿਗਵਿਜੇਪਾਲ,ਜਨਰਲ ਸਕਤਰ ਬਲਵੀਰ ਚੰਦ ਲੋਗੋਂਵਾਲ, ਪੰਜਾਬ ਵੈਲਫੇਅਰ ਪੈਨਸ਼ਨਰਜ ਐਸੋਸੀਏਸ਼ਨ ਫਗਵਾੜਾ ਆਦਿ ਦੇ ਨੇ ਹਰਬੰਸ ਕੌਰ ਦੇ ਕੰਮਾਂ ਨੂੰ ਸਲੂਟ ਕਰਦੇ ਹੋਏ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ। ਸਮਾਗਮ ਵਿੱਚ ਵਿਸੇਸ਼ ਤੌਰ ਤੇ ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਹੇਮਰਾਜ ਸਟੈਨੋ, ਰਾਜਪਾਲ ਸਿੰਘ, ਗੁਰਪ੍ਰੀਤ ਸ਼ੇਹਣਾ,ਜੋਗਿੰਦਰ ਕੁਲੇਵਾਲ, ਜਮਹੂਰੀ ਲਹਿਰ ਦੇ ਆਗੂ ਅਮੋਲਕ ਸਿੰਘ, ਮਜਦੂਰ ਆਗੂ ਹਰਮੇਸ਼ ਮਾਲੜੀ, ਐਡਵੋਕੇਟ ਐਸ ਐਲ ਵਿਰਦੀ, ਹਲਕਾ ਐਮ ਐਲ ਏ ਬਲਵਿੰਦਰ ਸਿੰਘ ਧਾਲੀਵਾਲ, ਦਿਲਬਾਗ ਸਿੰਘ ਰਿਟਾਇਰਡ ਜਿਲਾ ਸਿਖਿਆ ਅਫਸਰ, ਜਰਨੈਲ ਸਿੰਘ ਰਿਟਾਇਰਡ ਜਿਲਾ ਸਿਖਿਆ ਅਫਸਰ, ਸੁਖਵਿੰਦਰ ਬਾਗਪੁਰ, ਲੇਖਕ ਸੁਮੀਤ ਸਿੰਘ ਅੰਮ੍ਰਿਤਸਰ, ਸੱਤਪਾਲ ਸਲੋਹ,ਡੀ ਟੀ ਐਫ ਆਗੂ ਗੁਰਮੀਤ ਕੋਟਲੀ ਅਤੇ ਮਾਸਟਰ ਅਵਤਾਰ ਲਾਲ, ਵਿਜੇ ਰਾਹੀ ਜਲੰਧਰ, ਬਲਵਿੰਦਰ ਬੁਲੋਵਾਲ, ਸੁਖਜੀਤ ਸਿੰਘ ਭੁੰਗਾ, ਪ੍ਰਿੰਸੀਪਲ ਮਨਜੀਤ ਸਿੰਘ, ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ, ਮੋਹਨ ਸਿੰਘ ਭੱਟੀ ਮਾ ਕਰਨਾਲ ਸਿੰਘ ਸੰਧੂ, ਰਾਮਲਾਲ ਖਲਵਾੜਾ, ਚੈਨ ਸਿੰਘ, ਆਤਮਾ ਰਾਮ ਰਸ਼ਪਾਲ, ਪ੍ਰੀਤਮ ਸਿੰਘ ਨਗਦੀ ਪੁਰ, ਤਰਕਸ਼ੀਲ ਆਗੂ ਜਗਦੀਸ਼ ਲਾਲ ਨਵਾਂ ਸ਼ਹਿਰ, ਸੁਰਿੰਦਰ ਪਾਲ ਪੱਧੀ, ਸੁਰਿੰਦਰ ਦੁਸਾਝ, ਅਵਿਨਾਸ਼ ਹਰਦਾਸਪੁਰ, ਬਲਵਿੰਦਰ ਪ੍ਰੀਤ, ਮਾ ਗਿਆਨ ਚੰਦ, ਗੁਰਮੀਤ ਸਿੰਘ ਰੱਤੂ ਆਦਿ ਵਿਸੇਸ਼ ਤੌਰ ਤੇ ਪਹੁੰਚੇ ਹੋਏ ਸਨ। ਸਟੇਜ ਸਕੱਤਰ ਦੀ ਭੂਮਿਕਾ ਤਰਕਸ਼ੀਲ ਆਗੂ ਜਸਵਿੰਦਰ ਸਿੰਘ ਫਗਵਾੜਾ ਨੇ ਨਿਭਾਈ।

## ਕਰਨੀ ਦੇਸ਼ ਦੀ ਸੇਵਾ ਜਿੰਦੜੀਏ ਬੜੀ ਔਖੀ ਪਰ ਸਰਹੱਦਾਂ ਤੇ ਕਰ ਰਿਹਾ, ਗਾ ਵੀ ਰਿਹਾ ਕਮਲ ਸੁਣੋ ਓਸ ਤੋਂ ਫ਼ੌਜੀਆਂ ਦਾ ਹਾਲ



ਸ਼ੌਂਕ ਵੀ ਪੂਰੇ ਤਾਂ ਹੁੰਦੇ ਨੇ ਪੇਟ ਵਿੱਚ ਰੋਟੀ ਹੋਏ, ਆਉਣ ਵਾਲੀ ਗ੍ਰਹਿਸਤ ਜ਼ਿੰਦਗੀ ਲਈ ਚੰਗਾ ਹੁੰਦਾ ਦਿਸ ਰਿਹਾ ਹੋਏ ਇਹ ਗੱਲ ਗਾਇਕ ਕਮਲਜੀਤ ਕਮਲ ਆਖਦੇ ਨੇ ਜਿਹੜੇ ਦੇਸ਼ ਦੀ ਸੇਵਾ ਸਰਹੱਦ ਤੇ ਕਰ ਰਹੇ ਸੁਰ ਵਾਲੇ ਕਲਾਕਾਰ ਵੀ ਹਨ। ਓਹਨਾਂ ਨੇ ਫੌਜ ਵਿੱਚ ਨੌਕਰੀ ਦੇ ਨਾਲ ਰਿਆਜ਼ ਵੀ ਜ਼ਾਰੀ ਰੱਖਿਆ ਹੈ। ਟੀਵੀ ਨਿਰਮਾਤਾ ਰਮੇਸ਼ ਨੁਸਿਵਾਲ ਨੇ ਕਮਲ ਨੂੰ ਵੈਸਾਖੀ ਦੇ ਆਪਣੇ ਪ੍ਰੋਗਰਾਮ ਵਿੱਚ ਸ਼ਾਮਿਲ ਕੀਤਾ ਤੇ ਕਮਲਜੀਤ ਕਮਲ ਦਾ ਗੀਤ ਬਹੁਤ ਹੀ ਚਰਚਿਤ ਹੋ ਰਿਹਾ ਹੈ। ਕਮਲ ਪਿੰਡ ਪਾਹੜਾ ਨੇੜੇ ਗੁਰਦਾਸਪੁਰ ਦੇ ਹਨ। ਦਸਦੇ ਨੇ ਕਿ ਸਰਹੱਦ ਤੇ ਸਾਥੀ ਓਹਨਾਂ ਤੋ ਗੀਤ ਸੁਣ ਹੌਸਲੇ ਵਿੱਚ ਰਹਿੰਦੇ ਹਨ ਤੇ ਘਰਾਂ ਦਾ ਮੋਹ ਭੁੱਲਣ ਲਈ ਗੀਤਾਂ ਵਿੱਚ ਗਵਾਚ ਜਾਂਦੇ ਹਨ।ਕਮਲਜੀਤ ਕਮਲ ਪਾਹੜਾ ਨੇ "ਫ਼ੌਜੀਆਂ ਦਾ ਹਾਲ" ਗੀਤ ਗਾ ਦੱਸਿਆ ਕਿ ਜਵਾਨਾਂ ਲਈ ਦੇਸ਼ ਭਗਤੀ ਵੀ ਲਾਜ਼ਮੀ ਏ ਤੇ ਘਰ ਵੀ ਪਰ ਕਿਵੇਂ ਸਭ ਪਿੱਛੇ ਛੱਡ ਪਹਿਲਾਂ ਦੇਸ਼ ਬਾਕੀ ਬਾਅਦ ਵਾਲੀ ਗੱਲ। ਸਾਥੀ ਫ਼ੌਜੀ ਓਸ ਨੂੰ ਗਾਉਂਦੇ ਰਹੋ , ਤੁਸੀਂ ਫ਼ੌਜੀਆਂ ਦੇ ਪਿਆਰੇ ਕਲਾਕਾਰ ਹੋ ਆਖ ਉਤਸ਼ਾਹ ਦਿੰਦੇ ਹਨ। ਕਮਲ ਨੇ ਹਰ ਤਰਾਂ ਦੇ ਗੀਤ ਗਾਏ ਹਨ। ਰਮੇਸ਼ ਨੁਸਿਵਾਲ ਨੇ ਕਿਹਾ ਹੈ ਕਿ ਦੇਸ਼ ਦੇ ਇਹਨਾਂ ਸੂਰਬੀਰਾਂ ਦੀ ਓਹ ਦਿਲ ਤੋਂ ਇੱਜ਼ਤ ਕਰਦੇ ਇਹਨਾਂ ਨੂੰ ਟੀਵੀ ਤੇ ਮੌਕੇ ਦੇ ਕਿ ਖੁਸ਼ ਹਨ। ਕਮਲਜੀਤ ਕਮਲ ਪਾਹੜਾ ਪੰਜਾਬ, ਦੇਸ਼ ਤੇ ਫ਼ੌਜੀ ਵੀਰਾਂ ਦਾ ਗਾਇਕ ਹੈ ਤੇ ਗਾਇਕੀ ਬੁਲੰਦ ਰਹੇ ਰੱਬ ਸਰਹੱਦ ਤੇ ਓਸ ਦੀ ਰਾਖੀ ਆਪ ਕਰੇ। ਛੁੱਟੀ ਆਉਂਦੇ ਹੀ ਓਹ ਰਿਕਾਰਡਿੰਗ ਕਰਵਾ ਲੈਂਦੇ ਹਨ ਤੇ ਫ਼ੌਜ ਸੇਵਾ ਦੌਰਾਨ ਓਹ ਗੁਣ ਗਣਾਉਂਦੇ ਹੋਏ ਆ ਰਹੇ ਸਮੇਂ ਲਈ ਆਪਣੇ ਗਲੇ ਨੂੰ ਸਹੀ ਰੱਖਦੇ ਹਨ। ਇਸ ਫ਼ੌਜੀ ਗਾਇਕ ਦੀ ਗਾਇਕੀ ਤੇ ਸਿਹਤ, ਸੁਰੱਖਿਆ ਲਈ ਅਰਦਾਸਾਂ।

-ਅੰਮ੍ਰਿਤ ਪਵਾਰ

## ਪੁਸਤਕ ਰੀਵਿਊ

# ਸਹਿਜ-ਸੁਖ਼ਨ ਕਵਿਤਾ

ਪ੍ਰੋ. ਨਵ ਸੰਗੀਤ ਸਿੰਘ




ਮਨਮੋਹਨ ਸਿੰਘ ਦਾਊਂ ਪੰਜਾਬੀ ਦਾ ਸੁਹਜਵਾਦੀ ਲੇਖਕ ਹੈ। ਉਹਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿੱਚ ਲਿਖਿਆ ਹੈ, ਖਾਸ ਤੌਰ ਤੇ ਪੁਆਧ ਖਿੱਤੇ ਪ੍ਰਤੀ ਉਹਦੀ ਲਗਨ ਤੇ ਨਿਸ਼ਠਾ ਅਕੱਥ ਹੈ। ਮੁੱਖ ਤੌਰ ਤੇ ਉਹਦੇ ਅੰਦਰ ਇੱਕ ਕਵੀ-ਹਿਰਦਾ ਧੜਕਦਾ ਹੈ ਤੇ ਉਹਦੇ ਹੁਣ ਤੱਕ 13 ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਖਾਮੋਸ਼ ਚਸ਼ਮਾ (1971), ਦਰਦ ਸੰਗ ਦੋਸਤੀ (1975), ਮਿੱਟੀ ਦਾ ਰੁਦਨ (1986), ਰਾਤਾਂ ਪ੍ਰਭਾਤਾਂ (1988), ਅਗੰਮ ਅਗੋਚਰ (2003), ਸ਼ਾਇਰੀ ਦਾ ਸਰਵਰ (2007), ਸ਼ਾਇਰੀ ਸਾਗਰ (2011), ਉਦਾਸੀਆਂ ਦਾ ਬੂਹਾ : ਸੁਲੱਖਣੀ (2014), ਪੰਛੀ ਬਿਰਖ ਸੁਹਾਵੜਾ (2016), ਤਿੱਪ ਤੇ ਕਾਇਨਾਤ (2018), ਚਾਨਣ ਦੀ ਪੈੜ (2019), ਸਮਿਆਂ ਦੇ ਨਾਇਕ (2020) ਅਤੇ ਧਰਤੀ ਦੀ ਕੰਬਣੀ (2024)। ਇਨ੍ਹਾਂ ’ਚੋਂ ਦੋ ਕਿਤਾਬਾਂ ’ਸ਼ਾਇਰੀ ਸਾਗਰ’ ਅਤੇ ’ਪੰਛੀ ਬਿਰਖ ਸੁਹਾਵੜਾ’ ਇਨਾਮੀ ਹਨ। ਉਹਦੀਆਂ ਕਾਵਿ-ਕਿਤਾਬਾਂ ਦੇ ਨਾਵਾਂ ਤੋਂ ਪਤਾ ਲੱਗਦਾ ਹੈ ਕਿ ਉਹਦੇ ਜ਼ਿਹਨ ’ਚ ਕਿਤੇ ਨਾ ਕਿਤੇ ਪ੍ਰਕਿਰਤੀ ਮੌਜੂਦ ਹੈ ਤੇ ਉਹਦੀਆਂ ਵਧੇਰੇ ਕਿਤਾਬਾਂ ਪ੍ਰਾਕਿਰਤਕ ਜੀਵਨ ਦੇ ਆਲੇ-ਦੁਆਲੇ ਨਾਲ ਵਾਬਸਤਾ ਹਨ।

ਰੀਵਿਊ ਅਧੀਨ ਕਾਵਿ ਸੰਗ੍ਰਹਿ (ਧਰਤੀ ਦੀ ਕੰਬਣੀ, ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ, ਪੰਨੇ 144, ਮੁੱਲ 250/-) ਇਸੇ ਸਾਲ ਫਰਵਰੀ ਦੇ ਮਹੀਨੇ ਪ੍ਰਕਾਸ਼ਿਤ ਹੋਇਆ ਹੈ, ਜਿਸ ਵਿੱਚ ਕੁੱਲ 76 ਕਵਿਤਾਵਾਂ ਹਨ। ਇਨ੍ਹਾਂ ਨੂੰ ਉਹਨੇ ਤਿੰਨ ਭਾਗਾਂ- ਪਹਿਲਾ, ਦੂਜਾ ਤੇ ਤੀਜਾ ਸਰਗ ਵਿੱਚ ਵੰਡ ਕੇ ਕ੍ਰਮਵਾਰ ’ਚਿੰਤਨ ਤੇ ਸੰਵੇਦਨਾ ਸੰਗ ਤੁਰਦੇ ਤੁਰਦੇ’, ’ਅਤੀਤ ਦੀ ਖਿੜਕੀ’ ਅਤੇ ’ਨਿੱਕੀਆਂ ਕਵਿਤਾਵਾਂ- ਵਰਤਮਾਨ ਨਾਲ ਗੱਲਾਂ’ ਹੇਠ ਸਿਰਜਿਆ ਹੈ। ਇਨ੍ਹਾਂ ਵਿੱਚ ਕ੍ਰਮਵਾਰ 40, 10 ਅਤੇ 26 ਕਵਿਤਾਵਾਂ ਸ਼ਾਮਲ ਹਨ।

ਇਸ ਸੰਗ੍ਰਹਿ ਦੀ ਇੱਕ ਹੋਰ ਵਿਲੱਖਣਤਾ ਇਹ ਵੀ ਹੈ ਕਿ ਇਹ ਆਮ ਕਿਤਾਬੀ-ਸਾਈਜ਼ ਵਿੱਚ ਨਹੀਂ ਛਾਪੀ ਗਈ, ਸਗੋਂ ਪੋਥੀ-ਸਾਈਜ਼ ਵਿੱਚ ਪ੍ਰਕਾਸ਼ਿਤ ਹੋਈ ਹੈ। ਸਰਵਰਕ ਬੜਾ ਸੁਹਜਮਈ ਹੈ। ਅੰਤਿਮ ਸਰਵਰਕ ਤੇ ਲੇਖਕ ਦੀ ਫੋਟੋ ਸਮੇਤ ਇੱਕ ਕਵਿਤਾ ਹੈ- ਦਰਦਾਂ ਦੀ ਚੁਟਕੀ। ਹਰ ਸਰਗ ਦੀਆਂ ਕਵਿਤਾਵਾਂ ਤੋਂ ਪਹਿਲਾਂ ਚੌਬਰਗੇ ਵਜੋਂ ਤੁਕਾਂਤਬੱਧ ਕਾਵਿ-ਪੰਕਤੀਆਂ ਹਨ। ਤੇ ਇਸ ਤਰ੍ਹਾਂ ਸੰਗ੍ਰਹਿ ਵਿੱਚ 76+3+1=80 ਕਵਿਤਾਵਾਂ ਹਨ।

ਭੂਮਿਕਾ ਵਜੋਂ ਲਿਖੇ ਸੰਖਿਪਤ ਪ੍ਰਾਕਥਨ ਵਿੱਚ ਕਵੀ ਨੇ ਦੇਸ-ਪਰਦੇਸ ਵਿੱਚ ਵਾਪਰਦੀਆਂ ਚਿੰਤਾਜਨਕ ਘਟਨਾਵਾਂ, ਅਣਮਨੁੱਖੀ ਵਰਤਾਰਿਆਂ, ਪੰਜਾਬੀ ਸੰਸਕ੍ਰਿਤੀ, ਤਹਿਜ਼ੀਬ, ਰਹਿਤਲ ਅਤੇ ਕਵਿਤਾ ਦੇ ਕਰਤਾਰੀ ਕਰਮ ਨੂੰ ਰੇਖਾਂਕਿਤ ਕੀਤਾ ਹੈ। ਉਂਜ ਤਾਂ ਸੰਗ੍ਰਹਿ ਦੀਆਂ ਸਾਰੀਆਂ ਹੀ ਕਵਿਤਾਵਾਂ ਛੋਟੀਆਂ ਹਨ ਪਰ ਪੁਸਤਕ ਦੇ ਤੀਜੇ ਭਾਗ ਦੀਆਂ ਕਵਿਤਾਵਾਂ ਹੋਰ ਵੀ ਛੋਟੀਆਂ ਹਨ ਤੇ ਕੁਝ ਇੱਕ ਤਾਂ 6-6 ਪੰਕਤੀਆਂ ਦੀਆਂ।




ਦਾਊਂ ਨੇ ਵਿਸ਼ਵ ਸਾਹਿਤ ਦੇ ਨਾਲ ਨਾਲ ਪੰਜਾਬੀ ਸਾਹਿਤ, ਖਾਸ ਤੌਰ ਤੇ ਦੇਸ਼-ਵਿਦੇਸ਼ ’ਚ ਰਚੀ ਜਾ ਰਹੀ ਪੰਜਾਬੀ ਕਵਿਤਾ ਦਾ ਡੂੰਘਾ ਅਧਿਐਨ ਕੀਤਾ ਹੈ ਤੇ ਉਹਨੂੰ ਪਤਾ ਹੈ ਕਿ ਕਵਿਤਾ ਮਹਿਜ਼ ਸ਼ਬਦਾਂ/ਅੱਖਰਾਂ ਦਾ ਚਮਤਕਾਰ ਹੀ ਨਹੀਂ ਹੈ, ਇਸ ’ਚੋਂ ਵਕ੍ਰੋਕਤੀ ਤੇ ਵਿਸ਼ਿਸ਼ਟਤਾ ਵੀ ਪ੍ਰਗਟ ਹੋਣੀ ਚਾਹੀਦੀ ਹੈ। ਇਸ ਪੱਖੋਂ ਉਹਦੀ 19 ਪੰਕਤੀਆਂ ਵਿੱਚ ਰਚੀ ਇੱਕ ਕਵਿਤਾ ’ਤੌਲੀਆ’ ਨੇ ਮੈਨੂੰ ਖਾਸ ਤੌਰ ਤੇ ਆਕਰਸ਼ਿਤ ਕੀਤਾ ਹੈ :

ਬਾਥਰੂਮ ’ਚ ਨਹਾਉਣ ਵੇਲੇ
ਮੈਂ ਅਤੇ ਤੌਲੀਆ
ਇੱਕ-ਮਿੱਕ ਹੋ ਜਾਂਦੇ ਹਾਂ
ਆ ਆਪਾਂ ਵੀ
ਇੰਜ ਹੀ ਮਿਲੀਏ
ਦੂਰੀ ਰਹੇ ਨਾ ਵਿਚਕਾਰ।
ਧੁੱਪੇ ਸੁੱਕਦੇ ਤੌਲੀਏ ਨੂੰ
ਉਹ ਨੀਝ ਲਾ ਤੱਕਣ ਲੱਗਦੀ ਹੈ।
(138)

‘ਥਰਮਸ’ ਕਵਿਤਾ ਵਿੱਚ ਵੀ ਮੈਨੂੰ ‘ਤੌਲੀਆ’ ਵਰਗੀ ਕੈਫ਼ੀਅਤ ਤੈਰਦੀ ਨਜ਼ਰ ਆਈ ਹੈ :

“ਕਿੰਨੇ ਠੰਢੇ ਹੱਥ ਨੇ”
ਉਹ ਬੋਲੀ।
“ਦਿਲ ਤਾਂ ਥਰਮਸ ’ਚ ਪਾਏ
ਦੁੱਧ ਵਾਂਗ ਗਰਮ ਐ।”
(136)

ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਇਹ ਕਿਸੇ ਛਿਣ ਵਿੱਚ ਵਾਪਰੇ ਰਹੱਸਾਤਮਕ ਅਨੁਭਵ ਦਾ ਵਰਤਾਰਾ ਹੈ, ਜਿਨ੍ਹਾਂ ਨੂੰ ਲਿਖਣ ਲਈ ਕਵੀ ਨੇ ਕੋਈ ਉਚੇਚ ਨਹੀਂ ਕੀਤੀ। ਅਜਿਹੇ ਵਰਤਾਰੇ ਨੂੰ ਵਰਡਜ਼ਵਰਥ “spontaneous overflow of our powerful feelings” ਕਹਿੰਦਾ ਹੈ।

ਦਾਊਂ ਦੀਆਂ ਬਹੁਤੀਆਂ ਕਵਿਤਾਵਾਂ ਚਿਹਨਮਈ/ਪ੍ਰਤੀਕਮਈ ਹਨ ਤੇ ਇਨ੍ਹਾਂ ਨੂੰ ਸਿੱਧੇ-ਸਾਦੇ ਸ਼ਬਦਾਂ ਵਿੱਚ ਨਹੀਂ ਸਮਝਿਆ ਜਾ ਸਕਦਾ। ਦਰਅਸਲ ਅਜਿਹੀਆਂ ਕਵਿਤਾਵਾਂ ਵਿੱਚ ਉਹ ਕਿਸੇ ਅਦਿੱਖ ਚੀਜ਼ ਵੱਲ ਸੰਕੇਤ ਕਰ ਰਿਹਾ ਹੁੰਦਾ ਹੈ। ਜਿਵੇਂ :

ਅੰਬਰ ਤੇ ਉਡਦੀ ਘੁੱਗੀ
‘ਪਿਕਾਸੋ’ ਨੂੰ ਯਾਦ ਕਰਾਉਂਦੀ
(16)
ਸ਼ਾਇਰੀ ਉਦਾਸੀਆਂ ਲਈ
ਗਾਉਂਦੀ ਰਬਾਬ ਹੈ
(25)

‘ਕੁਝ ਸੋਚੀਏ ਦੇਸ ਪੰਜਾਬ ਲਈ’ (30-31) ਇਸ ਸੰਗ੍ਰਹਿ ਦੀ ਅਜਿਹੀ ਕਵਿਤਾ ਹੈ, ਜਿਸ ਰਾਹੀਂ ਕਵੀ ਦੀ ਆਪਣੇ ਵਤਨ, ਮਿੱਟੀ, ਪੰਜਾਬ ਪ੍ਰਤੀ ਬਿਹਬਲਤਾ ਪ੍ਰਗਟ ਹੋਈ ਹੈ। ਪੂਰੇ ਦੋ ਪੰਨਿਆਂ ਤੇ ਫੈਲੀ ਇਸ ਕਵਿਤਾ ਵਿੱਚ ਕਵੀ ਪੰਜਾਬ ਬਾਰੇ ਚਿੰਤਾ ਦੇ ਨਾਲ ਚਿੰਤਨ ਵੀ ਕਰਦਾ ਹੈ। ਧੀਆਂ, ਪਾਣੀਆਂ, ਪਰਦੇਸ ਜਾ ਰਹੇ ਬੱਚਿਆਂ, ਮਾਂ-ਬੋਲੀ, ਖੁਦਕੁਸ਼ੀਆਂ, ਕਿਰਤ, ਪ੍ਰਕਿਰਤੀ, ਸਭਿਆਚਾਰ ਆਦਿ ਪ੍ਰਤੀ ਡੂੰਘੀ ਸੰਵੇਦਨਾ ਨਾਲ ਲਬਰੇਜ਼ ਇਸ ਕਵਿਤਾ ਨੂੰ ਪੜ੍ਹਦਿਆਂ ਅੱਖਾਂ ਦਾ ਨਮ ਹੋਣਾ ਸੁਭਾਵਿਕ ਹੈ ਤੇ ਇਹੋ ਕਵਿਤਾ ਦਾ ਹਾਸਲ ਹੈ।

ਸੰਗ੍ਰਹਿ ਵਿਚਲੀਆਂ ਦੋ ਕਵਿਤਾਵਾਂ ‘ਪੇਂਡੂ ਘਰ’ (38-39) ਅਤੇ ‘ਸ਼ਹਿਰੀ ਘਰ’ (41-42) ਕ੍ਰਮਵਾਰ ਪਿੰਡ ਅਤੇ ਸ਼ਹਿਰ ਦੇ ਘਰ ਦੀ ਨਿਸ਼ਾਨਦੇਹੀ ਕਰਦੀਆਂ ਹਨ। ਜਿੱਥੇ ਪਹਿਲੀ ਕਵਿਤਾ ਵਿੱਚ ਚੁੱਲਾ-ਚੌਂਕਾ, ਓਟਾ, ਡਿਉਢੀ, ਦਲਾਨ, ਕੋਠੜੀ, ਵਿਹੜਾ, ਬੂਹਾ, ਖਿੜਕੀ, ਮੋਘਾ, ਚੁਬਾਰਾ, ਬੈਠਕ, ਟਾਂਟ, ਸਬਾਤ, ਝਲਿਆਨੀ, ਆਲ਼ੇ, ਆਲ਼ੀਆਂ, ਪੱਤੀ, ਬੀਹੀ, ਟੋਭਿਆਂ, ਖੂਹਾਂ, ਖੇੜਿਆਂ, ਬਾੜਿਆਂ, ਪਥਵਾੜਿਆਂ, ਜਮਾਬੰਦੀ ਜਿਹੇ ਸ਼ਬਦ ਅੱਜ ਦੀ ਪੀੜ੍ਹੀ ਲਈ ਓਪਰੇ ਹੀ ਨਹੀਂ, ਉੱਚਾਰਣ ਅਤੇ ਵਰਤੋਂ-ਵਿਹਾਰ ਪੱਖੋਂ ਵੀ ਮੁਸ਼ਕਿਲ ਹਨ, ਉੱਥੇ ਸ਼ਹਿਰੀ ਘਰ ਵਿੱਚ ਚੌਂਕ, ਕਲੋਨੀ, ਸਟਰੀਟ, ਮਹੱਲਾ, ਸੈਕਟਰ, ਕੋਠੀ, ਬੰਗਲਾ, ਕਾਲ-ਬੈੱਲ, ਡਰਾਇੰਗ ਰੂਮ, ਕਿਚਨ, ਵਾਸ਼ਰੂਮ, ਵੇਟਿੰਗ ਰੂਮ, ਗੈਸਟ ਰੂਮ, ਪਰਸਨਲ ਰੂਮ, ਬਾਰ ਕਾਰਨਰ, ਲਿਫਟਾਂ, ਪਰਦੇ, ਗਮਲੇ, ਗੇਟ, ਲੌਂਕ ਜਿਹੇ ਸ਼ਬਦ ਆਧੁਨਿਕ ਤਹਿਜ਼ੀਬ ਨਾਲ ਵਾਬਸਤਾ ਹਨ।

‘ਪਰਵਾਸ ਦੀ ਦੌੜ’ (43-45) ਵਿੱਚ ਇੰਜੀਨੀਅਰਿੰਗ, ਨਰਸਿੰਗ ਆਦਿ ਉਚੇਰੀਆਂ ਡਿਗਰੀਆਂ ਹਾਸਲ ਕਰ ਚੁੱਕੇ ਯੁਵਕ-ਯੁਵਤੀਆਂ ਆਈਲਟਸ ਕਰਨ ਪਿੱਛੋਂ ਜ਼ਮੀਨ ਵੇਚ ਕੇ, ਕਰਜ਼ਾ ਲੈ ਕੇ ਧੜਾਧੜ ਵਿਦੇਸ਼ ਜਾ ਰਹੇ ਹਨ, ਪਰ ਕਵੀ ਉਨ੍ਹਾਂ ਦੇ ਇਸ ਵਿਹਾਰ ਤੇ ਹੰਝੂ ਕੇਰਦਾ, ਖੁਰਦੇ ਤੇ ਖੋਖਲੇ ਹੁੰਦੇ ਜਾ ਰਹੇ ਪੰਜਾਬ ਦੀ ਸਲਾਮਤੀ ਲਈ ਉਨ੍ਹਾਂ ਨੂੰ ਏਥੇ ਹੀ ਰਹਿਣ ਦੀ ਅਪੀਲ ਸਮੇਤ ਧਰਤ-ਸੁਹਾਵੀ ਦੀ ਸੁਖ-ਸ਼ਾਂਤੀ ਲਈ ਅਰਦਾਸ ਕਰਦਾ ਹੈ। ਪਰਵਾਸ ਦੀ ਪੀੜਾ ‘ਤੈਰਦੇ ਪੱਤੇ ਦੀ ਦਾਸਤਾਨ’ (58-59), ‘ਪ੍ਰਦੇਸ ਤੁਰਨ ਦਾ ਵੇਲਾ’ (78-79) ਵਿੱਚ ਵੀ ਵਿਦਮਾਨ ਹੈ।

ਇਤਿਹਾਸ ਦੇ ਵਰਕੇ ਵੀ ਇਸ ਸੰਗ੍ਰਹਿ ਦਾ ਹਿੱਸਾ ਬਣੇ ਹਨ। ਜਿਸ ਵਿੱਚ ‘ਮਰਜੀਵੜੀਆਂ’ (53-54) ਕਵਿਤਾ ਪ੍ਰਮੁੱਖ ਹੈ। ਇਸ ਵਿੱਚ ਸ਼ਾਹੀਨ ਬਾਗ ਦੀਆਂ ਜੁਝਾਰੂ ਔਰਤਾਂ ਦੀ ਪਿੱਠ ਥਾਪੜੀ ਗਈ ਹੈ। ‘ਮਨੀਪੁਰ ਅਣਮਨੁੱਖੀ ਤਾਂਡਵ’ (88-89) ਵਿੱਚ ਧੀਆਂ ਦੀ ਅਸਮਤ ਤੇ ਚਿੰਤਾ ਹੈ। ਸੰਗ੍ਰਹਿ ਵਿਚਲੇ ‘ਗੀਤ’ (82-83) ਵਿੱਚ ਕਵੀ ਦਾ ਵਿਰਸੇ ਤੇ ਵਿਰਾਸਤ ਪ੍ਰਤੀ ਹਉਕਾ ਤੇ ਰੁਦਨ ਹੈ। ‘ਗੀਤ’ (84-85) ਵਿੱਚ ਅੰਨਦਾਤੇ ਦੀ ਬੇਬਸੀ ਹੈ।

ਗੁਰਬਾਣੀ, ਭਾਈ ਵੀਰ ਸਿੰਘ, ਸੂਫ਼ੀ ਕਵਿਤਾ ਵਿੱਚ ਵਰਤੇ ਸ਼ਬਦਾਂ ਦੀ ਅਨੁਗੂੰਜ ਕਿਤੇ-ਕਿਤੇ ਸੁਣੀਂਦੀ ਹੈ - ਵਰੰਦੇ, ਚੜ੍ਹੰਦੇ, ਤਪੰਦੇ, ਉਸਰੰਦੇ, ਥੀਵੰਦੇ, ਜਗੰਦੇ, ਵਟੰਦੀ, ਭਵੰਦੀ, ਰਾਤੜੀ; ਪੁਆਧੀ ਸ਼ਬਦ ਪੰਡੋਕਲੀ (51) ਜਾਂ ਫਿਰ ਹਿੰਡ (52), ਚਲੱਕੜ (56) ਆਦਿ। ਸਰਗ ਦੂਜਾ ਦੀਆਂ ਲੱਗਭੱਗ ਸਾਰੀਆਂ ਹੀ ਕਵਿਤਾਵਾਂ ਵਿੱਚ ਵਿਰਸੇ ਦੀਆਂ ਵਿੱਸਰੀਆਂ ਵਸਤਾਂ ਨੂੰ ਪੁਨਰ-ਜੀਵਤ ਕਰਨ ਦਾ ਆਹਰ ਹੈ - ਚੱਕੀ, ਕਟੋਰਾ, ਪੋਰ, ਚੁੱਲਾ, ਤੰਗਲੀ, ਮਿੱਟੀ ਦਾ ਡਲਾ ਆਦਿ ਪੇਂਡੂ ਸੰਸਕ੍ਰਿਤੀ ਨਾਲ ਜੁੜੀਆਂ ਚੀਜ਼ਾਂ ਹਨ, ਜੋ ਹੁਣ ਸ਼ਹਿਰੀਕਰਨ ਦੀ ਆੜ ਹੇਠਾਂ ਹੌਲੀ ਹੌਲੀ ਲੁਪਤ ਹੁੰਦੀਆਂ ਜਾ ਰਹੀਆਂ ਹਨ।

ਅਸਲ ਵਿੱਚ ‘ਧਰਤੀ ਦੀ ਕੰਬਣੀ’ ਕਵੀ ਦੇ ਕੋਮਲ ਅਹਿਸਾਸ ਹਨ, ਜਿਸ ਵਿੱਚ ਸਹਿਜ, ਸੁਹਜ, ਸੁਖ਼ਨ, ਸੰਬਲ ਦਾ ਓਰਾ ਹੈ; ਚਿੰਤਾ ਦੀ ਥਾਂ ਚਿੰਤਨ ਹੈ; ਕੁਦਰਤ ਨੂੰ ਗਲਵੱਕੜੀ ਹੈ; ਵਿਰਸੇ ਦੀਆਂ ਮੋਹ-ਭਿੱਜੀਆਂ ਯਾਦਾਂ ਹਨ। ਕਵੀ ਮਨਮੋਹਨ ਸਿੰਘ ਦਾਊਂ ਦੀ ਨਿਰਉਚੇਚ, ਭਾਵਨਾ-ਭਰਪੂਰ ਕਵਿਤਾ ਦਾ ਖ਼ੈਰ-ਮਕਦਮ!

* * *

## ਸਾਲ 2022 ’ਚ ਕਰੀਬ 66,000 ਭਾਰਤੀਆਂ ਨੂੰ ਮਿਲੀ ਅਮਰੀਕੀ ਨਾਗਰਿਕਤਾ : ਸੀ.ਆਰ.ਐਸ. ਰੀਪੋਰਟ




ਨਵੀਂ ਦਿੱਲੀ: ਸਾਲ 2022 ’ਚ 65,960 ਭਾਰਤੀ ਅਧਿਕਾਰਤ ਤੌਰ ’ਤੇ ਅਮਰੀਕੀ ਨਾਗਰਿਕ ਬਣੇ, ਜਿਸ ਨਾਲ ਭਾਰਤ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਦੇ ਮਾਮਲੇ ’ਚ ਮੈਕਸੀਕੋ ਤੋਂ ਬਾਅਦ ਦੂਜਾ ਸੱਭ ਤੋਂ ਵੱਡਾ ਦੇਸ਼ ਬਣ ਗਿਆ। ਅਮਰੀਕੀ ਮਰਦਮਸ਼ੁਮਾਰੀ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇ ਦੇ ਅੰਕੜਿਆਂ ਮੁਤਾਬਕ 2022 ’ਚ ਵਿਦੇਸ਼ੀ ਮੂਲ ਦੇ 4.6 ਕਰੋੜ ਲੋਕ ਅਮਰੀਕਾ ’ਚ ਰਹਿੰਦੇ ਸਨ, ਜੋ ਅਮਰੀਕਾ ਦੀ ਕੁਲ 33.33 ਕਰੋੜ ਆਬਾਦੀ ਦਾ ਲਗਭਗ 14 ਫੀ ਸਦੀ ਹੈ। ਸੁਤੰਤਰ ਕਾਂਗਰੇਸ਼ਨਲ ਰੀਸਰਚ ਸਰਵਿਸ (ਸੀ.ਆਰ.ਐਸ.) ਵਲੋਂ ਵਿੱਤੀ ਸਾਲ 2022 ਲਈ ਅਮਰੀਕੀ ਕੁਦਰਤੀਕਰਨ ਨੀਤੀ ’ਤੇ 15 ਅਪ੍ਰੈਲ ਦੀ ਤਾਜ਼ਾ ਰੀਪੋਰਟ ਦੇ ਅਨੁਸਾਰ, ਵਿੱਤੀ ਸਾਲ 2022 ’ਚ 969,380 ਵਿਅਕਤੀ ਅਮਰੀਕੀ ਨਾਗਰਿਕ ਬਣੇ।